# PANJAB TIMES
# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

12th - 19th June 2025 • Issue No. 3084

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com



IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389


## ਸੌਦਾ ਸਾਧ ਦੇ ਮਾਮਲੇ 'ਚ ਸੇਵਾ ਮੁਕਤ ਹੋਏ ਪੰਜ ਸਿੰਘ ਸਾਹਿਬਾਨ (ਪੰਜ ਪਿਆਰਿਆਂ) ਵੱਲੋਂ ਦੇਸ਼ ਵਿਦੇਸ਼ ਵਿੱਚ ਸਿੱਖੀ ਪ੍ਰਚਾਰ ਦੀ ਲਹਿਰ ਜਾਰੀ

## 14 ਜੂਨ ਸ਼ਨਿੱਚਰਵਾਰ ਨੂੰ ਦਿਨ ਦੇ 12 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਕਰਨਗੇ ਅੰਮ੍ਰਿਤ ਸੰਚਾਰ



ਡਰਬੀ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਸਿੰਘ ਸਾਹਿਬਾਨ ਦਾ ਵਿਸ਼ੇਸ਼ ਤੌਰ ਤੇ ਕੀਤਾ ਮਾਣ ਸਨਮਾਨ, ਸ੍ਰੀ ਗੁਰੂ ਸਿੰਘ ਸਭਾ ਡਰਬੀ, ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ, ਰਾਮਗੜ੍ਹੀਆ ਸਭਾ ਡਰਬੀ ਅਤੇ ਗੁਰਦੁਆਰਾ ਖਾਲਸਾ ਦਰਬਾਰ ਡਰਬੀ ਵਿਖੇ ਗੁਰੂ ਘਰਾਂ ਵੱਲੋਂ ਸਿੰਘ ਸਾਹਿਬਾਨ ਨੂੰ ਜੀ ਆਇਆਂ ਆਖਿਆ ਅਤੇ ਇਸ ਦੌਰਾਨ ਸਿੰਘ ਸਾਹਿਬ ਸਤਨਾਮ ਸਿੰਘ ਖੰਡਾ ਨੇ ਮੌਜੂਦਾ ਪੰਥਕ ਹਾਲਾਤ ਬਾਰੇ ਅਤੇ ਸਿੱਖੀ ਦੇ ਪ੍ਰਚਾਰ ਸਬੰਧੀ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਹੀ ਬਖਸ਼ਿਸ਼ ਕਰਕੇ ਸਿੱਖੀ ਪ੍ਰਚਾਰ ਦੀ ਸੇਵਾ ਲੈ ਰਹੇ ਹਨ।

## ਸਿੱਖ ਟੈਂਪਲਜ਼ (ਛਿੰਦਾ ਅਮਲੀ) ਕਬੱਡੀ ਕਲੱਬ ਵੁਲਵਰਹੈਂਪਟਨ ਵੱਲੋਂ ਸ਼ਾਨਦਾਰ ਟੂਰਨਾਮੈਂਟ ਕਰਵਾਇਆ

### ਟੈਲਫੋਰਡ ਕਲੱਬ ਨੇ ਜਿੱਤਿਆ ਕੱਪ, ਈਰਥ ਵੂਲਿਚ ਸਾਊਥਾਲ ਉੱਪ ਜੇਤੂ ਬਣੀ, ਬੂਰੀਆ ਅਤੇ ਫੂਲਾ ਸ਼ੂਸ਼ਕ ਸਰਬੋਤਮ ਖਿਡਾਰੀ ਬਣੇ

### ਸ਼ੀਰਾ ਔਲਖ ਅਤੇ ਸੁਖਜਿੰਦਰ ਸਿੰਘ ਸਮਰਾ ਦਾ ਗੈਵਨ ਬਾਠ ਵੱਲੋਂ ਸੋਨ ਤਗਮਿਆਂ ਨਾਲ ਸਨਮਾਨ





ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ:



Gurdwara Aid
Better Together

# ਗੁਰਦੁਆਰਾ ਏਡ ਵੱਲੋਂ ਯੂ ਕੇ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਵਿੱਚ ਪੁਖਤਗੀ ਲਿਆਉਣ ਲਈ (ਗੁਰਦੁਆਰਾ ਹੈਂਡ ਬੁੱਕ) ਜਾਰੀ ਕਰਨ ਦੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ

# ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸੱਦਾ ਪੱਤਰ

# INVITATION

Gurdwara Mukh Sewadars and Parbhandaks

*You are invited to*

Empowering Gurdwaras for the Future Conference

**Featuring the official launch of The Gurdwara Handbook**


**Saturday 28th June 2025**

**Baba Banda Singh Bahadur Hall,**

Sri Guru Singh Sabha Gurdwara, Princes Street, Derby DE23 8NT

Please arrive by 12:00 pm

**RSVP by 21 June 2025 to confirm your attendance**




## ਤੁਹਾਡੀ ਗੁਰਦੁਆਰਾ ਕਮੇਟੀ ਦਾ ਇਥੇ ਆਉਣਾ ਕਿਉਂ ਜ਼ਰੂਰੀ ਹੈ

ਗੁਰਦੁਆਰੇ ਗੁਰਬਾਣੀ, ਧਰਮ ਪ੍ਰਚਾਰ ਅਤੇ ਸੇਵਾ 'ਤੇ ਆਧਾਰਿਤ ਹਨ।

ਪਰ ਅੱਜ ਦੀਆਂ ਕਮੇਟੀਆਂ ਨੂੰ ਪ੍ਰਬੰਧਾਂ ਅਤੇ ਸੁਰੱਖਿਆ ਤੋਂ ਲੈ ਕੇ ਆਰਥਿਕ ਅਤੇ ਨਾਲ-ਨਾਲ ਵਧਦੇ ਨਵੇਂ ਕਾਨੂੰਨਾਂ ਦੀ ਪਾਲਣਾ ਤੱਕ - ਗੁੰਝਲਦਾਰ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।

ਇਹ ਕਾਨਫਰੰਸ ਅਤੇ ਹੈਂਡ ਬੁੱਕ ਤੁਹਾਡੇ ਗੁਰਦੁਆਰਾ ਸਾਹਿਬ ਲਈ ਅਧਿਆਤਮਕ ਤਾਕਤ ਅਤੇ ਵਧੀਆ ਪ੍ਰਬੰਧ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ।

1. ਇਸ ਹੈਂਡ ਬੁੱਕ ਨਾਲ ਗੁਰਦੁਆਰਾ ਪ੍ਰਬੰਧਾਂ ਵਿੱਚ ਸੁਧਾਰ ਆਵੇਗਾ

ਅਸੀਂ ਇੱਕ ਸ਼ਕਤੀਸ਼ਾਲੀ ਨਵਾਂ ਔਜਾਰ ਲਿਆ ਰਹੇ ਹਾਂ - ਜੋ ਮਾਹਿਰਾਂ ਦੀ ਮਿਹਨਤ ਨਾਲ ਵਿਕਸਤ ਕੀਤਾ ਗਿਆ ਹੈ, ਤਾਂ ਜੋ ਤੁਹਾਡੀ ਕਮੇਟੀ ਨੂੰ ਕਾਨੂੰਨਾਂ ਤੇ ਨਿਯਮਾਂ ਦੀ ਪਾਲਣਾ, ਜਵਾਬਦੇਹੀ ਅਤੇ ਸੁਯੋਗਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲ ਸਕੇ।

2. ਆਰਥਿਕ ਸਥਿਰਤਾ ਨੂੰ ਮਜ਼ਬੂਤ ਬਨਾਉਣਾ

ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਖਰਚਿਆਂ ਨੂੰ ਘਟਾਉਣ ਅਤੇ ਆਮਦਨ ਨੂੰ ਵਧਾਉਣ ਦੇ ਵਿਹਾਰਕ ਤਰੀਕੇ ਅਪਨਾਉਣ ਬਾਰੇ ਜਾਣਕਾਰੀ ਪ੍ਰਦਾਨ ਕਰਨਾ।

3. ਯੂ ਕੇ ਗੁਰਦੁਆਰਿਆਂ ਲਈ ਸਾਂਝੇ ਦ੍ਰਿਸ਼ਟੀਕੋਣ ਵਾਲਾ ਭਵਿੱਖ ਤਲਾਸ਼ ਕਰੋ।

ਸਾਡੀ ਟੀਮ ਅਤੇ ਭਾਈਵਾਲ ਸੰਗਠਨਾਂ ਨਾਲ ਸਿੱਧੇ ਤੌਰ 'ਤੇ ਗੱਲ ਕਰੋ।
ਯੂ ਕੇ ਭਰ ਦੇ ਗੁਰਦੁਆਰਾ ਪ੍ਰਬੰਧਕਾਂ ਨਾਲ ਨੈੱਟਵਰਕ ਬਣਾਓ।
ਹੈਂਡਬੁੱਕ ਦੀ ਆਪਣੀ ਮੁਫਤ ਪੇਸ਼ਗੀ ਕਾਪੀ ਹਾਸਲ ਕਰੋ।

**ਕਿਰਪਾ ਕਰਕੇ ਦੁਪਹਿਰ ਦੇ 12:00 ਵਜੇ ਤੱਕ ਜ਼ਰੂਰ ਪਹੁੰਚੋ ਜੀ**

## Why Your Gurdwara Committee Should Attend

Gurdwaras are grounded in **Gurbani, Dharm Parchar and Seva.**

But today's committees also face complex challenges - from governance and safeguarding to finance and compliance - alongside an increasing number of new Laws.

This conference and handbook are designed to help your Gurdwara lead with **spiritual strength and operational excellence.**

**1. Improve governance with The Gurdwara Handbook**

We're launching a powerful new tool – developed with input from **specialists**, to help your committee improve **compliance, accountability, and efficiency.**

**2. Boost Financial Sustainability**

Learn how to reduce Gurdwara operating costs and generate ethical income through an award-winning, environmentally friendly initiative.

**3. Explore a shared vision for the future of UK Gurdwaras**

Speak directly with our team and partners
Network with Gurdwara leaders from across the UK
Collect your complimentary copy of the Handbook

**Please arrive by 12:00pm**

# VENUE: Banda Singh Bahadur Hall,

## Sri Guru Singh Sabha Gurdwara, Princes Street, Derby DE23 8NT

**For more information contact: Email: Info@GurdwaraAid.org**

**Mandip Singh 07974 811298 / Jagtar Singh 07956 838413 / Harvinder Singh 07775 770716**

# ਡਰਬੀ ਦੇ ਗੁਰਦੁਆਰਿਆਂ ਨੂੰ ਸਿੱਖ ਹੱਕਾਂ ਦੀ ਗੱਲ ਕਰਨ ਵਾਲਿਆਂ ਦਾ ਸਾਥ ਦੇਣ ਦੇ ਵਿਰੁੱਧ ਮਿਲੀਆਂ ਧਮਕੀਆਂ

## ਜੇ 20 ਜੂਨ ਤੱਕ ਖਾਲਿਸਤਾਨ ਨਾਲ ਸਬੰਧਿਤ ਝੰਡੇ ਨਾ ਉਤਾਰੇ ਤਾਂ ਗੁਰਦੁਆਰੇ 'ਚ ਹੋ ਸਕਦੇ ਨੇ ਧਮਾਕੇ

ਡਰਬੀ (ਪੰਜਾਬ ਟਾਈਮਜ਼) – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨੂੰ ਈਮੇਲ ਰਾਹੀਂ ਇੱਕ ਧਮਕੀ ਭਰੀ ਚਿੱਠੀ ਮਿਲੀ ਹੈ। ਜਿਸ ਵਿੱਚ ਲਿਖਿਆ ਹੈ ਕਿ ਜੇ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਗੁਰਦੁਆਰੇ ਦੇ ਬਾਹਰ ਲਾਏ ਹੋਏ ਸ਼ਹੀਦਾਂ ਦੇ ਪੋਸਟਰ ਨਹੀਂ ਉਤਾਰੇ ਤਾਂ 20 ਜੂਨ ਨੂੰ ਗੁਰਦੁਆਰਾ ਸਾਹਿਬ ਵਿੱਚ ਧਮਾਕੇ ਹੋ ਸਕਦੇ ਹਨ। ਜਿਸ ਵਿੱਚ ਲੋਕ ਜ਼ਖਮੀ ਵੀ ਹੋ ਸਕਦੇ ਹਨ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਪ੍ਰਧਾਨ ਰਘਬੀਰ ਸਿੰਘ ਅਤੇ ਜਨਰਲ ਸਕੱਤਰ ਰਾਜਿੰਦਰ ਸਿੰਘ ਪੁਰੇਵਾਲ ਵੱਲੋਂ ਇਹ ਧਮਕੀ ਮਿਲਣ ਦੀ ਸ਼ਿਕਾਇਤ ਪੁਲਿਸ ਦੇ ਕੋਲ ਦਰਜ ਕਰਵਾਈ ਜਾਵੇਗੀ। ਉਹਨਾਂ ਦੱਸਿਆ ਕਿ ਗੁਰੂ ਘਰ ਦੇ ਸਮੂਹ ਸੇਵਾਦਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਕਿ ਬਾਹਰੋਂ ਆਉਣ ਵਾਲੇ ਸਾਰੇ ਤਰ੍ਹਾਂ ਦੇ ਵਿਅਕਤੀਆਂ ਉਤੇ ਨਿਗ੍ਹਾ ਰੱਖੀ ਜਾਵੇ। ਦੋਵੇਂ ਦੀਵਾਨ ਹਾਲ ਅਤੇ ਲੰਗਰ ਹਾਲ ਵਿਚ ਆਉਣ ਵਾਲੇ ਸਾਰੇ ਪੈਕਿਟ ਚੈਕ ਕੀਤੇ ਜਾਣ। ਸਿੰਘ ਸਭਾ ਗੁਰਦੁਆਰੇ ਨੂੰ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਡਾਕ ਰਾਹੀਂ ਵੀ ਅਜਿਹੀਆਂ ਚਿੱਠੀਆਂ ਮਿਲ ਰਹੀਆਂ ਹਨ। ਜਿਹਨਾਂ ਵਿੱਚ ਲਿਖਿਆ ਹੁੰਦਾ ਹੈ ਕਿ ਤੁਸੀਂ ਅੱਤਵਾਦਦੀਆਂ ਦੀ ਮਦਦ ਬੰਦ ਕਰੋ। ਇਸ ਦੇ ਇਲਾਵਾ 1 ਜੂਨ ਐਤਵਾਰ ਨੂੰ ਲੰਡਨ ਵਿਖੇ ਹੋਏ ਰੋਹ ਮੁਜ਼ਾਹਰੇ ਤੋਂ ਬਾਅਦ ਵੀ ਚਿੱਠੀ ਮਿਲੀ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਤੁਸੀਂ ਗੁਰਦੁਆਰੇ ਵੱਲੋਂ ਮੁਜ਼ਾਹਰੇ ਲਈ ਕੋਚਾਂ ਕਿਉਂ ਘੱਲੀਆਂ । ਲਗਾਤਾਰ ਪਿਛਲੇ ਕਈ ਸਾਲਾਂ ਤੋਂ ਇਸ ਤਰ੍ਹਾਂ ਦੀਆਂ ਚਿੱਠੀਆਂ ਮਿਲ ਰਹੀਆਂ ਹਨ। ਪਹਿਲਾਂ ਪਹਿਲਾਂ ਪ੍ਰਬੰਧਕਾਂ ਨੇ ਕਿਹਾ ਕਿ ਕੋਈ ਆਮ ਸ਼ਰਾਰਤੀ ਇਹ ਚਿੱਠੀਆਂ ਘੱਲ ਰਿਹਾ ਹੈ, ਇਸ ਲਈ ਬਹੁਤਾ ਧਿਆਨ ਨਹੀਂ ਦਿੱਤਾ ਤੇ ਪ੍ਰਬੰਧਕ ਇਹ ਚਿੱਠੀਆਂ ਪਾੜ ਕੇ ਸੁੱਟ ਦਿੰਦੇ ਰਹੇ । ਪਰ ਹੁਣ ਪਿਛਲੇ ਇੱਕ ਸਾਲ ਤੋਂ ਚਿੱਠੀਆਂ ਦਫ਼ਤਰ ਦੇ ਰਿਕਾਰਡ ਵਿੱਚ ਰੱਖੀਆਂ ਗਈਆਂ ਹਨ ।

ਸਿੰਘ ਸਭਾ ਡਰਬੀ ਨੂੰ ਈਮੇਲ ਰਾਹੀਂ ਮਿਲੀ ਚਿੱਠੀ ਅਤੇ ਡਾਕ ਰਾਹੀਂ ਮਿਲੀਆਂ ਚਿੱਠੀਆਂ ਅਗਲੇ ਹਫ਼ਤੇ ਪੰਜਾਬ ਟਾਈਮਜ਼ ਵਿੱਚ ਛਾਪੀਆਂ ਜਾਣਗੀਆਂ ਤਾਂ ਜੋ ਸਮੂਹ ਸੰਗਤਾਂ ਸੁਚੇਤ ਹੋਣ । ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਦੇ ਪ੍ਰਧਾਨ ਭਾਈ ਜਸਵੀਰ ਸਿੰਘ ਢਿੱਲੋਂ ਨੇ ਵੀ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਉਹਨਾਂ ਦੇ ਗੁਰ–ਦੁਆਰਾ ਸਾਹਿਬ ਨੂੰ ਵੀ ਇਸ ਤਰ੍ਹਾਂ ਦੀ ਧਮਕੀ ਭਰੀ ਈਮੇਲ ਮਿਲੀ ਹੈ । ਉਹਨਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਅਤੇ ਸੰਗਤਾਂ ਨੂੰ ਇਸ ਪ੍ਰਤੀ ਸੁਚੇਤ ਕਰ ਦਿੱਤਾ ਗਿਆ ਹੈ ।

ਸਿੰਘ ਸਭਾ ਨੂੰ ਈਮੇਲ ਭੇਜਣ ਵਾਲੇ ਨੇ ਲਿਖਿਆ ਹੈ ਕਿ ਪੰਜਾਬ ਵਿੱਚ 50 ਹਜ਼ਾਰ ਹਿੰਦੂਆਂ ਨੂੰ ਮਾਰ ਦਿੱਤਾ, ਜੋ ਕਿ ਉਸ ਨੇ ਕੋਰਾ ਝੂਠ ਲਿਖਿਆ ਹੈ। ਅਜਿਹਾ ਬਿਆਨ ਦੇਣ ਵਾਲਾ ਕੋਈ ਸਿਰ ਫਿਰਿਆ ਜਾਂ ਏਜੰਸੀਆਂ ਦਾ ਬੰਦਾ ਈ ਹੋ ਸਕਦਾ ਹੈ, ਜਿਹੜਾ ਸਿੱਖ ਸੰਗਤਾਂ ਅਤੇ ਸਮਾਜ ਦੇ ਵੱਖ ਵੱਖ ਵਰਗਾਂ ਵਿੱਚ ਭੈਅ ਅਤੇ ਖਿੱਚੋਤਾਣ ਦਾ ਮਾਹੌਲ ਬਣਾਉਣਾ ਚਾਹੁੰਦਾ ਹੈ । ਪਰ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਸਿੱਖਾਂ ਨੇ ਕਿਸੇ ਹਿੰਦੂ ਨੂੰ ਨਹੀਂ ਮਾਰਿਆ । ਬਲਕਿ ਸਰਕਾਰੀ ਏਜੰਸੀਆਂ ਵੱਲੋਂ ਸਿੱਖਾਂ ਨੂੰ ਬਦਨਾਮ ਕਰਨ ਲਈ ਕਈ ਘਟਨਾਵਾਂ ਨੂੰ ਅੰਜਾਮ ਦਿੱਤਾ। ਮਰਨ ਵਾਲੇ 99·9 ਫੀਸਦੀ ਸਿੱਖ ਹੀ ਸਨ। ਇਨ੍ਹਾਂ ਵਿੱਚ ਹਿੰਦੂ ਕੋਈ ਵਿਰਲਾ ਟਾਂਵਾਂ ਹੀ ਹੋਵੇਗਾ । ਪ੍ਰਬੰਧਕ ਸੇਵਾਦਾਰਾਂ ਦਾ ਕਹਿਣਾ ਹੈ ਕਿ ਉਹਨਾਂ ਨੇ ਆਪਣੇ ਪੁਰਾਣੇ ਅਤੇ ਮੌਜੂਦਾ ਸਿੱਖ ਇਤਿਹਾਸ ਨਾਲ ਸਬੰਧਿਤ ਤਸਵੀਰਾਂ ਲਾਈਆਂ ਹਨ । ਜਿਹੜੇ ਸਿੱਖ ਆਪਣੇ ਹੱਕਾਂ ਦੀ ਗੱਲ ਕਰਦੇ ਹਨ, ਉਹਨਾਂ ਦਾ ਹਮੇਸ਼ਾਂ ਸਾਥ ਦਿੱਤਾ ਹੈ। ਅਜਿਹੀਆਂ ਧਮਕੀਆਂ ਤੋਂ ਡਰ ਕੇ ਇਤਿਹਾਸਕ ਤੱਥ ਹਟਾਏ ਨਹੀਂ ਜਾ ਸਕਦੇ ।

# ਕੀ ਪੰਜਾਬ ਸਰਕਾਰ ਦੀ ਨਸ਼ਾ-ਮੁਕਤੀ ਮੁਹਿੰਮ ਦੀ ਫੂਕ ਨਿਕਲ ਚੁੱਕੀ ਹੈ ?

- ਪੰਜਾਬ ਦੇ ਨੌਜਵਾਨ ਹੁਣ ਮੁਫਤ ਦੀ ਸਰਕਾਰੀ ਗੋਲੀ ਦੀ ਚਾਟ ਉੁਪਰ ਲੱਗੇ
- ਸਾਲਾਨਾ 100 ਕਰੋੜ ਰੁਪਏ ਨਸ਼ਾ ਛੁਡਾਉਣ 'ਤੇ ਖਰਚ ਹੋ ਰਹੇ ਨੇ
- ਜਾਖੜ ਦੀ ਮੁਖ ਮੰਤਰੀ ਨੂੰ ਚੁਣੌਤੀ ਕਿ ਸਿਆਸੀ ਆਗੂਆਂ ਦੀ ਜਾਇਦਾਦ ਤੇ ਪੈਸੇ ਦੇ ਸਰੋਤ ਦੀ ਜਾਂਚ ਈਡੀ ਤੋਂ ਕਰਵਾਉਣ

ਪੰਜਾਬ ਸਰਕਾਰ ਦੀ ਨਸ਼ਾ-ਮੁਕਤੀ ਮੁਹਿੰਮ, ਜਿਸ ਨੂੰ 'ਯੁੱਧ ਨਸ਼ਿਆਂ ਵਿਰੁੱਧ' ਦਾ ਨਾਮ ਦਿੱਤਾ ਗਿਆ, ਅੱਜ ਅੰਕੜਿਆਂ ਦੀ ਜੰਗ ਵਿੱਚ ਉਲਝੀ ਨਜ਼ਰ ਆਉਂਦੀ ਹੈ। ਸਰਕਾਰੀ ਗੋਲੀਆਂ, ਜੋ ਨਸ਼ੇੜੀਆਂ ਦਾ ਨਸ਼ਾ ਛੁਡਵਾਉਣ ਲਈ ਵਰਤੀਆਂ ਜਾਂਦੀਆਂ ਸਨ, ਹੁਣ ਖੁਦ ਨਸ਼ੇ ਦੀ ਨਵੀਂ ਚਾਟ ਬਣ ਗਈਆਂ। ਪੁਲੀਸ ਦੀਆਂ ਛਾਪੇਮਾਰੀਆਂ ਡਰੇਨਾਂ ਤੇ ਝਾੜੀਆਂ ਵਿਚ ਫਸੀਆਂ ਹੋਈਆਂ ਹਨ, ਪਰ ਵੱਡੇ ਸਮਗਲਰ ਅਜੇ ਤਕ ਨਹੀਂ ਫੜੇ ਗਏ । ਨਸ਼ਾ ਛੁਡਾਊ ਕੇਂਦਰਾਂ ਵਿਚੋਂ ਨਸ਼ੇੜੀਆਂ ਦੀਆਂ ਫਰਾਰੀਆਂ ਨੇ ਸਰਕਾਰੀ ਮੁਹਿੰਮ ਦੀ ਪੋਲ ਖੋਲ੍ਹ ਦਿੱਤੀ। ਤਾਂ ਫਿਰ ਸਵਾਲ ਇਹ ਹੈ-ਕੀ ਸਰਕਾਰ ਦੀ ਇਹ ਮੁਹਿੰਮ ਸੱਚਮੁੱਚ ਪੰਜਾਬ ਨੂੰ ਨਸ਼ਾ-ਮੁਕਤ ਕਰ ਸਕੇਗੀ, ਜਾਂ ਇਹ ਸਿਰਫ ਕਾਗਜ਼ੀ ਅੰਕੜਿਆਂ ਦੀ ਖੇਡ ਹੈ ?




### ਸਰਕਾਰੀ ਗੋਲੀ : ਕੀ ਨਵਾਂ ਨਸ਼ਾ ਹੈ ?

ਪੰਜਾਬ ਵਿਚ 554 ਓਟ ਕਲੀਨਿਕਾਂ ਵਿਚ ਸਰਕਾਰ ਮੁਫਤ ਵਿਚ 'ਬੁਪਰੋਨੌਰਫਿਨ' ਨਾਮ ਦੀ ਗੋਲੀ ਵੰਡਦੀ ਹੈ। ਇਹ ਗੋਲੀ, ਜੋ ਨਸ਼ੇੜੀਆਂ ਨੂੰ ਹੈਰੋਇਨ ਜਾਂ ਅਫੀਮ ਦੀ ਲਤ ਤੋਂ ਬਚਾਉਣ ਦਾ ਦਾਅਵਾ ਕਰਦੀ ਹੈ, ਹੁਣ ਖੁਦ ਨਸ਼ੇੜੀਆਂ ਲਈ ਨਸ਼ਾ ਬਣ ਗਈ ਹੈ ।ਜਨਵਰੀ ਵਿਚ 88 ਲੱਖ ਗੋਲੀਆਂ ਦੀ ਖਪਤ ਮਈ ਵਿਚ 91 ਲੱਖ 'ਤੇ ਜਾ ਪੁੱਜੀ ਹੈ। ਇਹ ਅੰਕੜੇ ਦੱਸਦੇ ਨੇ ਕਿ ਨਸ਼ੇੜੀ ਇਸ ਗੋਲੀ ਨੂੰ ਨਸ਼ੇ ਦੇ ਬਦਲੇ ਨਸ਼ੇ ਵਜੋਂ ਵਰਤ ਰਹੇ ਨੇ। 3 ਲੱਖ ਮਰੀਜ਼ ਇਨ੍ਹਾਂ ਕਲੀਨਿਕਾਂ ਵਿਚ ਰਜਿਸਟਰਡ ਨੇ, ਪਰ ਸਵਾਲ ਇਹ ਹੈ-ਕੀ ਇਹ ਮਰੀਜ਼ ਸੱਚਮੁੱਚ ਨਸ਼ਾ ਛੱਡ ਰਹੇ ਨੇ, ਜਾਂ ਸਰਕਾਰੀ ਗੋਲੀ ਦੀ ਚਾਟ 'ਚ ਫਸ ਰਹੇ ਨੇ ? ਸਿਹਤ ਵਿਭਾਗ ਦਾ ਦਾਅਵਾ ਹੈ ਕਿ 6 ਮਹੀਨਿਆਂ ਦੀ ਦਵਾਈ ਦਾ ਸਟਾਕ ਹੈ, ਪਰ ਸਾਲਾਨਾ 100 ਕਰੋੜ ਰੁਪਏ ਦਾ ਖਰਚਾ ਕੀ ਸੱਚਮੁੱਚ ਨਸ਼ੇੜੀਆਂ ਨੂੰ ਬਚਾਉਣ ਵਿਚ ਕੰਮ ਆ ਰਿਹਾ? 2023 ਵਿਚ 85.95 ਕਰੋੜ, 2021 ਵਿਚ 34.80 ਕਰੋੜ, ਤੇ 2019 ਵਿਚ 20.97 ਕਰੋੜ ਖਰਚ ਹੋਇਆ, ਪਰ ਨਤੀਜਾ ਮਨਫੀ ਨਿਕਲਿਆ ?

### ਨਸ਼ਿਆਂ ਵਿਰੁੱਧ ਪੰਜਾਬ ਪੁਲਿਸ ਦੀ ਮੁਹਿੰਮ

ਪੰਜਾਬ ਪੁਲੀਸ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਸਰਕਾਰ ਜਿੱਤ ਦਾ ਤਗਮਾ ਪਹਿਨਾਉਂਦੀ ਹੈ, ਪਰ ਅਸਲੀਅਤ ਵਿਚ ਇਹ ਮੁਹਿੰਮ ਡਰੇਨਾਂ, ਝਾੜੀਆਂ ਤੇ ਖਾਲੀ ਪਲਾਟਾਂ ਵਿਚ ਨਸ਼ੇੜੀਆਂ ਨੂੰ ਫੜਨ ਤੱਕ ਸੀਮਤ ਹੈ। 1 ਮਾਰਚ ਤੋਂ ਹੁਣ ਤੱਕ 16,492 ਤਸਕਰ ਫੜੇ ਗਏ, ਯਾਨੀ ਰੋਜ਼ਾਨਾ 163 ਗ੍ਰਿਫਤਾਰੀਆਂ। ਪਰ ਇਨ੍ਹਾਂ ਵਿਚੋਂ ਜ਼ਿਆਦਾਤਰ ਨਸ਼ੇੜੀ ਨੇ, ਜਿਨ੍ਹਾਂ ਕੋਲੋਂ 10-10 ਰੁਪਏ ਦੇ ਨੋਟ, ਲਾਈਟਰ ਤੇ ਸਿਲਵਰ ਪੇਪਰ ਹੀ ਮਿਲਦੇ ਨੇ। ਵੱਡੇ ਸਮਗਲਰ, ਜੋ ਨਸ਼ੇ ਦੀ ਜੜ੍ਹ 'ਚ ਬੈਠੇ ਨੇ, ਅਜੇ ਵੀ ਪੁਲੀਸ ਦੀ ਪਕੜ ਤੋਂ ਬਾਹਰ ਨੇ।ਪੁਲੀਸ ਦੀਆਂ ਰਿਪੋਰਟਾਂ 'ਚ ਇਕੋ ਜਿਹੀ ਇਬਾਰਤ ਨਜ਼ਰ ਆਉਂਦੀ ਹੈ-'ਮੁਖਬਰ ਦੀ ਸੂਚਨਾ 'ਤੇ ਛਾਪਾ, ਨਸ਼ੇੜੀ ਝਾੜੀਆਂ ਵਿਚੋਂ ਫੜਿਆ, ਕੋਈ ਨਸ਼ਾ ਨਹੀਂ ਮਿਲਿਆ।'

ਅਜਿਹੇ ਕੇਸ ਐੱਨਡੀਪੀਐੱਸ ਐਕਟ ਦੀਆਂ ਜ਼ਮਾਨਤਯੋਗ ਧਾਰਾਵਾਂ ਅਧੀਨ ਦਰਜ ਹੁੰਦੇ ਨੇ। ਕੈਬਨਿਟ ਕਮੇਟੀ ਦੇ ਮੁਖੀ ਹਰਪਾਲ ਸਿੰਘ ਚੀਮਾ ਦਾ ਦਾਅਵਾ ਹੈ ਕਿ ਨਸ਼ੇੜੀਆਂ ਨੂੰ ਫੜਨ ਨਾਲ ਸਪਲਾਈ ਲਾਈਨ ਟੁੱਟ ਰਹੀ ਹੈ। ਪਰ ਸਚਾਈ ਇਹ ਹੈ ਕਿ 10 ਰੁਪਏ ਦੇ ਨੋਟ ਨਾਲ ਧੂੰਆਂ ਖਿੱਚਣ ਵਾਲਾ ਨਸ਼ੇੜੀ ਸਪਲਾਈ ਲਾਈਨ ਦਾ ਹਿੱਸਾ ਨਹੀਂ, ਸਗੋਂ ਪੁਲੀਸ ਦੀ ਅੰਕੜਿਆਂ ਦੀ ਖਾਨਾਪੂਰਤੀ ਦਾ ਸਬੂਤ ਹੈ।

### ਨਸ਼ਾ ਛੁਡਾਊ ਕੇਂਦਰ: ਜੇਲ੍ਹ ਜਾਂ ਖੁੱਲ੍ਹੀਆਂ ਇਮਾਰਤਾਂ ?

ਸਰਕਾਰ ਨਸ਼ੇੜੀਆਂ ਨੂੰ ਨਸ਼ਾ ਛੁਡਾਊ ਕੇਂਦਰਾਂ 'ਚ ਭਰਤੀ ਕਰਨ ਦੇ ਵੱਡੇ-ਵੱਡੇ ਦਾਅਵੇ ਕਰਦੀ ਹੈ, ਪਰ ਇਹ ਕੇਂਦਰ ਜੇਲ੍ਹ ਨਹੀਂ, ਖੁੱਲ੍ਹੀਆਂ ਛੱਡੀਆਂ ਇਮਾਰਤਾਂ ਬਣ ਗਏ ਨੇ। ਗੁਰਦਾਸਪੁਰ ਦੇ ਕੇਂਦਰ ਵਿਚੋਂ 10 ਦਿਨਾਂ ਵਿਚ 5 ਨਸ਼ੇੜੀ ਭੱਜ ਗਏ। ਘਾਬਦਾਂ ਵਿਚੋਂ 13 ਤੇ ਮਾਲੇਰਕੋਟਲਾ ਵਿਚੋਂ 7 ਨੌਜਵਾਨ ਫਰਾਰ ਹੋਏ। ਪੁਲੀਸ ਵੱਲੋਂ ਜਬਰੀ ਭਰਤੀ ਕੀਤੇ ਨਸ਼ੇੜੀਆਂ ਨੂੰ ਇਹ ਕੇਂਦਰ ਸੰਭਾਲ ਨਹੀਂ ਸਕਦੇ। ਪੰਜਾਬ ਵਿਚ 36 ਸਰਕਾਰੀ ਤੇ 177 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਨੇ, ਪਰ ਇਨ੍ਹਾਂ ਦੀ ਸਮਰੱਥਾ ਨਸ਼ੇੜੀਆਂ ਦੀ ਵਧਦੀ ਗਿਣਤੀ ਅੱਗੇ ਘੱਟ ਪੈ ਰਹੀ ਹੈ। ਜਿਹੜੇ ਨਸ਼ੇੜੀ ਮਾਪਿਆਂ ਦੀ ਮਰਜ਼ੀ ਨਾਲ ਆਉਂਦੇ ਨੇ, ਉਹ ਇਲਾਜ ਕਰਵਾ ਲੈਂਦੇ ਨੇ, ਪਰ ਪੁਲੀਸ ਦੀ ਜਬਰੀ ਭਰਤੀ ਵਾਲੇ ਭੱਜਣ ਵਿਚ ਮਾਹਿਰ ਨੇ। ਇਹ ਫਰਾਰੀਆਂ ਸਰਕਾਰੀ ਮੁਹਿੰਮ ਦੀ ਅਸਫਲਤਾ ਦੀ ਜਿੰਦਾ ਮਿਸਾਲ ਨੇ।


ਬਾਕੀ ਹਿਸਾ ਸਫਾ 50 ਤੇ ਪੜ੍ਹੋ

## -ਮਾਮਲਾ ਟੈਕਸਸ ਵਿਚ ਸਿੱਖ ਸੰਗਠਨ ਵਿਰੁੱਧ ਨਫਰਤ ਫੈਲਾਉਣ ਦਾ -

# ਫਿਰਕੂ ਭੂਸ਼ਣ ਅਥਾਲੇ ਵਲੋਂ ਸਿੱਖ ਸੰਗਠਨ ਨੂੰ ਧਮਕੀਆਂ ਦੇਣ ਦੀ 26 ਮਹੀਨੇ ਦੀ ਮਿਲੀ ਸਜ਼ਾ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

### ✪ ਅਥਾਲੇ ਨੂੰ ਤਿੰਨ ਸਾਲ ਦੀ ਨਿਗਰਾਨੀ ਅਤੇ ਪੀੜਤਾਂ ਨਾਲ ਸੰਪਰਕ ਨਾ ਕਰਨ ਦਾ ਦਿੱਤਾ ਹੁਕਮ
### ✪ ਪੜ੍ਹੋ ਵੇਰਵਾ 2023-2025: ਸਿੱਖ ਭਾਈਚਾਰੇ ਵਿਰੁੱਧ ਨਸਲਵਾਦੀ ਘਟਨਾਵਾਂ



ਟੈਕਸਸ ਦਾ ਇੱਕ ਵਸਨੀਕ, ਭੂਸ਼ਣ ਅਥਾਲੇ, ਜਿਸ ਦੀ ਉਮਰ 49 ਸਾਲ ਸੀ, ਨੇ ਨਿਊ ਜਰਸੀ ਦੇ ਸਿੱਖਾਂ ਦੇ ਸਿਵਲ ਰਾਈਟਸ ਲਈ ਲੜਨ ਵਾਲੇ ਇੱਕ ਸਿੱਖ ਸੰਗਠਨ ਵਿਰੁਧ ਨਫਰਤ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ। ਹੁਣ ਅਥਾਲੇ ਨੂੰ 26 ਮਹੀਨਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ। ਭੂਸ਼ਣ ਅਥਾਲੇ, ਡੱਲਾਸ ਦੀਆਂ ਗਲੀਆਂ ਵਿੱਚ ਵਸਦਾ ਇੱਕ ਆਮ ਜਿਹਾ ਬੰਦਾ, ਜਿਸ ਦੇ ਦਿਲ ਵਿੱਚ ਸਿੱਖਾ ਤੇ ਮੁਸਲਮਾਨਾਂ ਵਿਰੁੱਧ ਨਫਰਤ ਦੀ ਅੱਗ ਸੁੱਲਗ ਰਹੀ ਸੀ। ਸਤੰਬਰ 2022 ਦੌਰਾਨ ਉਸਨੇ ਨਿਊ ਜਰਸੀ ਦੇ ਸਿੱਖ ਸੰਗਠਨ ਦੇ ਵੌਇਸਮੇਲ ਵਿੱਚ ਜ਼ਹਿਰੀਲੇ ਸੁਨੇਹੇ ਛੱਡੇ-"ਮੈਂ ਤੁਹਾਨੂੰ ਛੁਰੇ ਨਾਲ ਮਾਰਾਂਗਾ|ਤੁਸੀਂ ਸਿੱਖ ਅਤੇ ਮੁਸਲਮਾਨ, ਸਾਰੇ ਮੇਰੇ ਨਿਸ਼ਾਨੇ 'ਤੇ ਹੋ।" ਘੰਟਿਆਂ ਤੱਕ ਉਸ ਦੀਆਂ ਧਮਕੀਆਂ ਜਾਰੀ ਰਹੀਆਂ।

ਮਾਰਚ 2024 ਵਿੱਚ, ਉਸ ਨੇ ਫਿਰ ਫੋਨ ਉਪਰ ਤਿੱਖੀਆਂ ਧਮਕੀਆਂ ਦਿੱਤੀਆਂ ਸਨ। ਉਸ ਨੇ ਸਿੱਖ ਤੇ ਮੁਸਲਮਾਨ ਭਾਈਚਾਰਿਆਂ ਵਿਰੁੱਧ ਜ਼ਹਿਰ ਉਗਲਿਆ ਕਿ ਤੁਸੀਂ ਸਾਰੇ ਮੇਰੇ ਹੱਥੋਂ ਨਹੀਂ ਬਚੋਗੇ," ਉਸ ਦੀ ਆਵਾਜ਼ ਵਿੱਚ ਇੱਕ ਅਜੀਬ ਜਿਹਾ ਵਹਿਸ਼ੀਪੁਣਾ ਸੀ।

ਸਿੱਖ ਸੰਗਠਨ ਨੇ ਇਹ ਧਮਕੀਆਂ ਸੁਣੀਆਂ ਅਤੇ ਬਿਨਾਂ ਡਰੇ, ਐਫ.ਬੀ.ਆਈ. ਨੂੰ ਸੂਚਿਤ ਕੀਤਾ। ਫਿਲਾਡੇਲਫੀਆ ਦੇ ਵਿਸ਼ੇਸ਼ ਏਜੰਟ, ਜਿਨ੍ਹਾਂ ਦੀ ਅਗਵਾਈ ਵੇਨ ਏ. ਜੈਕਬਜ਼ ਨੇ ਕੀਤੀ, ਨੇ ਇਸ ਮਾਮਲੇ ਨੂੰ ਹੱਥ ਵਿੱਚ ਲਿਆ।

ਐਫ.ਬੀ.ਆਈ. ਨੇ ਅਥਾਲੇ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ। ਕੈਮਡਨ ਦੀ ਸੰਘੀ ਅਦਾਲਤ ਵਿੱਚ, ਜੱਜ ਐਡਵਰਡ ਐਸ. ਕੀਲ ਦੀ ਸਖਤ ਨਜ਼ਰ ਅਤੇ ਨਿਆਂ ਦੀ ਤੱਕੜੀ ਨੇ ਅਥਾਲੇ ਨੂੰ ਘੇਰ ਲਿਆ। ਮਾਰਚ 2024 ਵਿੱਚ, ਅਥਾਲੇ ਨੇ ਆਪਣੇ ਅਪਰਾਧ ਕਬੂਲ ਕਰ ਲਏ। ਉਸ ਨੇ ਮੰਨਿਆ ਕਿ ਉਸ ਨੇ ਨਫਰਤ ਨਾਲ ਭਰੀਆਂ ਧਮਕੀਆਂ ਦਿੱਤੀਆਂ ਜੋ ਹਿੰਸਾ ਦੀਆਂ ਸਾਫ਼ ਸਾਫ਼ ਚੇਤਾਵਨੀਆਂ ਸਨ।

ਜੱਜ ਨੇ ਫੈਸਲਾ ਸੁਣਾਇਆ-26 ਮਹੀਨੇ ਜੇਲ੍ਹ ਵਿੱਚ, ਅਤੇ ਉਸ ਤੋਂ ਬਾਅਦ ਤਿੰਨ ਸਾਲ ਦੀ ਸਖਤ ਨਿਗਰਾਨੀ। ਨਾਲ ਹੀ, ਅਥਾਲੇ ਨੂੰ ਸਖਤ ਹੁਕਮ ਹੋਇਆ ਕਿ ਉਹ ਸੰਗਠਨ ਜਾਂ ਉਸ ਦੇ ਕਰਮਚਾਰੀਆਂ ਨਾਲ ਕੋਈ ਸੰਪਰਕ ਨਾ ਕਰੇ। ਅਮਰੀਕੀ ਨਿਆਂ ਵਿਭਾਗ ਦੀ ਸਿਵਲ ਰਾਈਟਸ ਡਿਵੀਜ਼ਨ ਦੀ ਸਹਾਇਕ ਅਟਾਰਨੀ ਜਨਰਲ, ਹਰਮੀਤ ਕੇ. ਢਿੱਲੋਂ, ਨੇ ਇਸ ਮਾਮਲੇ 'ਤੇ ਸਪਸ਼ਟ ਸ਼ਬਦਾਂ ਵਿੱਚ ਕਿਹਾ "ਕਿ ਨਫਰਤ ਦੀਆਂ ਧਮਕੀਆਂ ਦੀ ਸਾਡੇ ਦੇਸ਼ ਵਿੱਚ ਕੋਈ ਥਾਂ ਨਹੀਂ। ਅਸੀਂ ਹਰ ਉਸ ਵਿਅਕਤੀ ਦੀ ਸੁਰੱਖਿਆ ਕਰਾਂਗੇ, ਜਿਸ ਨੂੰ ਉਸ ਦੇ ਧਰਮ ਜਾਂ ਵਿਸ਼ਵਾਸ ਕਾਰਨ ਨਿਸ਼ਾਨਾ ਬਣਾਇਆ ਜਾਵੇ।"

ਨਿਊ ਜਰਸੀ ਦੀ ਯੂ.ਐਸ. ਅਟਾਰਨੀ ਅਲੀਨਾ ਹੱਬਾ ਨੇ ਵੀ ਆਪਣੇ ਸ਼ਬਦਾਂ ਵਿੱਚ ਅਥਾਲੇ ਦੀਆਂ ਕਾਰਵਾਈਆਂ ਨੂੰ ਨਿੰਦਿਆ ਤੇ ਕਿਹਾ ਕਿ "ਕਿਸੇ ਦੇ ਧਰਮ ਦੇ ਅਧਾਰ 'ਤੇ ਧਮਕੀਆਂ ਦੇਣਾ ਸਿਰਫ਼ ਗਲਤ ਨਹੀਂ, ਸਗੋਂ ਅਪਰਾਧ ਹੈ। ਹਾਲ ਦੇ ਸਾਲਾਂ ਵਿੱਚ, ਅਮਰੀਕਾ ਵਿੱਚ ਨਫਰਤੀ ਅਪਰਾਧਾਂ ਦੀਆਂ ਘਟਨਾਵਾਂ ਵਧੀਆਂ ਹਨ। ਇਸ ਮਾਮਲੇ ਨੇ ਅਮਰੀਕੀ ਅੰਗਰੇਜ਼ੀ ਅਖਬਾਰਾਂ ਵਿਚ ਵੀ ਸੁਰਖੀਆਂ ਬਟੋਰੀਆਂ। 'ਦ ਨਿਊਯਾਰਕ ਟਾਈਮਜ਼' ਨੇ ਲਿਖਿਆ, "ਭੂਸ਼ਣ ਅਥਾਲੇ ਦੀ ਸਜ਼ਾ ਨਫਰਤੀ ਅਪਰਾਧਾਂ ਵਿਰੁੱਧ ਸੰਘੀ ਨਿਆਂ ਪ੍ਰਣਾਲੀ ਦੀ ਸਖਤੀ ਨੂੰ ਦਰਸਾਉਂਦੀ ਹੈ।"

'ਵਾਸ਼ਿੰਗਟਨ ਪੋਸਟ' ਨੇ ਇਸ ਨੂੰ ਸਿੱਖ ਭਾਈਚਾਰੇ ਦੀ ਹਿੰਮਤ ਦੀ ਮਿਸਾਲ ਕਰਾਰ ਦਿੱਤਾ, ਜਿਸ ਨੇ ਧਮਕੀਆਂ ਦੇ ਬਾਵਜੂਦ ਨਿਆਂ ਲਈ ਅਵਾਜ਼ ਬੁਲੰਦ ਕੀਤੀ।

'ਸੀ.ਐਨ.ਐਨ.' ਨੇ ਰਿਪੋਰਟ ਕੀਤਾ, "ਐਫ.ਬੀ.ਆਈ. ਦੀ ਤੇਜ਼ੀ ਨੇ ਅਥਾਲੇ ਨੂੰ ਸਬਕ ਸਿਖਾਇਆ, ਪਰ ਸਿੱਖ ਤੇ ਮੁਸਲਮਾਨ ਭਾਈਚਾਰਿਆਂ ਵਿਰੁੱਧ ਨਫਰਤੀ ਅਪਰਾਧਾਂ ਦੀ ਵਧਦੀ ਗਿਣਤੀ ਚਿੰਤਾ ਦਾ ਵਿਸ਼ਾ ਹੈ।"

ਸਿੱਖ ਜਥੇਬੰਦੀਆਂ ਨੇ ਅਥਾਲੇ ਦੀ ਸਜ਼ਾ ਨੂੰ ਸਰਾਹਿਆ, ਪਰ ਨਾਲ ਹੀ ਨਫਰਤੀ ਅਪਰਾਧਾਂ ਦੇ ਵਧਦੇ ਰੁਝਾਨ 'ਤੇ ਚਿੰਤਾ ਜਤਾਈ। 'ਸਿੱਖ ਕੋਐਲੀਸ਼ਨ' ਦੇ ਐਗਜ਼ੈਕਟਿਵ ਡਾਇਰੈਕਟਰ ਸਤਜੀਤ ਕੌਰ ਨੇ ਕਿਹਾ, "ਇਹ ਸਜ਼ਾ ਇੱਕ ਸਪੱਸ਼ਟ ਸੁਨੇਹਾ ਹੈ ਕਿ ਨਫਰਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪਰ ਸਾਨੂੰ ਸਰਕਾਰ ਨਾਲ ਮਿਲ ਕੇ ਸਿੱਖਿਆ, ਜਾਗਰੂਕਤਾ ਤੇ ਸੁਰੱਖਿਆ ਵਧਾਉਣ ਦੀ ਲੋੜ ਹੈ।"

'ਵਰਲਡ ਸਿੱਖ ਆਰਗੇਨਾਈਜ਼ੇਸ਼ਨ' ਨੇ ਕਿਹਾ, ਕਿ ਅਥਾਲੇ ਦੀਆਂ ਧਮਕੀਆਂ ਸਾਡੇ ਭਾਈਚਾਰੇ ਨੂੰ ਡਰਾਉਣ ਦੀ ਕੋਸ਼ਿਸ਼ ਸਨ, ਪਰ ਅਸੀਂ ਹਿੰਮਤ ਨਾਲ ਅੱਗੇ ਵਧੇ। ਸਾਨੂੰ ਨਿਆਂ ਮਿਲਿਆ, ਪਰ ਸੰਘਰਸ਼ ਜਾਰੀ ਹੈ।

ਸਿੱਖ ਕੋਐਲੀਸ਼ਨ ਤੇ ਐਫ.ਬੀ.ਆਈ. ਦੇ ਅੰਕੜਿਆਂ ਮੁਤਾਬਕ, 2023 ਤੋਂ 2025 ਦਰਮਿਆਨ ਸਿੱਖ ਭਾਈਚਾਰੇ ਵਿਰੁੱਧ ਨਫਰਤੀ ਅਪਰਾਧਾਂ ਵਿਚ ਵਾਧਾ ਦਰਜ ਕੀਤਾ ਗਿਆ।

2023: ਸਿੱਖ ਕੋਐਲੀਸ਼ਨ ਨੇ 198 ਨਫਰਤੀ ਅਪਰਾਧਾਂ ਦੀਆਂ ਘਟਨਾਵਾਂ ਰਿਪੋਰਟ ਕੀਤੀਆਂ, ਜਿਨ੍ਹਾਂ ਵਿਚ 45% ਮੌਖਿਕ ਹਮਲੇ, 30% ਸਰੀਰਕ ਹਮਲੇ, ਤੇ 25% ਧਮਕੀਆਂ ਸ਼ਾਮਲ ਸਨ। ਨਿਊਯਾਰਕ, ਕੈਲੀਫੋਰਨੀਆ ਤੇ ਟੈਕਸਸ ਵਿਚ ਸਭ ਤੋਂ ਵੱਧ ਘਟਨਾਵਾਂ ਹੋਈਆਂ।

> ਪੰਜਾਬ ਟਾਈਮਜ ਅਨੁਸਾਰ ਸਿੱਖ ਭਾਈਚਾਰੇ ਨੇ ਨਫਰਤ ਦੇ ਇਸ ਦੌਰ ਵਿਚ ਹਿੰਮਤ ਨਾਲ ਮੁਕਾਬਲਾ ਕੀਤਾ। ਗੁਰਦੁਆਰਿਆਂ ਵਿਚ ਸੁਰੱਖਿਆ ਵਧਾਈ ਗਈ, ਜਾਗਰੂਕਤਾ ਸੈਮੀਨਾਰ ਕਰਵਾਏ ਗਏ, ਤੇ ਸੋਸ਼ਲ ਮੀਡੀਆ 'ਤੇ #SikhPride ਵਰਗੀਆਂ ਮੁਹਿੰਮਾਂ ਨੇ ਸਿੱਖੀ ਦੀ ਸਕਾਰਾਤਮਕ ਤਸਵੀਰ ਪੇਸ਼ ਕੀਤੀ। ਸਿੱਖ ਜਥੇਬੰਦੀਆਂ ਨੇ ਸਕੂਲਾਂ 'ਚ ਸਿੱਖੀ ਬਾਰੇ ਪੜ੍ਹਾਉਣ ਦੀ ਮੰਗ ਕੀਤੀ, ਤਾਂ ਜੋ ਅਗਲੀ ਪੀੜ੍ਹੀ ਨਫਰਤ ਦੀ ਬਜਾਏ ਸਤਿਕਾਰ ਸਿੱਖੇ। ਅਥਾਲੇ ਦੀ ਸਜ਼ਾ ਨੇ ਸਿੱਖ ਭਾਈਚਾਰੇ ਨੂੰ ਨਿਆਂ 'ਤੇ ਭਰੋਸਾ ਦਿਵਾਇਆ ਹੈ, ਪਰ ਸੰਘਰਸ਼ ਜਾਰੀ ਹੈ। ਨਫਰਤ ਦੀ ਅੱਗ ਨੂੰ ਬੁਝਾਉਣ ਲਈ ਸਿੱਖੀ ਦੇ ਸਿਧਾਂਤ-ਸੇਵਾ, ਸਤਿਕਾਰ ਤੇ ਸਮਾਨਤਾ-ਹੀ ਸਭ ਤੋਂ ਵੱਡਾ ਹਥਿਆਰ ਹਨ।

2024: ਐਫ.ਬੀ.ਆਈ. ਦੀ ਰਿਪੋਰਟ ਮੁਤਾਬਕ, ਸਿੱਖਾਂ ਵਿਰੁੱਧ 250 ਤੋਂ ਵੱਧ ਨਫਰਤੀ ਅਪਰਾਧ ਰਿਪੋਰਟ ਹੋਏ, ਜਿਨ੍ਹਾਂ ਵਿਚ 20% ਗੁਰਦੁਆਰਿਆਂ 'ਤੇ ਹਮਲੇ ਸਨ। ਅਥਾਲੇ ਦਾ ਮਾਮਲਾ ਇਸ ਸਾਲ ਦੀ ਸਭ ਤੋਂ ਵੱਡੀ ਘਟਨਾ ਸੀ।

2025 (ਜਨਵਰੀ-ਜੂਨ): ਸਿੱਖ ਕੋਐਲੀਸ਼ਨ ਦੇ ਅੰਦਾਜ਼ੇ ਮੁਤਾਬਕ, 120 ਘਟਨਾਵਾਂ ਹੋਈਆਂ, ਜਿਨ੍ਹਾਂ ਵਿਚ ਜ਼ਿਆਦਾਤਰ ਸੋਸ਼ਲ ਮੀਡੀਆ 'ਤੇ ਨਫਰਤੀ ਸੁਨੇਹੇ ਤੇ ਜਨਤਕ ਸਥਾਨਾਂ 'ਤੇ ਮੌਖਿਕ ਹਮਲੇ ਸਨ। ਇਹ ਅੰਕੜੇ ਦਰਸਾਉਂਦੇ ਹਨ ਕਿ ਸਿੱਖ ਭਾਈਚਾਰਾ ਅਮਰੀਕਾ ਵਿਚ ਵਧਦੀ ਨਸਲਵਾਦੀ ਮਾਨਸਿਕਤਾ ਦਾ ਸ਼ਿਕਾਰ ਹੋ ਰਿਹਾ ਹੈ। ਖਾਸ ਕਰਕੇ ਸਿੱਖਾਂ ਦੀ ਪਗੜੀ ਤੇ ਦਾੜ੍ਹੀ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਜਿਸ ਕਾਰਨ ਜਥੇਬੰਦੀਆਂ ਨੇ ਸਰਕਾਰ ਤੋਂ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।

## ਸ੍ਰੀ ਅਕਾਲ ਤਖ਼ਤ ਤੇ ਲੰਮਾ ਸਮਾਂ ਪੰਜ ਪਿਆਰਿਆਂ ਦੀ ਸੇਵਾ ਨਿਭਾਉਣ ਵਾਲੇ ਸਿੰਘ ਸਾਹਿਬਾਨ ਵੱਲੋਂ ਯੂ ਕੇ ਵਿੱਚ ਸਿੱਖੀ ਪ੍ਰਚਾਰ

ਡਰਬੀ (ਪੰਜਾਬ ਟਾਈਮਜ਼) – ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੀਤੇ ਸਮੇਂ ਵਿੱਚ ਪੰਜ ਪਿਆਰਿਆਂ ਵਜੋਂ ਸੇਵਾ ਨਿਭਾਉਣ ਵਾਲੇ ਸਿੰਘ ਸਾਹਿਬਾਨ ਅੱਜਕੱਲ੍ਹ ਯੂ ਕੇ ਵਿੱਚ ਆਏ ਹੋਏ ਹਨ । ਯਾਦ ਰਹੇ 2015 ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀਨ ਜਥੇਦਾਰ ਵੱਲੋਂ ਸੌਦਾ ਸਾਧ ਗੁਰਮੀਤ ਰਾਮ ਰਹੀਮ ਨੂੰ ਉਸ ਦੇ ਗੁਨਾਹਾਂ ਦੀ ਬਿਨਾ ਮੰਗਿਆਂ ਮੁਆਫ਼ੀ ਦੇਣ ਦਾ ਵਿਰੋਧ ਪੰਜ ਪਿਆਰਿਆਂ ਵੱਲੋਂ ਕਰਨ 'ਤੇ ਉਹਨਾਂ ਨੂੰ ਸ਼੍ਰੋਮਣੀ ਕਮੇਟੀ ਦੁਆਰਾ ਸੇਵਾ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਇਹਨਾਂ ਪੰਜ ਸਿੰਘ ਸਾਹਿਬਾਨ ਵਿੱਚ ਭਾਈ ਸਤਨਾਮ ਸਿੰਘ ਖੰਡਾ, ਭਾਈ ਮੇਜਰ ਸਿੰਘ, ਭਾਈ ਮੰਗਲ ਸਿੰਘ, ਭਾਈ ਸਤਨਾਮ ਸਿੰਘ ਅਤੇ ਭਾਈ ਤਰਲੋਕ ਸਿੰਘ ਸ਼ਾਮਿਲ ਸਨ । ਇਹਨਾਂ ਸਿੰਘ ਸਾਹਿਬਾਨ ਵੱਲੋਂ ਸੇਵਾ ਮੁਕਤ ਹੋਣ ਪਿੱਛੋਂ ਵੀ ਆਪਣੇ ਤੌਰ 'ਤੇ ਅੰਮ੍ਰਿਤ ਸੰਚਾਰ ਦਾ ਪ੍ਰਵਾਹ ਨਿਸ਼ਕਾਮ ਸੇਵਾ ਵਜੋਂ ਜਾਰੀ ਰਿਹਾ। ਇਹਨਾਂ ਪੰਜ ਸਿੰਘ ਸਾਹਿਬਾਨ ਵਿੱਚੋਂ ਭਾਈ ਮੇਜਰ ਸਿੰਘ, ਭਾਈ ਸਤਨਾਮ ਸਿੰਘ ਖੰਡਾ ਅਤੇ ਭਾਈ ਸਤਨਾਮ ਸਿੰਘ ਝੱਜੀਆਂ ਅਤੇ ਉਹਨਾਂ ਦੇ ਨਾਲ ਇੱਕ ਹੋਰ ਸਿੰਘ ਭਾਈ ਗੁਰਮੀਤ ਸਿੰਘ ਪਹੁੰਚੇ ਹੋਏ ਹਨ। ਪਰ ਪੰਜ ਪਿਆਰਿਆਂ ਵਿੱਚੋਂ ਭਾਈ ਤਰਲੋਕ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨਹੀਂ ਆ ਸਕੇ । ਅੱਜਕਲ੍ਹ ਸਿੰਘ ਸਾਹਿਬਾਨ ਯੂ ਕੇ ਵਿੱਚ ਸੰਗਤਾਂ ਦੀ ਸੇਵਾ ਕਰ ਰਹੇ ਹਨ। ਬੀਤੇ ਹਫ਼ਤੇ ਇਹ ਸਿੰਘ ਸਾਹਿਬਾਨ ਪੰਜਾਬ ਟਾਈਮਜ਼ ਦੇ ਦਫ਼ਤਰ ਵਿਖੇ ਵੀ ਪਹੁੰਚੇ ਜਿੱਥੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਆਓ ਭਗਤ ਕੀਤੀ ਗਈ। ਇਸ ਦੇ ਇਲਾਵਾ ਡਰਬੀ ਦੇ ਗੁਰੂ ਘਰਾਂ, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ, ਗੁਰੂ ਅਰਜਨ ਦੇਵ ਗੁਰਦੁਆਰਾ, ਰਾਮਗੜ੍ਹੀਆ ਗੁਰਦੁਆਰਾ ਅਤੇ ਅਕਾਲ ਦਰਬਾਰ ਗੁਰਦੁਆਰਾ ਸਾਹਿਬ ਵਿਖੇ ਸਿੰਘ ਸਾਹਿਬਾਨ ਦਾ ਨਿੱਘਾ ਸਵਾਗਤ ਕਰਦਿਆਂ ਹੋਇਆਂ ਜੀ ਆਇਆਂ ਆਖਿਆ। ਭਾਈ ਸਤਨਾਮ ਸਿੰਘ ਜੀ ਨੇ ਪੰਥ ਦੇ ਮੌਜੂਦਾ ਹਾਲਾਤ ਅਤੇ ਸਿੱਖੀ ਪ੍ਰਚਾਰ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਯਾਤਰਾ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ 14 ਜੂਨ 2025 ਦਿਨ ਸ਼ਨਿੱਚਰਵਾਰ ਨੂੰ ਦੁਪਹਿਰ ਦੇ 12 ਵਜੇ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ ।


ਭਾਈ ਸਤਨਾਮ ਸਿੰਘ ਖੰਡਾ

# ਟਰੰਪ-ਮਸਕ ਦੀ ਸਾਂਝ ਟੁੱਟੀ, ਸੋਸ਼ਲ ਮੀਡੀਆ ’ਤੇ ਛਿੜੀ ਜੰਗ, ਅਮਰੀਕੀ ਸਿਆਸਤ ਵਿਚ ਹਲਚਲ

**✪ ਮਸਕ ਦੀ ਸਰਕਾਰੀ ਇਕਰਾਰਨਾਮਿਆਂ ’ਤੇ ਟਰੰਪ ਨੇ ਦਿਤੀ ਧਮਕੀ, ਕੀ ਹੋਵੇਗਾ ਅਸਰ ? ✪ ਮਸਕ ਦਾ ਦਾਅਵਾ-‘ਮੈਂ ਬਣਾਇਆ ਟਰੰਪ ਨੂੰ ਰਾਸ਼ਟਰਪਤੀ’ ✪ ਐਪਸਟੀਨ ਫਾਈਲਾਂ ਦਾ ਧਮਾਕਾ : ਮਸਕ ਦਾ ਟਰੰਪ ’ਤੇ ਵੱਡਾ ਵਾਰ ✪ ਰੂਸ ਦਾ ਮਸਕ ਨੂੰ ਸੱਦਾ, ਨਵੀਂ ਪਾਰਟੀ ਦੀ ਜੁਗਤ: ਮਸਕ ਦੀ ਸਿਆਸੀ ਉਡਾਰੀ**

ਖਾਸ ਖਬਰ

ਅਮਰੀਕੀ ਸਿਆਸਤ ਦੇ ਰੰਗਮੰਚ ’ਤੇ ਅੱਜ ਇੱਕ ਅਜਿਹਾ ਨਾਟਕ ਚੱਲ ਰਿਹਾ ਹੈ, ਜਿਸ ਨੇ ਨਾ ਸਿਰਫ਼ ਵਾਸ਼ਿੰਗਟਨ ਦੀਆਂ ਗਲੀਆਂ ਵਿਚ ਹਲਚਲ ਮਚਾਈ, ਸਗੋਂ ਸਾਰੀ ਦੁਨੀਆਂ ਦੀਆਂ ਨਜ਼ਰਾਂ ਆਪਣੇ ਵੱਲ ਖਿੱਚ ਲਈਆਂ। ਇੱਕ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਜਿਨ੍ਹਾਂ ਦੀ ਸਿਆਸਤ ਨੇ ਹਮੇਸ਼ਾ ਸੁਰਖੀਆਂ ਬਟੋਰੀਆਂ ਹਨ, ਤੇ ਦੂਜੇ ਪਾਸੇ ਅਰਬਪਤੀ ਕਾਰੋਬਾਰੀ ਐਲਨ ਮਸਕ, ਜਿਸ ਦੀ ਟੇਸਲਾ, ਸਪੇਸਐਕਸ ਤੇ ਐਕਸ ਪਲੈਟਫਾਰਮ ਨੇ ਅਮਰੀਕੀ ਅਰਥਚਾਰੇ ਤੇ ਸਿਆਸਤ ਵਿਚ ਨਵੀਆਂ ਲੀਹਾਂ ਪਾਈਆਂ। ਕਦੇ ਇਹ ਦੋਵੇਂ ਇੱਕ-ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਦੇ ਸਨ, ਪਰ ਅੱਜ ਸੋਸ਼ਲ ਮੀਡੀਆ ’ਤੇ ਇਨ੍ਹਾਂ ਦੀ ‘ਤੂੰ-ਤੂੰ, ਮੈਂ-ਮੈਂ’ ਨੇ ਅਮਰੀਕਾ ਦੀ ਸਿਆਸੀ ਧਰਤੀ ਵਿਚ ਭੂਚਾਲ ਲਿਆ ਦਿੱਤਾ। ਇਹ ਜੰਗ ਸਿਰਫ਼ ਦੋ ਸ਼ਖ਼ਸੀਅਤਾਂ ਦੀ ਨਿੱਜੀ ਅੜਚਣ ਨਹੀਂ, ਸਗੋਂ ਇਸ ਦੇ ਡੂੰਘੇ ਪ੍ਰਭਾਵ ਅਮਰੀਕੀ ਅਰਥਚਾਰੇ, ਸਿਆਸਤ, ਅਤੇ ਗਲੋਬਲ ਸਟੇਜ ’ਤੇ ਵੀ ਦਿਖਣ ਦੀ ਸੰਭਾਵਨਾ ਹੈ। ਟਰੰਪ ਦੀ ਮਸਕ ਦੀਆਂ ਕੰਪਨੀਆਂ ਨਾਲ ਸਰਕਾਰੀ ਇਕਰਾਰਨਾਮੇ ਖਤਮ ਕਰਨ ਦੀ ਧਮਕੀ, ਮਸਕ ਦਾ ‘ਐਪਸਟੀਨ ਫਾਈਲਾਂ’ ਵਾਲਾ ਧਮਾਕਾ, ਟਰੰਪ ਦਾ ਮਸਕ ’ਤੇ ਡਰੱਗਜ਼ ਦੇ ਦੋਸ਼ ਅਤੇ ਹੁਣ ਰੂਸ ਵੱਲੋਂ ਮਸਕ ਨੂੰ ਸਿਆਸੀ ਸ਼ਰਨ ਦੀ ਪੇਸ਼ਕਸ਼-ਇਹ ਸਾਰੇ ਮਾਮਲੇ ਮਿਲ ਕੇ ਅਮਰੀਕੀ ਸਿਆਸਤ ਨੂੰ ਇੱਕ ਅਜਿਹੇ ਮੋੜ ’ਤੇ ਲੈ ਆਏ ਹਨ, ਜਿੱਥੇ ਸਵਾਲ ਹਰ ਕਿਸੇ ਦੇ ਮਨ ਵਿਚ ਗੂੰਜ ਰਹੇ ਹਨ: ਅੱਗੇ ਕੀ ? ਮਸਕ ਕੀ ਰੂਸ ਵੱਲ ਝੁਕੇਗਾ ? ਟਰੰਪ ਕੀ ਪਾਬੰਦੀਆਂ ਲਗਾਏਗਾ ? ਅਮਰੀਕੀ ਅਰਥਚਾਰੇ ਦਾ ਕੀ ਬਣੇਗਾ ?

## ਟਰੰਪ-ਮਸਕ ਦੀ ਜੰਗ ਦੀ ਜੜ੍ਹ

ਇਸ ਸਾਰੀ ਖਿਚੋਤਾਣ ਦੀ ਸ਼ੁਰੂਆਤ ਹੋਈ ਇੱਕ ਘਰੇਲੂ ਨੀਤੀ ਬਿੱਲ ਨਾਲ, ਜਿਸ ਨੂੰ ਟਰੰਪ ਨੇ ‘ਵਨ ਬਿਗ ਬਿਊਟੀਫੁੱਲ ਬਿੱਲ’ ਦਾ ਨਾਮ ਦਿੱਤਾ। ਇਸ ਬਿੱਲ ਵਿਚ ਇਲੈਕਟ੍ਰਿਕ ਵਾਹਨਾਂ (ਈ.ਵੀ.) ਨੂੰ ਮਿਲਣ ਵਾਲੀਆਂ ਸਬਸਿਡੀਆਂ ’ਤੇ ਰੋਕ ਲਗਾਉਣ ਦਾ ਫੈਸਲਾ ਸੀ, ਜੋ ਮਸਕ ਦੀ ਕੰਪਨੀ ਟੇਸਲਾ ਲਈ ਆਰਥਿਕ ਝਟਕੇ ਵਰਗਾ ਸੀ। ਮਸਕ ਨੇ ਇਸ ਬਿੱਲ ਨੂੰ ‘ਘਿਨਾਉਣਾ’ ਅਤੇ ‘ਅਮਰੀਕਾ ਦੀ ਬਰਬਾਦੀ’ ਦਾ ਕਾਰਨ ਦੱਸਦਿਆਂ ਸੋਸ਼ਲ ਮੀਡੀਆ ਪਲੈਟਫਾਰਮ ਐਕਸ ’ਤੇ ਟਰੰਪ ਦੀ ਸਰਕਾਰ ਨੂੰ ਲੰਮੇ ਹੱਥੀਂ ਲਿਆ। ਉਸ ਨੇ ਲਿਖਿਆ, “ਕੀ ਤੁਸੀਂ ਅਸਲ ਵਿਚ ਅਮਰੀਕੀ ਅਰਥਚਾਰੇ ਨੂੰ ਡੋਬਣਾ ਚਾਹੁੰਦੇ ਹੋ ?” ਇਹ ਸਿਰਫ਼ ਸ਼ੁਰੂਆਤ ਸੀ। ਮਸਕ ਨੇ ਇਹ ਵੀ ਦਾਅਵਾ ਕੀਤਾ ਕਿ 2024 ਦੀਆਂ ਚੋਣਾਂ ਵਿਚ ਟਰੰਪ ਦੀ ਜਿੱਤ ਵਿਚ ਉਸ ਦੀ 275 ਮਿਲੀਅਨ ਡਾਲਰ ਦੀ



ਫੰਡਿੰਗ ਅਤੇ ਐਕਸ ਪਲੈਟਫਾਰਮ ਦੀ ਤਾਕਤ ਨੇ ਮੁੱਖ ਭੂਮਿਕਾ ਨਿਭਾਈ ਸੀ। ਉਸ ਨੇ ਟਰੰਪ ਨੂੰ ਸਿੱਧੇ ਸ਼ਬਦਾਂ ਵਿਚ ਕਿਹਾ, “ਜੇ ਮੈਂ ਨਾ ਹੁੰਦਾ, ਤਾਂ ਤੁਸੀਂ ਵ੍ਹਾਈਟ ਹਾਊਸ ਵਿਚ ਨਾ ਹੁੰਦੇ।” ਇਹ ਸੀ ਉਹ ਚੰਗਿਆੜੀ, ਜਿਸ ਨੇ ਟਰੰਪ ਅੱਗ ਬਬੂਲਿ ਕਰ ਦਿੱਤਾ।ਟਰੰਪ ਨੇ ਪਲਟਵਾਰ ਕਰਦਿਆਂ ਮਸਕ ਦੀਆਂ ਕੰਪਨੀਆਂ-ਟੇਸਲਾ, ਸਪੇਸਐਕਸ, ਅਤੇ ਸਟਾਰਲਿੰਕ-ਨਾਲ ਸੰਘੀ ਸਰਕਾਰ ਦੇ ਅਰਬਾਂ ਡਾਲਰ ਦੇ ਇਕਰਾਰਨਾਮੇ ਖਤਮ ਕਰਨ ਦੀ ਧਮਕੀ ਦੇ ਦਿੱਤੀ। ਉਸ ਨੇ ਕਿਹਾ, “ਮੈਂ ਮਸਕ ਦੀ ਬਹੁਤ ਮਦਦ ਕੀਤੀ, ਪਰ ਹੁਣ ਉਹ ਪਰੇਸ਼ਾਨ ਹੈ, ਕਿਉਂਕਿ ਅਸੀਂ ਈ.ਵੀ. ਸਬਸਿਡੀਆਂ ਰੋਕੀਆਂ ਹਨ।” ਟਰੰਪ ਦਾ ਇਹ ਬਿਆਨ ਅਮਰੀਕੀ ਅਖਬਾਰਾਂ, ਜਿਵੇਂ ਕਿ ਵਾਸ਼ਿੰਗਟਨ ਪੋਸਟ ਅਤੇ ਨਿਊਯਾਰਕ ਟਾਈਮਜ਼ ਵਿਚ ਸੁਰਖੀਆਂ ਬਣਿਆ, ਜਿਨ੍ਹਾਂ ਨੇ ਇਸ ਨੂੰ ‘ਟਰੰਪ-ਮਸਕ ਸਾਂਝ ਦੀ ਤਬਾਹੀ’ ਦਾ ਨਾਮ ਦਿੱਤਾ।ਇਸ ਬਿੱਲ ਦੀ ਆਲੋਚਨਾ ਮਸਕ ਲਈ ਸਿਰਫ਼ ਵਪਾਰਕ ਮਸਲਾ ਨਹੀਂ ਸੀ। ਉਸ ਨੇ ਦਾਅਵਾ ਕੀਤਾ ਕਿ ਈ.ਵੀ. ਸਬਸਿਡੀਆਂ ਅਮਰੀਕੀ ਅਰਥਚਾਰੇ ਅਤੇ ਵਾਤਾਵਰਣ ਲਈ ਜ਼ਰੂਰੀ ਹਨ। ਪਰ ਟਰੰਪ ਦੀ ਨਜ਼ਰ ਵਿਚ ਇਹ ਸਬਸਿਡੀਆਂ ਸਰਕਾਰੀ ਖਜ਼ਾਨੇ ’ਤੇ ਬੋਝ ਸਨ। ਵਾਲ ਸਟਰੀਟ ਜਰਨਲ ਦੀ ਇੱਕ ਰਿਪੋਰਟ ਮੁਤਾਬਕ, ਇਸ ਬਿੱਲ ਦਾ ਮਕਸਦ ਸਰਕਾਰੀ ਖਰਚਿਆਂ ਵਿਚ ਕਟੌਤੀ ਕਰਕੇ ਅਮਰੀਕੀ ਟੈਕਸਦਾਤਾਵਾਂ ਨੂੰ ਰਾਹਤ ਦੇਣਾ ਸੀ, ਪਰ ਮਸਕ ਨੇ ਇਸ ਨੂੰ ਟੇਸਲਾ ਦੀਆਂ ਜੜ੍ਹਾਂ ’ਤੇ ਹੀ ਕੁਹਾੜੀ ਮਾਰਨ ਦੀ ਸਾਜਿਸ਼ ਕਰਾਰ ਦਿੱਤਾ।

ਇਹ ਜੰਗ ਸਿਰਫ਼ ਬਿੱਲ ਜਾਂ ਸਬਸਿਡੀਆਂ ਦੀ ਨਹੀਂ, ਸਗੋਂ ਇਹ ਸ਼ਕਤੀ ਦੀ ਖਿਚੋਤਾਣ ਹੈ। ਟਰੰਪ ਆਪਣੀ ਸਿਆਸੀ ਦਬਦਬੇ ਨੂੰ ਕਾਇਮ ਰੱਖਣਾ ਚਾਹੁੰਦੇ ਹਨ, ਜਦਕਿ ਮਸਕ ਆਪਣੇ ਕਾਰੋਬਾਰੀ ਹਿੱਤਾਂ ਨੂੰ ਸੁਰੱਖਿਅਤ ਕਰਨ ਦੇ ਨਾਲ ਸਿਆਸੀ ਖੇਡ ਦਾ ਨਵਾਂ ਖਿਡਾਰੀ ਬਣਨ ਦੀ ਤਿਆਰੀ ਵਿਚ ਹੈ। ਸੱਚ ਇਹ ਹੈ ਕਿ ਕਿ ਮਸਕ ਹੁਣ ਸਿਰਫ਼ ਕਾਰੋਬਾਰੀ ਨਹੀਂ, ਸਗੋਂ ਸਿਆਸੀ ਸ਼ਤਰੰਜ ਦਾ ਵੱਡਾ ਖਿਡਾਰੀ ਬਣਨ ਦੀ ਜੁਗਤ ਵਿਚ ਹੈ।

## ਕੀਮਸਕ ਦਾ ਰੂਸ ਨਾਲ ਜੋੜ ਹੋਵੇਗਾ

ਇਸ ਝਗੜੇ ਵਿਚ ਨਵਾਂ ਮੋੜ ਆਇਆ, ਜਦੋਂ ਰੂਸ ਨੇ ਮਸਕ ਨੂੰ ਸਿਆਸੀ ਪਨਾਹ ਦਾ ਸੱਦਾ ਦਿੱਤਾ। ਇੰਟਰਨੈਸ਼ਨਲ ਡੈਸਕ ਦੀ ਖਬਰ ਮੁਤਾਬਕ, ਰੂਸ ਦੀ ਸਟੇਟ ਡਿਊਮਾ ਕਮੇਟੀ ਦੇ ਡਿਪਟੀ ਚੇਅਰਮੈਨ ਦਮਿਤਰੀ ਨੋਵੀਕੋਵ ਨੇ ਕਿਹਾ, “ਜੇ ਮਸਕ ਚਾਹੇ, ਤਾਂ ਰੂਸ ਉਸ ਨੂੰ ਪਨਾਹ ਦੇਣ ਲਈ ਤਿਆਰ ਹੈ।” ਇਹ ਸੱਦਾ ਉਦੋਂ ਆਇਆ, ਜਦੋਂ ਮਸਕ-ਟਰੰਪ ਦੀ ਲੜਾਈ ਚਰਮ ’ਤੇ ਸੀ। ਸੀ. ਬੀ. ਐਸ. ਨਿਊਜ਼ ਨੇ ਇਸ ਨੂੰ ਰੂਸ ਦੀ ‘ਮੌਕੇ ਦੀ ਮਾਰ’ ਕਿਹਾ, ਕਿਉਂਕਿ ਰੂਸ ਪਹਿਲਾਂ ਵੀ ਐਡਵਰਡ ਸਨੋਡਨ ਵਰਗੇ ਪੱਛਮੀ ਆਲੋਚਕਾਂ ਨੂੰ ਪਨਾਹ ਦੇ ਚੁੱਕਾ ਹੈ।

ਨਿਊਯਾਰਕ ਟਾਈਮਜ਼ ਦੇ ਵਿਸ਼ਲੇਸ਼ਣ ਮੁਤਾਬਕ, ਮਸਕ ਦਾ ਰੂਸ ਵੱਲ ਜਾਣਾ ਮੁਸ਼ਕਲ ਹੈ। ਉਸ ਦੀਆਂ ਕੰਪਨੀਆਂ ਅਮਰੀਕੀ ਸਰਕਾਰ ਦੇ ਇਕਰਾਰਨਾਮਿਆਂ ’ਤੇ ਟਿੱਕੀਆਂ ਨੇ, ਤੇ ਰੂਸ ’ਚ ਉਸ ਲਈ ਵਪਾਰ ਦੀਆਂ ਸੰਭਾਵਨਾਵਾਂ ਘੱਟ ਨੇ। ਪਰ ਮਸਕ ਦਾ ਬਗਾਵਤੀ ਰੁਖ਼ ਤੇ ਨਵੀਂ ਸਿਆਸੀ ਪਾਰਟੀ ‘ਅਮਰੀਕਾ ਪਾਰਟੀ’ ਬਣਾਉਣ ਦੀ ਗੱਲ ਨੇ ਅਟਕਲਾਂ ਨੂੰ ਹਵਾ ਦਿੱਤੀ ਕਿ ਉਹ ਟਰੰਪ ਦੇ ਖਿਲਾਫ ਵੱਡੀ ਬਾਜ਼ੀ ਖੇਡ ਸਕਦੈ ਹਨ ਮਸਕ ਨੇ ਐਕਸ ’ਤੇ ਪੋਲ ਚਲਾਇਆ, ਜਿਸ ਵਿਚ 80% ਲੋਕਾਂ ਨੇ ‘ਅਮਰੀਕਾ ਪਾਰਟੀ’ ਦੀ ਜ਼ਰੂਰਤ ਨੂੰ ਹਰੀ ਝੰਡੀ ਦਿੱਤੀ ਹੈ। ਬਲੂਮਬਰਗ ਨੇ ਇਸ ਨੂੰ ਮਸਕ ਦੀ ਸਿਆਸੀ ਉਡਾਰੀ ਦਾ ਸੰਕੇਤ ਕਿਹਾ। ਮਸਕ ਨੇ ਰਿਪਬਲੀਕਨ ਸੰਸਦ ਮੈਂਬਰਾਂ ਨੂੰ ਸਿੱਧਾ ਸੁਨੇਹਾ ਦਿੱਤਾ ਹੈ ਕਿ ਟਰੰਪ ਕੋਲ 3.5 ਸਾਲ ਨੇ, ਮੇਰੇ ਕੋਲ 40 ਸਾਲ।”

## ਟਰੰਪ ਦੀਆਂ ਪਾਬੰਦੀਆਂ ?

ਵਾਲ ਸਟਰੀਟ ਜਰਨਲ ਮੁਤਾਬਕ, ਟਰੰਪ ਮਸਕ ਦੀਆਂ ਕੰਪਨੀਆਂ ਦੇ ਇਕਰਾਰਨਾਮਿਆਂ ਦੀ ਸਮੀਖਿਆ ਕਰ ਸਕਦੈ। ਪਰ ਵਾਸ਼ਿੰਗਟਨ ਪੋਸਟ ਦਾ ਕਹਿਣਾ ਹੈ ਕਿ ਇਹ ਕੰਮ ਆਸਾਨ ਨਹੀਂ। ਸਪੇਸਐਕਸ ਨਾਸਾ ਦਾ ਮੁੱਖ ਸਾਥੀ ਹੈ, ਤੇ ਟੇਸਲਾ ਅਮਰੀਕੀ ਆਟੋ ਉਦਯੋਗ ਦੀ ਧੁਰੀ ਹੈ। ਇਹਨਾਂ ਪਾਬੰਦੀਆਂ ਕਾਰਣ ਟਰੰਪ ਨੂੰ 2026 ਦੀਆਂ ਮੱਧਕਾਲੀ ਚੋਣਾਂ ਵਿਚ ਸਿਆਸੀ ਨੁਕਸਾਨ ਝੱਲਣਾ ਪੈ ਸਕਦੈ। ਟਰੰਪ ਦੀਆਂ ਪਾਬੰਦੀਆਂ ਜੇ ਹਕੀਕਤ ਬਣੀਆਂ, ਤਾਂ ਅਮਰੀਕੀ ਅਰਥਚਾਰੇ ਤੇ ਸਿਆਸਤ ਨੂੰ ਵੱਡੀ ਮਾਰ ਪਵੇਗੀ। ਵਾਸ਼ਿੰਗਟਨ ਪੋਸਟ ਦਾ ਮੰਨਣਾ ਹੈ ਕਿ 2026 ਦੀਆਂ ਚੋਣਾਂ ਵਿਚ ਇਸ ਦਾ ਅਸਰ ਸਪਸ਼ਟ ਦਿਸੂ।

# ਦਿੱਲੀ ਪੁਲਿਸ ਨੇ 66 ਗੈਰ-ਕਾਨੂੰਨੀ ਬੰਗਲਾਦੇਸ਼ੀਆਂ ਨੂੰ ਫੜਿਆ



ਨਵੀਂ ਦਿੱਲੀ-ਨਵੀਂ ਦਿੱਲੀ ਵਿਚ ਪੁਲਿਸ ਨੇ ਕਾਰਵਾਈ ਕਰਦਿਆਂ 66 ਬੰਗਲਾਦੇਸ਼ੀਆਂ ਨੂੰ ਫੜ ਲਿਆ, ਜੋ ਗੈਰ-ਕਾਨੂੰਨੀ ਤਰੀਕੇ ਨਾਲ ਵਜ਼ੀਰਪੁਰ ਤੇ ਐਨ.ਐਸ. ਮੰਡੀ ਦੇ ਇਲਾਕਿਆਂ ਵਿਚ ਰਹਿ ਰਹੇ ਸਨ। ਇਹ ਸਾਰੇ 11 ਪਰਿਵਾਰਾਂ ਦੇ ਮੈਂਬਰ ਸਨ। ਪੁਲਿਸ ਨੇ ਵਜ਼ੀਰਪੁਰ ਜੇ.ਜੇ. ਕਲੱਸਟਰ ’ਵਿਚੋਂ 35 ਤੇ ਐਨ.ਐਸ. ਮੰਡੀ ’ਚੋਂ 31 ਬੰਦਿਆਂ ਨੂੰ ਫੜਿਆ ਹੈ। ਇਹਨਾਂ ਨੇ ਆਪਣੀ ਪਛਾਣ ਲੁਕਾਉਣ ਲਈ ਮੋਬਾਈਲ ਤੇ ਬੰਗਲਾਦੇਸ਼ੀ ਕਾਗਜ਼ ਵੀ ਛੁਪਾਏ ਹੋਏ ਸਨ। ਡੀ.ਸੀ.ਪੀ. ਭੀਸ਼ਮ ਸਿੰਘ ਨੇ ਕਿਹਾ ਕਿ ਇਹਨਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਹੁਣ ਇਹਨਾਂ ਨੂੰ ਵਾਪਸ ਬੰਗਲਾਦੇਸ਼ ਭੇਜਣ ਦੀ ਤਿਆਰੀ ਹੈ।

# ਬਾਬਾ ਹਰਨਾਮ ਸਿੰਘ ਖ਼ਾਲਸਾ ਵਲੋਂ ਪੰਥਕ ਏਕਤਾ ਦਾ ਸੱਦਾ

ਪੰਥਕ ਹਲਚਲ

**✪ ਸਿੱਖ ਜਥੇਬੰਦੀਆਂ ਨੂੰ ਟਕਰਾਅ ਤੋਂ ਬਚਣ ਦੀ ਅਪੀਲ ✪ ਸ਼੍ਰੋਮਣੀ ਕਮੇਟੀ ਬਾਰੇ ਮੁੱਖ ਮੰਤਰੀ ਦੀਆਂ ਟਿੱਪਣੀਆਂ ’ਤੇ ਸਖ਼ਤ ਵਿਰੋਧ ✪ ਅਕਾਲ ਤਖ਼ਤ ਜਥੇਦਾਰ ਦੀ ਨਿਯੁਕਤੀ ਲਈ ਨਿਯਮ ਬਣਾਉਣ ਦੀ ਮੰਗ**

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ, ਗਿਆਨੀ ਹਰਨਾਮ ਸਿੰਘ ਖ਼ਾਲਸਾ, ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ, ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਖ ਪੰਥ ਦੀ ਏਕਤਾ ਦਾ ਸੁਨੇਹਾ ਦਿੱਤਾ। ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ 6 ਜੂਨ ਦੇ ਘੱਲੂਘਾਰਾ ਸਮਾਗਮ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਵਾਰ ਪੰਥ ਦੀ ਇਕਜੁੱਟਤਾ ਨੇ ਸਾਰਿਆਂ ਦੇ ਦਿਲ ਜਿੱਤੇ ਹਨ। “ਇਹ ਪਹਿਲੀ ਵਾਰ ਸੀ ਜਦੋਂ ਸਮੁੱਚਾ ਪੰਥ ਇਕਮੁੱਠ ਹੋਇਆ, ਬਿਨਾਂ ਕਿਸੇ ਨਾਅਰੇਬਾਜ਼ੀ ਜਾਂ ਟਕਰਾਅ ਦੇ, ਸਮਾਗਮ ਨੇਪਰੇ ਚੜ੍ਹਿਆ। ਇਸ ਸਬੰਧ ਵਿਚ ਬਾਬਾ ਜੀ ਨੇ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਪੰਥਕ ਸਾਂਝ ਦੀ ਤਾਰੀਫ਼ ਕੀਤੀ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੱਖ ਜਥੇਬੰਦੀਆਂ ਵਿੱਚ ਆਪਸੀ ਟਕਰਾਅ ਕੌਮ ਦੀ ਤਾਕਤ ਨੂੰ ਕਮਜ਼ੋਰ ਕਰਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਥਕ ਜਮਾਤ ਹੈ, ਅਤੇ ਸ਼੍ਰੋਮਣੀ ਕਮੇਟੀ ਸਿੱਖ ਪੰਥ ਦੀ ਸੁਪਰੀਮ ਧਾਰਮਿਕ ਸੰਸਥਾ। ਸਾਰੀਆਂ ਸਿੱਖ ਜਥੇਬੰਦੀਆਂ ਨੂੰ ਵਖਰੇਵਿਆਂ ਨੂੰ ਦੂਰ ਕਰਕੇ ਇਕਜੁੱਟ ਹੋਣਾ ਚਾਹੀਦਾ।”

### ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਵਿੱਚ ਤਣਾਅ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਰੁੱਧ ਟਿੱਪਣੀਆਂ ਨੇ ਪੰਥਕ ਮਾਹੌਲ ਵਿੱਚ ਤਣਾਅ ਪੈਦਾ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਸ਼੍ਰੋਮਣੀ ਕਮੇਟੀ ’ਤੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਅਤੇ ਪੰਥਕ ਮਰਿਆਦਾ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਲਾਏ, ਜਿਸ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਨੇ ਸਖ਼ਤ ਵਿਰੋਧ ਕੀਤਾ। ਗਿਆਨੀ ਹਰਪ੍ਰੀਤ ਸਿੰਘ ਨੇ ਮੁੱਖ ਮੰਤਰੀ ਦੀਆਂ ਟਿੱਪਣੀਆਂ ਨੂੰ “ਪੰਥਕ ਸਰੂਪ ਨੂੰ ਖਰਾਬ ਕਰਨ ਵਾਲੀਆਂ” ਕਰਾਰ ਦਿੱਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਘੜ ਰਹੀ ਹੈ। ਉਨ੍ਹਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਇਨ੍ਹਾਂ ਚਾਲਾਂ ਤੋਂ ਸੁਚੇਤ ਰਹੇ। ਗਿਆਨੀ ਹਰਨਾਮ ਸਿੰਘ ਨੇ ਵੀ ਮੁੱਖ ਮੰਤਰੀ ਦੀਆਂ ਟਿੱਪਣੀਆਂ ਨੂੰ “ਅਤਿ ਨਿੰਦਣਯੋਗ” ਦੱਸਿਆ ਅਤੇ ਕਿਹਾ ਕਿ ਸਰਕਾਰ ਨੂੰ ਪੰਥਕ ਸੰਸਥਾਵਾਂ ਨਾਲ ਟਕਰਾਅ ਛੇੜਣ ਦੀ ਬਜਾਏ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ’ਤੇ ਧਿਆਨ ਦੇਣਾ ਚਾਹੀਦਾ।



ਮੁੱਖ ਮੰਤਰੀ ਦੀਆਂ ਇਨ੍ਹਾਂ ਟਿੱਪਣੀਆਂ ਦਾ ਮੁੱਖ ਕਾਰਨ ਪੰਜਾਬ ਵਿਧਾਨ ਸਭਾ ਵਿੱਚ ਲਿਆਂਦਾ ਜਾ ਰਿਹਾ ਸਿੱਖ ਗੁਰਦੁਆਰਾ ਸੋਧ ਬਿੱਲ ਮੰਨਿਆ ਜਾ ਰਿਹਾ ਹੈ, ਜਿਸ ਨੂੰ ਸਿੱਖ ਆਗੂਆਂ ਨੇ “ਮੰਦਭਾਗਾ” ਕਰਾਰ ਦਿੱਤਾ। ਇਸ ਬਿੱਲ ਨੂੰ ਸ਼੍ਰੋਮਣੀ ਕਮੇਟੀ ਦੀ ਸੁਤੰਤਰਤਾ ’ਤੇ ਹਮਲੇ ਵਜੋਂ ਦੇਖਿਆ ਜਾ ਰਿਹਾ ਹੈ। ਗਿਆਨੀ ਹਰਨਾਮ ਸਿੰਘ ਨੇ ਸਪੱਸ਼ਟ ਕੀਤਾ ਕਿ ਸਰਕਾਰ ਦੀਆਂ ਅਜਿਹੀਆਂ ਹਰਕਤਾਂ ਪੰਥਕ ਏਕਤਾ ਨੂੰ ਢਾਹ ਲਾਉਣ ਦੀ ਸਾਜ਼ਿਸ਼ ਹਨ, ਅਤੇ ਸੰਗਤ ਨੂੰ ਇਸ ਵਿਰੁੱਧ ਇਕਜੁੱਟ ਹੋਣ ਦੀ ਲੋੜ ਹੈ।

ਇਸ ਸਾਰੇ ਵਿਵਾਦ ਦੇ ਵਿਚਕਾਰ, ਸਾਧਾਰਨ ਸਿੱਖ ਸੰਗਤ ਦੀ ਚੁੱਪ ਸਭ ਦੇ ਮਨਾਂ ਵਿੱਚ ਸਵਾਲ ਖੜ੍ਹੇ ਕਰ ਰਹੀ ਹੈ। ਜਿਥੇ ਇੱਕ ਪਾਸੇ ਪੰਥਕ ਆਗੂ ਅਤੇ ਸੰਸਥਾਵਾਂ ਸਰਕਾਰ ਅਤੇ ਆਪਸੀ ਮਤਭੇਦਾਂ ਨੂੰ ਲੈ ਕੇ ਚਰਚਾ ਵਿੱਚ ਹਨ, ਉਥੇ ਸਾਧਾਰਨ ਸਿੱਖ, ਜੋ ਪੰਥ ਦੀ ਜੜ੍ਹ ਹੈ, ਇਸ ਵਿਵਾਦ ਵਿੱਚ ਮੌਨ ਵਰਤੀ ਬੈਠਾ ਹੈ। ਕੀ ਸਾਧਾਰਨ ਸਿੱਖ ਨੂੰ ਇਨ੍ਹਾਂ ਮਸਲਿਆਂ ਦੀ ਗੰਭੀਰਤਾ ਦਾ ਅਹਿਸਾਸ ਨਹੀਂ? ਜਾਂ ਫਿਰ ਸਿਆਸੀ ਅਤੇ ਧਾਰਮਿਕ ਖਿਚੋਤਾਣ ਵਿੱਚ ਉਹ ਆਪਣੇ ਆਪ ਨੂੰ ਅਲੱਗ ਰੱਖਣਾ ਚਾਹੁੰਦਾ ਹੈ?

ਸਿੱਖ ਪੰਥ ਦੀ ਰਵਾਇਤ ਰਹੀ ਹੈ ਕਿ ਜਦੋਂ ਵੀ ਕੌਮ ’ਤੇ ਸੰਕਟ ਆਇਆ, ਸੰਗਤ ਨੇ ਗੁਰੂ ਦੀ ਆਗਿਆ ਅਨੁਸਾਰ ਅਵਾਜ਼ ਬੁਲੰਦ ਕੀਤੀ। ਪਰ ਅੱਜ, ਜਦੋਂ ਸ਼੍ਰੋਮਣੀ ਕਮੇਟੀ ਅਤੇ ਸਰਕਾਰ ਵਿਚਕਾਰ ਤਣਾਅ ਵਧ ਰਿਹਾ ਹੈ, ਸਾਧਾਰਨ ਸਿੱਖ ਦੀ ਚੁੱਪ ਸਭ ਨੂੰ ਸੋਚਣ ਲਈ ਮਜਬੂਰ ਕਰ ਰਹੀ ਹੈ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਸੰਗਤ ਸਿਆਸੀ ਵਿਵਾਦਾਂ ਵਿੱਚ ਫਸਣ ਦੀ ਬਜਾਏ ਗੁਰਮਤਿ ਦੇ ਸਿਧਾਂਤਾਂ ’ਤੇ ਅਮਲ ਕਰਨ ਨੂੰ ਤਰਜੀਹ ਦੇ ਰਹੀ ਹੈ। ਪਰ ਇਹ ਚੁੱਪ ਕੀ ਸਮੇਂ ਦੀ ਮੰਗ ਹੈ, ਜਾਂ ਫਿਰ ਪੰਥਕ ਮਸਲਿਆਂ ਪ੍ਰਤੀ ਅਣਦੇਖੀ? ਇਹ ਸਵਾਲ ਹਰ ਸਿੱਖ ਦੇ ਮਨ ਵਿੱਚ ਗੂੰਜ ਰਿਹਾ ਹੈ।

### ਅਕਾਲ ਤਖ਼ਤ ਜਥੇਦਾਰ ਦੀ ਨਿਯੁਕਤੀ

ਦਮਦਮੀ ਟਕਸਾਲ ਦੀ ਰਾਇਸ਼ੁਮਾਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ, ਕਾਰਜ ਖੇਤਰ ਅਤੇ ਸੇਵਾ ਮੁਕਤੀ ਸਬੰਧੀ ਨਿਯਮ ਬਣਾਉਣ ਦੀ ਮੰਗ ਸਿੱਖ ਪੰਥ ਦੀ ਚਿਰੋਕਣੀ ਮੰਗ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਮੁੱਦੇ ’ਤੇ ਸਿੱਖ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਸਿੱਖ ਸੰਪਰਦਾਵਾਂ, ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਸੁਝਾਅ ਭੇਜਣ ਦੀ ਅਪੀਲ ਕੀਤੀ ਹੈ। ਇਸ ਅਪੀਲ ਨੂੰ ਸਿੱਖ ਪੰਥ ਦੀ ਏਕਤਾ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਸਪੱਸ਼ਟ ਕੀਤਾ ਕਿ ਜਥੇਦਾਰ ਦੀ ਨਿਯੁਕਤੀ ਲਈ ਵਿਧੀ-ਵਿਧਾਨ ਸਿਰਫ਼ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮੁੱਚੇ ਪੰਥ ਦੀ ਸਾਂਝੀ ਰਾਏ ਨਾਲ ਹੋਣਾ ਚਾਹੀਦਾ। ਇਹ ਨਿਯਮ ਦੁਨੀਆਂ ਭਰ ਦੇ ਸਿੱਖਾਂ, ਸੰਤ ਮਹਾਂਪੁਰਸ਼ਾਂ, ਦਮਦਮੀ ਟਕਸਾਲ, ਨਿਹੰਗ ਜਥੇਬੰਦੀਆਂ ਅਤੇ ਸੰਘਰਸ਼ਸ਼ੀਲ ਸਿੱਖ ਜਥੇਬੰਦੀਆਂ ਦੀ ਸਹਿਮਤੀ ਨਾਲ ਤਿਆਰ ਕੀਤੇ ਜਾਣੇ ਚਾਹੀਦੇ ਹਨ।”

ਇਸ ਵਿੱਚ ਸਿੱਖ ਸੰਪਰਦਾਵਾਂ, ਜਥੇਬੰਦੀਆਂ ਅਤੇ ਵਿਦਵਾਨਾਂ ਦੀ ਸਹਿਮਤੀ ਸ਼ਾਮਲ ਹੋਵੇ। ਉਹਨਾਂ ਕਿਹਾ ਕਿ ਜਥੇਦਾਰ ਦੀ ਚੋਣ ਵਿੱਚ ਉਨ੍ਹਾਂ ਸ਼ਖਸੀਅਤਾਂ ਨੂੰ ਤਰਜੀਹ ਦਿੱਤੀ ਜਾਵੇ, ਜਿਨ੍ਹਾਂ ਨੇ ਪੰਥ ਲਈ ਕੁਰਬਾਨੀਆਂ ਦਿੱਤੀਆਂ ਹੋਣ। ਜਥੇਦਾਰ ਨੂੰ ਸਿਆਸੀ ਦਬਾਅ ਤੋਂ ਮੁਕਤ ਅਤੇ ਨਿਰਪੱਖ ਹੋਣਾ ਚਾਹੀਦਾ, ਤਾਂ ਜੋ ਉਹ ਪੰਥਕ ਮਸਲਿਆਂ ’ਤੇ ਨਿਰਪੱਖ ਫ਼ੈਸਲੇ ਲੈ ਸਕੇ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਦਾ ਅਹੁਦਾ ਪੰਥ ਦੀ ਸਰਬਉੱਚ ਸੰਸਥਾ ਦਾ ਪ੍ਰਤੀਕ ਹੈ, ਅਤੇ ਇਸ ਦੀ ਨਿਯੁਕਤੀ ਪੰਥਕ ਮਰਿਆਦਾ ਅਤੇ ਰਵਾਇਤਾਂ ਅਨੁਸਾਰ ਹੋਣੀ ਚਾਹੀਦੀ। ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕਰਨ ਦੀ ਚਰਚਾ ’ਤੇ ਗਿਆਨੀ ਹਰਨਾਮ ਸਿੰਘ ਨੇ ਕਿਹਾ, “ਭਾਈ ਰਾਜੋਆਣਾ ਦੀ ਕੁਰਬਾਨੀ ਸਿੱਖ ਪੰਥ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੀ ਜਾਵੇਗੀ। ਜੇਕਰ ਪੰਥ ਉਨ੍ਹਾਂ ਨੂੰ ਜਥੇਦਾਰ ਨਿਯੁਕਤ ਕਰਦਾ ਹੈ, ਤਾਂ ਇਸ ਤੋਂ ਵੱਡੀ ਖ਼ੁਸ਼ੀ ਦੀ ਗੱਲ ਨਹੀਂ ਹੋ ਸਕਦੀ।” ਉਨ੍ਹਾਂ ਨੇ ਸਰਕਾਰ ਨੂੰ ਭਾਈ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਅਤੇ ਹੋਰ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਵੀ ਕੀਤੀ।

## ਡੇਰਾ ਬਿਆਸ ਮੁੱਖੀ ਬਾਬਾ ਢਿੱਲੋਂ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਜਾਰੀ ਰੱਖਣ ਦਾ ਐਲਾਨ



ਅੰਮ੍ਰਿਤਸਰ-ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਬੀਤੇ ਦਿਨੀਂ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਕਿਹਾ ਕਿ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਉਨ੍ਹਾਂ ਨੇ ਨਿੱਜੀ ਤੌਰ ’ਤੇ ਯਤਨ ਕੀਤੇ ਹਨ ਅਤੇ ਅਗਾਂਹ ਵੀ ਇਹ ਕੋਸ਼ਿਸ਼ਾਂ ਜਾਰੀ ਰਹਿਣਗੀਆਂ। ਬਾਬਾ ਗੁਰਿੰਦਰ ਸਿੰਘ ਨੇ ਦੱਸਿਆ ਕਿ ਕਈ ਪਰਿਵਾਰਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿੱਚ ਉਨ੍ਹਾਂ ਨਾਲ ਸੰਪਰਕ ਕੀਤਾ ਹੈ। ਉਨ੍ਹਾਂ ਖਾਸ ਤੌਰ ’ਤੇ ਭਾਈ ਗੁਰਦੀਪ ਸਿੰਘ ਖਹਿਰਾ ਦੀ ਰਿਹਾਈ ਲਈ ਕੀਤੇ ਯਤਨਾਂ ਦਾ ਜ਼ਿਕਰ ਕੀਤਾ, ਜਿਨ੍ਹਾਂ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਪੈਰੋਲ ਮਿਲ ਰਹੀ ਹੈ। ਬਾਬਾ ਗੁਰਿੰਦਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੇ ਆਧਾਰ ’ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਉਹ ਲਗਾਤਾਰ ਕੰਮ ਕਰਦੇ ਰਹਿਣਗੇ। ਦੱਸਣਯੋਗ ਹੈ ਕਿ ਭਾਈ ਗੁਰਦੀਪ ਸਿੰਘ ਖਹਿਰਾ ਅਤੇ ਖ਼ਾਲਿਸਤਾਨ ਸਮਰਥਕ ਐਮਪੀ ਅੰਮ੍ਰਿਤਪਾਲ ਸਿੰਘ ਦੋਵੇਂ ਪਿੰਡ ਜੱਲੂਪੁਰ ਖੇੜਾ ਦੇ ਵਾਸੀ ਹਨ, ਜੋ ਬਿਆਸ ਨੇੜੇ ਹਲਕਾ ਬਾਬਾ ਬਕਾਲਾ ਸਾਹਿਬ ਵਿੱਚ ਪੈਂਦਾ ਹੈ। ਹਾਲ ਹੀ ਵਿੱਚ ਇਹ ਚਰਚਾ ਵੀ ਸੀ ਕਿ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਬਾਬਾ ਗੁਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ ਸੀ।

# ਫਰੀਮੌਂਟ ਗੁਰਦੁਆਰਾ ਸਾਹਿਬ ਦੀ ਮੰਗ : ਹਿੰਦੂ ਅਮਰੀਕਨ ਫਾਊਂਡੇਸ਼ਨ ਦੀ ਜਾਂਚ ਕਰੇ ਅਮਰੀਕੀ ਸਰਕਾਰ

ਨਿਊਜ਼ ਵਿਸ਼ਲੇਸ਼ਣ

## ✪ ਸਿੱਖ ਭਾਈਚਾਰੇ ਨੇ ਹਿੰਦੂ ਅਮਰੀਕਨ ਫਾਊਂਡੇਸ਼ਨ 'ਤੇ ਭਾਰਤ ਸਰਕਾਰ ਦੇ ਏਜੰਟ ਵਜੋਂ ਕੰਮ ਕਰਨ ਦੇ ਦੋਸ਼ ਲਗਾਏ ✪ ਇੰਟਰਨੈਸ਼ਨਲ ਮੀਡੀਆ ਸਿੱਖ ਹਿੱਤਾਂ ਦੀ ਉਠਾ ਰਿਹਾ ਏ ਆਵਾਜ਼

ਫਰੀਮੌਂਟ ਗੁਰਦੁਆਰਾ ਸਾਹਿਬ, ਅਮਰੀਕਾ ਦੇ ਸਭ ਤੋਂ ਵੱਡੇ ਅਤੇ ਪ੍ਰਮੁੱਖ ਸਿੱਖ ਧਾਰਮਿਕ ਸਥਾਨਾਂ ਵਿੱਚੋਂ ਇੱਕ ਹੈ, ਨੇ ਅਮਰੀਕੀ ਜਸਟਿਸ ਵਿਭਾਗ ਨੂੰ ਇੱਕ ਪੱਤਰ ਲਿਖ ਕੇ ਪੈਨਸਿਲਵੇਨੀਆ ਸਥਿਤ ਹਿੰਦੂ ਅਮਰੀਕਨ ਫਾਊਂਡੇਸ਼ਨ ਵਿਰੁੱਧ ਜਾਂਚ ਦੀ ਮੰਗ ਕੀਤੀ ਹੈ। ਗੁਰਦੁਆਰੇ ਦਾ ਦੋਸ਼ ਹੈ ਕਿ ਹਿੰਦੂ ਅਮਰੀਕਨ ਫਾਊਂਡੇਸ਼ਨ ਭਾਰਤ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੇ ਹਿੱਤਾਂ ਲਈ "ਵਿਦੇਸ਼ੀ ਏਜੰਟ" ਵਜੋਂ ਕੰਮ ਕਰ ਰਿਹਾ ਹੈ, ਜੋ ਅਮਰੀਕਾ ਦੇ ਫਾਰੇਨ ਏਜੰਟਸ ਰਜਿਸਟ੍ਰੇਸ਼ਨ ਐਕਟ (ਫੇਰਾ) ਦੀ ਉਲੰਘਣਾ ਹੋ ਸਕਦੀ ਹੈ। ਇਸ ਮੁੱਦੇ ਨੇ ਸਿੱਖ ਭਾਈਚਾਰੇ ਅਤੇ ਭਾਰਤ ਸਰਕਾਰ ਦਰਮਿਆਨ ਪਹਿਲਾਂ ਤੋਂ ਹੀ ਮੌਜੂਦ ਤਣਾਅ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਇਸ ਮਾਮਲੇ ਨੂੰ ਅੰਤਰਰਾਸ਼ਟਰੀ ਮੀਡੀਆ, ਜਿਵੇਂ ਕਿ ਗਾਰਡੀਅਨ ਅਤੇ ਅਲ ਜਜ਼ੀਰਾ, ਨੇ ਵੀ ਉਜਾਗਰ ਕੀਤਾ ਹੈ, ਜਿਸ ਨੇ ਮਾਮਲੇ ਦੀ ਗੰਭੀਰਤਾ ਨੂੰ ਵਧਾਇਆ ਹੈ।

### ਕੀ ਹੈ ਮਾਮਲਾ

ਫਰੀਮੌਂਟ ਗੁਰਦੁਆਰਾ ਸਾਹਿਬ, ਜੋ ਕੈਲੀਫੋਰਨੀਆ ਵਿੱਚ ਸਥਿਤ ਹੈ, ਸਿੱਖ ਭਾਈਚਾਰੇ ਦਾ ਇੱਕ ਪ੍ਰਮੁੱਖ ਕੇਂਦਰ ਹੈ। ਇਸ ਨੇ ਜੂਨ 2025 ਵਿੱਚ ਅਮਰੀਕੀ ਜਸਟਿਸ ਵਿਭਾਗ ਨੂੰ ਇੱਕ ਖੁੱਲ੍ਹਾ ਪੱਤਰ ਲਿਖਿਆ ਸੀ, ਜਿਸ ਵਿੱਚ ਹਿੰਦੂ ਅਮਰੀਕਨ ਫਾਊਂਡੇਸ਼ਨ 'ਤੇ ਭਾਰਤ ਸਰਕਾਰ ਦੇ ਹਿੱਤਾਂ ਦੀ ਵਕਾਲਤ ਕਰਨ ਅਤੇ ਅਮਰੀਕੀ ਸਿਆਸੀ ਸਿਸਟਮ ਵਿੱਚ ਭਾਜਪਾ ਦੀਆਂ ਨੀਤੀਆਂ ਨੂੰ ਅੱਗੇ ਵਧਾਉਣ ਦੇ ਦੋਸ਼ ਲਾਏ ਸਨ। ਗੁਰਦੁਆਰੇ ਦਾ ਕਹਿਣਾ ਹੈ ਕਿ ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਭਾਰਤੀ ਸਿਆਸੀ ਨੁਮਾਇੰਦਿਆਂ ਨੂੰ ਅਮਰੀਕੀ ਸੰਸਦ ਮੈਂਬਰਾਂ ਨਾਲ ਮੁਲਾਕਾਤਾਂ ਦਾ ਪ੍ਰਬੰਧ ਕੀਤਾ ਅਤੇ ਭਾਰਤ ਸਰਕਾਰ ਦੀਆਂ ਨੀਤੀਆਂ ਦੀ ਪੈਰਵਾਈ ਕੀਤੀ। ਇਸ ਦੇ ਨਾਲ ਹੀ, ਗੁਰਦੁਆਰੇ ਨੇ ਮੰਗ ਕੀਤੀ ਕਿ ਹਿੰਦੂ ਅਮਰੀਕਨ ਫਾਊਂਡੇਸ਼ਨ ਦੀਆਂ ਸਰਗਰਮੀਆਂ ਦੀ ਕੌਮੀ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਜਾਂਚ ਕੀਤੀ ਜਾਵੇ ਅਤੇ ਇਹ ਪਤਾ ਲਗਾਇਆ ਜਾਵੇ ਕਿ ਕੀ ਹਿੰਦੂ ਅਮਰੀਕਨ ਫਾਊਂਡੇਸ਼ਨ ਨੂੰ ਫੇਰਾ ਦੇ ਤਹਿਤ ਰਜਿਸਟਰ ਕਰਨ ਦੀ ਲੋੜ ਹੈ। ਫੇਰਾ ਇੱਕ ਅਮਰੀਕੀ ਕਾਨੂੰਨ ਹੈ, ਜੋ ਵਿਦੇਸ਼ੀ ਸਰਕਾਰਾਂ ਜਾਂ ਸੰਸਥਾਵਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਸੰਸਥਾਵਾਂ ਨੂੰ ਆਪਣੀਆਂ ਸਰਗਰਮੀਆਂ ਅਤੇ ਵਿੱਤੀ ਲੈਣ-ਦੇਣ ਦੇ ਵੇਰਵੇ ਜਨਤਕ ਕਰਨ ਦੀ ਮੰਗ ਕਰਦਾ ਹੈ।

ਜੇਕਰ ਹਿੰਦੂ ਅਮਰੀਕਨ ਫਾਊਂਡੇਸ਼ਨ ਨੂੰ ਵਿਦੇਸ਼ੀ ਏਜੰਟ ਮੰਨਿਆ ਜਾਂਦਾ ਹੈ, ਤਾਂ ਉਸ ਨੂੰ ਅਮਰੀਕੀ ਸਿਆਸਤਦਾਨਾਂ ਨਾਲ ਮੁਲਾਕਾਤਾਂ, ਵਿੱਤੀ ਸਮਝੌਤਿਆਂ ਅਤੇ ਹੋਰ ਸਰਗਰਮੀਆਂ ਦੀ ਪਾਰਦਰਸ਼ਤਾ ਦਿਖਾਉਣੀ ਪਵੇਗੀ।



### ਹਿੰਦੂ ਅਮਰੀਕਨ ਫਾਊਂਡੇਸ਼ਨ ਦਾ ਜਵਾਬ

ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਹੈ ਕਿ ਉਹ ਇੱਕ ਗੈਰ-ਸਿਆਸੀ, ਟੈਕਸ-ਮੁਕਤ ਅਮਰੀਕੀ ਚੈਰਿਟੀ ਸੰਸਥਾ ਹੈ, ਜਿਸ ਦਾ ਮੁੱਖ ਮਕਸਦ ਅਮਰੀਕੀ ਹਿੰਦੂ ਭਾਈਚਾਰੇ ਦੀ ਸੇਵਾ ਅਤੇ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੈ। ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਇਹ ਵੀ ਦਾਅਵਾ ਕੀਤਾ ਕਿ ਇਹ ਦੋਸ਼ ਖਾਲਿਸਤਾਨ ਅੰਦੋਲਨ ਦੇ ਸਮਰਥਕਾਂ ਦੀ ਇੱਕ ਸੰਗਠਿਤ ਮੁਹਿੰਮ ਦਾ ਹਿੱਸਾ ਹਨ, ਜੋ ਹਿੰਦੂ ਅਮਰੀਕਨ ਫਾਊਂਡੇਸ਼ਨ ਦੀ ਸਾਖ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਅਸੀਂ ਇਸ ਦੋਹਰੀ ਵਫ਼ਾਦਾਰੀ ਦੇ ਇਲਜ਼ਾਮ ਨੂੰ ਸਖ਼ਤੀ ਨਾਲ ਰੱਦ ਕਰਦੇ ਹਾਂ ਅਤੇ ਇਹ ਦਾਅਵਾ ਕਿ ਅਸੀਂ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰਦੇ ਹਾਂ, ਪੂਰੀ ਤਰ੍ਹਾਂ ਬੇਬੁਨਿਆਦ ਹੈ।

### ਗੁਰਦੁਆਰੇ ਦੇ ਕੋਲ ਕੀ ਤੱਥ ਹਨ ?

ਫਰੀਮੌਂਟ ਗੁਰਦੁਆਰਾ ਸਾਹਿਬ ਨੇ ਆਪਣੇ ਪੱਤਰ ਵਿੱਚ ਕੁਝ ਦਸਤਾਵੇਜ਼ਾਂ ਦਾ ਹਵਾਲਾ ਦਿੱਤਾ ਹੈ, ਜੋ ਉਹਨਾਂ ਦੇ ਅਨੁਸਾਰ ਹਿੰਦੂ ਅਮਰੀਕਨ ਫਾਊਂਡੇਸ਼ਨ ਦੀਆਂ ਸਰਗਰਮੀਆਂ ਨੂੰ ਭਾਰਤ ਸਰਕਾਰ ਨਾਲ ਜੋੜਦੇ ਹਨ। ਇਹ ਦਸਤਾਵੇਜ਼ ਸਪੱਸ਼ਟ ਤੌਰ 'ਤੇ ਜਨਤਕ ਨਹੀਂ ਕੀਤੇ ਗਏ, ਪਰ ਅਲ ਜਜ਼ੀਰਾ ਦੀ ਇੱਕ ਜਾਂਚ ਵਿੱਚ ਦਾਅਵਾ ਕੀਤਾ ਗਿਆ ਹੈ ਕਿ 2014 ਵਿੱਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹਿੰਦੂ ਅਮਰੀਕਨ ਫਾਊਂਡੇਸ਼ਨ ਦੀਆਂ ਸਰਗਰਮੀਆਂ ਵਿੱਚ ਵਾਧਾ ਹੋਇਆ ਹੈ ਅਤੇ ਇਹ ਭਾਰਤ ਸਰਕਾਰ ਦੀਆਂ ਨੀਤੀਆਂ ਦੇ ਸਮਰਥਨ ਵਿੱਚ ਸਰਗਰਮ ਹੋਇਆ ਹੈ। ਅਲ ਜਜ਼ੀਰਾ ਨੇ ਰਿਪੋਰਟ ਕੀਤਾ ਕਿ ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਅਮਰੀਕੀ ਸਿਆਸੀਆਂ ਨਾਲ ਮੁਲਾਕਾਤਾਂ ਦਾ ਪ੍ਰਬੰਧ ਕੀਤਾ ਅਤੇ ਭਾਜਪਾ ਦੀਆਂ ਨੀਤੀਆਂ ਨੂੰ ਅਮਰੀਕੀ ਸਿਆਸਤ ਵਿੱਚ ਪ੍ਰਚਾਰਿਆ। ਇਸ ਤੋਂ ਇਲਾਵਾ, ਗਾਰਡੀਅਨ ਨੇ ਵੀ ਇਸ ਮੁੱਦੇ ਨੂੰ ਉਜਾਗਰ ਕਰਦਿਆਂ ਕਿਹਾ ਕਿ ਫਰੀਮੌਂਟ ਗੁਰਦੁਆਰੇ ਦੀ ਅਪੀਲ ਸਿੱਖ ਭਾਈਚਾਰੇ ਅਤੇ ਭਾਰਤ ਸਰਕਾਰ ਦਰਮਿਆਨ ਚੱਲ ਰਹੇ ਤਣਾਅ ਦਾ ਹਿੱਸਾ ਹੈ। ਗਾਰਡੀਅਨ ਦੀ ਰਿਪੋਰਟ ਅਨੁਸਾਰ, ਸਿੱਖ ਭਾਈਚਾਰਾ ਮਹਿਸੂਸ ਕਰਦਾ ਹੈ ਕਿ ਹਿੰਦੂ ਅਮਰੀਕਨ ਫਾਊਂਡੇਸ਼ਨ ਦੀਆਂ ਸਰਗਰਮੀਆਂ ਸਿੱਖ ਵਿਰੋਧੀ ਨੀਤੀਆਂ ਨੂੰ ਉਤਸ਼ਾਹਿਤ ਕਰਦੀਆਂ ਹਨ, ਜਿਸ ਵਿੱਚ ਖਾਲਿਸਤਾਨ ਅੰਦੋਲਨ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਸ਼ਾਮਲ ਹਨ। ਗੁਰਦੁਆਰੇ ਦਾ ਮੰਨਣਾ ਹੈ ਕਿ ਹਿੰਦੂ ਅਮਰੀਕਨ ਫਾਊਂਡੇਸ਼ਨ ਦੀਆਂ ਸਰਗਰਮੀਆਂ ਸਿੱਖ ਭਾਈਚਾਰੇ ਦੀ ਸੁਰੱਖਿਆ ਅਤੇ ਅਧਿਕਾਰਾਂ ਲਈ ਖ਼ਤਰਾ ਹਨ। ਉਹਨਾਂ ਦਾ ਕਹਿਣਾ ਹੈ ਕਿ ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਅਮਰੀਕੀ ਸਿਆਸੀਆਂ ਨੂੰ ਭਾਰਤ ਸਰਕਾਰ ਦੀਆਂ ਨੀਤੀਆਂ ਦੇ ਸਮਰਥਨ ਵਿੱਚ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਸਿੱਖ ਭਾਈਚਾਰੇ 'ਤੇ ਪ੍ਰਭਾਵ ਪਾਉਣ ਵਾਲੀਆਂ ਨੀਤੀਆਂ ਸ਼ਾਮਲ ਹਨ।

### ਸਿੱਖ ਭਾਈਚਾਰੇ ਅਤੇ ਭਾਰਤ ਸਰਕਾਰ ਵਿਚਕਾਰ ਤਣਾਅ ਕਿਉਂ ?

ਸਿੱਖ ਭਾਈਚਾਰੇ ਅਤੇ ਭਾਰਤ ਸਰਕਾਰ ਦਰਮਿਆਨ ਲੰਬੇ ਸਮੇਂ ਤੋਂ ਚੱਲ ਰਹੇ ਤਣਾਅ ਵਿੱਚ ਹੈ। ਖਾਲਿਸਤਾਨ ਅੰਦੋਲਨ, ਜੋ ਸਿੱਖਾਂ ਦੇ ਇੱਕ ਵੱਖਰੇ ਰਾਜ ਦੀ ਮੰਗ ਨਾਲ ਜੁੜਿਆ ਹੈ, ਭਾਰਤ ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਰਿਹਾ ਹੈ। 1980 ਦੇ ਦਹਾਕੇ ਵਿੱਚ ਜੂਨ 84ਸਿੱਖ ਘਲੂਘਾਰੇ ਅਤੇ ਸਿੱਖ ਵਿਰੋਧੀ ਕਤਲੇਆਮ ਨੇ ਸਿੱਖ ਭਾਈਚਾਰੇ ਵਿੱਚ ਡੂੰਘਾ ਅਸਰ ਛੱਡਿਆ, ਅਤੇ ਅਮਰੀਕਾ ਸਮੇਤ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਭਾਈਚਾਰੇ ਨੇ ਇਸ ਦੇ ਵਿਰੁੱਧ ਆਵਾਜ਼ ਉਠਾਈ ਹੈ।ਹਾਲ ਹੀ ਦੇ ਸਾਲਾਂ ਵਿੱਚ, ਸਿੱਖ ਆਗੂਆਂ ਦੇ ਕਤਲ ਦੀਆਂ ਘਟਨਾਵਾਂ, ਜਿਵੇਂ ਕਿ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦਾ ਕਤਲ, ਨੇ ਸਿੱਖ ਭਾਈਚਾਰੇ ਦੇ ਸ਼ੱਕ ਨੂੰ ਹੋਰ ਵਧਾ ਦਿੱਤਾ ਹੈ। ਫਾਈਨੈਂਸ਼ੀਅਲ ਟਾਈਮਜ਼ ਦੀ ਇੱਕ ਰਿਪੋਰਟ ਅਨੁਸਾਰ, ਅਮਰੀਕੀ ਸਰਕਾਰ ਨੂੰ ਸ਼ੱਕ ਹੈ ਕਿ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟ ਸ਼ਾਮਲ ਸਨ, ਅਤੇ ਅਮਰੀਕਾ ਨੇ ਇਸ ਸਬੰਧੀ ਭਾਰਤ ਸਰਕਾਰ ਨੂੰ ਚੇਤਾਵਨੀ ਵੀ ਜਾਰੀ ਕੀਤੀ ਸੀ। ਇਸ ਦੇ ਨਾਲ ਹੀ, ਅਮਰੀਕੀ ਅਦਾਲਤ ਵਿੱਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਦੇ ਮਾਮਲੇ ਵਿੱਚ ਵੀ ਇੱਕ ਸ਼ੱਕੀ ਵਿਰੁੱਧ ਇਲਜ਼ਾਮ ਤੈਅ ਕੀਤੇ ਗਏ ਹਨ। ਇਹ ਸਾਰੇ ਮੁੱਦੇ ਸਿੱਖ ਭਾਈਚਾਰੇ ਦੇ ਸ਼ੱਕ ਨੂੰ ਮਜ਼ਬੂਤ ਕਰਦੇ ਹਨ ਕਿ ਹਿੰਦੂ ਅਮਰੀਕਨ ਫਾਊਂਡੇਸ਼ਨ ਵਰਗੀਆਂ ਸੰਸਥਾਵਾਂ ਭਾਰਤ ਸਰਕਾਰ ਦੇ ਹਿੱਤਾਂ ਲਈ ਅਮਰੀਕੀ ਧਰਤੀ 'ਤੇ ਕੰਮ ਕਰ ਰਹੀਆਂ ਹਨ।ਸਿੱਖ ਭਾਈਚਾਰਾ ਮਹਿਸੂਸ ਕਰਦਾ ਹੈ ਕਿ ਉਹਨਾਂ ਦੀਆਂ ਸ਼ਿਕਾਇਤਾਂ ਨੂੰ ਅਮਰੀਕੀ ਜਸਟਿਸ ਵਿਭਾਗ ਵੱਲੋਂ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਅਮਰੀਕਾ ਅਤੇ ਭਾਰਤ ਦਰਮਿਆਨ ਮਜ਼ਬੂਤ ਕੂਟਨੀਤਕ ਸਬੰਧ ਹਨ, ਅਤੇ ਅਮਰੀਕੀ ਸਰਕਾਰ ਭਾਰਤ ਨਾਲ ਸਬੰਧਾਂ ਨੂੰ ਖਰਾਬ ਕਰਨ ਵਾਲੇ ਮੁੱਦਿਆਂ 'ਤੇ ਸਾਵਧਾਨੀ ਨਾਲ ਕੰਮ ਕਰਦੀ ਹੈ। ਹਿੰਦੂ ਅਮਰੀਕਨ ਫਾਊਂਡੇਸ਼ਨ ਦੀ ਜਾਂਚ ਸ਼ੁਰੂ ਕਰਨ ਨਾਲ ਭਾਰਤ-ਅਮਰੀਕਾ ਸਬੰਧਾਂ 'ਤੇ ਅਸਰ ਪੈ ਸਕਦਾ ਹੈ, ਜਿਸ ਕਾਰਨ ਜਸਟਿਸ ਵਿਭਾਗ ਸ਼ਾਇਦ ਇਸ ਮਾਮਲੇ ਵਿੱਚ ਹੌਲੀ ਕਦਮ ਚੁੱਕ ਰਿਹਾ ਹੈ। ਵਾਸ਼ਿੰਗਟਨ ਵਿੱਚ ਭਾਰਤੀ ਦੂਤਾਵਾਸ ਨੇ ਇਸ ਮੁੱਦੇ 'ਤੇ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ, ਜੋ ਮਾਮਲੇ ਦੀ ਜਟਿਲਤਾ ਨੂੰ ਦਰਸਾਉਂਦਾ ਹੈ।

ਸਿੱਖ ਭਾਈਚਾਰੇ ਨੂੰ ਅੰਤਰਰਾਸ਼ਟਰੀ ਮੀਡੀਆ ਅਤੇ ਸੰਗਠਨਾਂ ਦਾ ਸਮਰਥਨ ਮਿਲ ਰਿਹਾ ਹੈ, ਜਿਸ ਨੇ ਉਹਨਾਂ ਨੂੰ ਆਪਣੀ ਆਵਾਜ਼ ਨੂੰ ਹੋਰ ਮਜ਼ਬੂਤੀ ਨਾਲ ਉਠਾਉਣ ਲਈ ਪ੍ਰੇਰਿਤ ਕੀਤਾ ਹੈ।

### ਮਾਮਲਾ ਨੂਰਪੁਰ ਜੱਟਾਂ ਵਿਚ ਡਾ. ਅੰਬੇਡਕਰ ਦੇ ਬੁੱਤ ਦੀ ਭੰਨਤੋੜ ਦਾ

# ਖਾਲਿਸਤਾਨੀ ਪੰਨੂ ਵਿਰੁੱਧ ਮਾਮਲਾ ਦਰਜ



ਮਾਹਿਲਪੁਰ-ਪਿੰਡ ਨੂਰਪੁਰ ਜੱਟਾਂ ਵਿੱਚ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਭੰਨਤੋੜ ਕਰਨ ਦੇ ਮਾਮਲੇ ਵਿੱਚ ਪੁਲਿਸ ਨੇ ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਅਤੇ ਅਣਪਛਾਤੇ ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਸਿੱਖ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਨੇ ਇੰਟਰਨੈੱਟ ਮੀਡੀਆ 'ਤੇ ਅੰਬੇਡਕਰ ਦੇ ਬੁੱਤ ਦੀ ਭੰਨਤੋੜ ਦੀ ਜ਼ਿੰਮੇਵਾਰੀ ਲਈ ਸੀ। ਅੰਬੇਡਕਰ ਸੈਨਾ ਪੰਜਾਬ ਦੇ ਸਕੱਤਰ ਅਤੇ ਭਗਵਾਨ ਵਾਲਮੀਕਿ ਧਰਮਰਕਸ਼ਾ ਸਮਿਤੀ ਪੰਜਾਬ ਦੇ ਚੇਅਰਮੈਨ ਕੁਲਵੰਤ ਭੰਨੋ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਪੰਨੂ ਦਾ ਉਦੇਸ਼ ਪੰਜਾਬ ਦੇ ਲੋਕਾਂ ਨੂੰ ਭੜਕਾਉਣਾ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਜਲੰਧਰ ਦੇ ਫਿਲੌਰ ਵਿੱਚ ਵੀ ਅੰਬੇਡਕਰ ਦੇ ਬੁੱਤ ਦੀ ਭੰਨਤੋੜ ਕੀਤੀ ਗਈ ਸੀ।

ਵਿਚਾਰ :– ਸੱਚੀ ਗੱਲ ਕਹਿਣ ਤੋਂ ਪਹਿਲਾਂ ਜੇਕਰ ਵਾਰ ਵਾਰ ਉਸ ਨੂੰ ਤੋਲਿਆ ਜਾਵੇ ਤਾਂ ਉਸ ਦਾ ਵਜ਼ਨ ਘਟ ਜਾਂਦਾ ਹੈ।



ਰਜਿੰਦਰ ਸਿੰਘ ਪੁਰੇਵਾਲ

# ਪੰਜਾਬ ਦੀ ਵਿਗੜਦੀ ਆਬੋ-ਹਵਾ, ਜਾਗੋ ਪੰਜਾਬੀਓ !

ਪੰਜਾਬ, ਪੰਜ ਆਬਾਂ ਦਾ ਦੇਸ, ਜਿੱਥੇ ਹਵਾ ਸੁਰਗ ਦੀਆਂ ਮਹਿਕਾਂ ਦਿੰਦੀ ਸੀ, ਜਿੱਥੇ ਪਾਣੀ ਅੰਮ੍ਰਿਤ ਵਰਗਾ ਸੀ, ਅੱਜ ਉਹੀ ਹਵਾ ਤੇ ਪਾਣੀ ਸਾਡੇ ਲਈ ਜ਼ਹਿਰ ਬਣ ਗਏ ਨੇ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਦੀ ਤਾਜ਼ਾ ਰਿਪੋਰਟ ਨੇ ਪੰਜਾਬ ਦੇ ਵਾਤਾਵਰਨ ਦੀ ਅਜਿਹੀ ਕੌੜੀ ਸੱਚਾਈ ਸਾਹਮਣੇ ਲਿਆਂਦੀ ਹੈ, ਜਿਸ ਨੂੰ ਸੁਣ ਕੇ ਹਰ ਪੰਜਾਬੀ ਦਾ ਮੱਥਾ ਠਣਕਦਾ ਹੈ। ਇਹ ਰਿਪੋਰਟ ਦੱਸਦੀ ਹੈ ਕਿ ਪ੍ਰਦੂਸ਼ਣ ਕਰਕੇ ਪੰਜਾਬੀਆਂ ਦੀ ਔਸਤ ਉਮਰ ਸਾਢੇ ਚਾਰ ਸਾਲ ਘਟ ਗਈ ਹੈ। ਪੰਜਾਬ ਦੀ ਹਵਾ, ਪਾਣੀ ਤੇ ਮਿੱਟੀ, ਸਭ ਕੁਝ ਪ੍ਰਦੂਸ਼ਣ ਦੀ ਭੇਟ ਚੜ੍ਹ ਰਿਹਾ ਹੈ। ਲੁਧਿਆਣਾ, ਅੰਮ੍ਰਿਤਸਰ, ਬਠਿੰਡਾ ਵਰਗੇ ਸ਼ਹਿਰਾਂ ਵਿੱਚ ਹਵਾ ਇੰਨੀ ਗੰਧਲੀ ਹੋ ਚੁੱਕੀ ਹੈ ਕਿ ਸਾਹ ਲੈਣਾ ਵੀ ਮੁਸ਼ਕਲ ਹੋਇਆ ਪਿਆ ਹੈ। ਬੱਚਿਆਂ ਵਿੱਚ ਦਮਾ, ਸਾਹ ਦੀਆਂ ਬਿਮਾਰੀਆਂ ਤੇ ਚਮੜੀ ਦੇ ਰੋਗ ਵਧ ਰਹੇ ਨੇ। ਇਹ ਬਿਮਾਰੀਆਂ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਜਨਮ ਤੋਂ ਹੀ ਜਕੜ ਰਹੀਆਂ ਨੇ। ਧਰਤੀ ਹੇਠਲਾ ਪਾਣੀ, ਜੋ ਸਾਡੀ ਜਾਨ ਸੀ, ਉਹ ਵੀ ਕੈਮੀਕਲਾਂ ਨਾਲ ਜ਼ਹਿਰੀਲਾ ਹੋ ਗਿਆ ਹੈ। 80% ਤੋਂ ਵੱਧ ਇਲਾਕਿਆਂ ਵਿੱਚ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਡਿੱਗ ਚੁੱਕਿਆ ਹੈ। ਪੰਜਾਬ ਦੀ ਮਿੱਟੀ, ਜੋ ਸਾਡਾ ਸੋਨਾ ਸੀ, ਉਹ ਵੀ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਮਾਰ ਹੇਠ ਬੰਜਰ ਹੋ ਰਹੀ ਹੈ। ਇਸ ਨਾਲ ਨਾ ਸਿਰਫ਼ ਅਨਾਜ ਦਾ ਝਾੜ ਘਟ ਰਿਹਾ ਹੈ, ਸਗੋਂ ਕਿਸਾਨਾਂ ਦੀ ਮਾਲੀ ਹਾਲਤ ਵੀ ਮੰਦੜੀ ਹੋ ਰਹੀ ਹੈ। ਪੰਜਾਬ ਦੇ ਅੰਨ-ਭੰਡਾਰ, ਜਿਨ੍ਹਾਂ ’ਤੇ ਸਾਨੂੰ ਮਾਣ ਸੀ, ਹੁਣ ਖਤਰੇ ਵਿੱਚ ਨੇ। ਜੇ ਅਸੀਂ ਹੁਣ ਵੀ ਨਾ ਸੰਭਲੇ, ਤਾਂ ਆਉਣ ਵਾਲੇ ਸਮੇਂ ਵਿੱਚ ਸਾਡੇ ਬੱਚੇ ਨਾ ਸਿਰਫ਼ ਬਿਮਾਰੀਆਂ ਨਾਲ ਜੂਝਣਗੇ, ਸਗੋਂ ਕੁਪੋਸ਼ਣ ਤੇ ਮਾਨਸਿਕ ਕਮਜ਼ੋਰੀ ਵਰਗੀਆਂ ਸਮੱਸਿਆਵਾਂ ਨਾਲ ਵੀ ਘਿਰ ਜਾਣਗੇ। ਇਹ ਸਭ ਸਾਡੀਆਂ ਆਪਣੀਆਂ ਕਰਤੂਤਾਂ ਦਾ ਨਤੀਜਾ ਹੈ। ਅਸੀਂ ਆਪਣੇ ਪੈਰੀਂ ਕੁਹਾੜਾ ਮਾਰਿਆ ਹੈ। ਫੈਕਟਰੀਆਂ ਦਾ ਧੂੰਆਂ, ਕੂੜੇ ਦੀ ਅਣਗਹਿਲੀ, ਰਸਾਇਣਕ ਖੇਤੀ ਤੇ ਪਾਣੀ ਦੀ ਬਰਬਾਦੀ ਨੇ ਸਾਨੂੰ ਇਸ ਮੋੜ ’ਤੇ ਲਿਆ ਖੜ੍ਹਾ ਕੀਤਾ ਹੈ। ਪਰ ਹੁਣ ਵੀ ਸਮਾਂ ਹੈ। ‘ਹੁਣ ਨਹੀਂ ਤਾਂ ਕਦੇ ਨਹੀਂ’ ਵਾਲਾ ਪਲ ਸਾਡੇ ਸਾਹਮਣੇ ਹੈ। ਹਰ ਪੰਜਾਬੀ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ। ਘਰੋਂ ਸ਼ੁਰੂਆਤ ਕਰੋ-ਕੂੜਾ ਵੱਖਰਾ ਕਰੋ, ਪਾਣੀ ਬਚਾਓ, ਰੁੱਖ ਲਾਓ, ਰਸਾਇਣਕ ਖਾਦਾਂ ਦੀ ਵਰਤੋਂ ਘਟਾਓ। ਸਰਕਾਰਾਂ ਨੂੰ ਵੀ ਸਖ਼ਤ ਕਦਮ ਚੁੱਕਣ ਦੀ ਲੋੜ ਹੈ-ਫੈਕਟਰੀਆਂ ’ਤੇ ਨਿਗਰਾਨੀ, ਸਾਫ਼ ਪਾਣੀ ਦੀ ਸਹੂਲਤ ਤੇ ਵਾਤਾਵਰਨ ਸੰਭਾਲ ਲਈ ਸਖ਼ਤ ਨੀਤੀਆਂ ਬਣਾਉਣੀਆਂ ਪੈਣਗੀਆਂ।

## ਲੁਧਿਆਣਾ ਜ਼ਿਮਨੀ ਚੋਣ - ਸਿਆਸਤ ਦਾ ਸੱਚ ਅਤੇ ਸਮੱਸਿਆਵਾਂ

ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਦਾ ਮੰਚ ਸਜਿਆ ਹੈ, ਪਰ ਇਹ ਮੰਚ ਨਾ ਤਾਂ ਵਿਕਾਸ ਦੀਆਂ ਗੱਲਾਂ ਨਾਲ ਗੂੰਜ ਰਿਹਾ, ਨਾ ਹੀ ਲੋਕਾਂ ਦੀਆਂ ਸਮੱਸਿਆਵਾਂ ਨਾਲ। ਇਸ ਦੀ ਥਾਂ, ਸਿਆਸੀ ਆਗੂਆਂ ਦੀ ਆਪਸੀ ਦੂਸ਼ਣਬਾਜ਼ੀ ਨੇ ਸਾਰਾ ਮਾਹੌਲ ਪ੍ਰਦੂਸ਼ਿਤ ਕਰ ਦਿੱਤਾ ਹੈ। ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਇਕ-ਦੂਜੇ ’ਤੇ ਦੋਸ਼ ਲਗਾ ਰਹੇ ਨੇ, ਪਰ ਹਲਕੇ ਦੀਆਂ ਸੜਕਾਂ, ਸੀਵਰੇਜ, ਵਿਦਿਅਕ ਜਾਂ ਸਰਕਾਰੀ ਹਸਪਤਾਲਾਂ ਦੇ ਵਿਕਾਸ ਦੀ ਗੱਲ ਕੋਈ ਨਹੀਂ ਕਰਦਾ। ਮੁੱਖ ਮੰਤਰੀ ਤੋਂ ਲੈ ਕੇ ਸਟਾਰ ਪ੍ਰਚਾਰਕਾਂ ਤੱਕ, ਸਾਰੇ ਆਪਣੀ ਜੁਬਾਨ ਦੀਆਂ ਤੀਰਅੰਦਾਜ਼ੀਆਂ ਵਿੱਚ ਰੁੱਝੇ ਹੋਏ ਹਨ।

ਇਸ ਚੋਣ ਦਾ ਦੂਜਾ ਪਹਿਲੂ ਹੈ ਦਲ-ਬਦਲੂਆਂ ਦੀ ਭੀੜ। ਲੁਧਿਆਣਾ ਦੀ ਸਿਆਸਤ ’ਚ ਦਲ-ਬਦਲੀ ਦਾ ਰੁਝਾਨ ਨਵਾਂ ਨਹੀਂ, ਪਰ ਇਸ ਵਾਰ ਇਸ ਨੇ ਸਾਰੇ ਰਿਕਾਰਡ ਤੋੜ ਦਿੱਤੇ। ਪਿਛਲੇ ਦਸ ਦਿਨਾਂ ਵਿਚ ਸੈਂਕੜੇ ਵਰਕਰ ਅਤੇ ਆਗੂ ਇਕ ਪਾਰਟੀ ਤੋਂ ਦੂਜੀ ਪਾਰਟੀ ਵਿਚ ਸ਼ਾਮਿਲ ਹੋ ਰਹੇ ਹਨ। ਇਕ ਕੌਂਸਲਰ ਤਾਂ ਚਾਰ ਦਿਨ ਵਿਚ ਹੀ ਪਾਰਟੀ ਬਦਲ ਕੇ ਵਾਪਸ ਆਪਣੇ ਪੁਰਾਣੇ ਘਰ ਆ ਗਿਆ! ਇਹ ਰੁਝਾਨ ਸਿਆਸੀ ਪਾਰਟੀਆਂ ਦੇ ਇਮੇਜ ਲਈ ਖਤਰੇ ਦੀ ਘੰਟੀ ਹੈ, ਜਿਸ ਨੇ ਆਪਣੇ ਭਰੋਸੇ ਨੂੰ ਖੋਰਾ ਲਾ ਦਿੱਤਾ। ਚੋਣ ਵਿਚ ਕਿਸੇ ਇਕ ਪਾਰਟੀ ਦੀ ਸਪੱਸ਼ਟ ਜਿੱਤ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਆਮ ਆਦਮੀ ਪਾਰਟੀ ਨੂੰ ਸੱਤਾ ਦਾ ਸਹਾਰਾ ਹੈ, ਪਰ ਦੂਸ਼ਣਬਾਜ਼ੀ ਵਿਚ ਉਲਝਣ ਨੇ ਉਸ ਦੀ ਪਕੜ ਕਮਜ਼ੋਰ ਕੀਤੀ ਹੋਈ ਹੈ। ਕਾਂਗਰਸ ਪਿਛਲੀ ਸਰਕਾਰ ਦੇ ਕੰਮ ਗਿਣਾ ਰਹੀ ਹੈ, ਪਰ ਸਥਾਨਕ ਮੁੱਦਿਆਂ ’ਤੇ ਚੁੱਪੀ ਤੇਜ਼ ਆਪਸੀ ਫੁਟ ਉਸ ਨੂੰ ਮਹਿੰਗੀ ਪੈ ਸਕਦੀ ਹੈ। ਅਕਾਲੀ ਦਲ ਨੇ ਸੀਨੀਅਰ ਆਗੂਆਂ ਦੀ ਵਾਪਸੀ ਨਾਲ ਥੋੜ੍ਹੀ ਜ਼ਮੀਨ ਮਜ਼ਬੂਤ ਕੀਤੀ ਹੈ। ਭਾਜਪਾ ਕੇਂਦਰ ਦੀ ਸੱਤਾ ਅਤੇ ਪ੍ਰਧਾਨ ਮੰਤਰੀ ਦੇ ਗੁਣਗਾਨ ’ਤੇ ਜ਼ੋਰ ਦੇ ਰਹੀ ਹੈ, ਪਰ ਸਥਾਨਕ ਮੁੱਦਿਆਂ ਦੀ ਅਣਹੋਂਦ ਉਸ ਦੀ ਰਣਨੀਤੀ ਨੂੰ ਫਿੱਕਾ ਕਰ ਰਹੀ ਹੈ। ਲੁਧਿਆਣਾ ਚੋਣ ਦਾ ਦ੍ਰਿਸ਼ ਚੋਣ ਦਾ ਮਾਹੌਲ ਤਿੱਖੀ ਦੂਸ਼ਣਬਾਜ਼ੀ ਅਤੇ ਦਲ-ਬਦਲੀ ਦੇ ਪ੍ਰਦੂਸ਼ਣ ਨਾਲ ਭਰਿਆ ਹੈ। ਲੋਕਾਂ ਦੇ ਮੁੱਦੇ-ਸਾਫ਼ ਪਾਣੀ, ਸੜਕਾਂ, ਸਿੱਖਿਆ, ਸਿਹਤ-ਪਿੱਛੇ ਛੁੱਟ ਗਏ। ਵੋਟਰ ਚੁੱਪ-ਚਾਪ ਸਿਆਸੀ ਤਮਾਸ਼ੇ ਨੂੰ ਵੇਖ ਰਿਹਾ ਹੈ, ਪਰ ਉਸ ਦੇ ਮਨ ਵਿਚ ਬੇਚੈਨੀ ਹੈ। ਇਹ ਚੋਣ ਸਿਆਸਤ ਦੀ ਨੀਚੀ ਪੱਧਰ ਦੀ ਮਿਸਾਲ ਬਣ ਰਹੀ ਹੈ। ਪੰਜਾਬੀ ਨੀਤੀ ਪੰਜਾਬੀ ਵੋਟਰ ਨੂੰ ਹੁਣ ਸੁਚੇਤ ਹੋਣ ਦੀ ਲੋੜ ਹੈ। ਸਿਆਸੀ ਗੁੰਡ-ਗਰਦੀ ਅਤੇ ਦਲ-ਬਦਲੀ ਦੇ ਖੇਡ ਨੂੰ ਨਕਾਰਦਿਆਂ, ਉਸ ਨੂੰ ਅਜਿਹੀ ਪਾਰਟੀ ਜਾਂ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ, ਜੋ ਸਥਾਨਕ ਮੁੱਦਿਆਂ ’ਤੇ ਸਪੱਸ਼ਟ ਰਣਨੀਤੀ ਅਤੇ ਵਿਕਾਸ ਦਾ ਨਕਸ਼ਾ ਪੇਸ਼ ਕਰੇ। ਸਿਆਸੀ ਸਿਧਾਂਤਾਂ ਅਤੇ ਵਫ਼ਾਦਾਰੀ ਨੂੰ ਮਹੱਤਵ ਦੇਣ ਵਾਲੇ ਉਮੀਦਵਾਰ ਹੀ ਲੁਧਿਆਣੇ ਦੀ ਤਸਵੀਰ ਬਦਲ ਸਕਦੇ ਨੇ। ਪੰਜਾਬੀਆਂ ਨੂੰ ਆਪਣੀ ਵੋਟ ਦੀ ਤਾਕਤ ਨਾਲ ਇਸ ਗੰਦੀ ਸਿਆਸਤ ਨੂੰ ਸਬਕ ਸਿਖਾਉਣਾ ਹੋਵੇਗਾ, ਤਾਂ ਜੋ ਆਉਣ ਵਾਲੀ ਸਿਆਸਤ ਵਿਕਾਸ ਅਤੇ ਲੋਕ-ਮੁੱਦਿਆਂ ਦੀ ਗੱਲ ਕਰੇ, ਨਾ ਕਿ ਦੂਸ਼ਣਬਾਜ਼ੀ ਦੀ।

-ਰਜਿੰਦਰ ਸਿੰਘ ਪੁਰੇਵਾਲ

# NEWS & VIEWS

## UK DEFENCE SERVICES OFFER OPPORTUNITIES FOR YOUNG SIKHS



Gurmukh Singh OBE

***We are in a new era of threat, which demands a new era for UK defence.*** *(Defence Secretary John Healey)*

**Today, the cyber age warfare is led by data, drones, software and artificial intelligence. With the Russian-Ukraine war threat looming large, UK is increasing its defence budget by billions of pounds. There are recent reports of the possibility that UK is already under some sort of serious threat from Russia.**

**As a distinct community and loyal citizens, next Sikh generations have a role to play in the defence of *our* country, the United Kingdom. Defence services offer career opportunities for young Sikhs with ambition.**

**Let us be clear. Modern defence is not just about men and women in uniform carrying guns. Defence services include a very wide range of technologies, both military and civilian. I can confirm from own 5-year experience as a policy Principal in the Aerospace Division that Civil and defence technologies overlap in most areas. To quote a source: *These services include providing equipment, support, and personnel to the armed forces, managing defense contracts, developing military technology, and ensuring the security of the country.***

**Information Technology (IT) skills are important for intelligence gathering. Secret intelligence service is one of the most important aspects of national defence. I recall attending a press briefing chaired by Baroness Amos [see below] many years ago. Employment opportunities for young people from minority communities were discussed. She confirmed in response to my question that young Sikhs were employed and most welcome in the intelligence service.**

**To quote a source: *In 2024, defense spending is expected to total £56.9 billion, increasing to £59.8 billion in 2025/26, reflecting an annual average real-terms growth rate of 2.4%. By 2027, the UK aims to raise defense spending to 2.5% of GDP, as outlined by Keir Starmer. This increase is part of a broader strategy to enhance the UK's global leadership role and support long-term economic growth.***

**So these new measures will increase defence employment by over 430,000 jobs in high technology services and industries. These measure are a response to *evolving security challenges and commitments to NATO.***

**To quote Defence Secretary John Healey: *we are in a new era of threat, which demands a new era for UK defence".* PM Keir Starmer confirmed that UK military is moving to *war-fighting readiness* and that the threat from Russia cannot be ignored.**

**Due to technology overlap, modern warfare will remove the traditional divisions between Royal Navy, the British Army and Royal Air Force even though they would *still have roles, and their identity.***

**British Sikh profile in the defence of the United Kingdom needs to be raised at this critical time. More young Sikhs should consider careers in defence services.**

**[Note about Baroness Amos success story: She is the first woman of African descent to serve as a Cabinet minister and as Leader of the House of Lords. She rose to become the eighth UN Under-Secretary-General for Humanitarian Affairs and Emergency Relief Coordinator. She is an outstanding example of a success story for young Sikhs with ambition.]**




**Baroness Amos with author (about 2006)**

Gurmukh Singh OBE, Ret'd Principal Civil Servant (UK) sewauk2005@yahoo.co.uk

# ਜੀ-7 ਸੰਮੇਲਨ: ਮੋਦੀ ਦੇ ਕੈਨੇਡਾ ਦੌਰੇ ਨਾਲ ਨਿੱਝਰ ਕਤਲ ਕੇਸ ਮੁੜ ਚਰਚਾ ਵਿਚ

## ✪ ਕੈਨੇਡੀਅਨ ਸਿੱਖ ਭਾਈਚਾਰੇ ਤੇ ਲਿਬਰਲ ਆਗੂਆ ਵਲੋਂ ਵਿਰੋਧ: ਮੋਦੀ ਦੇ ਸੱਦੇ 'ਤੇ ਰੋਸ



### ਨਿਊਜ਼ ਵਿਸ਼ਲੇਸ਼ਣ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੂਨ 2025 ਵਿੱਚ ਅਲਬਰਟਾ ਸੂਬੇ ਦੇ ਕਨਾਨਾਸਕਿਸ ਵਿੱਚ ਜੀ-7 ਸੰਮੇਲਨ ਵਿੱਚ ਹਿੱਸਾ ਲੈਣ ਜੂਨ ਦੇ ਅੱਧ ਦੌਰਾਨ ਕੈਨੇਡਾ ਜਾ ਰਹੇ ਹਨ। ਇਸ ਦੀ ਮੇਜ਼ਬਾਨੀ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਕਰ ਰਹੇ ਹਨ। ਪਰ ਇਸ ਸੱਦੇ ਨੂੰ ਲੈ ਕੇ ਕੈਨੇਡਾ ਦੇ ਸਿੱਖ ਭਾਈਚਾਰੇ ਅਤੇ ਕੁਝ ਲਿਬਰਲ ਆਗੂਆਂ ਵਿੱਚ ਭਾਰੀ ਵਿਰੋਧ ਦੇਖਣ ਨੂੰ ਮਿਲ ਰਿਹਾ ਹੈ। ਇਸ ਦਾ ਮੁੱਖ ਕਾਰਨ ਹੈ 2023 ਵਿੱਚ ਖਾਲਿਸਤਾਨ ਸਮਰਥਕ ਸਿੱਖ ਆਗੂ ਭਾਈ ਹਰਦੀਪ ਸਿੰਘ ਨਿੱਝਰ ਦਾ ਕਤਲ, ਜਿਸ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦੇ ਇਲਜ਼ਾਮ ਲੱਗੇ ਸਨ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਭਗ ਦਸ ਸਾਲਾਂ ਬਾਅਦ ਕੈਨੇਡਾ ਦਾ ਦੌਰਾ ਕਰਨ ਜਾ ਰਹੇ ਹਨ। ਉਹ ਪਿਛਲੀ ਵਾਰ ਅਪ੍ਰੈਲ 2015 ਵਿੱਚ ਕੈਨੇਡਾ ਗਏ ਸਨ, ਜਦੋਂ ਸਟੀਫਨ ਹਾਰਪਰ ਕੈਨੇਡਾ ਦੇ ਪ੍ਰਧਾਨ ਮੰਤਰੀ ਸਨ। ਇਸ ਵਾਰ ਮੋਦੀ ਜੀ-7 ਸੰਮੇਲਨ ਵਿੱਚ ਸ਼ਾਮਲ ਹੋਣ ਲਈ ਜੂਨ 2025 ਵਿੱਚ ਕਨਾਨਾਸਕਿਸ ਪਹੁੰਚਣਗੇ। ਜੀ-7 ਸੰਮੇਲਨ ਵਿੱਚ ਅਮਰੀਕਾ, ਫਰਾਂਸ, ਬ੍ਰਿਟੇਨ, ਜਾਪਾਨ, ਇਟਲੀ, ਜਰਮਨੀ ਅਤੇ ਕੈਨੇਡਾ ਦੇ ਸਿਖਰਲੇ ਆਗੂ ਹਿੱਸਾ ਲੈਂਦੇ ਹਨ, ਪਰ ਮੇਜ਼ਬਾਨ ਦੇਸ਼ ਨੂੰ ਹੋਰ ਦੇਸ਼ਾਂ ਨੂੰ ਸੱਦਾ ਦੇਣ ਦਾ ਅਧਿਕਾਰ ਹੁੰਦਾ ਹੈ। ਭਾਰਤ, ਜੋ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥ - ਵਿਵਸਥਾ ਅਤੇ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ, ਨੂੰ ਇਸ ਸੰਮੇਲਨ ਵਿੱਚ ਸੱਦਾ ਦਿੱਤਾ ਗਿਆ ਹੈ। ਸੰਮੇਲਨ ਦੇ ਨਾਲ-ਨਾਲ ਮੋਦੀ ਦੀ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਦੁਵੱਲੀ ਮੁਲਾਕਾਤ ਵੀ ਸੰਭਾਵਿਤ ਹੈ, ਜਿਸ ਵਿੱਚ ਵਪਾਰ, ਸੁਰੱਖਿਆ ਅਤੇ ਨਿੱਝਰ ਮਾਮਲੇ 'ਤੇ ਚਰਚਾ ਹੋ ਸਕਦੀ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਸੱਦੇ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ ਕਿ ਭਾਰਤ ਦੁਨੀਆਂ ਦੀ ਤੇਜ਼ੀ ਨਾਲ ਵਧਦੀ ਅਰਥ ਵਿਵਸਥਾ ਹੈ ਅਤੇ ਕਈ ਮਹੱਤਵਪੂਰਨ ਸਪਲਾਈ ਚੇਨਾਂ ਦਾ ਕੇਂਦਰ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਜੀ-7 ਸੰਮੇਲਨ ਵਿੱਚ ਊਰਜਾ ਸੁਰੱਖਿਆ, ਡਿਜੀਟਲ ਭਵਿੱਖ ਅਤੇ ਮਹੱਤਵਪੂਰਨ ਖਣਿਜਾਂ ਵਰਗੇ ਮੁੱਦਿਆਂ 'ਤੇ ਚਰਚਾ ਲਈ ਭਾਰਤ ਦੀ ਸ਼ਮੂਲੀਅਤ ਜ਼ਰੂਰੀ ਹੈ। ਇਸ ਤੋਂ ਇਲਾਵਾ, ਕਾਰਨੀ ਨੇ ਦੁਵੱਲੇ ਪੱਧਰ 'ਤੇ ਕਾਨੂੰਨ ਲਾਗੂ ਕਰਨ ਵਾਲੀ ਗੱਲਬਾਤ ਨੂੰ ਜਾਰੀ ਰੱਖਣ ਦੀ ਵੀ ਵਕਾਲਤ ਕੀਤੀ।ਪਰ ਇਹ ਸੱਦਾ ਅਤੇ ਮੋਦੀ ਦਾ ਦੌਰਾ ਕੈਨੇਡਾ ਵਿੱਚ ਵਿਵਾਦ ਦਾ ਕਾਰਨ ਬਣਿਆ ਹੈ, ਖਾਸ ਤੌਰ 'ਤੇ ਸਿੱਖ ਭਾਈਚਾਰੇ ਅਤੇ ਕੁਝ ਲਿਬਰਲ ਆਗੂਆਂ ਵਿੱਚ। ਇਸ ਦਾ ਸਭ ਤੋਂ ਵੱਡਾ ਕਾਰਨ ਹੈ ਹਰਦੀਪ ਸਿੰਘ ਨਿੱਝਰ ਦਾ ਕਤਲ, ਜਿਸ ਨੇ 2023 ਵਿੱਚ ਭਾਰਤ-ਕੈਨੇਡਾ ਸਬੰਧਾਂ ਨੂੰ ਇਤਿਹਾਸ ਦੇ ਸਭ ਤੋਂ ਨੀਵੇਂ ਪੱਧਰ 'ਤੇ ਲੈ ਆਂਦਾ ਸੀ।

18 ਜੂਨ 2023 ਨੂੰ, 45 ਸਾਲ ਦੇ ਹਰਦੀਪ ਸਿੰਘ ਨਿੱਝਰ, ਜੋ ਖਾਲਿਸਤਾਨ ਸਮਰਥਕ ਸਿੱਖ ਆਗੂ ਸਨ, ਨੂੰ ਕੈਨੇਡਾ ਦੇ ਸਰੀ ਸ਼ਹਿਰ ਵਿੱਚ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿੱਚ ਹਥਿਆਰਬੰਦ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਅੱਤਵਾਦੀ ਐਲਾਨਿਆ ਹੋਇਆ ਸੀ।

ਸਤੰਬਰ 2023 ਵਿੱਚ, ਉਸ ਸਮੇਂ ਦੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਪਾਰਲੀਮੈਂਟ ਵਿੱਚ ਦਾਅਵਾ ਕੀਤਾ ਸੀ ਕਿ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ ਦੇ "ਭਰੋਸੇਯੋਗ ਸਬੂਤ" ਹਨ। ਇਸ ਬਿਆਨ ਨੇ ਭਾਰਤ-ਕੈਨੇਡਾ ਸਬੰਧਾਂ ਵਿੱਚ ਤੂਫਾਨ ਖੜ੍ਹਾ ਕਰ ਦਿੱਤਾ ਸੀ। ਭਾਰਤ ਨੇ ਇਨ੍ਹਾਂ ਇਲਜ਼ਾਮਾਂ ਨੂੰ "ਬੇਬੁਨਿਆਦ" ਅਤੇ "ਰਾਜਨੀਤੀ ਤੋਂ ਪ੍ਰੇਰਿਤ" ਕਰਾਰ ਦਿੱਤਾ ਸੀ। ਇਸ ਮਾਮਲੇ ਵਿੱਚ ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਜਾਂਚ ਸ਼ੁਰੂ ਕੀਤੀ ਅਤੇ ਹੁਣ ਤੱਕ ਚਾਰ ਵਿਅਕਤੀਆਂ - ਕਰਨ ਬਰਾੜ (22), ਕਮਲਪ੍ਰੀਤ ਸਿੰਘ (22), ਕਰਨਪ੍ਰੀਤ ਸਿੰਘ (28) ਅਤੇ ਅਮਨਦੀਪ ਸਿੰਘ - ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪਰ ਇਹ ਜਾਂਚ ਅਜੇ ਵੀ ਜਾਰੀ ਹੈ, ਅਤੇ ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਭਾਰਤ ਸਰਕਾਰ ਨੇ ਇਸ ਜਾਂਚ ਵਿੱਚ ਪੂਰਾ ਸਹਿਯੋਗ ਨਹੀਂ ਕੀਤਾ।

### ਸਿੱਖ ਭਾਈਚਾਰੇ ਦੀ ਪ੍ਰਤੀਕਿਰਿਆ

ਪੰਜਾਬ ਤੋਂ ਬਾਹਰ, ਕੈਨੇਡਾ ਵਿੱਚ ਸਭ ਤੋਂ ਵੱਧ ਸਿੱਖ ਆਬਾਦੀ ਹੈ, ਜੋ ਇਸ ਮੁੱਦੇ ਨੂੰ ਹੋਰ ਸੰਵੇਦਨਸ਼ੀਲ ਬਣਾਉਂਦੀ ਹੈ। ਸਿੱਖ ਫੈਡਰੇਸ਼ਨ ਆਫ ਕੈਨੇਡਾ ਨੇ ਇਸ ਸੱਦੇ ਨੂੰ "ਗੰਭੀਰ ਅਪਮਾਨ" ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਭਾਰਤ ਨਿੱਝਰ ਕਤਲ ਮਾਮਲੇ ਵਿੱਚ ਜਾਂਚ ਲਈ ਪੂਰਾ ਸਹਿਯੋਗ ਨਹੀਂ ਦਿੰਦਾ, ਉਦੋਂ ਤੱਕ ਮੋਦੀ ਨੂੰ ਅਜਿਹਾ ਸੱਦਾ ਦੇਣਾ ਗਲਤ ਹੈ। ਉਨ੍ਹਾਂ ਦਾ ਤਰਕ ਹੈ ਕਿ ਕੈਨੇਡਾ ਸਰਕਾਰ ਮਨੁੱਖੀ ਅਧਿਕਾਰਾਂ ਅਤੇ ਨਿਆਂ ਨੂੰ ਨਜ਼ਰਅੰਦਾਜ਼ ਕਰਕੇ ਆਰਥਿਕ ਅਤੇ ਵਪਾਰਕ ਸਬੰਧਾਂ ਨੂੰ ਤਰਜੀਹ ਦੇ ਰਹੀ ਹੈ।

ਵਿਸ਼ਵ ਸਿੱਖ ਸੰਗਠਨ (ਕੈਨੇਡਾ) ਦੇ ਪ੍ਰਧਾਨ ਦਾਨਿਸ਼ ਸਿੰਘ ਨੇ ਕਿਹਾ, "ਇਹ ਸੱਦਾ ਕੈਨੇਡਾ ਵਿੱਚ ਰਹਿਣ ਵਾਲੇ ਸਿੱਖਾਂ ਨਾਲ ਵਿਸ਼ਵਾਸਘਾਤ ਹੈ। ਇਹ ਨਾ ਸਿਰਫ ਸਿੱਖ ਭਾਈਚਾਰੇ ਨਾਲ, ਸਗੋਂ ਕੈਨੇਡਾ ਦੀਆਂ ਕਦਰਾਂ-ਕੀਮਤਾਂ ਨਾਲ ਵੀ ਧੋਖਾ ਹੈ।" ਉਨ੍ਹਾਂ ਨੇ ਜੀ-7 ਸੰਮੇਲਨ ਦੌਰਾਨ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਦੀ ਚਿਤਾਵਨੀ ਵੀ ਦਿੱਤੀ ਹੈ।

ਲਿਬਰਲ ਸੰਸਦ ਮੈਂਬਰ ਸੁੱਖ ਧਾਲੀਵਾਲ, ਜੋ ਸਰੀ-ਨਿਊਟਨ ਦੀ ਨੁਮਾਇੰਦਗੀ ਕਰਦੇ ਹਨ (ਜਿੱਥੇ ਨਿੱਝਰ ਦਾ ਕਤਲ ਹੋਇਆ ਸੀ), ਨੇ ਵੀ ਇਸ ਸੱਦੇ ਦਾ ਵਿਰੋਧ ਕੀਤਾ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ ਲੋਕ ਇਸ ਫੈਸਲੇ ਤੋਂ ਨਾਰਾਜ਼ ਹਨ ਅਤੇ ਉਹ ਇਸ ਦਾ ਸਮਰਥਨ ਨਹੀਂ ਕਰਦੇ। ਧਾਲੀਵਾਲ ਨੇ ਜ਼ੋਰ ਦਿੱਤਾ ਕਿ ਨਿੱਝਰ ਦੇ ਕਤਲ ਦੀ ਜਾਂਚ ਵਿੱਚ ਨਿਆਂ ਹੋਣਾ ਚਾਹੀਦਾ ਹੈ, ਅਤੇ ਇਸ ਤੋਂ ਪਹਿਲਾਂ ਮੋਦੀ ਨੂੰ ਸੱਦਾ ਦੇਣਾ ਅਣਉਚਿਤ ਹੈ।

### ਖਾਲਿਸਤਾਨੀ ਵਿਰੋਧ ਦੀ ਸੰਭਾਵਨਾ

ਸਿੱਖ ਸੰਗਠਨਾਂ ਅਤੇ ਖਾਲਿਸਤਾਨ ਸਮਰਥਕ ਜਥੇਬੰਦੀਆਂ ਨੇ ਸੰਕੇਤ ਦਿੱਤਾ ਹੈ ਕਿ ਜੀ-7 ਸੰਮੇਲਨ ਦੌਰਾਨ ਮੋਦੀ ਦੇ ਦੌਰੇ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤੇ ਜਾ ਸਕਦੇ ਹਨ। ਇਹ ਪ੍ਰਦਰਸ਼ਨ ਸਰੀ, ਵੈਨਕੂਵਰ ਅਤੇ ਟੋਰਾਂਟੋ ਵਰਗੇ ਸ਼ਹਿਰਾਂ ਵਿੱਚ ਹੋ ਸਕਦੇ ਹਨ, ਜਿੱਥੇ ਸਿੱਖ ਭਾਈਚਾਰੇ ਦੀ ਵੱਡੀ ਆਬਾਦੀ ਹੈ। ਇਸ ਤੋਂ ਪਹਿਲਾਂ ਵੀ, ਜਦੋਂ ਭਾਰਤੀ ਅਧਿਕਾਰੀਆਂ ਜਾਂ ਨੇਤਾਵਾਂ ਦੇ ਕੈਨੇਡਾ ਦੌਰੇ ਹੁੰਦੇ ਸਨ, ਸਿੱਖ ਸੰਗਠਨਾਂ ਨੇ ਸ਼ਾਂਤੀਪੂਰਨ ਰੈਲੀਆਂ ਅਤੇ ਪ੍ਰਦਰਸ਼ਨ ਕੀਤੇ ਹਨ। ਇਸ ਵਾਰ ਵੀ, ਵਿਸ਼ਵ ਸਿੱਖ ਸੰਗਠਨ ਅਤੇ ਸਿੱਖ ਫੈਡਰੇਸ਼ਨ ਵਰਗੀਆਂ ਜਥੇਬੰਦੀਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਨਿੱਝਰ ਕਤਲ ਮਾਮਲੇ ਵਿੱਚ ਨਿਆਂ ਨਾ ਮਿਲਿਆ, ਤਾਂ ਉਹ ਸੜਕਾਂ 'ਤੇ ਉਤਰਨਗੇ।

### ਅੰਤਰਰਾਸ਼ਟਰੀ ਮੀਡੀਆ ਅਤੇ ਕੈਨੇਡੀਅਨ ਅਖਬਾਰਾਂ ਦੀ ਰਾਏ

ਕੈਨੇਡੀਅਨ ਅਖਬਾਰਾਂ ਅਤੇ ਮੀਡੀਆ ਸੰਸਥਾਵਾਂ, ਜਿਵੇਂ ਕਿ ਸੀਬੀਸੀ, ਦਾ ਗਲੋਬ ਐਂਡ ਮੇਲ ਅਤੇ ਨੈਸ਼ਨਲ ਪੋਸਟ, ਨੇ ਮੋਦੀ ਦੇ ਦੌਰੇ ਅਤੇ ਨਿੱਝਰ ਕਤਲ ਮਾਮਲੇ ਨੂੰ ਵਿਸਤਾਰ ਨਾਲ ਕਵਰ ਕੀਤਾ ਹੈ। ਸੀਬੀਸੀ ਨੇ ਰਿਪੋਰਟ ਕੀਤਾ ਕਿ ਸਿੱਖ ਫੈਡਰੇਸ਼ਨ ਅਤੇ ਹੋਰ ਸਿੱਖ ਸੰਗਠਨਾਂ ਨੇ ਮੋਦੀ ਦੇ ਸੱਦੇ ਨੂੰ "ਅਪਮਾਨ" ਕਰਾਰ ਦਿੱਤਾ ਹੈ। ਉਨ੍ਹਾਂ ਨੇ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਨੂੰ ਉਜਾਗਰ ਕੀਤਾ, ਜਿਨ੍ਹਾਂ ਦਾ ਮੰਨਣਾ ਹੈ ਕਿ ਕੈਨੇਡਾ ਸਰਕਾਰ ਨਿੱਝਰ ਦੇ ਕਤਲ ਦੀ ਜਾਂਚ ਵਿੱਚ ਨਿਆਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ।

ਦਾ ਗਲੋਬ ਐਂਡ ਮੇਲ ਨੇ ਇਸ ਮੁੱਦੇ ਨੂੰ ਭਾਰਤ-ਕੈਨੇਡਾ ਸਬੰਧਾਂ ਦੇ ਇੱਕ ਮਹੱਤਵਪੂਰਨ ਮੋੜ ਵਜੋਂ ਦੇਖਿਆ। ਉਨ੍ਹਾਂ ਨੇ ਲਿਖਿਆ ਕਿ ਮੋਦੀ ਦਾ ਸੱਦਾ ਸੰਭਾਵੀ ਤੌਰ 'ਤੇ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਸੁਧਾਰ ਸਕਦਾ ਹੈ, ਪਰ ਸਿੱਖ ਭਾਈਚਾਰੇ ਦਾ ਵਿਰੋਧ ਇਸ ਨੂੰ ਜਟਿਲ ਬਣਾ ਰਿਹਾ ਹੈ।ਨੈਸ਼ਨਲ ਪੋਸਟ ਨੇ ਵਿਰੋਧੀ ਧਿਰ ਦੇ ਨੇਤਾ ਪੀਅਰੇ ਪੋਇਲੀਵਰ ਦੀ ਰਾਏ ਨੂੰ ਪ੍ਰਕਾਸ਼ਿਤ ਕੀਤਾ, ਜਿਨ੍ਹਾਂ ਨੇ ਸਰਕਾਰ ਦੇ ਸੱਦੇ ਦੇ ਫੈਸਲੇ ਦਾ ਸਮਰਥਨ ਕੀਤਾ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਭਾਰਤ ਨਾਲ ਵਪਾਰਕ ਅਤੇ ਸੁਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ, ਪਰ ਨਾਲ ਹੀ ਨਿੱਝਰ ਮਾਮਲੇ ਵਿੱਚ ਸੁਰੱਖਿਆ ਮੁੱਦਿਆਂ ਨੂੰ ਵੀ ਉਠਾਇਆ ਜਾਣਾ ਚਾਹੀਦਾ।

### ਅੰਤਰਰਾਸ਼ਟਰੀ ਮੀਡੀਆ

ਅੰਤਰਰਾਸ਼ਟਰੀ ਮੀਡੀਆ ਨੇ ਵੀ ਇਸ ਮੁੱਦੇ 'ਤੇ ਵੱਖ-ਵੱਖ ਨਜ਼ਰੀਏ ਪੇਸ਼ ਕੀਤੇ ਹਨ। ਬੀਬੀਸੀ ਨੇ ਰਿਪੋਰਟ ਕੀਤਾ ਕਿ ਮੋਦੀ ਦਾ ਕੈਨੇਡਾ ਦੌਰਾ ਭਾਰਤ ਦੀ ਵਧਦੀ ਅੰਤਰਰਾਸ਼ਟਰੀ ਮਹੱਤਤਾ ਨੂੰ ਦਰਸਾਉਂਦਾ ਹੈ, ਪਰ ਨਿੱਝਰ ਕਤਲ ਮਾਮਲੇ ਕਾਰਨ ਇਹ ਵਿਵਾਦ ਦਾ ਕਾਰਨ ਬਣਿਆ ਹੈ। ਉਨ੍ਹਾਂ ਨੇ ਸਿੱਖ ਡਾਇਸਪੋਰਾ ਦੀਆਂ ਚਿੰਤਾਵਾਂ ਅਤੇ ਭਾਰਤ ਦੇ ਅਧਿਕਾਰਤ ਬਿਆਨਾਂ ਨੂੰ ਸੰਤੁਲਿਤ ਢੰਗ ਨਾਲ ਪੇਸ਼ ਕੀਤਾ। ਅਲ ਜਜ਼ੀਰਾ ਨੇ ਸਿੱਖ ਭਾਈਚਾਰੇ ਦੇ ਵਿਰੋਧ 'ਤੇ ਜ਼ਿਆਦਾ ਧਿਆਨ ਦਿੱਤਾ ਅਤੇ ਲਿਖਿਆ ਕਿ ਕੈਨੇਡਾ ਵਿੱਚ ਸਿੱਖਾਂ ਦੀ ਵੱਡੀ ਆਬਾਦੀ ਇਸ ਸੱਦੇ ਨੂੰ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਵਜੋਂ ਦੇਖਦੀ ਹੈ। ਦਾ ਗਾਰਡੀਅਨ ਨੇ ਜੀ-7 ਸੰਮੇਲਨ ਦੇ ਸੰਦਰਭ ਵਿੱਚ ਭਾਰਤ ਦੀ ਅਰਥਵਿਵਸਥਾ ਅਤੇ ਭੂ-ਰਾਜਨੀਤਿਕ ਮਹੱਤਤਾ 'ਤੇ ਚਰਚਾ ਕੀਤੀ, ਪਰ ਨਾਲ ਹੀ ਨਿੱਝਰ ਮਾਮਲੇ ਨੂੰ ਇੱਕ "ਡਿਪਲੋਮੈਟਿਕ ਚੁਣੌਤੀ" ਕਰਾਰ ਦਿੱਤਾ ਹੈ।

# ਕਿਉਂ ਬਣ ਰਿਹਾ ਪੰਜਾਬ ਗੈਰ ਪੰਜਾਬੀਆਂ ਦਾ

## ✪ ਪਰਗਟ ਸਿੰਘ ਦੇ ਖੁਲਾਸਿਆਂ ਨੇ ਪੰਜਾਬ ਸਿਆਸਤ ਵਿੱਚ ਮਚਾਈ ਹਲਚਲ, 'ਆਪ' ਸਰਕਾਰ 'ਤੇ ਗੰਭੀਰ ਦੋਸ਼





ਜਲੰਧਰ-ਪੰਜਾਬ ਦੇ ਜਲੰਧਰ ਕੈਂਟ ਹਲਕੇ ਤੋਂ ਕਾਂਗਰਸੀ ਵਿਧਾਇਕ ਅਤੇ ਸਾਬਕਾ ਹਾਕੀ ਖਿਡਾਰੀ ਪਰਗਟ ਸਿੰਘ ਨੇ ਸੂਬੇ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਸਖਤ ਹਮਲਾ ਬੋਲਦਿਆਂ ਗੰਭੀਰ ਇਲਜ਼ਾਮ ਲਗਾਏ ਹਨ। ਪਰਗਟ ਸਿੰਘ ਨੇ ਦੋਸ਼ ਲਗਾਇਆ ਹੈ ਕਿ ਦਿੱਲੀ ਵਿੱਚ ਚੋਣ ਹਾਰ ਚੁੱਕੇ 'ਆਪ' ਦੇ ਮੰਤਰੀਆਂ ਅਤੇ ਸਮਰਥਕਾਂ ਨੂੰ ਪੰਜਾਬ ਸਰਕਾਰ ਦੇ ਵਿਭਾਗਾਂ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ, ਜਿਸ ਨਾਲ ਸੂਬੇ ਦੇ ਨੌਜਵਾਨਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ।

### ਮੀਡੀਆ ਏਜੰਸੀ ਵਿਚ ਨਿਯੁਕਤੀਆਂ 'ਤੇ ਸਵਾਲ

ਪਰਗਟ ਸਿੰਘ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਦੀ ਮੀਡੀਆ ਏਜੰਸੀ ਪਨਮੀਡੀਆ ਵਿੱਚ ਅਪ੍ਰੈਲ ਮਹੀਨੇ ਵਿੱਚ ਸਥਾਨਕ ਪੰਜਾਬੀ ਨੌਜਵਾਨਾਂ ਨੂੰ ਨੌਕਰੀਆਂ ਤੋਂ ਹਟਾਇਆ ਗਿਆ ਅਤੇ ਉਸ ਦੀ ਥਾਂ ਦਿੱਲੀ ਤੋਂ 120 ਤੋਂ ਵੱਧ ਲੋਕਾਂ ਨੂੰ ਭਰਤੀ ਕੀਤਾ ਗਿਆ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮਾਨ ਨੌਕਰੀਆਂ ਵੰਡ ਰਹੇ ਹਨ, ਪਰ ਸਿਰਫ ਅਰਵਿੰਦ ਕੇਜਰੀਵਾਲ ਦੇ ਨਜ਼ਦੀਕੀਆਂ ਨੂੰ। ਉਨ੍ਹਾਂ ਨੇ ਇਸ ਮੁੱਦੇ ਨੂੰ 'ਯੁੱਧ ਦਿੱਲੀ ਵਿਰੁਧ' ਦਾ ਨਾਂ ਦਿੰਦਿਆਂ ਪੰਜਾਬ ਦੇ ਹਿੱਤਾਂ ਦੀ ਰਾਖੀ ਦੀ ਅਪੀਲ ਕੀਤੀ।

### ਕਰਜ਼ੇ ਦੀ ਮਾਰ : ਪੰਜਾਬ ਦਾ ਆਰਥਿਕ ਸੰਕਟ

ਇੱਕ ਹੋਰ ਪੋਸਟ ਵਿੱਚ ਪਰਗਟ ਸਿੰਘ ਨੇ ਪੰਜਾਬ ਸਰਕਾਰ ਦੀ ਵਿੱਤੀ ਨੀਤੀਆਂ 'ਤੇ ਸਵਾਲ ਚੁੱਕੇ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਮਹੀਨੇ ਸਰਕਾਰ ਨੇ 1,000 ਕਰੋੜ ਰੁਪਏ ਦਾ ਵਾਧੂ ਕਰਜ਼ਾ ਚੁੱਕਿਆ, ਜਿਸ ਨੂੰ ਪੰਜਾਬੀਆਂ ਨੂੰ 2046 ਤੱਕ ਵਾਪਸ ਕਰਨਾ ਪਵੇਗਾ। ਉਨ੍ਹਾਂ ਨੇ 'ਆਪ' ਸਰਕਾਰ ਨੂੰ "ਸਭ ਤੋਂ ਵੱਧ ਕਰਜ਼ਾ ਚੜ੍ਹਾਉਣ ਵਾਲੀ ਸਰਕਾਰ" ਕਰਾਰ ਦਿੰਦਿਆਂ ਕਿਹਾ ਕਿ ਕੇਜਰੀਵਾਲ ਦੇ "ਸਰਪਲੱਸ ਖਜ਼ਾਨਾ" ਮਾਡਲ ਨੇ ਪੰਜਾਬ ਨੂੰ ਆਰਥਿਕ ਸੰਕਟ ਵੱਲ ਧੱਕ ਦਿੱਤਾ ਹੈ।

### 'ਆਪ' ਸਰਕਾਰ ਦੀ ਚੁੱਪੀ

ਪਰਗਟ ਸਿੰਘ ਦੇ ਇਨ੍ਹਾਂ ਇਲਜ਼ਾਮਾਂ 'ਤੇ ਅਜੇ ਤੱਕ ਆਮ ਆਦਮੀ ਪਾਰਟੀ ਦੇ ਕਿਸੇ ਵੀ ਆਗੂ ਨੇ ਸਰਕਾਰੀ ਤੌਰ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਇਸ ਨਾਲ ਸਿਆਸੀ ਹਲਕਿਆਂ ਵਿੱਚ ਚਰਚਾਵਾਂ ਤੇਜ਼ ਹੋ ਗਈਆਂ ਹਨ। ਸੋਸ਼ਲ ਮੀਡੀਆ 'ਤੇ ਵੀ ਇਹ ਮੁੱਦਾ ਗਰਮਾਇਆ ਹੋਇਆ ਹੈ, ਜਿੱਥੇ ਕਈ ਲੋਕ ਪਰਗਟ ਸਿੰਘ ਦੇ ਖੁਲਾਸਿਆਂ ਦਾ ਸਮਰਥਨ ਕਰ ਰਹੇ ਹਨ, ਜਦਕਿ ਕੁਝ 'ਆਪ' ਸਰਕਾਰ ਦੇ ਸਮਰਥਕ ਇਨ੍ਹਾਂ ਇਲਜ਼ਾਮਾਂ ਨੂੰ ਰਾਜਨੀਤਕ ਹਥਕੰਡਾ ਕਰਾਰ ਦੇ ਰਹੇ ਹਨ।

### ਸਿਆਸੀ ਹਲਕਿਆਂ 'ਚ ਹਲਚਲ


ਪਰਗਟ ਸਿੰਘ ਦੇ ਇਨ੍ਹਾਂ ਬਿਆਨਾਂ ਨੇ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ ਲਿਆਂਦਾ ਹੈ। ਸੂਬੇ ਦੇ ਵਿਰੋਧੀ ਧਿਰ ਦੇ ਆਗੂਆਂ ਨੇ ਵੀ ਇਸ ਮੁੱਦੇ 'ਤੇ ਸਰਕਾਰ ਨੂੰ ਘੇਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਪਹਿਲਾਂ ਵੀ 'ਆਪ' ਸਰਕਾਰ 'ਤੇ ਪੰਜਾਬ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਦੇ ਦੋਸ਼ ਲਗਾਏ ਸਨ, ਅਤੇ ਹੁਣ ਪਰਗਟ ਸਿੰਘ ਦੇ ਖੁਲਾਸਿਆਂ ਨੇ ਇਸ ਵਿਵਾਦ ਨੂੰ ਹੋਰ ਤੇਜ਼ ਕਰ ਦਿੱਤਾ ਹੈ।

### ਪੰਜਾਬੀਆਂ ਨੂੰ ਜਾਗਣ ਦੀ ਅਪੀਲ

ਪਰਗਟ ਸਿੰਘ ਨੇ ਆਪਣੀ ਪੋਸਟ ਵਿੱਚ ਪੰਜਾਬੀਆਂ ਨੂੰ ਜਾਗਰੂਕ ਹੋਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਕਿਹਾ, "ਪੰਜਾਬ ਦੇ ਖਜ਼ਾਨੇ ਤੋਂ ਲੈ ਕੇ ਰਾਜ ਸਭਾ ਸੀਟਾਂ ਤੱਕ, ਹਰ ਪਾਸੇ ਲੁੱਟ ਜਾਰੀ ਹੈ। ਪੰਜਾਬ ਇੱਕ ਆਰਥਿਕ ਸੰਕਟ ਵੱਲ ਵਧ ਰਿਹਾ ਹੈ। ਹੁਣ ਜਾਗਣ ਦਾ ਸਮਾਂ ਹੈ।" ਇਸ ਮੁੱਦੇ 'ਤੇ ਅਗਲੇ ਦਿਨਾਂ ਵਿੱਚ ਸਿਆਸੀ ਗਤੀਵਿਧੀਆਂ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ, ਕਿਉਂਕਿ ਵਿਰੋਧੀ ਧਿਰ ਅਤੇ ਸਰਕਾਰ ਵਿਚਕਾਰ ਤਿੱਖੀ ਬਹਿਸ ਦੀ ਉਮੀਦ ਕੀਤੀ ਜਾ ਰਹੀ ਹੈ।

# ਸਿੱਖ ਘਲੂਘਾਰਾ ਜੂਨ 84 ਬਾਰੇ ਸਾਬਕਾ ਫੌਜ ਮੁੱਖੀ ਦਾ ਹੈਰਾਨੀਜਨਕ ਖੁਲਾਸਾ

## ✪ ਡੀ. ਜੀ. ਐਮ. ਓ. ਨੇ ਜਨਰਲ ਵੈਦਿਆ ਨੂੰ ਸਾਕਾ ਨੀਲਾ ਤਾਰਾ ਤੋਂ ਰੋਕਿਆ ਸੀ-ਜਨਰਲ ਵੀ.ਐਨ. ਸ਼ਰਮਾ



ਨਵੀਂ ਦਿੱਲੀ-ਸਾਬਕਾ ਫੌਜ ਮੁਖੀ ਜਨਰਲ ਵੀ. ਐਨ. ਸ਼ਰਮਾ (ਸੇਵਾਮੁਕਤ) ਨੇ ਇੱਕ ਚੌਂਕਾਉਣ ਵਾਲਾ ਖੁਲਾਸਾ ਕੀਤਾ ਹੈ ਕਿ 1984 ਵਿਚ ਸਾਕਾ ਨੀਲਾ ਤਾਰਾ (ਆਪ੍ਰੇਸ਼ਨ ਬਲੂ ਸਟਾਰ) ਵੇਲੇ ਡਾਇਰੈਕਟਰ ਜਨਰਲ ਮਿਲਟਰੀ ਆਪ੍ਰੇਸ਼ਨ (ਡੀ. ਜੀ. ਐਮ. ਓ.) ਨੇ ਤਤਕਾਲੀ ਫੌਜ ਮੁਖੀ ਜਨਰਲ ਏ.ਐਸ. ਵੈਦਿਆ ਨੂੰ ਸਪੱਸ਼ਟ ਸਲਾਹ ਦਿੱਤੀ ਸੀ ਕਿ ਭਾਰਤੀ ਫੌਜ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ। ਇਸ ਨੂੰ ਉਨ੍ਹਾਂ ਨੇ ਸਿਆਸੀ ਚਾਲ ਦੱਸਿਆ ਸੀ।

ਇਹ ਗੱਲ ਜਨਰਲ ਸ਼ਰਮਾ ਨੇ ਯੂਟਿਊਬ ਚੈਨਲ 'ਲੈਕਸ ਕੌਂਸਿਲੀਅਮ ਫਾਊਂਡੇਸ਼ਨ' 'ਤੇ ਸਾਬਕਾ ਜੱਜ ਐਡਵੋਕੇਟ ਜਨਰਲ ਮੇਜਰ ਜਨਰਲ ਨੀਲੇਂਦਰ ਕੁਮਾਰ ਨਾਲ ਇੰਟਰਵਿਊ 'ਚ ਕਹੀ। ਇਹ ਇੰਟਰਵਿਊ 5 ਜੂਨ 2025 ਨੂੰ ਸਾਕਾ ਨੀਲਾ ਤਾਰਾ ਦੀ 41ਵੀਂ ਵਰ੍ਹੇਗੰਢ ਤੋਂ ਇੱਕ ਦਿਨ ਪਹਿਲਾਂ ਅਪਲੋਡ ਹੋਈ।

### ਇੰਦਰਾ ਗਾਂਧੀ ਦਾ ਦਬਾਅ ਅਤੇ ਜਨਰਲ ਸੁੰਦਰਜੀ ਦੀ ਜ਼ਿੱਦ

ਜਨਰਲ ਸ਼ਰਮਾ, ਜੋ ਉਸ ਵੇਲੇ ਐਡੀਸ਼ਨਲ ਡੀ.ਜੀ.ਐਮ.ਓ. ਸਨ, ਨੇ ਦੱਸਿਆ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਚਾਹੁੰਦੀ ਸੀ ਕਿ ਫੌਜ ਦਰਬਾਰ ਸਾਹਿਬ ਵਿਚ ਜਾ ਕੇ ਸੰਤ ਭਿੰਡਰਾਂਵਾਲੇ ਨੂੰ ਹਟਾਵੇ, ਕਿਉਂਕਿ ਪੰਜਾਬ ਪੁਲਿਸ ਨੇ ਇਸ ਕੰਮ ਤੋਂ ਹੱਥ ਖੜ੍ਹੇ ਕਰ ਦਿੱਤੇ ਸਨ। ਜਨਰਲ ਵੈਦਿਆ ਨੂੰ ਪੀ.ਐਮ. ਦਫਤਰ ਵਿਚ ਬੁਲਾ ਕੇ ਕਿਹਾ ਗਿਆ ਕਿ ਭਿੰਡਰਾਂਵਾਲੇ ਦੀ ਵਧਦੀ ਲੋਕਪ੍ਰਿਯਤਾ ਨੂੰ ਰੋਕਣਾ ਜ਼ਰੂਰੀ ਹੈ। ਵੈਦਿਆ ਨੇ ਇਹ ਜ਼ਿੰਮੇਵਾਰੀ ਮੰਨ ਲਈ, ਪਰ ਮਿਲਟਰੀ ਆਪ੍ਰੇਸ਼ਨ ਡਾਇਰੈਕਟੋਰੇਟ ਨੇ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਕਿ ਇਹ ਸੰਵਿਧਾਨ ਦੀ ਉਲੰਘਣਾ ਹੋ ਸਕਦੀ ਹੈ।

ਐਮ.ਓ. ਡਾਇਰੈਕਟੋਰੇਟ ਨੇ ਸੁਝਾਅ ਦਿੱਤਾ ਕਿ ਮਾਮਲਾ ਸੁਪਰੀਮ ਕੋਰਟ ਵਿਚ ਲਿਜਾਇਆ ਜਾਵੇ, ਪਰ ਜਦੋਂ ਵੈਦਿਆ ਨੇ ਇਹ ਗੱਲ ਇੰਦਰਾ ਗਾਂਧੀ ਨੂੰ ਦੱਸੀ, ਤਾਂ ਉਨ੍ਹਾਂ ਨੇ ਪੱਛਮੀ ਫੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਕੇ. ਸੁੰਦਰਜੀ ਨਾਲ ਸਿੱਧਾ ਸੰਪਰਕ ਕੀਤਾ। ਸੁੰਦਰਜੀ ਨੇ ਐਮ.ਓ. ਡਾਇਰੈਕਟੋਰੇਟ ਦੀ ਸਲਾਹ ਨੂੰ ਨਜ਼ਰਅੰਦਾਜ਼ ਕਰਦਿਆਂ ਕਿਹਾ, "ਮੈਨੂੰ ਹੁਕਮ ਮਿਲ ਗਏ ਨੇ, ਮੈਂ ਇਹ ਕਰਾਂਗਾ।"

### ਸਿੱਖ ਅਫਸਰ ਨੂੰ ਜਾਣਬੁੱਝ ਕੇ ਚੁਣਿਆ, ਸਾਕੇ ਦੀ ਜ਼ਿੰਮੇਵਾਰੀ ਸਿੱਖਾਂ 'ਤੇ ਪਾਈ

ਜਨਰਲ ਸ਼ਰਮਾ ਨੇ ਖੁਲਾਸਾ ਕੀਤਾ ਕਿ ਜਨਰਲ ਸੁੰਦਰਜੀ ਨੇ ਮੇਜਰ ਜਨਰਲ ਕੇ.ਐਸ. ਬਰਾੜ ਦੀ ਅਗਵਾਈ ਵਿਚ 9ਵੀਂ ਡਵੀਜ਼ਨ ਨੂੰ ਇਸ ਆਪ੍ਰੇਸ਼ਨ ਲਈ ਜਾਣਬੁੱਝ ਕੇ ਚੁਣਿਆ, ਤਾਂ ਜੋ ਸਾਕੇ ਦੀ ਜ਼ਮੀਨੀ ਕਾਰਵਾਈ ਵਿਚ ਸਿੱਖ ਅਫਸਰ ਮੋਹਰੀ ਹੋਵੇ। ਇਸ ਨਾਲ ਸਰਕਾਰ ਨੂੰ ਇਹ ਦਿਖਾਉਣ ਵਿਚ ਮਦਦ ਮਿਲੀ ਕਿ ਇਹ ਕਾਰਵਾਈ ਸਿੱਖਾਂ ਨੇ ਹੀ ਕੀਤੀ। ਜਨਰਲ ਸ਼ਰਮਾ ਨੇ ਦੱਸਿਆ ਕਿ ਉਸ ਵੇਲੇ ਡੀ.ਜੀ.ਐਮ.ਓ. ਲੈਫਟੀਨੈਂਟ ਜਨਰਲ ਸੀ.ਐਨ. ਸੋਮੰਨਾ ਅਤੇ ਦੂਜੇ ਏ.ਡੀ.ਜੀ.ਐਮ.ਓ. ਮੇਜਰ ਜਨਰਲ ਵੀ.ਕੇ. ਨਾਇਰ (ਦੋਵੇਂ ਹੁਣ ਸਵਰਗਵਾਸੀ) ਨੇ ਵੀ ਇਸ ਕਾਰਵਾਈ ਦਾ ਵਿਰੋਧ ਕੀਤਾ ਸੀ, ਪਰ ਸੁੰਦਰਜੀ ਦੀ ਜ਼ਿੱਦ ਅਤੇ ਸਿਆਸੀ ਦਬਾਅ ਕਾਰਨ ਸਾਕਾ ਨੀਲਾ ਤਾਰਾ ਹੋਇਆ, ਜਿਸ ਨੇ ਸਿੱਖ ਭਾਈਚਾਰੇ 'ਚ ਡੂੰਘੇ ਜ਼ਖਮ ਦਿਤੇ॥ ਇਸ ਕਾਰਵਾਈ ਵਿਚ ਸੈਂਕੜੇ ਸਿੱਖ ਸ਼ਰਧਾਲੂਆਂ ਸਣੇ ਬਹੁਤ ਸਾਰੇ ਲੋਕ ਮਾਰੇ ਗਏ, ਅਤੇ ਸ੍ਰੀ ਦਰਬਾਰ ਸਾਹਿਬ ਸਮੇਤ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੀ ਨੁਕਸਾਨ ਪੁੱਜਾ।

ਇਸ ਨੇ ਸਿੱਖ ਭਾਈਚਾਰੇ 'ਵਿਚ ਗਹਿਰਾ ਰੋਹ ਪੈਦਾ ਕੀਤਾ ਅਤੇ ਇਸ ਦੇ ਦੂਰਗਾਮੀ ਨਤੀਜੇ ਨਿਕਲੇ, ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਅਤੇ 1984 ਦੇ ਸਿੱਖ ਵਿਰੋਧੀ ਕਤਲੇਆਮ ਸ਼ਾਮਲ ਸਨ। ਜਨਰਲ ਸ਼ਰਮਾ ਦਾ ਖੁਲਾਸਾ ਦਰਸਾਉਂਦਾ ਹੈ ਕਿ ਇਹ ਕਾਰਵਾਈ ਸਿਆਸੀ ਮਜਬੂਰੀਆਂ ਅਤੇ ਕੁਝ ਅਫਸਰਾਂ ਦੀ ਜ਼ਿੱਦ ਕਾਰਨ ਹੋਈ, ਜਦਕਿ ਫੌਜ ਦੇ ਸੀਨੀਅਰ ਅਧਿਕਾਰੀਆਂ ਨੇ ਇਸ ਦਾ ਵਿਰੋਧ ਕੀਤਾ ਸੀ।

# ਐਮ ਪੀ ਜਸ ਅਠਵਾਲ ਅਤੇ ਐਮ ਪੀ ਵਰਿੰਦਰ ਜਸ ਨੇ 1984 ਘੱਲੂਘਾਰੇ 'ਚ ਬਰਤਾਨੀਆਂ ਦੀ ਭੂਮਿਕਾ ਦੀ ਜਾਂਚ ਦਾ ਮੁੱਦਾ ਸੰਸਦ ਵਿੱਚ ਉਠਾਇਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਦਰਬਾਰ ਸਾਹਿਬ ਤੇ ਭਾਰਤ ਦੀ ਕਾਂਗਰਸ ਸਰਕਾਰ ਦੀ ਹੁਕਮਾਂ ਨਾਲ ਭਾਰਤੀ ਫੌਜ ਵੱਲੋਂ ਜੂਨ 1984 ਵਿੱਚ ਕੀਤੇ ਹਮਲੇ ਵਿੱਚ ਬਰਤਾਨੀਆਂ ਸਰਕਾਰ ਦੀ ਭੂਮਿਕਾ ਦੀ ਜਨਤਕ ਜਾਂਚ ਦਾ ਮਾਮਲਾ ਅੱਜ ਸੰਸਦ ਵਿੱਚ ਐਮ ਪੀ ਜਸਬੀਰ ਸਿੰਘ ਜਸ ਅਠਵਾਲ ਅਤੇ ਵਰਿੰਦਰ ਜਸ ਨੇ ਉਠਾਇਆ। ਉਹਨਾਂ ਸੰਸਦ ਵਿੱਚ ਕਿਹਾ ਕਿ ਇਸ ਹਫਤੇ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਹੋਏ ਨੂੰ 41 ਸਾਲ ਹੋ ਗਏ ਹਨ। ਜਦ ਕਿ 41 ਸਾਲ ਬਾਅਦ ਵੀ ਹਮਲੇ ਵਿੱਚ ਬਰਤਾਨੀਆਂ ਦੀ ਭੂਮਿਕਾ ਨੂੰ ਲੈ ਕੇ ਖੜ੍ਹੇ ਹੋਏ ਸਵਾਲਾਂ ਦਾ ਜਵਾਬ ਨਹੀਂ ਮਿਲਿਆ। ਲੇਬਰ ਪਾਰਟੀ ਨੇ 2017 ਅਤੇ 2019 ਦੇ ਚੋਣ ਮਨੋਰਥ ਪੱਤਰਾਂ ਵਿੱਚ ਵਾਅਦਾ ਕੀਤਾ ਸੀ ਕਿ ਉਕਤ ਮਾਮਲੇ ਦੀ ਜਨਤਕ ਜਾਂਚ ਕਰਵਾਈ ਜਾਵੇਗੀ। ਪ੍ਰਧਾਨ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਨੇ ਵੀ ਜਾਂਚ ਕਰਵਾਉਣ ਦਾ ਵਾਅਦਾ ਕੀਤਾ ਸੀ। ਉਹਨਾਂ ਥੈਚਰ ਸਰਕਾਰ ਦੀ ਭੂਮਿਕਾ ਤੇ ਉੱਠ ਰਹੇ ਸਵਾਲਾਂ ਦਾ ਜ਼ਿਕਰ ਕਰਦਿਆਂ ਹਾਊਸ ਦੀ ਲੀਡਰ ਲੂਸੀ ਪੋਵੇਲ ਤੋਂ ਪੁਛਿਆ ਕਿ ਕੀ ਉਹ ਵਿਦੇਸ਼ ਮੰਤਰੀ ਤੋਂ ਨਿਰਪੱਖ ਜਾਂਚ ਦੀ ਕੀਤੀ ਜਾ ਰਹੀ ਮੰਗ ਨੂੰ ਲੈ ਕੇ ਜਾਣਕਾਰੀ ਸਾਂਝੀ ਕਰਨਗੇ ਅਤੇ ਕੀਤੇ ਵਾਅਦੇ ਨੂੰ ਪੂਰਾ ਕਰਨਗੇ। ਜਿਸ ਦੇ ਜਵਾਬ ਵਿੱਚ ਹਾਊਸ



ਐਮ ਪੀ ਜਸਬੀਰ ਸਿੰਘ ਅਠਵਾਲ ਅਤੇ ਐਮ ਪੀ ਵਰਿੰਦਰ ਜਸ ਸੰਸਦ ਨੂੰ ਸੰਬੋਧਨ ਕਰਦੇ ਹੋਏ

ਆਫ ਕਾਮਨਜ਼ ਦੀ ਲੀਡਰ ਨੇ ਕਿਹਾ ਕਿ ਉਹ ਸਮਝਦੀ ਹੈ ਕਿ ਸਿੱਖ ਭਾਈਚਾਰੇ ਲਈ ਇਹ ਬਹੁਤ ਹੀ ਗੰਭੀਰ ਅਤੇ ਮਹੱਤਵਪੂਰਨ ਮਾਮਲਾ ਹੈ, ਜਿਸ ਬਾਰੇ ਅੱਜ ਹਾਊਸ ਵਿੱਚ ਜ਼ਿਕਰ ਹੋਇਆ ਹੈ। ਮੈਂ ਇਸ ਬਾਰੇ ਵਿਦੇਸ਼ ਮੰਤਰੀ ਨਾਲ ਗੱਲ ਕਰਕੇ ਯਕੀਨੀ ਬਣਾਵਾਂਗੀ ਕਿ ਉਕਤ ਮਾਮਲੇ ਬਾਰੇ ਸੰਸਦ ਦੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਜਾਵੇ। ਜਿਕਰਯੋਗ ਹੈ ਕਿ ਲੰਡਨ ਵਿੱਚ ਹੋਏ ਰੋਸ ਮੁਜਾਹਰੇ ਦੌਰਾਨ ਵੀ ਸਿੱਖਾਂ ਨੇ ਬਰਤਾਨੀਆਂ ਸਰਕਾਰ ਨੂੰ 31 ਜੁਲਾਈ ਤੱਕ ਜਾਂਚ ਸ਼ੁਰੂ ਕਰਨ ਦੀ ਮੰਗ ਰੱਖੀ ਅਤੇ ਅਜੇਹਾ ਨਾ ਕਰਨ ਤੇ ਲੇਬਰ ਸਰਕਾਰ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਹੈ।

# ਯੂ.ਕੇ 'ਚ ਚੀਨ ਖੋਲ੍ਹਣ ਜਾ ਰਿਹੈ ਦੂਤਘਰ, ਅਮਰੀਕਾ ਨੇ ਦਿਤੀ ਚਿਤਾਵਨੀ

ਅਮਰੀਕਾ ਨੇ ਬ੍ਰਿਟਿਸ਼ ਅਧਿਕਾਰੀਆਂ ਨੂੰ ਲੰਡਨ ਵਿਚ ਇਕ ਨਵਾਂ ਚੀਨੀ ਦੂਤਘਰ ਖੋਲ੍ਹਣ ਦੀ ਇਜਾਜ਼ਤ ਦੇਣ ਵਿਰੁਧ ਚੇਤਾਵਨੀ ਦਿਤੀ ਹੈ ਕਿਉਂਕਿ ਇਸ ਦੀ ਯੋਜਨਾਬੱਧ ਜਗ੍ਹਾ ਦੇਸ਼ ਦੇ ਮਹੱਤਵਪੂਰਨ ਵਿੱਤੀ ਕੇਂਦਰਾਂ ਨੇੜੇ ਹੈ। ਟਾਈਮਜ਼ ਅਖ਼ਬਾਰ ਨੇ ਸੂਤਰਾਂ ਦੇ ਹਵਾਲੇ ਨਾਲ ਇਸ ਸਬੰਧੀ ਜਾਣਕਾਰੀ ਦਿਤੀ।

ਚੀਨੀ ਸਰਕਾਰ ਨੇ ਛੇ ਸਾਲ ਪਹਿਲਾਂ ਲੰਡਨ ਵਿਚ ਇਕ ਇਤਿਹਾਸਕ ਇਮਾਰਤ ਖ਼ਰੀਦੀ ਸੀ, ਜਿਸ ਵਿਚ ਰਾਇਲ ਟਕਸਾਲ ਹੁੰਦਾ ਸੀ ਪਰ ਅਜੇ ਵੀ ਉੱਥੇ ਇਕ ਨਵਾਂ ਦੂਤਘਰ ਖੋਲ੍ਹਣ ਦੀ ਇਜਾਜ਼ਤ ਪ੍ਰਾਪਤ ਨਹੀਂ ਕਰ ਸਕਿਆ ਹੈ। ਇਸ ਤੋਂ ਪਹਿਲਾਂ ਰਿਪੋਰਟ ਮਿਲੀ ਸੀ ਕਿ ਯੂ.ਕੇ ਕਈ ਸ਼ਰਤਾਂ ਦੇ ਨਾਲ ਚੀਨ ਨੂੰ ਯੂਰਪ ਦਾ ਸੱਭ ਤੋਂ ਵੱਡਾ ਦੂਤਘਰ ਖੋਲ੍ਹਣ ਦੀ ਇਜਾਜ਼ਤ ਦੇ ਸਕਦਾ ਹੈ।

ਇਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਦਸਿਆ, ਅਮਰੀਕਾ ਚੀਨ ਨੂੰ ਸਾਡੇ ਸੱਭ ਤੋਂ ਨੇੜਲੇ ਸਹਿਯੋਗੀਆਂ ਵਿਚੋਂ ਇਕ ਦੇ ਸੰਵੇਦਨਸ਼ੀਲ ਸੰਚਾਰ ਤਕ ਸੰਭਾਵੀ ਪਹੁੰਚ ਪ੍ਰਦਾਨ ਕਰਨ ਬਾਰੇ ਡੂੰਘਾ ਚਿੰਤਤ ਹੈ। ਜਿਸ ਇਮਾਰਤ ਵਿਚ ਚੀਨ ਦੂਤਘਰ ਖੋਲ੍ਹਣਾ ਚਾਹੁੰਦਾ ਹੈ ਉਹ ਵਿੱਤੀ ਕੇਂਦਰਾਂ ਦੇ ਨਾਲ-ਨਾਲ ਤਿੰਨ ਮਹੱਤਵਪੂਰਨ ਡੇਟਾ ਸੈਂਟਰਾਂ ਨਾਲ ਸਥਿਤ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਹਿਲਾਂ ਯੂ.ਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਬੀਜਿੰਗ ਨੂੰ ਦੂਤਘਰ ਖੋਲ੍ਹਣ ਤੋਂ ਇਨਕਾਰ ਕਰਨ ਲਈ ਕਿਹਾ ਸੀ ਇਹ ਮੁੱਦਾ ਵਪਾਰ ਗੱਲਬਾਤ ਦੌਰਾਨ ਉਠਾਇਆ ਗਿਆ ਸੀ। ਸੂਤਰਾਂ ਅਨੁਸਾਰ ਜੇਕਰ ਇਹ ਦੂਤਘਰ ਖੋਲ੍ਹਿਆ ਜਾਂਦਾ ਹੈ ਤਾਂ ਟਰੰਪ ਪ੍ਰਸ਼ਾਸਨ ਨੂੰ ਖ਼ੁਫ਼ੀਆ ਜਾਣਕਾਰੀ ਯੂ. ਕੇ ਨੂੰ ਟਰਾਂਸਫ਼ਰ ਕਰਨ ਬਾਰੇ ਚਿੰਤਾਵਾਂ ਹੋਣਗੀਆਂ।

# ਮਰਹੂਮ ਰਾਗੀ ਭਾਈ ਇੰਦਰਜੀਤ ਸਿੰਘ ਸਬੰਧੀ ਇੰਗਲੈਂਡ ਕਰੋਨਰ ਨੂੰ ਐਮ.ਪੀ. ਭਾਈ ਖ਼ਾਲਸਾ ਨੇ ਲਿਖਿਆ ਪੱਤਰ



ਭਾਈ ਇੰਦਰਜੀਤ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਫਰੀਦਕੋਟ ਤੋਂ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖਾਲਸਾ ਨੇ ਪਿਛਲੇ ਦਿਨੀਂ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਜੋ ਕਿ ਪ੍ਰਚਾਰ ਫੇਰੀ ਦੌਰਾਨ ਯੂ.ਕੇ. ਵਿਖੇ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦਾ ਪੋਸਟ ਮਾਰਟਮ ਨਾ ਕਰਨ ਸਬੰਧੀ ਮੈਡੀਕਲ ਜਾਂਚ ਅਤੇ ਇੰਗਲੈਂਡ ਕਰੋਨਰ ਨੂੰ ਇੱਕ ਪੱਤਰ ਲਿਖਿਆ ਹੈ। ਵਾਕਸਹੈਮ ਹਸਪਤਾਲ ਸਲੋਹ ਨੂੰ ਲਿਖੇ ਉਕਤ ਪੱਤਰ ਵਿਚ ਐਮ.ਪੀ. ਭਾਈ ਖਾਲਸਾ ਨੇ ਲਿਖਿਆ ਕਿ ਭਾਈ ਇੰਦਰਜੀਤ ਸਿੰਘ ਸਿੱਖ ਧਰਮ ਦੇ ਪ੍ਰਚਾਰਕ ਸਨ ਅਤੇ ਉਨ੍ਹਾਂ ਨੇ ਅੰਮ੍ਰਿਤਪਾਨ ਕੀਤਾ ਹੋਇਆ ਸੀ। ਅੰਮ੍ਰਿਤਧਾਰੀ ਸਿੱਖ ਲਈ ਸਰੀਰ ਤੋਂ ਕੇਸ ਕੱਟਣੇ ਸਿੱਖ ਧਰਮ ਦੇ ਨਿਯਮਾਂ ਦੇ ਵਿਰੁੱਧ ਹਨ। ਇਸ ਕਾਰਨ ਭਾਈ ਇੰਦਰਜੀਤ ਸਿੰਘ ਦੀ ਮ੍ਰਿਤਕ ਦੇਹ ਦਾ ਪੋਸਟ ਮਾਰਟਮ ਨਾ ਕੀਤਾ ਜਾਵੇ ਤਾਂ ਜੋ ਸਿੱਖ ਧਰਮ ਦੀ ਮਰਯਾਦਾ ਦੀ ਉਲੰਘਣਾਂ ਨਾ ਹੋਵੇ।

# ਗੁਰਦੁਆਰਾ ਦਸਮੇਸ਼ ਸਾਹਿਬ ਲੈਸਟਰ ਵਿਖੇ ਸ਼ਹੀਦੀ ਦਿਹਾੜੇ ਨੂੰ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਗਿਆ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਧਰਮ ਪ੍ਰਚਾਰ ਨੂੰ ਸਮਰਪਿਤ ਗੁਰਦੁਆਰਾ ਦਸਮੇਸ਼ ਸਾਹਿਬ ਲੈਸਟਰ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਤੀਜਾ ਘੱਲੂਘਾਰਾ 1984 ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ। ਤਿੰਨ ਦਿਨ ਨਿਰੰਤਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਹਜੂਰੀ ਰਾਗੀ ਭਾਈ ਜਤਿੰਦਰ ਸਿੰਘ, ਭਾਈ ਕਮਲਜੀਤ ਸਿੰਘ ਤੇ ਗਿਆਨੀ ਸੁਖਚੈਨ ਸਿੰਘ ਜੀ ਨੇ ਗੁਰਬਾਣੀ ਕੀਰਤਨ ਰਾਹੀਂ ਅਤੇ ਢਾਡੀ ਜਥਾ ਗਿਆਨੀ ਰਛਪਾਲ ਸਿੰਘ ਐਜਲਾ ਨੇ ਢਾਡੀ ਵਾਰਾਂ ਤੇ ਗੁਰ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਤਰ੍ਹਾਂ ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਬਾਈ ਲੈਸਟਰ ਵਿਖੇ ਸਜਾਏ ਗਏ ਦੀਵਾਨ ਵਿੱਚ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸਿੱਖ ਪੰਥ ਦੇ ਉਘੇ ਵਿਦਵਾਨ ਸ: ਭਗਵਾਨ ਸਿੰਘ ਜੌਹਲ ਨੇ ਗੁਰਮਤਿ ਵਖਿਆਨ ਦੁਆਰਾ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਅਤੇ ਗੁਰਦੁਆਰਾ ਨਵ-ਉਸਾਰੀ ਦੇ ਮਹਾਨ ਪਰਉਪਕਾਰੀ ਕੀਤੇ ਕਾਰਜ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਗਤ ਨੂੰ ਵਧਾਈ ਦਿੱਤੀ। ਇਸ ਮੌਕੇ ਸੰਭਲ ਜੀ ਦੀਆਂ ਦੋ ਸਾਹਿਤ ਰਚਨਾਵਾਂ ਸਟੇਜ ਸਕੱਤਰ ਸ: ਹਿੰਦਪਾਲ ਸਿੰਘ ਨੂੰ ਜੌਹਲ ਨੇ ਭੇਟ ਕੀਤੀਆਂ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਉਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥

# ਕਾਰ ਸੇਵਾ ਲੰਗਰ ਹਾਲ ਗੁਰਦੁਆਰਾ ਸੱਚਾ ਸੌਦਾ ਚੂਹੜਕਾਣਾ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਖੇ ਸੇਵਾ ਦੀ ਅਪੀਲ





ਗੁਰਦੁਆਰਾ ਸੱਚਾ ਸੌਦਾ ਚੂਹੜਕਾਣਾ, (ਪਾਕਿਸਤਾਨ) ਅਤੇ ਸੱਜੇ ਪਾਸੇ ਬਣਨ ਵਾਲੇ ਲੰਗਰ ਹਾਲ ਦਾ ਮਾਡਲ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਕਾਰ ਸੇਵਾ ਲੰਗਰ ਹਾਲ ਗੁਰਦੁਆਰਾ ਸੱਚਾ ਸੌਦਾ ਚੂਹੜਕਾਣਾ ਵਿੱਚ ਬਣਨ ਜਾ ਰਹੇ ਹਨ। ਇਸ ਲਈ ਹੇਠਾਂ ਦਿੱਤੇ ਅਨੁਸਾਰ ਸਾਮਾਨ ਦੀ ਜ਼ਰੂਰਤ ਹੈ। ਬੇਨਤੀ ਹੈ ਕਿ ਆਪਣੀ ਸ਼ਰਧਾ ਅਤੇ ਵਿੱਤ ਮੁਤਾਬਿਕ ਵੱਧ ਚੜ੍ਹਕੇ ਸੇਵਾ ਵਿੱਚ ਹਿੱਸਾ ਪਾਉਣ ਦੀ ਕਿਰਪਾਲਤਾ ਕਰਨੀ ਜੀ ਤਾਂ ਕਿ ਗੁਰੂ ਨਾਨਕ ਸਾਹਿਬ ਜੀ ਵੱਲੋਂ ਆਰੰਭੇ ਪਹਿਲੇ ਲੰਗਰ ਹਾਲ ਗੁਰਦੁਆਰਾ ਸੱਚਾ ਸਉਦਾ ਦੀ ਇਮਾਰਤ ਜਲਦੀ ਤੋਂ ਜਲਦੀ ਤਿਆਰ ਹੋ ਸਕੇ।

1 . ਇੱਟਾਂ = 1000 ਦੀ ਕੀਮਤ 15000 ਰੁਪਏ।
2. ਸੀਮਿੰਟ = 1500 ਰੁਪਏ ਇੱਕ ਬੋਰੀ।
3. ਮੋਟੀ ਬੱਜਰੀ ਇੱਕ ਟਰੱਕ = 110000 ਰੁਪਏ
4. ਬਰੀਕ ਬਜਰੀ ਇੱਕ ਟਰੱਕ = 99000 ਰੁਪਏ
5. ਰੇਤੇ ਦਾ ਟਰੱਕ (ਡੰਪਰ) = 35000 ਰੁਪਏ
6. ਸਰੀਆ (ਸਟੀਲ) 235000 ਪਰ ਟੱਨ (150 ਟੱਨ ਦੀ ਜ਼ਰੂਰਤ ਹੈ)
7. ਰਾਜ ਮਿਸਤਰੀ = 2000 ਰੁਪਏ ਇੱਕ ਦਿਹਾੜੀ × ਚਾਰ ਮਿਸਤਰੀ
8. ਮਜ਼ਦੂਰ = 1400 ਰੁਪਏ ਇੱਕ ਦਿਹਾੜੀ × ਛੇ ਮਜ਼ਦੂਰ
9. ਸਿਵਲ ਇੰਜੀਨੀਅਰ = 15000ਰੁਪਏ ਇੱਕ ਵਿਜ਼ਿੱਟ (ਹਫ਼ਤੇ ਵਿੱਚ ਦੋ ਵਾਰ)
10. ਆਰਕੀਟੈਕਟ = 25000 ਰੁਪਏ ਇੱਕ ਵਿਜ਼ਿੱਟ (ਹਫ਼ਤੇ ਵਿੱਚ ਇੱਕ ਵਾਰ)
11. ਮਿਸਤਰੀਆਂ, ਮਜ਼ਦੂਰਾਂ ਅਤੇ ਹੋਰ ਸਟਾਫ ਦਾ ਰੋਜ਼ਾਨਾ ਲੰਗਰ ਖਰਚਾ = 25000 ਰੁਪਏ ਇੱਕ ਦਿਨ ਦੀ ਸੇਵਾ।

## ਗੁਰਦੁਆਰਾ ਸੱਚਾ ਸੌਦਾ ਵਿਖੇ ਬਣਨ ਵਾਲੇ ਲੰਗਰ ਹਾਲ ਦੀ ਚੱਲ ਰਹੀ ਕਾਰ ਸੇਵਾ ਦੀਆਂ ਤਸਵੀਰਾਂ:









KAAR SEWA LANGER HALL GURDWARA SACHA SAUDA CHUHERKANA, DISTRICT: SHEKHUPURA (PAKISTAN)

## ਇਸ ਸੰਬੰਧੀ ਵਧੇਰੇ ਜਾਣਕਾਰੀ ਜਾਂ ਸੇਵਾਵਾਂ ਲੈਣ ਲਈ ਇਨ੍ਹਾਂ ਨੰਬਰਾਂ ’ਤੇ ਸੰਪਰਕ ਕੀਤਾ ਜਾ ਸਕਦਾ ਹੈ:

ਭਾਈ ਤਰਬੇਦੀ ਸਿੰਘ ਯੂ ਕੇ
+44 7835 424744
ਸਰਦਾਰ ਚਰਨਜੀਤ ਸਿੰਘ ਜੀ ਸਾਬਕਾ ਪ੍ਰਧਾਨ
ਗੁਰਦੁਆਰਾ ਸਿੰਘ ਸਭਾ ਮਾਨਚੈਸਟਰ +44 7951 825192
ਸਰਦਾਰ ਪਰਵਿੰਦਰ ਸਿੰਘ ਯੂ ਕੇ
+44 7971 331442
ਬੀਬੀ ਕੰਵਲਜੀਤ ਕੌਰ ਸੰਧੂ ਯੂ ਕੇ
+44 7846 618818
ਗਿਆਨੀ ਅਮਰੀਕ ਸਿੰਘ ਜੀ ਰਾਠੌਰ
ਮਾਨਚੈਟਰ ਯੂ ਕੇ +44 7890 609838

ਬੀਬੀ ਦਲਜੀਤ ਕੌਰ ਪੋਰਟਸਮਾਊਥ +44 7913 372671
ਸਰਦਾਰਨੀ ਪਰਮਜੀਤ ਕੌਰ ਰੈਡਿੰਗ +44 7469 398737
ਬੀਬੀ ਲਖਵਿੰਦਰ ਕੌਰ ਵਿਰਦੀ
(Sira Cash & Carry Hayes) + 44 7776 211918
ਬਾਬਾ ਜੱਗਮਿਥਿਆ ਸਿੰਘ ਜੀ ਯੂ ਕੇ
+44 - 7411 230713
ਸਰਦਾਰ ਪ੍ਰਿਤਪਾਲ ਸਿੰਘ ਜੀ ਬੰਬੇ
+ 44 7760 511069
ਸਰਦਾਰ ਜਤਿੰਦਰਪਾਲ ਸਿੰਘ ਜੀ ਵਿਰਕ
ਹੰਸਲੋ ਯੂ ਕੇ + 44 7919 261893

ਬਾਬਾ ਸੁਲੱਖਣ ਸਿੰਘ ਜੀ ਆਸਟਰੀਆ
+43 699 11318616
ਭਾਈ ਇਕਬਾਲ ਸਿੰਘ ਜੀ ਯੂ ਐਸ ਏ
+1 209 665 8881
ਭਾਈ ਸਾਹਿਬ ਬਲਜਿੰਦਰ ਸਿੰਘ ਜੀ ਬੁੱਢਾ ਦਲ
ਸਿਆਟਲ ਅਮਰੀਕਾ +1 206 327 7160
ਸ੍ਰਦਾਰ ਮਨਜੀਤ ਸਿੰਘ ਜੀ ਰੋਮ
ਇਟਲੀ +39 329 421 6520
ਬਾਬਾ ਮਨਜੀਤ ਸਿੰਘ ਜੀ ਰਾੜਾ ਸਾਹਿਬ ਭੰਗਾਲ਼ਾ
(ਜਲੰਧਰ ਪੰਜਾਬ) +91 98150 13000

NHS ਐਨ ਐਚ ਐਸ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ



# ਛਾਤੀ ਦੀ ਜਾਂਚ ਜ਼ਿੰਦਗੀਆਂ ਬਚਾਉਂਦੀ ਹੈ

ਛਾਤੀ ਦੀ ਜਾਂਚ ਕਰਵਾਉਣ ਨਾਲ ਸਿਰਫ਼ ਸਿਹਤ ਸੰਬੰਧੀ ਚਿੰਤਾ ਹੀ ਨਹੀਂ ਘਟਦੀ, ਸਗੋਂ ਮਨ ਨੂੰ ਸ਼ਾਂਤੀ ਵੀ ਮਿਲਦੀ ਹੈ।

ਐਨ.ਐਚ.ਐੱਸ (NHS) ਔਰਤਾਂ ਨੂੰ ਉਤਸਾਹਿਤ ਕਰ ਰਿਹਾ ਹੈ ਕਿ ਜਦੋਂ ਉਨ੍ਹਾਂ ਦੀ ਛਾਤੀ ਦੀ ਜਾਂਚ ਲਈ ਬੁਲਾਇਆ ਜਾਵੇ, ਤਾਂ ਉਹ ਆਪਣੀ ਅਪਾਇੰਟਮੈਂਟ 'ਤੇ ਜ਼ਰੂਰ ਜਾਣ।

ਐਨ.ਐਚ.ਐੱਸ (NHS) ਦੀ ਛਾਤੀ ਜਾਂਚ ਤੁਹਾਨੂੰ ਕੁਝ ਮਹਿਸੂਸ ਹੋਣ ਤੋਂ ਪਹਿਲਾਂ ਕੈਂਸਰ ਦੀ ਪਛਾਣ ਕਰ ਸਕਦੀ ਹੈ, ਜਿਸ ਨਾਲ ਇਲਾਜ ਤੁਰੰਤ ਸ਼ੁਰੂ ਹੋ ਸਕਦਾ ਹੈ ਅਤੇ ਬਿਹਤਰ ਨਤੀਜੇ ਪ੍ਰਾਪਤ ਹੁੰਦੇ ਹਨ। ਜ਼ਿਆਦਾਤਰ ਕੇਸਾਂ ਵਿੱਚ, ਇਹ ਸਿਰਫ਼ ਤੁਹਾਡੀ ਚਿੰਤਾ ਨੂੰ ਦੂਰ ਕਰਦੀ ਹੈ। ਇਸ ਲਈ ਜਦੋਂ ਤੁਹਾਨੂੰ ਮੈਮੋਗ੍ਰਾਮ ਲਈ ਸੱਦਾ ਆਵੇ, ਤਾਂ ਮੀਟਿੰਗ ਨੂੰ ਪੱਕਾ ਕਰ ਲਓ—ਕਿਉਂਕਿ ਇਹ ਤੁਹਾਡੀ ਜ਼ਿੰਦਗੀ ਬਚਾ ਸਕਦੀ ਹੈ।

ਹੋਰ ਜਾਣਕਾਰੀ ਲਈ ਐਨ ਐਚ ਐਸ ਬ੍ਰੈਸਟ ਸਕਰੀਨਿੰਗ ਨੂੰ ਖੋਜੋ 'NHS breast screening'

## 'ਜਾਂਚ ਜ਼ਿੰਦਗੀਆਂ ਬਚਾਉਂਦੀ ਹੈ'

### ਛਾਤੀ ਦੀ ਜਾਂਚ ਕੀ ਹੁੰਦੀ ਹੈ?

ਛਾਤੀ ਦੀ ਜਾਂਚ ਵਿੱਚ ਐਕਸਰੇ ਜਿਨ੍ਹਾਂ ਨੂੰ ਮੈਮੋਗ੍ਰਾਮ ਕਿਹਾ ਜਾਂਦਾ ਹੈ-, ਦੀ ਵਰਤੋਂ ਕਰਕੇ ਕੈਂਸਰ ਦੇ ਸ਼ੁਰੂਆਤੀ ਲੱਛਣ ਲੱਭੇ ਜਾਂਦੇ ਹਨ—ਅਕਸਰ ਉਦੋਂ ਵੀ, ਜਦੋਂ ਕੋਈ ਲੱਛਣ ਦਿਖਾਈ ਨਹੀਂ ਦਿੰਦੇ। ਇਹ ਕਾਰਵਾਈ ਖ਼ਾਸ ਸਿਖਲਾਈ ਪ੍ਰਾਪਤ ਮਹਿਲਾ ਸਿਹਤ ਮਾਹਿਰਾਂ (ਮੈਮੋਗ੍ਰਾਫਰਾਂ) ਦੁਆਰਾ ਕੀਤੀ ਜਾਂਦੀ ਹੈ, ਜੋ ਤੁਹਾਡਾ ਪੂਰਾ ਧਿਆਨ ਰੱਖਦੀਆਂ ਹਨ।

ਛਾਤੀ ਦੇ ਕੈਂਸਰ ਦੇ ਖਤਰੇ ਦੀ ਸੰਭਾਵਨਾ ਉਮਰ ਨਾਲ ਵਧਦੀ ਜਾਂਦੀ ਹੈ, ਇਸ ਲਈ ਇਸਦਾ ਛੇਤੀ ਪਤਾ ਲਗਾਉਣ ਲਈ ਨਿਯਮਤ ਜਾਂਚ ਜ਼ਰੂਰੀ ਹੈ। ਛਾਤੀ ਦੀ ਜਾਂਚ ਉਹ ਕੈਂਸਰ ਲੱਭ ਸਕਦੀ ਹੈ ਜੋ ਮਹਿਸੂਸ ਕਰਨ ਜਾਂ ਦੇਖਣ ਲਈ ਬਹੁਤ ਛੋਟੇ ਹੋ ਸਕਦੇ ਹਨ, ਜਿਸ ਨਾਲ ਇਲਾਜ ਦੇ ਨਤੀਜੇ ਕਾਫੀ ਬਿਹਤਰ ਹੋ ਸਕਦੇ ਹਨ। ਯੂਕੇ ਵਿੱਚ ਇਹ ਜਾਂਚ ਹਰ ਸਾਲ ਲਗਭਗ 1,300 ਜ਼ਿੰਦਗੀਆਂ ਬਚਾਉਂਦੀ ਹੈ। ਜੇਕਰ ਕੈਂਸਰ ਦੀ ਪਛਾਣ ਬਹੁਤ ਜਲਦੀ ਹੋ ਜਾਵੇ ਤਾਂ ਇਲਾਜ ਸਫਲ ਹੋਣ ਦੀ ਸੰਭਾਵਨਾ ਕਾਫੀ ਵੱਧ ਜਾਂਦੀ ਹੈ - ਸਭ ਤੋਂ ਸ਼ੁਰੂਆਤੀ ਪੜਾਅ ਵਿੱਚ ਕੈਂਸਰ ਦੀ ਪਛਾਣ ਹੋਣ 'ਤੇ 98% ਔਰਤਾਂ ਪੰਜ ਸਾਲ ਜਾਂ ਉਸ ਤੋਂ ਵੱਧ ਜੀਵਨ ਬਿਤਾਉਂਦੀਆਂ ਹਨ।

ਜੇਕਰ ਤੁਸੀਂ ਜੀਪੀ/ ਡਾਕਟਰ ਕੋਲ ਔਰਤ ਵਜੋਂ ਰਜਿਸਟਰ ਹੋ, ਤਾਂ ਤੁਹਾਨੂੰ 50ਵੇਂ ਤੋਂ ਲੈ ਕੇ 71ਵੇਂ ਜਨਮ ਦਿਨ ਤੱਕ ਹਰ ਤਿੰਨ ਸਾਲਾਂ ਵਿੱਚ ਐਨ.ਐਚ.ਐੱਸ (NHS) ਵੱਲੋਂ ਛਾਤੀ ਦੀ ਜਾਂਚ ਕਰਵਾਉਣ ਲਈ ਸੱਦਾ ਆਵੇਗਾ। ਤੁਹਾਡਾ ਪਹਿਲਾ ਸੱਦਾ ਤੁਹਾਨੂੰ 50 ਤੋਂ 53 ਸਾਲ ਦੀ ਉਮਰ ਵਿੱਚ ਡਾਕ ਰਾਹੀਂ ਮਿਲੇਗਾ। ਬਾਅਦ ਵਿੱਚ, ਤੁਹਾਨੂੰ 71 ਸਾਲ ਦੀ ਉਮਰ ਤੱਕ ਨਿਯਮਤ ਸੱਦੇ ਆਉਂਦੇ ਰਹਿਣਗੇ। ਸੱਦਾ ਪ੍ਰਾਪਤ ਕਰਨ ਲਈ, ਤੁਹਾਡਾ ਜੀਪੀ ਕੋਲ ਰਜਿਸਟਰ ਹੋਣਾ ਜ਼ਰੂਰੀ ਹੈ। ਜੇਕਰ ਤੁਹਾਨੂੰ 53 ਸਾਲ ਦੀ ਉਮਰ ਤੱਕ ਸੱਦਾ ਨਹੀਂ ਆਇਆ ਜਾਂ ਤੁਸੀਂ ਆਪਣੀ ਮੀਟਿੰਗ ਮਿਸ ਕਰ ਦਿੱਤੀ ਹੈ, ਤਾਂ ਤੁਸੀਂ ਆਪਣੇ ਨਜ਼ਦੀਕੀ ਐਨ.ਐਚ.ਐੱਸ. (NHS) ਬ੍ਰੈਸਟ ਸਕ੍ਰੀਨਿੰਗ ਸੈਂਟਰ ਨਾਲ ਸੰਪਰਕ ਕਰਕੇ ਕਿਸੇ ਵੀ ਸਮੇਂ ਆਪਣੀ ਜਾਂਚ ਬੁੱਕ ਕਰ ਸਕਦੇ ਹੋ।

### ਮੈਮੋਗ੍ਰਾਮ ਲਈ ਜਾਣ ਦੌਰਾਨ ਕੀ ਹੁੰਦਾ ਹੈ?

ਜਾਂਚ ਤੋਂ ਪਹਿਲਾਂ, ਮਹਿਲਾ ਮੈਮੋਗ੍ਰਾਫਰ ਤੁਹਾਡੀ ਜਾਣਕਾਰੀ ਦੀ ਪੁਸ਼ਟੀ ਕਰੇਗੀ, ਤੁਹਾਡੀਆਂ ਛਾਤੀ ਸੰਬੰਧੀ ਚਿੰਤਾਵਾਂ ਬਾਰੇ ਪੁੱਛੇਗੀ, ਅਤੇ ਜਾਂਚ ਦੀ ਪ੍ਰਕਿਰਿਆ ਨੂੰ ਸਮਝਾਏਗੀ। ਤੁਸੀਂ ਆਪਣੇ ਸਵਾਲ ਪੁੱਛ ਸਕਦੇ ਹੋ, ਅਤੇ ਉਹ ਤੁਹਾਡੀ ਸਹੂਲਤ ਅਤੇ ਆਰਾਮ ਦਾ ਪੂਰਾ ਧਿਆਨ ਰੱਖੇਗੀ।

ਮੈਮੋਗ੍ਰਾਮ ਲਈ ਤੁਹਾਨੂੰ ਕਮਰ ਤੋਂ ਉੱਪਰ ਦੇ ਕੱਪੜੇ ਉਤਾਰਨੇ ਪੈਣਗੇ, ਇਸ ਲਈ ਸਕਰਟ ਜਾਂ ਪੈਂਟ ਪਹਿਨਣਾ ਸਹੀ ਰਹੇਗਾ। ਜਾਂਚ ਦੌਰਾਨ, ਹਰ ਛਾਤੀ ਦੇ ਦੋ ਐਕਸਰੇ ਲਏ ਜਾਂਦੇ ਹਨ - ਕੁੱਲ ਚਾਰ। ਇਸ ਵਿੱਚ ਸਿਰਫ਼ ਕੁਝ ਮਿੰਟ ਲੱਗਦੇ ਹਨ, ਹਾਲਾਂਕਿ ਪੂਰੀ ਮੀਟਿੰਗ ਲਗਭਗ 30 ਮਿੰਟ ਚਲਦੀ ਹੈ। ਕੁਝ ਔਰਤਾਂ ਨੂੰ ਥੋੜ੍ਹਾ ਅਸੁਵਿਧਾਜਨਕ ਮਹਿਸੂਸ ਹੋ ਸਕਦਾ ਹੈ, ਪਰ ਇਹ ਜ਼ਿਆਦਾਤਰ ਛੇਤੀ ਠੀਕ ਲੱਗਦਾ ਹੈ।

ਨਤੀਜੇ ਤੁਹਾਨੂੰ ਦੋ ਹਫ਼ਤਿਆਂ ਦੇ ਅੰਦਰ ਡਾਕ ਰਾਹੀਂ ਭੇਜੇ ਜਾਂਦੇ ਹਨ। ਜੇਕਰ ਕੋਈ ਕੈਂਸਰ ਦੇ ਲੱਛਣ ਨਹੀਂ ਮਿਲਦੇ, ਤਾਂ ਵੀ ਆਪਣੇ ਸਰੀਰ ਵਿੱਚ ਆ ਰਹੀਆਂ ਤਬਦੀਲੀਆਂ ਉੱਤੇ ਨਜ਼ਰ ਰੱਖੋ ਅਤੇ ਜੇਕਰ ਕੁਝ ਵੀ ਅਜਿਹਾ ਮਹਿਸੂਸ ਕਰੋ ਤਾਂ ਤੁਰੰਤ ਆਪਣੇ ਜੀ.ਪੀ. ਨਾਲ ਸੰਪਰਕ ਕਰੋ।

ਛਾਤੀ ਦੀ ਜਾਂਚ ਕੈਂਸਰ ਦੀ ਸ਼ੁਰੂਆਤੀ ਪੱਧਰ 'ਤੇ ਪਛਾਣ ਕਰ ਸਕਦੀ ਹੈ, ਜਿਸ ਸਮੇਂ ਇਲਾਜ ਸਭ ਤੋਂ ਪ੍ਰਭਾਵਸ਼ਾਲੀ ਹੁੰਦਾ ਹੈ। ਭਾਵੇਂ ਤੁਹਾਡੀ ਜਾਂਚ ਵਿੱਚ ਕੁਝ ਨਾ ਆਇਆ ਹੋਵੇ, ਇਹ ਮਹੱਤਵਪੂਰਨ ਹੈ ਕਿ ਤੁਸੀਂ ਮੈਮੋਗ੍ਰਾਮਾਂ ਦੇ ਦਰਮਿਆਨ ਵੀ ਆਪਣੀ ਛਾਤੀ ਨੂੰ ਨਿਯਮਤ ਤੌਰ 'ਤੇ ਚੈੱਕ ਕਰਦੇ ਰਹੋ ਅਤੇ ਜੇਕਰ ਤੁਹਾਨੂੰ ਕੋਈ ਬਦਲਾਅ ਨਜ਼ਰ ਆਉਂਦਾ ਹੈ ਤਾਂ ਆਪਣੇ ਜੀਪੀ ਨਾਲ ਸੰਪਰਕ ਕਰੋ।

Screening saves lives

Help us help you

## 'ਸਾਨੂੰ ਚੁੱਪ ਤੋੜਨੀ ਚਾਹੀਦੀ ਹੈ'

ਨੌ ਸਾਲ ਪਹਿਲਾਂ, ਐਸੈਕਸ ਦੀ 52 ਸਾਲਾ ਬਲਵਿੰਦਰ ਨਨਰੇ ਨੇ ਐਨ.ਐਚ.ਐੱਸ. (NHS) ਪਾਸੋਂ ਛਾਤੀ ਦੀ ਜਾਂਚ ਕਰਵਾਈ। ਉਸਨੇ ਕਿਹਾ, "ਮੈਂ ਬਿਲਕੁਲ ਸਿਹਤਮੰਦ ਮਹਿਸੂਸ ਕਰ ਰਹੀ ਸੀ—ਕੋਈ ਲੱਛਣ ਨਹੀਂ, ਕੋਈ ਗੰਢ ਨਹੀਂ, ਕੁਝ ਵੀ ਅਜਿਹਾ ਨਹੀਂ ਸੀ ਜੋ ਚਿੰਤਾ ਦਾ ਕਾਰਨ ਬਣੇ। ਪਰਿਵਾਰ ਵਿੱਚ ਵੀ ਕੈਂਸਰ ਦਾ ਕੋਈ ਇਤਿਹਾਸ ਨਹੀਂ ਸੀ। ਮੈਂ ਆਪਣੇ ਕੈਰੀਅਰ ਦੀ ਪੂਰੀ ਚੜ੍ਹਾਈ 'ਤੇ ਸੀ, ਲਗਾਤਾਰ ਯਾਤਰਾਵਾਂ ਕਰ ਰਹੀ ਸੀ, ਅਤੇ ਆਪਣੇ ਭੈਣ-ਭਰਾਵਾਂ ਵਿੱਚੋਂ ਸਭ ਤੋਂ ਤੰਦਰੁਸਤ ਸੀ। ਪਰ ਜਦੋਂ ਇਹ ਹੋਇਆ, ਤਾਂ ਇਹ ਬਹੁਤ ਅਣਕਿਆਸਿਆ ਸੀ।"

ਹੁਣ 61 ਸਾਲ ਦੀ ਹੋ ਚੁੱਕੀ ਬਲਵਿੰਦਰ ਕਹਿੰਦੀ ਹੈ, "ਜਾਂਚ ਤੋਂ ਬਾਅਦ ਮੈਨੂੰ ਮੁੜ ਬੁਲਾਇਆ ਗਿਆ। ਅਲਟ੍ਰਾਸਾਊਂਡ ਅਤੇ ਨੀਡਲ ਬਾਇਓਪਸੀ ਹੋਈ। ਇੱਕ ਟ੍ਰੇਨੀ ਡਾਕਟਰ ਨੇ ਲੰਪੈਕਟੋਮੀ ਦੀ ਗੱਲ ਕੀਤੀ, ਪਰ ਬ੍ਰੈਸਟ ਸਰਜਨ ਨੇ ਕਿਹਾ ਕਿ ਮੈਨੂੰ ਮੈਸਟੈਕਟੋਮੀ ਦੀ ਲੋੜ ਹੋਵੇਗੀ। ਸਿਰਫ਼ ਤਿੰਨ ਹਫ਼ਤਿਆਂ ਵਿੱਚ ਮੇਰੀ ਸਰਜਰੀ ਹੋਈ, ਅਤੇ ਇੱਕ ਮਹੀਨੇ ਅੰਦਰ ਮੈਨੂੰ ਅੱਠ ਮਹੀਨੇ ਦੀ ਕੀਮੋਥੈਰੇਪੀ ਸ਼ੁਰੂ ਕਰਨੀ ਪਈ।
"ਐਨ.ਐਚ.ਐੱਸ (NHS) ਦੀ ਮੈਡੀਕਲ ਟੀਮ ਬਹੁਤ ਵਧੀਆ ਸੀ - ਉਨ੍ਹਾਂ ਨੇ ਕੀਮੋ-ਥੈਰੇਪੀ, ਰੇਡੀਓਥੈਰੇਪੀ ਅਤੇ ਸਭ ਤੋਂ ਵਧੀਆ ਇਲਾਜ ਕੀਤਾ। ਉਨ੍ਹਾਂ ਦੀ ਦੇਖਭਾਲ ਦੀ ਬਦੌਲਤ ਮੇਰੀ ਜਾਂਚ ਹੁਣ ਤੱਕ ਸਾਫ਼ ਆ ਰਹੀ ਹੈ, ਅਤੇ ਮੈਨੂੰ ਇਸਦੇ ਵਾਪਸ ਆਉਣ ਤੋਂ ਰੋਕਣ ਲਈ ਲੰਬੇ ਸਮੇਂ ਲਈ ਦਵਾਈ ਮਿਲ ਰਹੀ ਹੈ।"

ਬਲਵਿੰਦਰ ਨੇ ਕਿਹਾ ਕਿ ਸਿਹਤ ਬਾਰੇ ਗੱਲਬਾਤ ਕਰਨ ਦੌਰਾਨ ਸੱਭਿਆਚਾਰਕ ਚੁੱਪ ਨੂੰ ਤੋੜਨ ਦੀ ਲੋੜ ਹੈ, ਖਾਸ ਕਰਕੇ ਛਾਤੀ ਦੇ ਕੈਂਸਰ ਬਾਰੇ ਗੱਲ ਕਰਨ ਲਈ। ਉਸਨੇ ਕਿਹਾ, "ਸਾਊਥ ਏਸ਼ੀਅਨ ਭਾਈਚਾਰਿਆਂ ਵਿੱਚ ਸਿਹਤ ਬਾਰੇ ਗੱਲ ਕਰਨਾ ਔਖਾ ਲੱਗਦਾ ਹੈ, ਪਰ ਇਹ ਗੱਲਾਂ ਆਮ ਹੋਣੀਆਂ ਚਾਹੀਦੀਆਂ ਹਨ। ਸਿਰਫ਼ ਕਲੀਨਿਕ ਵਿੱਚ ਨਹੀਂ, ਸਗੋਂ ਦੋਸਤਾਂ ਨਾਲ ਕੌਫੀ ਪੀਂਦੇ ਹੋਏ



ਬਲਵਿੰਦਰ ਨਨਰੇ

ਵੀ ਇਹ ਗੱਲਾਂ ਕਰਨੀਆਂ ਚਾਹੀਦੀਆਂ ਹਨ, ਸਾਨੂੰ ਇਸ ਬਾਰੇ ਚਰਚਾ ਕਰਨ ਵਿੱਚ ਸਹਿਜ ਮਹਿਸੂਸ ਕਰਨਾ ਚਾਹੀਦਾ ਹੈ। ਅਸੀਂ ਇਹ ਗੱਲਾਂ ਹੁਣ ਕਰੀਏ ਤਾਂ ਕਿ ਭਵਿੱਖ ਦੀ ਪੀੜ੍ਹੀ ਨੂੰ ਲਾਭ ਮਿਲੇ, ਕਿਉਂਕਿ ਕੈਂਸਰ ਹਰ ਥਾਂ ਹੈ ਅਤੇ ਇਸਦੀ ਹੋਰ ਵਧਣ ਦੀ ਸੰਭਾਵਨਾ ਹੈ। ਔਰਤਾਂ ਨੂੰ ਜਾਂਚ ਕਰਵਾਉਣ ਅਤੇ ਆਪਣੇ ਸਰੀਰ ਨੂੰ ਸਮਝਣ ਲਈ ਹੱਲਾਸ਼ੇਰੀ ਦੇਣਾ ਬਹੁਤ ਜ਼ਰੂਰੀ ਹੈ।"

ਸਿਹਤ ਸਬੰਧੀ ਜਾਗਰੂਕਤਾ ਦੀ ਅਹਿਮੀਅਤ ਉਤੇ ਜ਼ੋਰ ਦਿੰਦਿਆਂ, ਬਲਵਿੰਦਰ ਨੇ ਆਖਿਆ, "ਔਰਤਾਂ ਅਕਸਰ ਮਹਿਸੂਸ ਕਰ ਲੈਂਦੀਆਂ ਹਨ ਕਿ ਕੁਝ ਗਲਤ ਹੈ, ਪਰ ਮੈਨੂੰ ਕੋਈ ਲੱਛਣ ਦਿਖਾਈ ਨਹੀਂ ਦਿੱਤਾ। ਮੈਂ ਸਿਹਤਮੰਦ ਸੀ, ਸਰਗਰਮ ਸੀ, ਅਤੇ ਕਦੇ-ਕਦੇ ਹੀ ਬੀਮਾਰ ਪੈਂਦੀ ਸੀ। ਬਹੁਤ ਵਾਰ, ਅਸੀਂ ਛੋਟੇ-ਮੋਟੇ ਲੱਛਣਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ, ਇਹ ਸੋਚਦੇ ਹੋਏ ਕਿ ਇਹ ਆਪਣੇ-ਆਪ ਠੀਕ ਹੋ ਜਾਣਗੇ। ਦਰਦ ਜਾਂ ਨਤੀਜੇ ਦੇ ਡਰ ਦੇ ਕਾਰਨ ਬਹੁਤ ਸਾਰੀਆਂ ਔਰਤਾਂ ਜਾਂਚ ਤੋਂ ਪਿੱਛੇ ਹਟ ਜਾਂਦੀਆਂ ਹਨ। ਪਰ ਜਾਂਚ ਹਮੇਸ਼ਾ ਮਾੜੀਆਂ ਖ਼ਬਰਾਂ ਨਹੀਂ ਲਿਆਉਂਦੀ - ਜਲਦੀ ਪਛਾਣ ਨਾਲ ਇਲਾਜ ਦੇ ਨਤੀਜੇ ਬਿਹਤਰ ਹੁੰਦੇ ਹਨ।"ਇਸ ਲਈ ਸਾਨੂੰ ਚੁੱਪ ਤੋੜਨੀ ਪਏਗੀ - ਕਿਉਂਕਿ ਜਾਗਰੂਕਤਾ ਜ਼ਿੰਦਗੀਆਂ ਬਚਾਉਂਦੀ ਹੈ।"

ਯਾਦ ਰੱਖੋ: ਜਦੋਂ ਤੁਹਾਨੂੰ ਜਾਂਚ ਲਈ ਸੱਦਾ ਆਵੇ, ਮੀਟਿੰਗ ਦੀ ਮਿਤੀ ਨਿਸ਼ਚਤ ਕਰੋ, ਕਿਉਂਕਿ ਇਹ ਤੁਹਾਡੀ ਜ਼ਿੰਦਗੀ ਬਚਾ ਸਕਦੀ ਹੈ। ਹੋਰ ਜਾਣਕਾਰੀ ਲਈ 'NHS breast screening' ਨੂੰ ਖੋਜੋ

# ਭਾਰਤੀ ਮੂਲ ਦੇ ਅਪਰਾਧੀ ਨੂੰ ਬਰਤਾਨੀਆ ਵਿੱਚ ਕੈਦ ਦੀ ਸਜ਼ਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿੱਚ ਇੱਕ ਸੰਗਠਿਤ ਅਪਰਾਧੀ ਗਿਰੋਹ ਦੇ ਭਾਰਤੀ ਮੂਲ ਦੇ ਸਰਗਨਾ ਕੁਲਵੀਰ ਸ਼ੇਰਗਿੱਲ ਨੂੰ 21 ਸਾਲ ਅਤੇ ਤਿੰਨ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਦੋਸ਼ੀ ਨੇ ਮੰਨਿਆ ਸੀ ਕਿ ਉਹ ਬਰਤਾਨੀਆ ਵਿੱਚ ਵੱਡੀ ਮਾਤਰਾ ਵਿੱਚ ਕੋਕੀਨ ਆਯਾਤ ਕਰਨ ਲਈ ਇੱਕ ਅੰਤਰਰਾਸ਼ਟਰੀ ਸਾਜ਼ਿਸ਼ ਰਚ ਰਿਹਾ ਸੀ। ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਦੇ 43 ਸਾਲਾ ਕੁਲਵੀਰ ਸ਼ੇਰਗਿੱਲ ਨੇ ਨੈਸ਼ਨਲ ਕ੍ਰਾਈਮ ਏਜੰਸੀ (ਐਨ ਸੀ ਏ) ਦੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਉਸਨੇ ਮਾਰਸ਼ਲ ਆਰਟਸ ਸਿਖਾ ਕੇ ਅਤੇ ਇੱਕ ਨਿੱਜੀ ਟ੍ਰੇਨਰ ਵਜੋਂ ਕੰਮ ਕਰਕੇ ਪੈਸੇ ਕਮਾਏ ਸਨ।



ਕੁਲਵੀਰ ਸ਼ੇਰਗਿੱਲ ਅਤੇ ਜਗਦੀਪ ਸਿੰਘ

ਹਾਲਾਂਕਿ, ਐਨ ਸੀ ਏ ਜਾਂਚ ਤੋਂ ਪਤਾ ਲੱਗਿਆ ਹੈ ਕਿ ਸ਼ੇਰਗਿੱਲ ਦੇ ਅਪਰਾਧੀ ਗਿਰੋਹ ਨੇ 26 ਫਰਵਰੀ ਤੋਂ 24 ਅਪ੍ਰੈਲ, 2020 ਦੇ ਵਿਚਕਾਰ ਲਗਭਗ 250 ਕਿਲੋਗ੍ਰਾਮ ਕੋਕੀਨ ਆਯਾਤ ਕੀਤੀ ਸੀ। ਐਨ ਸੀ ਏ ਦੇ ਓਪਰੇਸ਼ਨ ਮੈਨੇਜਰ ਰਿਕ ਮੈਕੈਂਜ਼ੀ ਨੇ ਕਿਹਾ ਕਿ ਸ਼ੇਰਗਿੱਲ ਅਤੇ ਉਸਦੇ ਸਾਥੀ "ਸਾਡੇ ਭਾਈਚਾਰਿਆਂ ਵਿੱਚ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦੀ ਸਪਲਾਈ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਸਨ।" ਸ਼ੇਰਗਿੱਲ ਅਤੇ ਉਸਦੇ ਸਾਥੀਆਂ ਨੂੰ 2020 ਵਿੱਚ ਵੱਖ-ਵੱਖ ਤਰੀਕਾਂ 'ਤੇ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੋਂ ਇਨਕਾਰ ਕੀਤਾ, ਪਰ ਅੰਤ ਵਿੱਚ ਆਪਣਾ ਦੋਸ਼ ਕਬੂਲ ਕਰ ਲਿਆ। ਇਸ ਨਾਲ ਹੀ ਸਬੰਧਿਤ ਜਗਦੀਪ ਸਿੰਘ ਵਾਸੀ ਟਿਪਟਨ ਨੂੰ ਪਹਿਲਾਂ 6 ਸਾਲ 8 ਮਹੀਨੇ ਅਤੇ ਤਿੰਨ ਹੋਰ ਲੋਕਾਂ ਨੂੰ 2024 ਵਿੱਚ 46 ਸਾਲ ਕੈਦ ਦੀ ਸਜ਼ਾ ਸੁਣਾਈ ਸੀ।

## ਲੰਡਨ ਮੇਅਰ ਸਦੀਕ ਖਾਨ ਨੂੰ ਮਹਾਰਾਜਾ ਚਾਰਲਸ ਵੱਲੋਂ ਨਾਈਟਹੁੱਡ ਦਾ ਸਨਮਾਨ



ਮਹਾਰਾਜਾ ਚਾਰਲਸ ਲੰਡਨ ਦੇ ਮੇਅਰ ਸਦੀਕ ਖਾਨ ਦਾ ਸਨਮਾਨ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਤੌਰ ਲੰਡਨੇ ਮੇਅਰ ਇਤਿਹਾਸ ਰਚਨ ਵਾਲੇ ਪਹਿਲੇ ਮੁਸਲਿਮ ਮੇਅਰ ਹੋਣ ਦਾ ਮਾਣ ਰੱਖਣ ਵਾਲੇ ਸਦੀਕ ਖਾਨ ਨੂੰ ਬਰਤਾਨੀਆਂ ਦੇ ਮਹਾਰਾਜਾ ਚਾਰਲਸ ਵੱਲੋਂ ਨਾਈਰਹੁੱਡ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ ਹੈ। ਬਕਿੰਘਮ ਪੈਲਿਸ ਵਿਖੇ ਹੋਏ ਇੱਕ ਸਨਮਾਨ ਸਮਾਰੋਹ ਦੌਰਾਨ ਮੇਅਰ ਸਦੀਕ ਖਾਨ ਨੂੰ ਮਹਾਰਾਜਾ ਚਾਰਲਸ ਵੱਲੋਂ ਇਹ ਸਨਮਾਨ ਭੇਂਟ ਕੀਤਾ ਗਿਆ।

ਸਦੀਕ ਖਾਨ ਨੇ ਕਿਹਾ ਕਿ ਜੇਕਰ ਤੁਸੀਂ ਸਖ਼ਤ ਮਿਹਨਤ ਕਰਦੇ ਹੋ ਅਤੇ ਮਦਦਗਾਰ ਹੱਥ ਪ੍ਰਾਪਤ ਕਰਦੇ ਹੋ ਤਾਂ ਤੁਸੀਂ ਕੁਝ ਵੀ ਪ੍ਰਾਪਤ ਕਰ ਸਕਦੇ ਹੋ। ਉਹਨਾਂ ਕਿਹਾ ਕਿ ਮਹਾਰਾਜਾ ਤੋਂ ਨਾਈਟਹੁੱਡ ਪ੍ਰਾਪਤ ਕਰਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਮੈਂ ਟੂਟਿੰਗ ਦੀ ਇੱਕ ਕੌਂਸਲ ਰਿਹਾਇਸ਼ਗਾਹ ਵਿੱਚ ਵੱਡਾ ਹੋਇਆ ਹਾਂ, ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਨੂੰ ਇੱਕ ਦਿਨ ਲੰਡਨ ਦੇ ਮੇਅਰ ਵਜੋਂ ਸੇਵਾ ਕਰਦੇ ਹੋਏ ਇਹ ਮਹਾਨ ਸਨਮਾਨ ਮਿਲੇਗਾ।

ਇਹ ਮੇਰੇ ਅਤੇ ਮੇਰੇ ਪ੍ਰੀਵਾਰ ਲਈ ਇੱਕ ਸੁਨਹਿਰੀ ਪਲ ਹੈ ਜੋ ਦੂਜਿਆਂ ਨੂੰ ਸਾਡੀ ਮਹਾਨ ਰਾਜਧਾਨੀ ਦੁਆਰਾ ਪੇਸ਼ ਕੀਤੇ ਗਏ ਸ਼ਾਨਦਾਰ ਮੌਕਿਆਂ ਵਿੱਚ ਵਿਸ਼ਵਾਸ ਕਰਨ ਲਈ ਪ੍ਰੇਰਿਤ ਕਰੇਗਾ। ਮੈਂ ਹਮੇਸ਼ਾ ਉਸ ਸ਼ਹਿਰ ਦੀ ਸੇਵਾ ਕਰਨ ਲਈ ਉਤਸ਼ਾਹਿਤ ਰਹਾਂਗਾ ਜਿਸਨੂੰ ਮੈਂ ਪਿਆਰ ਕਰਦਾ ਹਾਂ।

ਮੈਂ ਸਾਰਿਆਂ ਲਈ ਇੱਕ ਨਿਰਪੱਖ, ਸੁਰੱਖਿਅਤ, ਹਰਾ-ਭਰਾ ਅਤੇ ਵਧੇਰੇ ਖੁਸ਼ਹਾਲ ਲੰਡਨ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਦਾ ਰਹਾਂਗਾ।

## ਭਾਰਤ ਦੀ ਆਬਾਦੀ 1.46 ਅਰਬ ਨੂੰ ਢੁਕੀ, ਜਣੇਪਾ ਦਰ ਘਟੀ: ਸੰਯੁਕਤ ਰਾਸ਼ਟਰ ਰਿਪੋਰਟ

**ਹਾਲ ਹੀ ਵਿਚ ਆਈ ਸੰਯੁਕਤ ਰਾਸ਼ਟਰ ਜਨਸੰਖਿਆ ਰਿਪੋਰਟ ਦੇ ਅਨੁਸਾਰ ਭਾਰਤ ਦੀ ਆਬਾਦੀ 2025 ਵਿੱਚ 1.46 ਅਰਬ ਤੱਕ ਪਹੁੰਚਣ ਦਾ ਅਨੁਮਾਨ ਹੈ, ਜੋ ਕਿ ਦੁਨੀਆ ਵਿੱਚ ਸਭ ਤੋਂ ਵੱਧ ਹੈ। ਇਸ ਇਲਾਵਾ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਦੇਸ਼ ਦੀ ਕੁੱਲ ਜਣੇਪਾ ਦਰ ਅਸਲ ਵਿਚ ਬਦਲ ਦਰ (replacement rate) ਤੋਂ ਹੇਠਾਂ ਆ ਗਈ ਹੈ। UNFPA ਦੀ 2025 ਸਟੇਟ ਆਫ ਵਰਲਡ ਪਾਪੂਲੇਸ਼ਨ ਰਿਪੋਰਟ ਦ ਰੀਅਲ ਫਰਟੀਲਿਟੀ ਕ੍ਰਾਈਸਿਸ ਉਂਝ ਘਟਦੀ ਜਣੇਪਾ ਦਰ ਦੀ ਥਾਂ ਅਧੂਰੇ ਜਣੇਪਾ ਟੀਚਿਆਂ ਨੂੰ ਸੰਬੋਧਿਤ ਹੋਣ ਦੀ ਲੋੜ`ਤੇ ਜ਼ੋਰ ਦਿੰਦੀ ਹੈ। ਇਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਲੱਖਾਂ ਲੋਕ ਆਪਣੇ ਔਲਾਦ ਪੈਦਾ ਕਰਨ ਸਬੰਧੀ ਟੀਚੇ ਹਾਸਲ ਕਰਨ ਦੇ ਯੋਗ ਨਹੀਂ ਹਨ।**


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
*** Overseas candidates must do UK construction industry standard qualifications on arrival and before joining the job.**

Contact Mr. Randhawa via email below:
Email: jsrcontractslimited@gmail.com

# ਬ੍ਰਿਟਿਸ਼ ਦੇਸੀ ਸੁਸਾਇਟੀ ਵੱਲੋਂ 'ਬਰਿਟੇਨ ਦੇਸੀ ਆਨਰ ਐਵਾਰਡਜ਼ 2025' ਮੌਕੇ ਕੌਮੀ ਨਾਇਕਾਂ ਅਤੇ ਪ੍ਰਮੁੱਖ ਸ਼ਖਸੀਅਤਾਂ ਦਾ ਸਨਮਾਨ



**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)**-ਬ੍ਰਿਟਿਸ਼ ਦੇਸੀ ਸੋਸਾਇਟੀ ਵਲੋਂ ਪਹਿਲੀ ਵਾਰ "ਬਰਿਟੇਨ ਦੇਸੀ ਆਨਰ ਐਵਾਰਡਜ਼" ਦਾ ਆਯੋਜਨ ਬੈਂਕਵਿਟ ਹਾਲ, ਮੈਲਟਨ ਰੋਡ, ਲੈਸਟਰ, ਯੂ.ਕੇ ਵਿੱਚ ਕੀਤਾ ਗਿਆ। ਇਹ ਸਮਾਗਮ ਬਹੁਤ ਹੀ ਸਫਲ ਰਿਹਾ ਅਤੇ ਇੱਕ ਨਵੇਂ ਸਾਲਾਨਾ ਪਰੰਪਰਿਕ ਤਿਉਹਾਰ ਦੀ ਸ਼ੁਰੂਆਤ ਵਜੋਂ ਮਨਾਇਆ ਗਿਆ, ਜਿਸ ਵਿੱਚ ਸਮਾਜਿਕ ਤੇ ਕੌਮੀ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਦੀ ਮੇਜ਼ਬਾਨੀ ਬ੍ਰਿਟਿਸ਼ ਦੇਸੀ ਸੋਸਾਇਟੀ ਦੇ ਚੇਅਰਮੈਨ ਸ਼੍ਰੀ ਰਿਸ਼ੂ ਵਾਲੀਆ ਨੇ ਕੀਤੀ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਨ੍ਹਾਂ ਇਨਸਾਨਾਂ ਦੀ ਸੇਵਾ ਅਤੇ ਸਮਰਪਣ ਭਾਰਤੀ ਡਾਇਸਪੋਰਾ ਨੂੰ ਸਮਾਜਿਕ ਰੂਪ ਵਿੱਚ ਸਸ਼ਕਤ ਬਣਾਉਂਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਐਵਾਰਡ ਹਰੇਕ ਸਾਲ ਨਿਯਮਤ ਤੌਰ 'ਤੇ ਕਰਵਾਏ ਜਾਣਗੇ।



*ਬ੍ਰਿਟਿਸ਼ ਦੇਸੀ ਸੁਸਾਇਟੀ ਵੱਲੋਂ ਆਯੋਜਿਤ ਕੀਤੇ ਗਏ ਸਨਮਾਨ ਸਮਾਰੋਹ ਦੌਰਾਨ ਸਨਮਾਨਤ ਕੀਤੀਆਂ ਗਈਆਂ ਵੱਖ-ਵੱਖ ਸ਼ਖਸੀਅਤਾਂ।*

ਇਨ੍ਹਾਂ ਐਵਾਰਡਾਂ ਰਾਹੀਂ ਵੱਖ-ਵੱਖ ਪੀੜ੍ਹੀਆਂ ਦੇ ਆਗੂਆਂ ਅਤੇ ਰੋਲ ਮਾਡਲਾਂ ਨੂੰ ਇਕੱਠਾ ਕੀਤਾ ਗਿਆ, ਜਿਨ੍ਹਾਂ ਚ 92 ਸਾਲਾ ਧਾਰਮਿਕ ਆਗੂ ਤੋਂ ਲੈ ਕੇ 27 ਸਾਲਾ ਵਿਗਿਆਨਕ ਤੱਕ ਹਰੇਕ ਨੇ ਆਪਣੀ ਜੀਵਨ ਯਾਤਰਾ ਅਤੇ ਉਪਲਬਧੀਆਂ ਸਾਂਝੀਆਂ ਕੀਤੀਆਂ। ਇਸ ਸਮਾਰੋਹ ਵਿੱਚ ਇੰਗਲੈਂਡ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਕੌਂਸਲਰ ਜਸਵੀਰ ਕੌਰ ਚੋਹਾਨ ਮੇਅਰ, ਓਡਬੀ ਐਂਡ ਵਿਗਸਟਨ (ਮੁੱਖ ਮਹਿਮਾਨ), ਐਮ. ਸੀ. ਪ੍ਰਸ਼ਰ ਸੀਨੀਅਰ ਧਾਰਮਿਕ ਅਤੇ ਸਮਾਜਿਕ ਆਗੂ, ਰਾਖੀ ਮਿਸਤਰੀ ਪੁਲਿਸ ਅਧਿਕਾਰ, ਦੀਪਕ ਜੋਸ਼ੀ ਸਾਬਕਾ ਬੀ.ਬੀ.ਸੀ. ਪੱਤਰਕਾਰ ਅਤੇ ਵਰਤਮਾਨ ਲੈਸਟਰ ਕਨਜ਼ਰਵੇਟਿਵ ਪ੍ਰਧਾਨ, ਵਿਸ਼ਾਲ ਵਿਛਾਰੇ ਡਿਪਟੀ ਚੇਅਰਮੈਨ ਪੀਟਰਬਰੋ ਕਨਜ਼ਰਵੇਟਿਵ, ਪੁੰਦਰੀ ਪ੍ਰਸਾਦ ਆਰਿਆਲ ਪ੍ਰਧਾਨ, ਨੇਪਾਲੀ ਕਮਿਊਨਿਟੀ, ਰਾਜੇਸ਼ ਸ਼ਰਮਾ ਕਮਿਊਨਿਟੀ ਆਗੂ, ਕਰਤਾਰ ਸਿੰਘ ਬ੍ਰਿੰਗ ਐਨ. ਐਚ. ਐਸ ਫੇਥ ਚੈਪਲੈਨਸੀ ਹੈੱਡ ਅਤੇ ਸਕੂਲ ਗਵਰਨਰ ਸਿੱਖ ਟਰੱਸਟੀ ਦੇ ਚੇਅਰ,ਡਾ. ਅਰੁਣ ਜੈਤਲੀ ਵਿਗਿਆਨਕ ਖੋਜਕਾਰ ਅਤੇ ਸਮਾਜਕ ਸੇਵਕ,ਡਾ. ਅਲੇਖਾਂਦਰੋ ਰਿਓਸ ਖੋਜਕਾਰ ਅਤੇ ਵਿਗਿਆਨਕ ਆਦਿ ਦਾ ਇਸ ਸਮਾਰੋਹ ਦੌਰਾਨ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਬ੍ਰਿਟਿਸ਼ ਦੇਸੀ ਸੁਸਾਇਟੀ ਦੇ ਆਗੂਆਂ ਚੇਅਰਮੈਨ ਰਿਸ਼ੂ ਵਾਲੀਆ, ਪ੍ਰਧਾਨ ਈਸ਼ਵਰ ਸਿੰਘ, ਖਜਾਨਚੀ ਡੈਕਸ ਕੋਡਾਈ, ਸਹਾਇਕ ਸਕੱਤਰ ਰਾਜੇਸ ਸ਼ਰਮਾ, ਮਹਿਲਾ ਮੈਂਬਰ ਇਲਾਹ ਬਨ ਕਿਰਨ ਕੌਰ ਘੁੰਮਣ, ਰੇਸ਼ਮ ਸਿੰਘ ਸੰਧੂ ਨੇ ਸਾਂਝੇ ਤੌਰ ਤੇ ਕਿਹਾ ਕਿ ਆਉਣ ਵਾਲੇ ਸਮੇਂ 'ਚ ਵੀ ਬ੍ਰਿਟਿਸ਼ ਦੇਸੀ ਸੋਸਾਇਟੀ ਹਰੇਕ ਸਾਲ ਅਜਿਹਾ ਉਪਰਾਲਾ ਕਰਦੀ ਰਹੇਗੀ ਅਤੇ ਵੱਖ-ਵੱਖ ਭਾਈਚਾਰੇ ਦੇ ਲੋਕਾਂ ਨੂੰ ਆਪਸ ਚ ਜੋੜਦੀ ਰਹੇਗੀ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 302ਵਾਂ ਜਨਮ ਦਿਹਾੜਾ 'ਮਿਸਲ ਡੇਅ' ਵਜੋਂ ਵੱਡੇ ਪੱਧਰ ਤੇ ਮਨਾਇਆ ਗਿਆ

## ✪ ਇੰਗਲੈਂਡ ਦੇ ਵੱਖ- ਵੱਖ ਸ਼ਹਿਰਾਂ ਤੋਂ ਲੈਸਟਰ ਦੇ ਗੁਰਦੁਆਰਾ ਰਾਮਗੜ੍ਹੀਆ ਸਾਹਿਬ ਵਿਖੇ ਪੁੱਜੀਆਂ ਵੱਡੀ ਗਿਣਤੀ ਚ ਸੰਗਤਾਂ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)**-ਮਹਾਰਾਜਾ ਜੱਸਾ ਸਿੰਘ ਰਾਮਗੜੀਆ ਜੀ ਦਾ 302ਵਾ ਜਨਮ ਦਿਨ 'ਮਿਸਲ ਡੇ' ਦੇ ਤੌਰ ਤੇ ਰਾਮਗੜੀਆ ਬੌਰਡ ਯੂ.ਕੇ ਵੱਲੋਂ ਲੈਸਟਰ ਦੇ ਗੁਰਦੁਆਰਾ ਰਾਮਗੜੀਆ ਸਾਹਿਬ ਵਿਖੇ ਬੜੇ ਵੱਡੇ ਪੱਧਰ ਤੇ ਮਨਾਇਆ ਗਿਆ।

ਇਸ ਮੌਕੇ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਵਿਸਾਲ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿਚ ਵੱਖ ਵੱਖ ਰਾਗੀ ਜਥਿਆਂ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੇ ਸ਼ਾਨਾਮੱਤੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ।



*ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ 302ਵੇ ਜਨਮ ਦਿਨ ਮੌਕੇ ਲੈਸਟਰ ਦੇ ਗੁਰਦੁਆਰਾ ਰਾਮਗੜੀਆ ਸਾਹਿਬ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਮੌਕੇ ਸ਼ਾਮਿਲ ਰਾਮਗੜ੍ਹੀਆ ਬੌਰਡ ਯੂ.ਕੇ ਦੇ ਆਗੂ।*

ਪੂਰੇ ਪੰਥ ਦੀ ਸੱਤਾ ਇਸ ਮੌਕੇ ਤੇ ਰਣਜੀਤ ਸਿੰਘ ਰਾਣਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜ਼ੇਕਰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਦੀ ਗੱਲ ਕਰੀਏ ਤਾਂ ਉਹ ਇੱਕ ਵੱਡੇ ਨੀਤੀਵਾਨ ਅਤੇ ਵੱਡੇ ਯੋਧੇ ਆਪਣੇ ਸਮੇਂ ਦੇ ਇੰਜੀਨੀਅਰ ਕਾਰੀਗਰ ਜਿਨਾਂ ਨੇ 360 ਦੇ ਨੇੜੇ ਤੇੜੇ ਕਿਲੇ ਬਣਾਏ, ਰਾਮਗੜੀਆ ਬੁੰਗਾ ਉਹਨਾਂ ਦੀ ਅੱਜ ਵੀ ਇੱਕ ਤਰ੍ਹਾਂ ਦੀ ਯਾਦ ਦੇ ਰੂਪ ਵਿੱਚ ਅੰਮ੍ਰਿਤਸਰ ਹੈ। ਉਹਨਾਂ ਕਿਹਾ ਕਿ ਉਹਨਾਂ ਦੀਆਂ ਮਾਰੀਆਂ ਹੋਈਆਂ ਮੱਲਾਂ ਸਦਕੇ ਹੀ ਅੱਜ ਅਸੀਂ ਸਰਦਾਰੀਆਂ ਮਾਣ ਰਹੇ ਹਾਂ। ਇਸੇ ਤਰ੍ਹਾਂ ਰਾਮਗੜੀਆ ਗੁਰਦੁਆਰਾ ਲੈਸਟਰ ਦੇ ਪ੍ਰਬੰਧਕ ਕ੍ਰਿਪਾਲ ਸਿੰਘ ਸੱਗੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ 302ਵੇ ਜਨਮ ਦਿਨ ਮੌਕੇ ਅਸੀਂ ਇਥੇ ਗੁਰਦੁਆਰਾ ਸਾਹਿਬ ਰਾਮਗੜੀਆ ਬੋਰਡ ਲੈਸਟਰ ਵਿਖੇ ਇਕੱਤਰ ਹੋਏ ਹਾਂ। ਉਹਨਾਂ ਕਿਹਾ ਕਿ ਇਸ ਸ਼ੁੱਭ ਦਿਨ ਨੂੰ ਮਨਾਉਣ ਲਈ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਨੌਟਿੰਘਮ, ਡਰਬੀ, ਬਰਮਿੰਘਮ, ਲੰਡਨ, ਵੂਲਵਰਹੈਪਟਨ, ਕੂਵੈਟਰੀ, ਸਲੋਹ, ਹੇਜ, ਸਾਊਥਹਾਲ, ਸਮੇਤ ਵੱਖ ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਚ ਸੰਗਤਾਂ ਲੈਸਟਰ ਪੁੱਜੀਆਂ ਹਨ। ਉਹਨਾਂ ਨੇ ਕਿਹਾ ਕਿ ਅਸੀਂ ਇਸ ਸ਼ੁੱਭ ਦਿਨ ਦੇ ਮੌਕੇ ਤੇ ਸਮੂਹ ਸੰਗਤਾਂ ਨੂੰ ਵਧਾਈ ਦਿੰਦੇ ਹਾਂ। ਇਸ ਮੌਕੇ ਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।


# ਨਸ਼ਾ ਤਸਕਰ ਪਿਉ-ਪੁੱਤ ਨੇ ਪੁਲਿਸ 'ਤੇ ਕੀਤਾ ਹਮਲਾ

## ✪ ਢਾਈ ਘੰਟੇ ਚੱਲਿਆ ਹਾਈਵੋਲਟੇਜ ਡਰਾਮਾ



**ਬਟਾਲਾ**-ਬਟਾਲਾ ਦੇ ਪਿੰਡ ਮੁਰਾਦਪੁਰ ਵਿਚ ਨਸ਼ਾ ਤਸਕਰ ਈਸ਼ਵਿੰਦਰ ਸਿੰਘ ਬਾਊ ਅਤੇ ਉਸ ਦੇ ਪੁੱਤਰ ਨੇ ਪੁਲਿਸ ਨੂੰ ਗ੍ਰਿਫਤਾਰੀ ਤੋਂ ਬਚਣ ਲਈ ਘਰ ਦੀ ਛੱਤ 'ਤੇ ਚੜ੍ਹ ਕੇ 2.5 ਘੰਟੇ ਤੱਕ ਹੰਗਾਮਾ ਕੀਤਾ। ਪੁਲਿਸ 'ਤੇ ਇੱਟਾਂ-ਰੋੜੇ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ, ਜਿਸ ਵਿਚ ਦੋ ਪੁਲਿਸ ਮੁਲਾਜ਼ਮ ਜ਼ਖਮੀ ਹੋਏ। ਥਾਣਾ ਕਾਦੀਆਂ ਦੇ ਐਸਐਚਓ ਗੁਰਮੀਤ ਸਿੰਘ ਨਾਗਰਾ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਨਾਮਕ ਵਿਅਕਤੀ ਤੋਂ 5 ਗ੍ਰਾਮ ਹੈਰੋਇਨ ਬਰਾਮਦ ਹੋਣ ਤੋਂ ਬਾਅਦ ਬਾਊ ਦਾ ਨਾਂ ਸਾਹਮਣੇ ਆਇਆ, ਜਿਸ ਖਿਲਾਫ ਪਹਿਲਾਂ ਵੀ 9 ਮੁਕੱਦਮੇ ਦਰਜ ਹਨ। ਪੁਲਿਸ ਨੇ ਮੁਲਜ਼ਮ ਨੂੰ ਫੜਨ ਲਈ ਛਾਪੇਮਾਰੀ ਕੀਤੀ, ਪਰ ਹਮਲੇ ਕਾਰਨ ਵਾਪਸ ਮੁੜਨਾ ਪਿਆ। ਜ਼ਖਮੀ ਪੁਲਿਸ ਮੁਲਾਜ਼ਮਾਂ ਦਾ ਇਲਾਜ ਸਰਕਾਰੀ ਹਸਪਤਾਲ ਭਾਮ ਵਿਚ ਚੱਲ ਰਿਹਾ ਹੈ।

# ਗੈਰ-ਕਾਨੂੰਨੀ ਹਥਿਆਰ ਸਪਲਾਈ ਕਰਨ ਵਾਲਾ ਗ੍ਰਿਫਤਾਰ




**ਅੰਮ੍ਰਿਤਸਰ**-ਪੁਲਿਸ ਥਾਣਾ ਘਰਿੰਡਾ ਨੇ ਅਜੈ ਸਿੰਘ ਕਰਨ ਨੂੰ 1 ਪਿਸਤੌਲ 30 ਬੋਰ, 1 ਗਲੌਕ ਪਿਸਤੌਲ 9 ਐੱਮਐੱਮ, ਮੈਗਜ਼ੀਨ ਅਤੇ ਇਕ ਛੋਟੇ ਹਾਥੀ ਸਮੇਤ ਗ੍ਰਿਫਤਾਰ ਕੀਤਾ। ਡੀਐੱਸਪੀ ਲਖਵਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਗੈਰ-ਕਾਨੂੰਨੀ ਹਥਿਆਰ ਸਪਲਾਈ ਕਰਦਾ ਸੀ।

# ਪਤਨੀ, ਮਾਂ ਅਤੇ ਭਰਾ ਨੇ ਮਿਲ ਕੇ ਕਰਵਾਇਆ ਪਤੀ ਦਾ ਕਤਲ

**ਜਲੰਧਰ**-ਪੁਲਿਸ ਨੇ ਸੰਦੀਪ ਕੁਮਾਰ ਦੇ ਕਤਲ ਦੀ ਗੁੱਥੀ ਸੁਲਝਾ ਲਈ ਹੈ। ਮੁਲਜ਼ਮ ਪਤਨੀ ਸੀਮਾ, ਮਾਂ ਮੰਜੂ ਅਤੇ ਭਰਾ ਨਰੇਸ਼ ਨੇ ਸੁਪਾਰੀ ਦੇ ਕੇ ਕਤਲ ਕਰਵਾਇਆ। ਕਤਲ ਦੀ ਵਜ੍ਹਾ ਪਤਨੀ ਦੇ ਚਰਿੱਤਰ 'ਤੇ ਸ਼ੱਕ ਅਤੇ ਘਰੇਲੂ ਕਲੇਸ਼ ਸੀ। 29 ਮਈ ਨੂੰ ਸੰਦੀਪ ਦੀ ਲਾਸ਼ ਸੂਏ ਕੰਢੇ ਮਿਲੀ ਸੀ। ਪੁਲਿਸ ਨੇ 5 ਮੁਲਜ਼ਮ ਗ੍ਰਿਫਤਾਰ ਕੀਤੇ ਸਨ, ਜਿਨ੍ਹਾਂ ਵਿਚੋਂ ਇਕ ਨਾਬਾਲਗ ਸੀ। ਮੋਟਰਸਾਈਕਲ, 25 ਹਜ਼ਾਰ ਰੁਪਏ ਅਤੇ ਹੋਰ ਸਮਾਨ ਬਰਾਮਦ ਕੀਤਾ ਹੈ।

# ਚਰਿੱਤਰ 'ਤੇ ਸ਼ੱਕ ਕਾਰਣ ਪੁੱਤ ਨੇ ਲਈ ਮਾਂ ਦੀ ਜਾਨ

**ਪਾਤੜਾਂ**-ਪਿੰਡ ਗੁਲਾਹੜ ਵਿਚ ਇਕ ਦੁਖਦਾਈ ਘਟਨਾ ਵਾਪਰੀ, ਜਿੱਥੇ ਪੁੱਤਰ ਨੇ ਆਪਣੀ ਮਾਂ ਜੀਤੋ ਬਾਈ (45) ਦਾ ਕਥਿਤ ਤੌਰ 'ਤੇ ਕਤਲ ਕਰ ਦਿੱਤਾ। ਕਤਲ ਦੀ ਵਜ੍ਹਾ ਪੁੱਤਰ ਦਾ ਮਾਂ ਦੇ ਚਰਿੱਤਰ 'ਤੇ ਸ਼ੱਕ ਸੀ। ਜੀਤੋ ਬਾਈ ਇਕ-ਦੋ ਦਿਨ ਤੋਂ ਘਰੋਂ ਗਾਇਬ ਸੀ, ਜਿਸ ਨੂੰ ਉਹ ਮਾਸੀ ਕੋਲ ਜਾਣ ਦਾ ਬਹਾਨਾ ਦੱਸ ਰਹੀ ਸੀ। ਪੁੱਤਰ ਨੂੰ ਪਤਾ ਲੱਗਿਆ ਕਿ ਮਾਂ ਮਾਸੀ ਕੋਲ ਨਹੀਂ ਸੀ। ਘਰ ਪਰਤਣ 'ਤੇ ਪੁੱਤਰ ਨੇ ਚੁੰਨੀ ਨਾਲ ਮਾਂ ਦਾ ਗਲਾ ਘੁੱਟ ਦਿੱਤਾ। ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਕਬਜ਼ੇ ਵਿਚ ਲੈ ਲਈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਡੀਐੱਸਪੀ ਇੰਦਰਪਾਲ ਸਿੰਘ ਚੌਹਾਨ ਮੁਤਾਬਕ, ਮਾਮਲੇ ਦੀ ਤਫਤੀਸ਼ ਜਾਰੀ ਹੈ।

# ਕੈਨੇਡਾ ਨੇ ਨਾਗਰਿਕਾਂ ਨੂੰ ਅਮਰੀਕਾ ਜਾਣ ਤੋਂ ਰੋਕਿਆ

## ✪ ਸਰਹੱਦੀ ਸਖਤੀਆਂ ਕਾਰਨ ਕੈਨੇਡੀਅਨ ਸਰਕਾਰ ਦੀ ਸਲਾਹ

**ਵੈਨਕੂਵਰ**-ਕੈਨੇਡਾ ਦੇ ਵਿਦੇਸ਼ ਮੰਤਰਾਲੇ ਨੇ ਆਪਣੇ ਨਾਗਰਿਕਾਂ ਨੂੰ ਅਮਰੀਕਾ ਜਾਣ ਤੋਂ ਪਰਹੇਜ਼ ਕਰਨ ਦੀ ਅਪੀਲ ਕੀਤੀ ਹੈ। ਅਮਰੀਕੀ ਸਰਹੱਦ 'ਤੇ ਸਖਤੀਆਂ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨਵੀਆਂ ਪਾਬੰਦੀਆਂ ਕਾਰਨ ਇਹ ਸਲਾਹ ਦਿੱਤੀ ਗਈ। ਸਰਕਾਰ ਨੇ ਕਿਹਾ ਕਿ ਸੜਕ, ਹਵਾਈ ਜਾਂ ਸਮੁੰਦਰੀ ਰਸਤੇ ਅਮਰੀਕਾ ਜਾਣ ਵਾਲੇ ਨਾਗਰਿਕਾਂ ਨੂੰ ਸਰਹੱਦ 'ਤੇ ਰੋਕਿਆ ਜਾ ਸਕਦਾ ਹੈ, ਅਤੇ ਅਜਿਹੀ ਸਥਿਤੀ ਵਿਚ ਕੈਨੇਡਾ ਸਰਕਾਰ ਮਦਦ ਨਹੀਂ ਕਰ ਸਕੇਗੀ। ਨਾਗਰਿਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਸਥਿਤੀ ਸੁਧਰਨ ਤੱਕ ਯਾਤਰਾ ਮੁਲਤਵੀ ਕਰਨ।

# ਗਊ ਤਸਕਰੀ ਵਿਚ ਸੋਸ਼ਲ ਮੀਡੀਆ ਪੱਤਰਕਾਰ ਫੜਿਆ

**ਦੀਨਾਨਗਰ**-ਦੀਨਾਨਗਰ ਪੁਲੀਸ ਨੇ ਗਊ ਤਸਕਰੀ ਦੇ ਗਿਰੋਹ ਦਾ ਪਰਦਾਫਾਸ਼ ਕਰਕੇ ਸੋਸ਼ਲ ਮੀਡੀਆ ਪੱਤਰਕਾਰ ਰਜੇਸ਼ ਕੁਮਾਰ ਨੂੰ ਗ੍ਰਿਫਤਾਰ ਕੀਤਾ। ਪੁਲੀਸ ਨੇ ਪਿੰਡ ਲੋਹਗੜ੍ਹ ਤੋਂ 9 ਗਾਵਾਂ ਅਤੇ 2 ਵੱਛਿਆਂ ਸਮੇਤ 4 ਬੰਦਿਆਂ ਨੂੰ ਫੜਿਆ। ਪੁੱਛਗਿੱਛ ਵਿਚ ਪਤਾ ਲੱਗਾ ਕਿ ਰਜੇਸ਼ ਗਿਰੋਹ ਨੂੰ ਸੁਰੱਖਿਅਤ ਰਸਤਾ ਦੱਸਦਾ ਸੀ ਤੇ ਟਰੱਕ ਨੂੰ ਐਸਕਾਰਟ ਕਰਦਾ ਸੀ। ਬੈਂਕ ਟ੍ਰਾਂਜੈਕਸ਼ਨ ਤੋਂ ਵੀ ਉਸ ਦੀ ਸ਼ਮੂਲੀਅਤ ਸਾਬਤ ਹੋਈ। ਐਸਐਚਓ ਅਮ੍ਰਿਤਪਾਲ ਸਿੰਘ ਅਨੁਸਾਰ ਮੁੱਖ ਸਰਗਨਾ ਸੱਤਾ ਮਸੀਹ ਫਰਾਰ ਹੈ ਤੇ ਜਾਂਚ ਜਾਰੀ ਹੈ।

# ਬਟਾਲਾ ਵਿਚ ਕੁੜੀ ਕਾਰਣ ਗੋਲੀਬਾਰੀ ਹੋਈ

**ਬਟਾਲਾ**-ਅੰਮ੍ਰਿਤਸਰ ਬਾਈਪਾਸ ਨੇੜੇ ਪਿੰਡ ਕੁਲੀਆਂ ਵਿਖੇ ਰੰਜਿਸ਼ ਕਾਰਨ ਨੌਜਵਾਨਾਂ ਦੇ ਦੋ ਗੁੱਟਾਂ ਵਿਚਕਾਰ ਗੋਲੀਬਾਰੀ ਹੋਈ। ਦੋ ਨੌਜਵਾਨ, ਹਰਦਿਆਲ ਸਿੰਘ ਅਤੇ ਰਾਹੁਲ, ਗੰਭੀਰ ਜ਼ਖ਼ਮੀ ਹੋ ਗਏ। ਪੁਲਿਸ ਜਾਂਚ ਕਰ ਰਹੀ ਹੈ, ਮਾਮਲਾ ਕੁੜੀ ਨਾਲ ਜੁੜਿਆ ਹੋਣ ਦਾ ਸ਼ੱਕ ਹੈ।

# ਅੰਮ੍ਰਿਤਸਰ ਵਿਚ ਨਸ਼ਾ ਤਸਕਰੀ ਦਾ ਪਰਦਾਫਾਸ਼



**ਅੰਮ੍ਰਿਤਸਰ**-ਅੰਮ੍ਰਿਤਸਰ ਕਮਿਸ਼ਨਰੇਟ ਪਲਿਸ ਨੇ ਦੋ ਅੰਤਰਰਾਸ਼ਟਰੀ ਨਾਰਕੋ-ਤਸਕਰੀ ਕਾਰਟੈਲਾਂ ਦਾ ਭੰਡਾਫੋੜ ਕਰਦਿਆਂ ਇੱਕ ਔਰਤ ਸਮੇਤ ਛੇ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ 4 ਕਿਲੋ ਹੈਰੋਇਨ ਅਤੇ ਇੱਕ ਟੋਇਟਾ ਇਨੋਵਾ ਕਾਰ ਜ਼ਬਤ ਕੀਤੀ। ਡੀਜੀਪੀ ਗੌਰਵ ਯਾਦਵ ਅਨੁਸਾਰ, ਮੁਲਜ਼ਮ ਸੈਵਨਬੀਰ ਸਿੰਘ ਪਾਕਿਸਤਾਨੀ ਤਸਕਰਾਂ ਨਾਲ ਸੰਪਰਕ ਵਿੱਚ ਸੀ ਅਤੇ ਪਸ਼ੂ ਵਪਾਰ ਦੀ ਆੜ ਵਿੱਚ ਨਸ਼ਿਆਂ ਦੀ ਸਪਲਾਈ ਕਰਦਾ ਸੀ। ਜਸਬੀਰ ਕੌਰ ਵੀ ਇੱਕ ਕਥਿਤ ਤਸਕਰ ਨਾਲ ਜੁੜੀ ਸੀ। ਜਾਂਚ ਜਾਰੀ ਹੈ ਅਤੇ ਹੋਰ ਗ੍ਰਿਫ਼ਤਾਰੀਆਂ ਦੀ ਸੰਭਾਵਨਾ ਹੈ।

# ਸਰਹੱਦ ਪਾਰੋਂ ਹਥਿਆਰ ਸਪਲਾਈ ਦਾ ਪਰਦਾਫਾਸ਼

**ਤਰਨਤਾਰਨ**-ਤਰਨਤਾਰਨ ਪੁਲਿਸ ਨੇ ਡ੍ਰੋਨ ਰਾਹੀਂ ਸਰਹੱਦ ਪਾਰੋਂ ਹਥਿਆਰ ਮੰਗਵਾ ਕੇ ਸਪਲਾਈ ਕਰਨ ਵਾਲੇ ਦੋ ਵਿਅਕਤੀਆਂ, ਅਰਸ਼ਦੀਪ ਸਿੰਘ ਅਤੇ ਸੂਰਜਪਾਲ ਸਿੰਘ, ਨੂੰ 6 ਵਿਦੇਸ਼ੀ ਪਿਸਤੌਲਾਂ ਸਮੇਤ ਗ੍ਰਿਫਤਾਰ ਕੀਤਾ। ਤੀਜੇ ਮੁਲਜ਼ਮ ਪਾਰਸਪ੍ਰੀਤ ਸਿੰਘ ਦੀ ਭਾਲ ਜਾਰੀ ਹੈ।

# ਅੰਮ੍ਰਿਤਸਰ ਵਿਖੇ 12ਵੀਂ ਜਮਾਤ ਦੀ ਵਿਦਿਆਰਥਣ ਨਾਲ ਸਮੂਹਿਕ ਬਲਾਤਕਾਰ

## ✪ ਬੋਲੈਰੋ 'ਚ ਬਿਠਾ ਜ਼ਬਰਦਸਤੀ ਖੇਤਾਂ 'ਚ ਲਿਜਾ ਕੇ ਕੀਤਾ ਕੁਕਰਮ



ਅੰਮ੍ਰਿਤਸਰ ਦੇ ਅਜਨਾਲਾ 'ਚ 12ਵੀਂ ਜਮਾਤ ਦੀ ਵਿਦਿਆਰਥਣ ਨਾਲ ਸਮੂਹਿਕ ਜਬਰ-ਜਨਾਹ ਦਾ ਮਾਮਲਾ ਸਾਹਮਣੇ ਆਇਆ। ਪੰਜ ਮੁਲਜ਼ਮਾਂ ਨੇ ਲੜਕੀ ਨੂੰ ਅਗਵਾ ਕਰਕੇ ਬੋਲੈਰੋ ਵਿਚ ਜਲੰਧਰ ਦੇ ਇਕ ਪਿੰਡ ਵਿਚ ਖੇਤਾਂ ਵਿੱਚ ਪੁਰਾਣੇ ਘਰ ਵਿਚ ਲਿਜਾ ਕੇ ਜਬਰ-ਜਨਾਹ ਕੀਤਾ ਅਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਲੜਕੀ ਸ਼ਾਮ ਨੂੰ ਮੁਲਜ਼ਮਾਂ ਦੇ ਚੁੰਗਲ ਤੋਂ ਬਚ ਕੇ ਭੱਜੀ ਅਤੇ ਪਰਿਵਾਰ ਨੂੰ ਸੂਚਿਤ ਕੀਤਾ। ਪੁਲਿਸ ਨੇ ਪੰਜਾਂ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰਕੇ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

# ਕੈਨੇਡਾ ਭੇਜਣ ਦੇ ਨਾਂ 'ਤੇ 13.4 ਲੱਖ ਦੀ ਮਾਰੀ ਠੱਗੀ, ਕੇਸ ਦਰਜ

**ਕਪੂਰਥਲਾ**-ਥਾਣਾ ਤਲਵੰਡੀ ਚੌਧਰੀਆਂ ਪੁਲਿਸ ਨੇ ਨੌਜਵਾਨ ਨੂੰ ਕੈਨੇਡਾ ਭੇਜਣ ਦੇ ਨਾਂ 'ਤੇ 13.4 ਲੱਖ ਦੀ ਠੱਗੀ ਕਰਨ ਦੇ ਦੋਸ਼ ਵਿਚ ਟ੍ਰੇਵਲ ਏਜੰਟ ਜੋੜੇ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਫਿਲਹਾਲ ਕਿਸੇ ਵੀ ਮੁਲਜ਼ਮ ਦੀ ਗ੍ਰਿਫਤਾਰੀ ਨਹੀਂ ਹੋਈ। ਗੁਰਦੀਪ ਸਿੰਘ ਨਿਵਾਸੀ ਪਿੰਡ ਹੁਸੈਨਪੁਰ ਦੁੱਲੋਵਾਲ ਨੇ ਥਾਣਾ ਤਲਵੰਡੀ ਚੌਧਰੀਆਂ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਸੀ ਕਿ ਉਹ ਆਪਣੇ ਪੁੱਤਰ ਸਰਜੀਤ ਸਿੰਘ ਨੂੰ ਕੈਨੇਡਾ ਭੇਜਣਾ ਚਾਹੁੰਦਾ ਸੀ। ਉਸਦਾ ਸੰਪਰਕ ਸ਼ਾਮ ਸਿੰਘ ਉਰਫ਼ ਸਤਨਾਮ ਸਿੰਘ ਤੇ ਉਸ ਦੀ ਪਤਨੀ ਮਨਜੀਤ ਰਾਣੀ ਨਿਵਾਸੀ ਬੋਘੀਵਾਲ ਫਿਰੋਜ਼ਪੁਰ ਨਾਲ ਹੋਇਆ, ਜਿਨ੍ਹਾਂ ਕਿਹਾ ਕਿ ਉਹ ਉਸਦੇ ਪੁੱਤਰ ਨੂੰ ਕੈਨੇਡਾ ਭੇਜ ਦੇਵੇਗਾ। ਗੱਲਬਾਤ ਤੈਅ ਹੋਣ 'ਤੇ ਜੋੜੇ ਨੇ ਅਲੱਗ-ਅਲੱਗ ਤਰੀਕਾਂ ਵਿਚ ਉਸ ਤੋਂ 13.4 ਲੱਖ ਰੁਪਏ ਲੈ ਲਏ। ਬਾਅਦ ਵਿੱਚ ਨਾ ਤਾਂ ਉਸਦੇ ਪੁੱਤਰ ਨੂੰ ਕੈਨੇਡਾ ਭੇਜਿਆ ਗਿਆ ਤੇ ਨਾ ਹੀ ਰੁਪਏ ਵਾਪਸ ਕੀਤੇ। ਪੁਲਿਸ ਨੇ ਜਾਂਚ ਦੌਰਾਨ ਦੋਸ਼ੀ ਟ੍ਰੈਵਲ ਏਜੰਟ ਜੋੜੇ 'ਤੇ ਲਾਏ ਸਾਰੇ ਦੋਸ਼ ਸਹੀ ਪਾਏ। ਪੁਲਿਸ ਨੇ ਦੋਸ਼ੀਆਂ ਖਿਲਾਫ ਵੱਖ-ਵੱਖ ਧਾਰਾਵਾਂ ਅਨੁਸਾਰ ਕੇਸ ਦਰਜ ਕਰ ਲਿਆ ਹੈ।

# ਲੁਧਿਆਣਾ ਵਿਚ ਦੇਹ ਵਪਾਰ ਦੇ ਅੱਡੇ 'ਤੇ ਪੁਲਸ ਦੀ ਛਾਪੇਮਾਰੀ

**ਲੁਧਿਆਣਾ**-ਜਮਾਲਪੁਰ ਪੁਲਸ ਨੇ ਭਾਮੀਆਂ ਕਲਾਂ ਵਿਚ ਇਕ ਬੰਦ ਠੇਕੇ ਨੇੜੇ ਗਸ਼ਤ ਦੌਰਾਨ ਮੁਖਬਰ ਦੀ ਸੂਚਨਾ 'ਤੇ ਦੇਹ ਵਪਾਰ ਦੇ ਅੱਡੇ 'ਤੇ ਛਾਪਾ ਮਾਰਿਆ। ਚਰਨਜੀਤ ਕੌਰ ਅਤੇ ਪੂਜਾ ਟੁੱਲੀ ਨਾਂ ਦੀਆਂ ਔਰਤਾਂ ਲੜਕੀਆਂ ਨੂੰ ਕਿਰਾਏ 'ਤੇ ਸਪਲਾਈ ਕਰਕੇ ਗੈਰ-ਕਾਨੂੰਨੀ ਧੰਦਾ ਚਲਾ ਰਹੀਆਂ ਸਨ। ਦੋਵਾਂ ਨੂੰ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਗਿਆ। ਥਾਣਾ ਜਮਾਲਪੁਰ 'ਚ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਹੋ ਗਈ ਹੈ। ਪੁਲਸ ਹੁਣ ਗਿਰੋਹ ਨਾਲ ਜੁੜੇ ਹੋਰ ਲੋਕਾਂ ਦਾ ਪਤਾ ਲਗਾ ਰਹੀ ਹੈ।

# ਲੁਧਿਆਣਾ ਵਿਚ ਕੈਨੇਡਾ ਭੇਜਣ ਦੇ ਨਾਮ ਉਪਰ ਧੋਖਾਧੜੀ

**ਲੁਧਿਆਣਾ**-ਮੋਹਾਲੀ ਦੇ ਸਾਹਿਬਾਜ ਸਿੰਘ ਨੇ ਕੈਨੇਡਾ ਦੀ ਪੀਆਰ ਦਿਵਾਉਣ ਦਾ ਝਾਂਸਾ ਦੇ ਕੇ ਮਨੀਸ਼ ਕੁਮਾਰ ਤੋਂ 12 ਲੱਖ ਰੁਪਏ ਠੱਗੇ ਸਨ। ਪੁਲਿਸ ਨੇ ਮੁਕੱਦਮਾ ਦਰਜ ਕੀਤਾ, ਗ੍ਰਿਫਤਾਰੀ ਬਾਕੀ ਹੈ।

# ਅੰਮ੍ਰਿਤਸਰ ਵਿਚ ਹਥਿਆਰ ਤਸਕਰੀ ਵਿਚ ਦੋ ਗ੍ਰਿਫਤਾਰ

**ਅੰਮ੍ਰਿਤਸਰ**-ਕਾਊਂਟਰ ਇੰਟੈਲੀਜੈਂਸ ਟੀਮ ਨੇ ਸੁਖਚੈਨ ਸਿੰਘ ਅਤੇ ਜੁਗਰਾਜ ਸਿੰਘ ਨੂੰ ਅੱਠ ਵਿਦੇਸ਼ੀ ਪਿਸਤੌਲਾਂ ਸਮੇਤ ਗ੍ਰਿਫਤਾਰ ਕੀਤਾ। ਮੁਲਜ਼ਮ ਪਾਕਿਸਤਾਨ ਦੀ ਆਈਐਸਆਈ ਦੇ ਸੰਪਰਕ ਵਿਚ ਸਨ, ਜੋ ਡਰੋਨ ਰਾਹੀਂ ਹਥਿਆਰ ਅਤੇ ਹੈਰੋਇਨ ਦੀ ਤਸਕਰੀ ਕਰਦੇ ਸਨ।

# ਸੁਖਦੇਵ ਸਿੰਘ ਢੀਂਡਸਾ ਨੂੰ ਸੰਗਰੂਰ ਵਿੱਚ ਸ਼ਰਧਾਂਜਲੀ, ਪੰਥਕ ਏਕਤਾ ਦੀ ਅਪੀਲ

## ✪ ਅੰਤਿਮ ਅਰਦਾਸ, ਸੰਗਰੂਰ ਵਿਚ ਇਕੱਠੇ ਹੋਏ ਸਿਆਸੀ-ਧਾਰਮਿਕ ਆਗੂ





**ਸੰਗਰੂਰ**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੀ ਅੰਤਿਮ ਅਰਦਾਸ ਮੌਕੇ ਸੰਗਰੂਰ ਦੇ ਗੁਰਦੁਆਰਾ ਨਾਨਕਿਆਣਾ ਸਾਹਿਬ ਵਿੱਚ ਸ਼ਰਧਾਂਜਲੀ ਸਮਾਗਮ ਹੋਇਆ। ਇਸ ਮੌਕੇ ਸਿਆਸੀ, ਧਾਰਮਿਕ, ਕਿਸਾਨ ਅਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਇਕੱਠੇ ਹੋ ਕੇ ਇਸ ਮਹਾਨ ਸ਼ਖਸੀਅਤ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਸਮਾਗਮ ਵਿੱਚ ਪੰਜਾਬ ਦੀ ਸਿਆਸਤ ਦੇ ਵੱਡੇ ਨਾਮ ਸ਼ਾਮਲ ਹੋਏ, ਜਿਨ੍ਹਾਂ ਵਿੱਚ ਸੁਖਬੀਰ ਸਿੰਘ ਬਾਦਲ, ਸੁਨੀਲ ਜਾਖੜ, ਅਮਨ ਅਰੋੜਾ, ਇਕਬਾਲ ਸਿੰਘ ਲਾਲਪੁਰਾ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਬਾਬਾ ਹਰਨਾਮ ਸਿੰਘ ਧੁੰਮਾ ਦਮਦਮੀ ਟਕਸਾਲ, ਪ੍ਰਤਾਪ ਸਿੰਘ ਬਾਜਵਾ, ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ, ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਸੀਨੀਅਰ ਪੱਤਰਕਾਰ ਬਰਜਿੰਦਰ ਸਿੰਘ ਹਮਦਰਦ, ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਐਡਵੋਕੇਟ ਐੱਚਐੱਸ ਫੂਲਕਾ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾਂ, ਬਲਵਿੰਦਰ ਸਿੰਘ ਭੂੰਦੜ, ਬੀਬੀ ਜਗੀਰ ਕੌਰ, ਹਰਿਆਣਾ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਵਿਧਾਇਕ ਪਰਗਟ ਸਿੰਘ, ਹੰਸ ਰਾਜ ਹੰਸ ਆਦਿ ਸ਼ਾਮਲ ਹੋਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਆਦਿ ਹੋਰ ਕਈ ਆਗੂ ਸ਼ਾਮਲ ਸਨ। ਸੁਖਦੇਵ ਢੀਂਡਸਾ ਨੇ ਆਪਣੀ 60 ਸਾਲਾਂ ਦੀ ਸਿਆਸੀ ਜ਼ਿੰਦਗੀ ਵਿੱਚ ਸਰਪੰਚੀ ਤੋਂ ਲੈ ਕੇ ਕੇਂਦਰੀ ਮੰਤਰੀ ਤੱਕ ਦਾ ਸਫ਼ਰ ਤੈਅ ਕੀਤਾ। ਉਨ੍ਹਾਂ ਦੀ ਮਿਹਨਤ ਅਤੇ ਪੰਜਾਬ ਲਈ ਸਮਰਪਣ ਨੂੰ ਯਾਦ ਕਰਦਿਆਂ ਸਮਾਗਮ ਵਿੱਚ ਸ਼ਾਮਲ ਆਗੂਆਂ ਨੇ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ।

'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਢੀਂਡਸਾ ਨੇ ਰਾਜਸੀ ਖੇਤਰ ਵਿੱਚ ਆਪਣੀ ਜ਼ਿੰਦਗੀ ਦੇ 60 ਸਾਲਾਂ ਦੌਰਾਨ ਜੋ ਕਮਾਇਆ, ਉਸ ਦਾ ਅੰਦਾਜ਼ਾ ਅੱਜ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਤੋਂ ਲਗਾਇਆ ਜਾ ਸਕਦਾ ਹੈ। ਸਰਪੰਚੀ ਤੋਂ ਲੈ ਕੇ ਕੇਂਦਰੀ ਵਜ਼ੀਰ ਤੱਕ ਪੁੱਜਣਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ ਜਿਸ ਕਰਕੇ ਸ੍ਰੀ ਢੀਂਡਸਾ ਦੇ ਜੀਵਨ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ।

ਭਾਜਪਾ ਦੇ ਸੁਨੀਲ ਜਾਖੜ ਨੇ ਪੰਥਕ ਪਾਰਟੀਆਂ ਨੂੰ ਮਤਭੇਦ ਭੁਲਾ ਕੇ ਇਕਜੁੱਟ ਹੋਣ ਦੀ ਅਪੀਲ ਕੀਤੀ, ਜਦਕਿ ਸੁਖਬੀਰ ਬਾਦਲ ਨੇ ਕਿਹਾ ਕਿ ਢੀਂਡਸਾ ਜੀ ਦਾ ਸੁਪਨਾ ਪੰਥਕ ਏਕਤਾ ਸੀ। ਸਮਾਗਮ ਵਿੱਚ ਪਰਮਿੰਦਰ ਸਿੰਘ ਢੀਂਡਸਾ ਨੇ ਭਾਵੁਕ ਹੁੰਦਿਆਂ ਸਾਰਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੇ ਪਿਤਾ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸ਼ੋਕ ਸੰਦੇਸ਼ ਭੇਜ ਕੇ ਢੀਂਡਸਾ ਦੇ ਖੇਡ ਮੰਤਰੀ ਵਜੋਂ ਯੋਗਦਾਨ ਨੂੰ ਯਾਦ ਕੀਤਾ।

# ਫ਼ਰਜ਼ੀ ਵੀਜ਼ਿਆਂ ਦਾ ਜਾਲ ਤੋੜਿਆ, ਏਜੰਟ ਕੁਰੂਕਸ਼ੇਤਰ ਤੋਂ ਗ੍ਰਿਫ਼ਤਾਰ

## ✪ ਨੌਜਵਾਨਾਂ ਦੇ ਸੁਪਨੇ ਲੁੱਟਣ ਵਾਲਾ ਏਜੰਟ ਫੜਿਆ, 17 ਲੱਖ ਦੀ ਠੱਗੀ ਦਾ ਪਰਦਾਫਾਸ਼

**ਨਵੀਂ ਦਿੱਲੀ**-ਅੱਜ-ਕੱਲ੍ਹ ਵਿਦੇਸ਼ ਜਾਣ ਦੀ ਚਾਹਤ ਪੰਜਾਬ ਦੇ ਨੌਜਵਾਨਾਂ ਦੇ ਦਿਲਾਂ ਵਿੱਚ ਘਰ ਕਰ ਗਈ ਹੈ, ਪਰ ਕੁਝ ਠੱਗ ਇਸ ਸੁਪਨੇ ਨੂੰ ਲੁੱਟਣ ਦੀ ਫਿਰਾਕ ਵਿੱਚ ਲੱਗੇ ਹਨ। ਅਜਿਹਾ ਹੀ ਇੱਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਪੰਜਾਬ ਦੇ ਤਿੰਨ ਨੌਜਵਾਨਾਂ ਨੂੰ ਫ਼ਰਜ਼ੀ ਸ਼ੈਨੇਗਨ ਵੀਜ਼ਿਆਂ ਅਤੇ ਜਾਅਲੀ ਟਿਕਟਾਂ ਰਾਹੀਂ ਸਪੇਨ ਭੇਜਣ ਦੀ ਕੋਸ਼ਿਸ਼ ਕਰਨ ਵਾਲੇ ਏਜੰਟ ਨੂੰ ਦਿੱਲੀ ਪੁਲੀਸ ਨੇ ਧਰ-ਦਬੋਚਿਆ। ਇਹ ਘਟਨਾ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਵਾਪਰੀ, ਜਿੱਥੇ ਤਿੰਨ ਨੌਜਵਾਨਾਂ ਦੇ ਦਸਤਾਵੇਜ਼ ਅਤੇ ਟਿਕਟਾਂ ਨੂੰ ਨਕਲੀ ਪਾਏ ਜਾਣ ਤੋਂ ਬਾਅਦ ਪੁਲੀਸ ਨੇ ਕਾਰਵਾਈ ਕੀਤੀ। ਪੁਲੀਸ ਮੁਤਾਬਕ, ਮੁੱਖ ਦੋਸ਼ੀ ਕਮਲਦੀਪ ਸਿੰਘ (25), ਜੋ ਅੰਮ੍ਰਿਤਸਰ ਦਾ ਵਸਨੀਕ ਹੈ, ਨੇ ਆਪਣੇ ਸਾਥੀ ਸੋਨੂੰ ਵਾਲੀਆ ਨਾਲ ਮਿਲ ਕੇ ਇਹ ਧੋਖਾਧੜੀ ਕੀਤੀ। ਤਿੰਨ ਨੌਜਵਾਨਾਂ ਨੂੰ ਸਪੇਨ ਵਿੱਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 17 ਲੱਖ ਰੁਪਏ ਵਸੂਲੇ ਗਏ। 29 ਮਈ ਨੂੰ ਜਦੋਂ ਇਹ ਨੌਜਵਾਨ ਮੈਡਰਿਡ ਜਾਣ ਲਈ ਦਿੱਲੀ ਹਵਾਈ ਅੱਡੇ 'ਤੇ ਪਹੁੰਚੇ, ਤਾਂ ਏਅਰਲਾਈਨ ਅਧਿਕਾਰੀਆਂ ਨੇ ਉਨ੍ਹਾਂ ਦੀਆਂ ਟਿਕਟਾਂ ਨੂੰ ਫ਼ਰਜ਼ੀ ਪਾਇਆ। ਜਾਂਚ ਦੌਰਾਨ ਪਾਸਪੋਰਟ 'ਤੇ ਲੱਗੇ ਸ਼ੈਨੇਗਨ ਵੀਜ਼ੇ ਵੀ ਜਾਅਲੀ ਨਿਕਲੇ। ਕਮਲਦੀਪ ਸਿੰਘ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਅੰਮ੍ਰਿਤਸਰ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਪੁਲੀਸ ਨੇ 300 ਕਿਲੋਮੀਟਰ ਦਾ ਪਿੱਛਾ ਕਰਕੇ ਉਸ ਨੂੰ ਹਰਿਆਣਾ ਦੇ ਕੁਰੂਕਸ਼ੇਤਰ ਤੋਂ ਫੜ ਲਿਆ। ਉਸ ਦਾ ਸਾਥੀ ਸੋਨੂੰ ਵਾਲੀਆ ਪਹਿਲਾਂ ਹੀ ਪੰਜਾਬ ਪੁਲੀਸ ਦੇ ਹੱਥੇ ਚੜ੍ਹ ਚੁੱਕਾ ਹੈ। ਪੁਲੀਸ ਨੇ ਇਸ ਮਾਮਲੇ ਵਿੱਚ ਐਫਆਈਆਰ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕਪੂਰਥਲਾ ਪੁਲਸ ਵਲੋਂ ਐਚਡੀਐਫਸੀ ਬੈਂਕ ਡਕੈਤੀ ਦਾ ਮੁੱਖ ਦੋਸ਼ੀ ਗੁਰਮਿੰਦਰ ਸਿੰਘ ਗ੍ਰਿਫਤਾਰ

## ✪ 38 ਲੱਖ ਦੀ ਲੁੱਟ ਦਾ ਮਾਮਲਾ ਸੁਲਝਿਆ, ਪਿਸਤੌਲ ਤੇ 13 ਲੱਖ ਨਕਦੀ ਬਰਾਮਦ

**ਕਪੂਰਥਲਾ**-ਕਪੂਰਥਲਾ ਦੀ ਪੁਲਸ ਨੇ ਇਕ ਵੱਡੀ ਕਾਮਯਾਬੀ ਹਾਸਲ ਕਰਦਿਆਂ ਫਗਵਾੜਾ ਨੇੜੇ ਪਿੰਡ ਰਿਹਾਣਾ ਜੱਟਾਂ ਵਿਚ 30 ਮਈ ਨੂੰ ਐਚਡੀਐਫਸੀ ਬੈਂਕ ਵਿਚ ਦਿਨ-ਦਿਹਾੜੇ ਹੋਈ 38 ਲੱਖ ਰੁਪਏ ਦੀ ਡਕੈਤੀ ਦੇ ਮਾਮਲੇ ਨੂੰ ਸੁਲਝਾ ਲਿਆ। ਪੁਲਸ ਨੇ ਮੁੱਖ ਦੋਸ਼ੀ ਗੁਰਮਿੰਦਰ ਸਿੰਘ, ਜੋ ਪਿੰਡ ਕਾਹਲਵਾਂ, ਥਾਣਾ ਕਰਤਾਰਪੁਰ, ਜ਼ਿਲ੍ਹਾ ਜਲੰਧਰ ਦਾ ਵਸਨੀਕ ਹੈ, ਨੂੰ ਗ੍ਰਿਫਤਾਰ ਕਰ ਲਿਆ। ਉਸ ਕੋਲੋਂ ਵਾਰਦਾਤ 'ਚ ਵਰਤਿਆ ਗਿਆ ਦੇਸੀ ਪਿਸਤੌਲ ਅਤੇ 13 ਲੱਖ 10 ਹਜ਼ਾਰ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ, ਜੋ ਲੁੱਟ ਦੇ ਹਿੱਸੇ ਵਿਚੋਂ ਸੀ। ਜ਼ਿਲ੍ਹਾ ਪੁਲਸ ਮੁਖੀ ਗੌਰਵ ਤੂਰਾ ਨੇ ਦੱਸਿਆ ਕਿ ਇਸ ਵਾਰਦਾਤ ਤੋਂ ਬਾਅਦ ਥਾਣਾ ਰਾਵਲਪਿੰਡੀ 'ਚ ਕੇਸ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਗਈ। ਬੈਂਕ ਦੀ ਅੰਦਰੂਨੀ ਜਾਂਚ ਵਿਚ ਪਤਾ ਲੱਗਾ ਸੀ ਕਿ ਤਿੰਨ ਲੁਟੇਰਿਆਂ ਨੇ ਸੁਰੱਖਿਆ ਕਰਮਚਾਰੀ ਨੂੰ ਬੰਧਕ ਬਣਾ ਕੇ ਕੈਸ਼ੀਅਰ ਦੇ ਕੈਬਿਨ ਵਿਚੋਂ 38 ਲੱਖ 34,900 ਰੁਪਏ ਲੁੱਟੇ ਸਨ। ਐਸ.ਐਸ.ਪੀ. ਤੂਰਾ ਨੇ ਦੱਸਿਆ ਕਿ ਗੁਰਮਿੰਦਰ ਸਿੰਘ ਦੇ ਖੁਲਾਸੇ ਮਗਰੋਂ ਡਕੈਤੀ ਦੇ ਮੁੱਖ ਸਾਜ਼ਿਸ਼ਕਾਰ ਅਤੇ ਉਸ ਦੇ ਇਕ ਹੋਰ ਸਾਥੀ ਦੀ ਸ਼ਨਾਖਤ ਹੋ ਗਈ, ਜਿਨ੍ਹਾਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।



# ਪੰਜਾਬ ਪੁਲੀਸ ਦੀ ਨਸ਼ਾ ਵਿਰੋਧੀ ਜੰਗ, ਹਰ ਰੋਜ਼ 166 ਤਸਕਰ ਫੜੇ ਜਾਣ ਲਗੇ


## ✪ ਨਸ਼ਿਆਂ ਵਿਰੁੱਧ ਪੰਜਾਬ ਪੁਲੀਸ ਦੀ ਸਖਤ ਕਾਰਵਾਈ, 99 ਦਿਨਾਂ ਵਿਚ 16,492 ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ**-ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੇ ਸੂਬੇ ਦੀ ਪੁਲੀਸ ਦੀ ਸਖਤ ਕਾਰਗੁਜ਼ਾਰੀ ਕਾਰਣ ਨਸ਼ਾ ਸਮਗਲਰ ਧੜਾ ਧੜ ਫੜੇ ਜਾਣ ਲਗੇ ਹਨ। 1 ਮਾਰਚ 2025 ਤੋਂ ਸ਼ੁਰੂ ਹੋਈ ਇਸ ਮੁਹਿੰਮ ਵਿੱਚ ਪੁਲੀਸ ਨੇ 99 ਦਿਨਾਂ ਵਿੱਚ 16,492 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ, ਜੋ ਹਰ ਰੋਜ਼ ਔਸਤਨ 166 ਗ੍ਰਿਫ਼ਤਾਰੀਆਂ ਦੇ ਬਰਾਬਰ ਹੈ। ਇਸ ਦੌਰਾਨ 9700 ਕੇਸ ਦਰਜ ਕੀਤੇ ਗਏ, ਜਿਸ ਵਿੱਚ 625 ਕਿੱਲੋ ਹੈਰੋਇਨ, 252 ਕਿੱਲੋ ਅਫੀਮ, 14,976 ਕਿੱਲੋ ਭੁੱਕੀ ਅਤੇ 11 ਕਰੋੜ ਦੀ ਡਰੱਗ ਮਨੀ ਬਰਾਮਦ ਹੋਈ।

ਹੁਣੇ ਜਿਹੇ ਪੁਲੀਸ ਨੇ 144 ਤਸਕਰਾਂ ਨੂੰ ਫੜ ਕੇ 6.7 ਕਿੱਲੋ ਹੈਰੋਇਨ ਅਤੇ 440 ਕਿੱਲੋ ਭੁੱਕੀ ਜ਼ਬਤ ਕੀਤੀ। 200 ਤੋਂ ਵੱਧ ਪੁਲੀਸ ਟੀਮਾਂ ਨੇ ਸੂਬੇ ਭਰ ਵਿੱਚ 479 ਥਾਵਾਂ 'ਤੇ ਛਾਪੇਮਾਰੀ ਕੀਤੀ। 89 ਵਿਅਕਤੀਆਂ ਨੂੰ ਨਸ਼ਾ ਛਡਾਊ ਕੇਂਦਰਾਂ ਵਿੱਚ ਇਲਾਜ ਲਈ ਰਾਜ਼ੀ ਕੀਤਾ ਗਿਆ।


ਇਹ ਮੁਹਿੰਮ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਸਾਬਤ ਹੋ ਰਹੀ ਹੈ।

# ਐਨ.ਆਈ.ਏ. ਵੱਲੋਂ ਗੋਲਡੀ ਬਰਾੜ ਸਮੇਤ 5 ਮੁਲਜ਼ਮਾਂ ਖ਼ਿਲਾਫ਼ ਦੋਸ਼ ਪੱਤਰ ਦਾਇਰ



**ਪੰਚਕੂਲਾ**-ਐਨ.ਆਈ.ਏ. ਨੇ 2024 ਵਿਚ ਗੁਰੂਗ੍ਰਾਮ ਦੇ ਸੈਕਟਰ 29 ਸਥਿਤ ਵੇਅਰਹਾਊਸ ਅਤੇ ਹਿਊਮਨ ਕਲੱਬਾਂ 'ਤੇ ਬੰਬ ਹਮਲਿਆਂ ਦੀ ਸਾਜ਼ਿਸ਼ ਦੇ ਮਾਮਲੇ ਵਿਚ ਕੈਨੇਡਾ ਸਥਿਤ ਗੋਲਡੀ ਬਰਾੜ, ਅਮਰੀਕਾ ਸਥਿਤ ਰਣਦੀਪ ਮਲਿਕ ਸਮੇਤ 5 ਮੁਲਜ਼ਮਾਂ ਖ਼ਿਲਾਫ਼ ਪੰਚਕੂਲਾ ਅਦਾਲਤ ਵਿਚ ਦੋਸ਼ ਪੱਤਰ ਦਾਇਰ ਕੀਤਾ। ਬਰਾੜ ਅਤੇ ਮਲਿਕ ਫ਼ਰਾਰ ਹਨ, ਜਦਕਿ ਸਚਿਨ ਤਲਿਆਨ, ਅੰਕਿਤ ਅਤੇ ਭਾਵਿਸ਼ ਨੂੰ ਗ੍ਰਿਫ਼ਤਾਰ ਕੀਤਾ ਗਿਆ। ਐਨ.ਆਈ.ਏ. ਮੁਤਾਬਕ, ਇਹ ਹਮਲੇ ਬੱਬਰ ਖਾਲਸਾ ਦੀ ਵੱਡੀ ਸਾਜਿਸ਼ ਦਾ ਹਿੱਸਾ ਸਨ, ਜਿਸ ਦਾ ਮਕਸਦ ਹਰਿਆਣਾ ਅਤੇ ਨੇੜਲੇ ਖੇਤਰਾਂ ਵਿਚ ਹਿੰਸਾ ਫੈਲਾਉਣਾ ਸੀ।

# ਨਕੋਦਰ ਦਾ ਗੈਂਗਸਟਰ ਜੀਸ਼ਾਨ ਅਖਤਰ, ਸਰੀ ਵਿੱਚ ਗ੍ਰਿਫਤਾਰ



**ਨਕੋਦਰ**-ਨਕੋਦਰ ਦਾ ਗੈਂਗਸਟਰ ਜੀਸ਼ਾਨ ਅਖਤਰ, ਜੋ ਬਾਬਾ ਸਿੱਦੀਕੀ ਹੱਤਿਆਕਾਂਡ ਦਾ ਮਾਸਟਰਮਾਈਂਡ ਹੈ, ਨੂੰ ਕੈਨੇਡਾ ਦੇ ਸਰੀ ਵਿੱਚ ਗ੍ਰਿਫਤਾਰ ਕੀਤਾ ਗਿਆ। ਉਸ ਦਾ ਸੰਬੰਧ ਪਾਕਿਸਤਾਨੀ ਡਾਨ ਸ਼ਹਿਜ਼ਾਦ ਭੱਟੀ ਅਤੇ ਲਾਰੈਂਸ ਬਿਸ਼ਨੋਈ ਨਾਲ ਸੀ। ਜੀਸ਼ਾਨ ਜਲੰਧਰ ਵਿੱਚ ਮਨੋਰੰਜਨ ਕਾਲੀਆ ਅਤੇ ਯੂ-ਟਿਊਬਰ ਰੋਜਰ ਸੰਧੂ ਦੇ ਘਰ ਗ੍ਰੇਨੇਡ ਹਮਲਿਆਂ ਵਿੱਚ ਵੀ ਸ਼ਾਮਲ ਸੀ। ਕੈਨੇਡਾ ਪੁਲਸ ਪੁੱਛਗਿੱਛ ਕਰ ਰਹੀ ਹੈ, ਅਤੇ ਭਾਰਤੀ ਏਜੰਸੀਆਂ ਉਸ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

# ਫਾਜ਼ਿਲਕਾ ਪੁਲਸ ਨੇ 1 ਕਿੱਲੋ ਹੈਰੋਇਨ ਸਮੇਤ ਦੋ ਨਸ਼ਾ ਤਸਕਰ ਕੀਤੇ ਕਾਬੂ



**ਫਾਜ਼ਿਲਕਾ**-ਥਾਣਾ ਸਦਰ ਫਾਜ਼ਿਲਕਾ ਦੀ ਪੁਲਸ ਨੇ ਗਸ਼ਤ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਦੋ ਨਸ਼ਾ ਤਸਕਰਾਂ ਨੂੰ 1 ਕਿੱਲੋ 33 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ। ਏ.ਐੱਸ.ਆਈ. ਮੰਗਲ ਸਿੰਘ ਦੀ ਅਗਵਾਈ ਵਿੱਚ ਪੁਲਸ ਪਾਰਟੀ ਨੇ ਪਿੰਡ ਬੇਹ ਕਲੰਦਰ ਨੇੜੇ ਸ਼ੱਕੀ ਗਤੀਵਿਧੀਆਂ ਦੇ ਆਧਾਰ 'ਤੇ ਦੋ ਨੌਜਵਾਨਾਂ ਨੂੰ ਰੋਕਿਆ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ ਕਾਲੇ ਲਿਫਾਫੇ ਵਿੱਚੋਂ ਹੈਰੋਇਨ ਬਰਾਮਦ ਹੋਈ। ਗ੍ਰਿਫਤਾਰ ਵਿਅਕਤੀਆਂ ਦੀ ਪਛਾਣ ਹਰਦੀਪ ਸਿੰਘ ਵਾਸੀ ਅਮਰ ਸਿੰਘ ਵਾਲਾ, ਅਤੇ ਜੈਦੀਪ ਸਿੰਘ ਵਾਸੀ ਖਾਰਾ ਚੱਕ, ਸ੍ਰੀ ਗੰਗਾਨਗਰ (ਰਾਜਸਥਾਨ) ਵਜੋਂ ਹੋਈ। ਪੁਲਸ ਨੇ ਦੋਵਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮਹੰਤ ਖੁਸਰੇ ਮਮਤਾ 'ਤੇ ਚੇਲੇ ਨੇ ਹਮਲਾ ਕਰਕੇ ਸੋਨਾ-ਨਗਦੀ ਲੁੱਟੀ



**ਗੁਰਦਾਸਪੁਰ**-ਇਥੋਂ ਦੇ ਪਿੰਡ ਵੱਡੇ ਘੁੰਮਣ ਵਿਚ ਮਹੰਤ ਮਮਤਾ 'ਤੇ ਉਸ ਦੇ ਚੇਲੇ ਨੇ ਸਾਥੀਆਂ ਨਾਲ ਮਿਲ ਕੇ ਰਾਤ ਦੌਰਾਨ ਉਸ ਦੇ ਡੇਰੇ ਵੜਕੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਮਮਤਾ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਤੇ 10 ਤੋਲੇ ਸੋਨੇ ਦੇ ਗਹਿਣੇ ਅਤੇ 4 ਲੱਖ ਦੀ ਨਗਦੀ ਲੁੱਟ ਕੇ ਫ਼ਰਾਰ ਹੋ ਗਏ। ਮਮਤਾ ਨੇ ਦੱਸਿਆ ਕਿ ਚੇਲਾ ਉਸ ਦੇ ਅਧੀਨ ਇਲਾਕਾ ਹਥਿਆਉਣ ਦੀ ਸਾਜ਼ਿਸ਼ ਰਚ ਰਿਹਾ ਸੀ। ਸੀਸੀਟੀਵੀ ਫੁਟੇਜ ਵਾਇਰਲ ਹੋਣ ਨਾਲ ਮਾਮਲੇ ਨੇ ਤੂਫ਼ਾਨ ਖੜ੍ਹਾ ਕਰ ਦਿੱਤਾ। ਕ੍ਰਿਸ਼ਨ ਭਾਈਚਾਰੇ ਦੀ ਜਥੇਬੰਦੀ ਨੇ ਮਮਤਾ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਹਮਲਾਵਰਾਂ ਨੂੰ ਸਖ਼ਤ ਸਜ਼ਾ ਦੀ ਮੰਗ ਕੀਤੀ। ਥਾਣਾ ਘੁੰਮਣ ਕਲਾਂ ਦੇ ਐਸਐਚਓ ਜਗਦੀਸ਼ ਸਿੰਘ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀੜਤ ਦੇ ਬਿਆਨ ਦਰਜ ਕਰਕੇ ਕਾਨੂੰਨੀ ਕਾਰਵਾਈ ਅੱਗੇ ਵਧ ਰਹੀ ਹੈ।

# ਮੁਕੇਰੀਆਂ ਵਿੱਚ ਨਾਬਾਲਗ ਨਾਲ ਬਲਾਤਕਾਰ

**ਮੁਕੇਰੀਆਂ**-ਪੁਲਸ ਨੇ ਇੱਕ ਪ੍ਰਵਾਸੀ ਪੰਜਾਬੀ ਪਿਤਾ ਨੂੰ ਆਪਣੀ ਨਾਬਾਲਗ ਧੀ ਨਾਲ ਜਬਰਦਸਤੀ ਸਰੀਰਕ ਸੰਬੰਧ ਬਣਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ। ਪੀੜਤਾ ਦੀ ਮਾਂ ਰੁਪਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਸੁਰਜੀਤ ਸਿੰਘ, ਜੋ 2012 ਵਿੱਚ ਅਮਰੀਕਾ ਗਿਆ ਸੀ, ਸਤੰਬਰ 2024 ਵਿੱਚ ਵਾਪਸ ਆਇਆ। ਉਸ ਨੇ 22 ਮਾਰਚ ਤੋਂ 3 ਜੂਨ 2025 ਤੱਕ ਧੀ ਨਾਲ ਜਬਰਦਸਤੀ ਕੀਤੀ ਅਤੇ ਕੁੱਟਮਾਰ ਕੀਤੀ। ਪੁਲਸ ਨੇ ਪੋਸਕੋ ਐਕਟ ਅਧੀਨ ਕੇਸ ਦਰਜ ਕਰਕੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ।



# ਟਰੰਪ ਦੀ ਬੈਨ ਸੂਚੀ ਵਿਚ ਪਾਕਿਸਤਾਨ ਬਾਹਰ, ਭਾਰਤ ਨਾਰਾਜ਼

## ✪ ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੀ ਕਲੀਨ ਚਿੱਟ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 12 ਦੇਸ਼ਾਂ 'ਤੇ ਅਮਰੀਕਾ 'ਚ ਦਾਖਲੇ 'ਤੇ ਪਾਬੰਦੀ ਲਾਈ, ਜਿਸ ਵਿਚ ਅਫਗਾਨਿਸਤਾਨ, ਈਰਾਨ, ਮਿਆਂਮਾਰ ਸਮੇਤ ਕਈ ਦੇਸ਼ ਸ਼ਾਮਲ ਹਨ। ਪਰ ਪਾਕਿਸਤਾਨ, ਜਿਸ 'ਤੇ ਅੱਤਵਾਦ ਦਾ ਸਮਰਥਨ ਦੇ ਦੋਸ਼ ਹਨ, ਨੂੰ ਇਸ ਸੂਚੀ 'ਚੋਂ ਬਾਹਰ ਰੱਖਿਆ ਗਿਆ। ਰਣਨੀਤਕ ਮਾਹਿਰ ਬ੍ਰਹਮਾ ਚੇਲਾਨੀ ਨੇ ਇਸ ਨੂੰ ਅਮਰੀਕੀ 'ਡੀਪ ਸਟੇਟ' ਦੀ ਭਾਰਤ ਵਿਰੋਧੀ ਸੋਚ ਦੱਸਿਆ। ਟਰੰਪ ਨੇ ਪਾਕਿਸਤਾਨ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਸ ਨੇ ਤਾਲਿਬਾਨ ਅੱਤਵਾਦੀ ਨੂੰ ਫੜਨਵਿੱਚ ਮਦਦ ਕੀਤੀ। ਭਾਰਤ ਨੇ ਪਾਕਿਸਤਾਨ ਦੇ ਅੱਤਵਾਦੀ ਸਮਰਥਨ 'ਤੇ ਕਈ ਵਾਰ ਸਵਾਲ ਚੁੱਕੇ ਹਨ, ਪਰ ਟਰੰਪ ਦਾ ਇਹ ਫੈਸਲਾ ਭਾਰਤ ਲਈ ਚਿੰਤਾਜਨਕ ਹੈ।

# ਗੁਰਦਾਸਪੁਰ ਵਿਚ 6 ਮੁਲਜ਼ਮ ਗ੍ਰਿਫ਼ਤਾਰ, ਹਥਿਆਰ ਅਤੇ ਹੈਰੋਇਨ ਬਰਾਮਦ

**ਗੁਰਦਾਸਪੁਰ**-ਪੁਲਸ ਨੇ ਇਕ ਔਰਤ ਸਮੇਤ 6 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ 4 ਪਿਸਤੌਲ, 7 ਕਾਰਤੂਸ, 295 ਗ੍ਰਾਮ ਹੈਰੋਇਨ ਅਤੇ 27,500 ਰੁਪਏ ਡਰੱਗ ਮਨੀ ਬਰਾਮਦ ਕੀਤੀ। ਮੁਲਜ਼ਮ ਰਾਕੇਸ਼ ਕੁਮਾਰ, ਮਨੋਜ ਕੁਮਾਰ, ਅਮਨ ਕੁਮਾਰ, ਲਕਸ਼ਮੀ, ਹਰਮਨਪ੍ਰੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਅਧੀਨ ਕੇਸ ਦਰਜ ਕੀਤੇ ਗਏ। ਪੁਲਸ ਮੁਤਾਬਕ, ਮੁਲਜ਼ਮ ਪਹਿਲਾਂ ਵੀ ਨਸ਼ਾ ਤਸਕਰੀ ਅਤੇ ਹੋਰ ਅਪਰਾਧਾਂ ਵਿਚ ਸ਼ਾਮਲ ਰਹੇ ਹਨ।

# ਜਲੰਧਰ ਵਿਚ ਨਾਬਾਲਗ ਵਲੋਂ ਡੇਢ ਸਾਲ ਦੀ ਬੱਚੀ ਨਾਲ ਬਲਾਤਕਾਰ, ਮੁਲਜ਼ਮ ਗ੍ਰਿਫ਼ਤਾਰ

**ਜਲੰਧਰ**-ਬਸਤੀ ਬਾਵਾ ਖੇਲ ਇਲਾਕੇ ਵਿਚ ਡੇਢ ਸਾਲ ਦੀ ਬੱਚੀ ਨਾਲ ਜਬਰ-ਜਨਾਹ ਦਾ ਦਰਦਨਾਕ ਮਾਮਲਾ ਸਾਹਮਣੇ ਆਇਆ। ਨਾਬਾਲਗ ਮੁਲਜ਼ਮ, ਜੋ ਯੂਪੀ ਤੋਂ ਪਰਵਾਸੀ ਹੈ, ਨੇ ਮੌਕਾ ਪਾ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਪੀੜਤਾ ਦੀ ਮਾਂ ਨੂੰ ਬੱਚੀ ਦੀ ਹਾਲਤ ਦੇਖ ਸਮਝਿਆ ਕਿ ਕੁਝ ਗਲਤ ਹੋਇਆ। ਪੁਲੀਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਬਾਲ ਗ੍ਰਹਿ ਭੇਜ ਦਿੱਤਾ। ਐਸਐਚਓ ਪਰਮਿੰਦਰ ਸਿੰਘ ਥਿੰਦ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਨਾਭਾ ਜੇਲ੍ਹ ਵਿਚ ਗੈਂਗਸਟਰਾਂ ਦੀ ਲੜਾਈ, ਇਕ ਜ਼ਖ਼ਮੀ

**ਨਾਭਾ**-ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ ਟੀਵੀ ਦਾ ਚੈਨਲ ਬਦਲਣ ਨੂੰ ਲੈ ਕੇ ਗੈਂਗਸਟਰਾਂ 'ਚ ਝੜਪ ਹੋ ਗਈ। ਬੰਬੀਹਾ ਗਰੋਹ ਨਾਲ ਸਬੰਧਤ ਹਰਪ੍ਰੀਤ ਸਿੰਘ ਹੈਪੀ 'ਤੇ ਸਾਥੀ ਗੈਂਗਸਟਰਾਂ ਜਸਪ੍ਰੀਤ, ਸ਼ਮਸ਼ੇਰ ਅਤੇ ਚਮਕੌਰ ਨੇ ਚਮਚ ਤੇ ਕੜੇ ਨਾਲ ਹਮਲਾ ਕਰ ਦਿੱਤਾ। ਹੈਪੀ ਦੇ ਨੱਕ 'ਤੇ ਡੂੰਘਾ ਜ਼ਖ਼ਮ ਲੱਗਿਆ। ਜੇਲ੍ਹ ਸੁਪਰਡੈਂਟ ਇੰਦਰਜੀਤ ਨੇ ਦੱਸਿਆ ਕਿ ਪੀੜਤ ਨੇ ਸਾਥੀਆਂ 'ਤੇ ਕਾਰਵਾਈ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਸਾਰੇ ਪੁਰਾਣੇ ਸਾਥੀ ਹਨ।

# ਪ੍ਰਵਾਸੀ ਪੰਜਾਬਣ ਨੂੰ ਜਾਇਦਾਦ ਵਾਪਸ ਮਿਲੀ

## ✪ ਕਿਰਾਏਦਾਰ ਬੇਦਖਲ, ਹਾਈਕੋਰਟ ਦਾ ਵੱਡਾ ਫੈਸਲਾ

**ਚੰਡੀਗੜ੍ਹ**-ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਅੰਮ੍ਰਿਤਸਰ ਦੀ ਪ੍ਰਵਾਸੀ ਪੰਜਾਬਣ ਹਰਬੰਸ ਕੌਰ ਨੂੰ ਵੱਡੀ ਰਾਹਤ ਦਿੰਦਿਆਂ ਉਸ ਦੀ ਜਾਇਦਾਦ ਵਾਪਸ ਦਿਵਾਉਣ ਦਾ ਹੁਕਮ ਸੁਣਾਇਆ। ਕਿਰਾਏਦਾਰ ਪੌਪੂਲਰ ਸ਼ਟਲ ਕੰਪਨੀ ਅਤੇ ਅਮਰੀਕ ਸਿੰਘ ਦੀਆਂ ਅਰਜ਼ੀਆਂ ਖਾਰਜ ਕਰਦਿਆਂ ਅਦਾਲਤ ਨੇ ਬੇਦਖ਼ਲੀ ਦਾ ਫੈਸਲਾ ਬਰਕਰਾਰ ਰੱਖਿਆ। ਹਰਬੰਸ ਕੌਰ ਨੂੰ ਅੰਮ੍ਰਿਤਸਰ ਦੇ ਪੂਰਬੀ ਮੋਹਨ ਨਗਰ ਵਿਚ ਜਾਇਦਾਦ ਦੀ ਲੋੜ ਸੀ, ਜਿੱਥੇ ਉਹ ਆਪਣੇ ਪਤੀ ਨਾਲ ਵਪਾਰ ਸ਼ੁਰੂ ਕਰਨਾ ਚਾਹੁੰਦੀ ਹੈ। ਅਦਾਲਤ ਨੇ ਕਾਨੂੰਨੀ ਦਲੀਲਾਂ ਨੂੰ ਖਾਰਜ ਕਰਦਿਆਂ ਪ੍ਰਵਾਸੀ ਪੰਜਾਬਣ ਦੇ ਹੱਕ ਵਿਚ ਫੈਸਲਾ ਸੁਣਾਇਆ।

# ਵੀਜ਼ਾ ਰੱਦ ਹੋਣ ਕਾਰਨ ਨੌਜਵਾਨ ਦਿਲਪ੍ਰੀਤ ਵਲੋਂ ਖੁਦਕੁਸ਼ੀ

## ✪ ਕੈਨੇਡਾ ਦੇ ਸੁਪਨੇ ਨੇ ਲਈ ਨੌਜਵਾਨ ਦੀ ਜਾਨ



**ਤਪਾ ਮੰਡੀ**-ਬੀਤੇ ਦਿਨੀਂ 20 ਸਾਲ ਦੇ ਦਿਲਪ੍ਰੀਤ ਸਿੰਘ ਨੇ ਕੈਨੇਡਾ ਦਾ ਵੀਜ਼ਾ ਨਾ ਮਿਲਣ ਦੇ ਸਦਮੇ ਕਾਰਨ ਖੁਦ ਨੂੰ ਗੋਲੀ ਮਾਰ ਕੇ ਜਾਨ ਦੇ ਦਿੱਤੀ। ਇਸ ਘਟਨਾ ਨੇ ਪੂਰੇ ਇਲਾਕੇ ਨੂੰ ਸੋਗ ਵਿੱਚ ਡੁਬੋ ਦਿੱਤਾ। ਦਿਲਪ੍ਰੀਤ ਦੀ ਵੀਜ਼ਾ ਫਾਈਲ ਵਾਰ-ਵਾਰ ਰੱਦ ਹੋਣ ਕਾਰਨ ਉਹ ਮਾਨਸਿਕ ਤਣਾਅ ਵਿੱਚ ਸੀ। ਘਟਨਾ ਵੇਲੇ ਉਸ ਦੀ ਮਾਤਾ ਅਤੇ ਦਾਦੀ ਘਰ ਵਿਚ ਸਨ, ਜਦਕਿ ਪਿਤਾ ਅਜੈਬ ਸਿੰਘ ਬਾਹਰ ਗਏ ਹੋਏ ਸਨ। ਪੁਲੀਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜਿਆ, ਪਰ ਕੋਈ ਸੁਸਾਈਡ ਨੋਟ ਨਹੀਂ ਮਿਲਿਆ। ਇਹ ਘਟਨਾ ਵਿਦੇਸ਼ ਜਾਣ ਦੀ ਚਾਹਤ ਅਤੇ ਸਮਾਜਿਕ ਦਬਾਅ ਦੀ ਤ੍ਰਾਸਦੀ ਨੂੰ ਉਜਾਗਰ ਕਰਦੀ ਹੈ।

# ਸਿੱਖ ਸੇਵਕ ਸੁਸਾਇਟੀ ਦੀ ਸੇਵਾ: ਦੱਬੇ ਕੁਚਲੇ ਰਾਜਬੀਰ ਸਿੰਘ ਨੂੰ ਮਿਲਿਆ ਇਲੈਕਟ੍ਰਾਨਿਕ ਆਟੋ

## ✪ ਦਬੇ-ਕੁਚਲੇ ਵਰਗਾਂ ਦੇ ਹੱਕ ਵਿੱਚ ਸੁਸਾਇਟੀ ਦਾ ਅਹਿਮ ਯੋਗਦਾਨ-ਪ੍ਰੋ. ਬਲਵਿੰਦਰ ਪਾਲ ਸਿੰਘ ✪ ਸਿੱਖ ਵਿਰੋਧੀ ਘਟੀਆ ਪ੍ਰਚਾਰ ਕਰ ਰਹੇ ਹਨ ਕਿ ਸਿਖ ਜਾਤੀਵਾਦੀ ਹਨ

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਇੱਕ ਵਾਰ ਫਿਰ ਆਪਣੀ ਮਿਸਾਲੀ ਸੇਵਾ ਨਾਲ ਸਮਾਜ ਦੇ ਦਬੇ-ਕੁਚਲੇ ਵਰਗਾਂ ਦੇ ਜੀਵਨ ਨੂੰ ਰੌਸ਼ਨ ਕਰਨ ਦਾ ਸੁਨੇਹਾ ਦਿੱਤਾ। ਸਰਦਾਰ ਰਜਿੰਦਰ ਸਿੰਘ ਪੁਰੇਵਾਲ ਦੀ ਅਗਵਾਈ ਵਿੱਚ ਚੱਲ ਰਹੀ ਇਸ ਸੰਸਥਾ ਨੇ ਰਾਜਬੀਰ ਸਿੰਘ ਰਵਿਦਾਸੀਆ ਨੂੰ ਇੱਕ ਇਲੈਕਟ੍ਰਾਨਿਕ ਆਟੋ ਰਿਕਸ਼ਾ ਪ੍ਰਦਾਨ ਕੀਤਾ। ਰਾਜਬੀਰ ਸਿੰਘ ਰਵਿਦਾਸੀਆ, ਜੋ ਆਰਥਿਕ ਅਤੇ ਪਰਿਵਾਰਕ ਮੁਸ਼ਕਿਲਾਂ ਨਾਲ ਜੂਝ ਰਿਹਾ ਸੀ, ਉਸ ਦੀ ਜੀਵਨ-ਕਹਾਣੀ ਸਿੱਖ ਸੇਵਕ ਸੁਸਾਇਟੀ ਦੀ ਸੇਵਾ-ਭਾਵਨਾ ਨਾਲ ਜੁੜੀ ਹੋਈ ਹੈ।

ਸੁਸਾਇਟੀ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਨੇ ਦੱਸਿਆ ਕਿ ਰਾਜਬੀਰ ਦੀ ਪਤਨੀ ਦੀ ਬੀਮਾਰੀ ਦੌਰਾਨ ਸੰਸਥਾ ਦੀ ਮੈਂਬਰ ਬੀਬੀ ਭੁਪਿੰਦਰ ਕੌਰ ਯੂਕੇ ਨੇ ਉਸ ਦੇ ਕਿਡਨੀ ਦੇ ਇਲਾਜ ਵਿੱਚ ਪੂਰਨ ਸਹਿਯੋਗ ਕੀਤਾ।



ਬਦਕਿਸਮਤੀ ਨਾਲ, ਰਾਜਬੀਰ ਦੀ ਪਤਨੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ, ਪਰ ਸੁਸਾਇਟੀ ਨੇ ਉਸ ਦੇ ਪਰਿਵਾਰ ਨੂੰ ਸਹਾਰਾ ਦੇਣ ਦਾ ਫਰਜ਼ ਜਾਰੀ ਰੱਖਿਆ। ਰਾਜਬੀਰ ਨੂੰ ਸੱਤ ਮਰਲੇ ਦਾ ਪਲਾਟ ਅਤੇ ਉਸ ਤੋਂ ਇਲਾਵਾ, ਵੰਨ ਬੀਐਚਕੇ ਦਾ ਪੋਰਸ਼ਨ ਬਣਵਾ ਕੇ ਦਿੱਤਾ, ਜਿਸ ਨਾਲ ਉਸ ਨੂੰ ਸਥਾਈ ਰਿਹਾਇਸ਼ ਮਿਲ ਸਕੀ। ਹੁਣ, ਇਲੈਕਟ੍ਰਾਨਿਕ ਆਟੋ ਰਿਕਸ਼ਾ ਦੇਣ ਦੀ ਪਹਿਲ ਨਾਲ ਰਾਜਬੀਰ ਦੇ ਜੀਵਨ ਨੂੰ ਸਵੈ-ਨਿਰਭਰਤਾ ਦਾ ਨਵਾਂ ਮੌਕਾ ਮਿਲਿਆ ਹੈ। ਸੰਸਥਾ ਦੇ ਮੈਂਬਰ ਸੰਦੀਪ ਸਿੰਘ ਚਾਵਲਾ, ਸਾਹਿਬ ਸਿੰਘ ਆਰਟਿਸਟ ਅਤੇ ਅਰਵਿੰਦ ਸਿੰਘ ਨੇ ਇਸ ਮੌਕੇ 'ਤੇ ਰਾਜਬੀਰ ਨੂੰ ਆਟੋ ਪ੍ਰਦਾਨ ਕਰਦਿਆਂ ਸਿੱਖੀ ਦੀ ਸੇਵਾ-ਭਾਵਨਾ ਦੀ ਮਿਸਾਲ ਪੇਸ਼ ਕੀਤੀ।

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਨੇ ਇਸ ਮੌਕੇ 'ਤੇ ਸਿੱਖ ਪੰਥ ਵਿਰੁੱਧ ਜਾਤੀਵਾਦ ਦੇ ਲੱਗ ਰਹੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਸਿੱਖੀ ਸਦਾ ਦਬੇ-ਕੁਚਲੇ ਵਰਗਾਂ ਦੇ ਹੱਕ ਵਿੱਚ ਖੜ੍ਹੀ ਹੈ। ਉਨ੍ਹਾਂ ਨੇ ਕਿਹਾ, "ਸਿੱਖ ਪੰਥ ਨੇ ਹਮੇਸ਼ਾ ਹੜ੍ਹਾਂ, ਬਿਪਤਾਵਾਂ ਅਤੇ ਸਮਾਜਿਕ ਅਨਿਆਂ ਵਿਰੁੱਧ ਗਰੀਬਾਂ ਦਾ ਸਾਥ ਦਿੱਤਾ ਹੈ। ਸਿੱਖ ਸੇਵਕ ਸੁਸਾਇਟੀ ਇਸੇ ਸਿਧਾਂਤ 'ਤੇ ਚੱਲਦੀ ਹੈ।" ਉਨ੍ਹਾਂ ਦਸਿਆ ਕਿ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੀ ਸਥਾਪਨਾ ਦਾ ਮੁੱਖ ਮਕਸਦ ਸਿੱਖੀ ਦੇ ਸੇਵਾ ਅਤੇ ਸਮਾਨਤਾ ਦੇ ਸਿਧਾਂਤਾਂ ਨੂੰ ਅਮਲ ਵਿੱਚ ਲਿਆਉਣਾ ਹੈ। ਸੰਸਥਾ ਨੇ ਨਾ ਸਿਰਫ ਰਾਜਬੀਰ ਸਿੰਘ ਦੀ ਸਹਾਇਤਾ ਕੀਤੀ, ਸਗੋਂ ਸਮਾਜ ਦੇ ਹੋਰ ਵੀ ਕਈ ਲੋੜਵੰਦ ਲੋਕਾਂ ਦੀ ਮਦਦ ਕਰਕੇ ਸਿੱਖੀ ਦੀ ਮਹਾਨ ਪਰੰਪਰਾ ਨੂੰ ਜਾਰੀ ਰੱਖਿਆ ਹੈ।

ਇਸ ਮੌਕੇ 'ਤੇ ਸੰਸਥਾ ਦੇ ਮੈਂਬਰਾਂ ਨੇ ਸਪੱਸ਼ਟ ਕੀਤਾ ਕਿ ਉਹ ਅੱਗੇ ਵੀ ਅਜਿਹੀਆਂ ਸੇਵਾਵਾਂ ਜਾਰੀ ਰੱਖਣਗੇ, ਜੋ ਸਮਾਜ ਦੇ ਹਰ ਵਰਗ ਨੂੰ ਇੱਕ ਸਮਾਨ ਮਾਣ-ਸਤਿਕਾਰ ਦਿੰਦੀਆਂ ਹਨ। ਸਿੱਖ ਸੇਵਕ ਸੁਸਾਇਟੀ ਦੀ ਇਹ ਪਹਿਲ ਵੀ ਇਸੇ ਸਿਧਾਂਤ ਦੀ ਪੁਸ਼ਟੀ ਕਰਦੀ ਹੈ, ਜਿੱਥੇ ਰਾਜਬੀਰ ਸਿੰਘ ਰਵਿਦਾਸੀਆ ਨੂੰ ਗੁਰੂ ਨਾਨਕ ਪੰਥ ਦੇ ਹਿਸੇ ਵਜੋ ਜਾਤੀ-ਪਾਤੀ ਦੇ ਵਿਤਕਰੇ ਤੋਂ ਪਰੀ ਸਹਾਇਤਾ ਪ੍ਰਦਾਨ ਕੀਤੀ ਗਈ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੀ ਇਹ ਪਹਿਲ ਸਿੱਖੀ ਦੀ ਸੇਵਾ-ਭਾਵਨਾ ਅਤੇ ਸਮਾਨਤਾ ਦੇ ਸਿਧਾਂਤਾਂ ਦੀ ਜੀਵੰਤ ਮਿਸਾਲ ਹੈ।

# ਜਰਮਨੀ ਉਪਰ ਰੂਸ ਦੇ ਹਮਲੇ ਦਾ ਖਤਰਾ ਮੰਡਰਾਇਆ ਪੂਰੇ ਯੂਰਪ ਵਿਚ ਦਹਿਸ਼ਤ

## ✪ ਜਰਮਨੀ ਦੀ ਰੂਸ ਨਾਲ ਜੰਗ ਦੀ ਤਿਆਰੀ : 2029 ਤੱਕ ਖਤਰੇ ਦੀ ਚਿਤਾਵਨੀ

ਜਰਮਨੀ ਇੱਕ ਅਜਿਹੀ ਜੰਗ ਲਈ ਤਿਆਰੀਆਂ ਕਰ ਰਿਹਾ ਹੈ, ਜਿਸ ਦੀ ਉਮੀਦ ਨਹੀਂ ਸੀ। ਯੂਕਰੇਨ ਵਿਚ ਰੂਸ ਦੀਆਂ ਕਾਰਵਾਈਆਂ ਨੇ ਪੂਰੇ ਯੂਰਪ ਵਿਚ ਖੌਫ ਪੈਦਾ ਕਰ ਦਿੱਤਾ ਹੈ। ਜਰਮਨੀ ਸਮੇਤ ਕਈ ਯੂਰਪੀ ਦੇਸ਼ 2029 ਤੱਕ ਰੂਸ ਵੱਲੋਂ ਸੰਭਾਵੀ ਹਮਲੇ ਦੀ ਤਿਆਰੀ ਕਰ ਰਹੇ ਹਨ। ਜਰਮਨੀ ਨੇ ਬੰਕਰਾਂ, ਸੁਰੰਗਾਂ ਅਤੇ ਸ਼ੈਲਟਰ ਹੋਮਜ਼ ਦਾ ਜਾਲ ਵਧਾਉਣ ਦੀ ਯੋਜਨਾ ਸ਼ੁਰੂ ਕਰ ਦਿੱਤੀ ਹੈ, ਤਾਂ ਜੋ ਜੰਗ ਦੀ ਸਥਿਤੀ ਵਿਚ ਆਮ ਲੋਕਾਂ ਨੂੰ ਸੁਰੱਖਿਅਤ ਕੀਤਾ ਜਾ ਸਕੇ।



ਜਰਮਨੀ ਦੇ ਸੰਘੀ ਨਾਗਰਿਕ ਸੁਰੱਖਿਆ ਅਤੇ ਆਫ਼ਤ ਸਹਾਇਤਾ ਦਫਤਰ (ਭਬਖ) ਦੇ ਮੁਖੀ ਰਾਲਫ ਟਿਸਲਰ ਨੇ ਕਿਹਾ ਕਿ ਪਹਿਲਾਂ ਜਰਮਨੀ ਵਿਚ ਜੰਗ ਦੀ ਸੰਭਾਵਨਾ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਸੀ, ਪਰ ਹੁਣ ਹਾਲਾਤ ਬਦਲ ਗਏ ਹਨ। ਉਨ੍ਹਾਂ ਕਿਹਾ, "ਅਸੀਂ ਯੂਰਪ 'ਚ ਵੱਡੀ ਜੰਗ ਦੇ ਜੋਖਮ ਬਾਰੇ ਚਿੰਤਤ ਹਾਂ।" ਰੂਸ ਦੇ ਯੂਕਰੇਨ ਵਿਚ ਤਿੰਨ ਸਾਲਾਂ ਦੀ ਜੰਗ ਤੋਂ ਬਾਅਦ, ਜਰਮਨੀ ਨੂੰ ਡਰ ਹੈ ਕਿ 2029 ਤੱਕ ਰੂਸ ਨਾਟੋ ਦੇ ਕਿਸੇ ਦੇਸ਼ 'ਤੇ ਹਮਲਾ ਕਰ ਸਕਦਾ ਹੈ। ਇਸ ਲਈ ਜਰਮਨੀ ਮੌਜੂਦਾ ਸੁਰੰਗਾਂ, ਮੈਟਰੋ ਸਟੇਸ਼ਨਾਂ, ਅੰਡਰਗਰਾਊਂਡ ਗੈਰਾਜਾਂ ਅਤੇ ਜਨਤਕ ਇਮਾਰਤਾਂ ਦੇ ਬੇਸਮੈਂਟ ਨੂੰ ਸ਼ੈਲਟਰ ਵਜੋਂ ਵਰਤਣ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ ਤਾਂ ਜੋ ਜਲਦੀ ਤੋਂ ਜਲਦੀ 10 ਲੱਖ ਲੋਕਾਂ ਲਈ ਸੁਰੱਖਿਅਤ ਥਾਂ ਬਣਾਈ ਜਾ ਸਕੇ।

ਜਰਮਨੀ ਦੇ ਰੱਖਿਆ ਮੁਖੀ ਜਨਰਲ ਕਾਰਸਟਨ ਬਰਾਊਰ ਨੇ ਦੱਸਿਆ ਕਿ ਰੂਸ ਹਰ ਸਾਲ ਸੈਂਕੜੇ ਟੈਂਕ ਬਣਾ ਰਿਹਾ ਹੈ। ਇਹ ਟੈਂਕ 2029 ਜਾਂ ਇਸ ਤੋਂ ਪਹਿਲਾਂ ਬਾਲਟਿਕ ਖੇਤਰ ਵਿਚ ਨਾਟੋ ਦੇਸ਼ਾਂ 'ਤੇ ਹਮਲੇ ਲਈ ਵਰਤੇ ਜਾ ਸਕਦੇ ਹਨ। ਇਸ ਖਤਰੇ ਨੂੰ ਵੇਖਦਿਆਂ ਜਰਮਨੀ ਨੇ ਨਵੇਂ ਬੰਕਰ ਬਣਾਉਣ ਦੀ ਬਜਾਏ ਮੌਜੂਦਾ ਢਾਂਚਿਆਂ ਨੂੰ ਸ਼ੈਲਟਰ ਵਜੋਂ ਵਰਤਣ 'ਤੇ ਜ਼ੋਰ ਦਿੱਤਾ ਹੈ। ਨਵੇਂ ਬੰਕਰ ਬਣਾਉਣ ਵਿਚ ਸਮਾਂ ਅਤੇ ਪੈਸਾ ਜ਼ਿਆਦਾ ਲੱਗੇਗਾ, ਜੋ ਹੁਣ ਸੰਭਵ ਨਹੀਂ। ਜਰਮਨੀ ਦੀ ਸਰਕਾਰ ਦਾ ਮੰਨਣਾ ਹੈ ਕਿ ਸਮੇਂ ਦੀ ਕਮੀ ਕਾਰਨ ਮੌਜੂਦਾ ਸਹੂਲਤਾਂ ਨੂੰ ਹੀ ਮਜ਼ਬੂਤ ਕਰਨਾ ਸਹੀ ਰਹੇਗਾ।

ਜਰਮਨੀ ਵਿਚ ਸ਼ੀਤ ਜੰਗ ਦੇ ਸਮੇਂ ਦੇ ਲਗਭਗ 2000 ਬੰਕਰ ਹਨ, ਪਰ ਇਨ੍ਹਾਂ ਵਿਚੋਂ ਸਿਰਫ 580 ਹੀ ਕੰਮ ਕਰਨ ਦੀ ਹਾਲਤ ਵਿਚ ਹਨ। ਬਾਕੀਆਂ ਨੂੰ ਮੁਰੰਮਤ ਦੀ ਲੋੜ ਹੈ, ਜੋ ਮਹਿੰਗੀ ਅਤੇ ਸਮਾਂ ਲੈਣ ਵਾਲੀ ਹੈ। ਇਹ ਬੰਕਰ ਜਰਮਨੀ ਦੀ ਆਬਾਦੀ ਦੇ ਸਿਰਫ 1% ਤੋਂ ਵੀ ਘੱਟ, ਯਾਨੀ ਲਗਭਗ 4.8 ਲੱਖ ਲੋਕਾਂ ਨੂੰ ਸੁਰੱਖਿਆ ਦੇ ਸਕਦੇ ਹਨ। ਦੂਜੇ ਪਾਸੇ, ਫਿਨਲੈਂਡ ਵਿਚ 50,000 ਸੁਰੱਖਿਆ ਕਮਰੇ ਹਨ, ਜੋ ਉਸ ਦੀ 85% ਆਬਾਦੀ ਨੂੰ ਸੁਰੱਖਿਆ ਦੇ ਸਕਦੇ ਹਨ। ਜਰਮਨੀ ਦੀ ਇਹ ਕਮੀ ਸਰਕਾਰ ਲਈ ਵੱਡੀ ਚੁਣੌਤੀ ਹੈ। ਇਸ ਲਈ ਮੈਟਰੋ ਸਟੇਸ਼ਨਾਂ ਅਤੇ ਬੇਸਮੈਂਟਾਂ ਨੂੰ ਸ਼ੈਲਟਰ ਵਜੋਂ ਵਰਤਣ ਦੀ ਯੋਜਨਾ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਜਰਮਨੀ ਦੀ ਰੂਸ ਨਾਲ ਜੰਗ ਦੀ ਤਿਆਰੀ ਨੂੰ ਨਾਟੋ ਦੇ ਹੋਰ ਦੇਸ਼ਾਂ ਦਾ ਸਮਰਥਨ ਹੈ। ਯੂਕਰੇਨ ਵਿਚ ਰੂਸ ਦੀਆਂ ਕਾਰਵਾਈਆਂ ਨੇ ਪੂਰੇ ਯੂਰਪ 'ਚ ਚਿੰਤਾ ਵਧਾ ਦਿੱਤੀ ਹੈ। ਪੋਲੈਂਡ ਵਰਗੇ ਦੇਸ਼, ਜੋ ਰੂਸ ਅਤੇ ਯੂਕਰੇਨ ਦੀ ਸਰਹੱਦ 'ਤੇ ਹਨ, ਆਪਣੇ ਜੀਡੀਪੀ ਦਾ 5% ਰੱਖਿਆ 'ਤੇ ਖਰਚ ਕਰ ਰਹੇ ਹਨ, ਜੋ ਨਾਟੋ ਦੇਸ਼ਾਂ 'ਚ ਸਭ ਤੋਂ ਵੱਧ ਹੈ। ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟ ਨੇ ਵੀ ਸੁਝਾਅ ਦਿੱਤਾ ਹੈ ਕਿ ਸਾਰੇ ਨਾਟੋ ਦੇਸ਼ਾਂ ਨੂੰ ਆਪਣਾ ਰੱਖਿਆ ਖਰਚ 5% ਤੱਕ ਵਧਾਉਣਾ ਚਾਹੀਦਾ। ਅਮਰੀਕਾ ਅਤੇ ਯੂਰਪੀਅਨ ਯੂਨੀਅਨ ਨੇ ਯੂਕਰੇਨ ਨੂੰ ਹਥਿਆਰ ਅਤੇ ਮਨੁੱਖੀ ਸਹਾਇਤਾ ਦੇ ਕੇ ਰੂਸ ਦੇ ਵਿਰੁੱਧ ਮੋਰਚਾ ਮਜ਼ਬੂਤ ਕੀਤਾ ਹੈ। ਜਰਮਨੀ ਦੀਆਂ ਤਿਆਰੀਆਂ ਨੂੰ ਵੀ ਨਾਟੋ ਅਤੇ ਅਮਰੀਕਾ ਦਾ ਸਮਰਥਨ ਮਿਲ ਰਿਹਾ ਹੈ, ਪਰ ਜੰਗ ਦੀ ਸੰਭਾਵਨਾ ਅਜੇ ਅਨਿਸ਼ਚਿਤ ਹੈ।

ਜਰਮਨੀ ਦੀਆਂ ਤਿਆਰੀਆਂ ਸੁਰੱਖਿਆ ਦੀ ਸਾਵਧਾਨੀ ਵਜੋਂ ਦੇਖੀਆਂ ਜਾ ਰਹੀਆਂ ਹਨ। ਜੇਕਰ ਰੂਸ ਨੇ ਹਮਲਾ ਕੀਤਾ, ਤਾਂ ਨਾਟੋ ਅਤੇ ਅਮਰੀਕਾ ਦਾ ਸਮਰਥਨ ਜਰਮਨੀ ਲਈ ਮਹੱਤਵਪੂਰਨ ਹੋਵੇਗਾ। ਪਰ, ਜੰਗ ਤੋਂ ਬਚਣ ਲਈ ਕੂਟਨੀਤਕ ਯਤਨ ਵੀ ਜਾਰੀ ਹਨ, ਜਿਨ੍ਹਾਂ 'ਤੇ ਸਾਰਿਆਂ ਦੀਆਂ ਨਜ਼ਰਾਂ ਹਨ।

# ਨਵੇਂ ਕੋਵਿਡ-19 ਵੇਰੀਐਂਟ ਐਕਸਐਫਜੀ ਦਾ ਭਾਰਤ ਵਿਚ ਫੈਲਾਅ ਕਿੰਨਾ ਖਤਰਨਾਕ ਹੈ ?

## ✪ ਕਰੋਨਾ ਦੀ ਨਵੀਂ ਕਿਸਮ, ਮਾਹਿਰਾਂ ਦੀ ਰਾਇ ✪ ਪੰਜਾਬ ਸਰਕਾਰ ਵਲੋਂ ਇਲਾਜ ਦੇ ਕੀ ਇੰਤਜ਼ਾਮ ਹਨ ?

**ਨਵੀਂ ਦਿੱਲੀ**-ਭਾਰਤ ਵਿੱਚ ਕੋਵਿਡ-19 ਦੇ ਨਵੇਂ ਵੇਰੀਐਂਟ ਐਕਸਐਫਜੀ ਨੇ ਸਿਹਤ ਮਾਹਿਰਾਂ ਅਤੇ ਸਰਕਾਰੀ ਅਧਿਕਾਰੀਆਂ ਦੀਆਂ ਚਿੰਤਾਵਾਂ ਨੂੰ ਵਧਾ ਦਿੱਤਾ ਹੈ। ਇੰਡੀਅਨ ਐਸਏਆਰਐਸ-ਸੀਓਵੀ-2 ਜੀਨੋਮਿਕਸ ਕੰਸੋਰਟੀਅਮ ਦੇ ਅੰਕੜਿਆਂ ਅਨੁਸਾਰ, ਐਕਸਐਫਜੀ ਵੇਰੀਐਂਟ ਦੇ ਹੁਣ ਤੱਕ ਦੇਸ਼ ਭਰ ਵਿੱਚ 163 ਮਾਮਲੇ ਸਾਹਮਣੇ ਆਏ ਹਨ। ਇਸ ਵਿੱਚੋਂ ਸਭ ਤੋਂ ਵੱਧ 89 ਮਾਮਲੇ ਮਹਾਰਾਸ਼ਟਰ ਵਿੱਚ ਮਿਲੇ ਹਨ, ਜਦਕਿ ਤਾਮਿਲਨਾਡੂ ਵਿੱਚ 16, ਕੇਰਲ ਵਿੱਚ 15, ਗੁਜਰਾਤ ਵਿੱਚ 11 ਅਤੇ ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿੱਚ 6-6 ਮਾਮਲੇ ਸਾਹਮਣੇ ਆਏ ਹਨ। ਇਸ ਨਵੇਂ ਵੇਰੀਐਂਟ ਦੀ ਖੋਜ ਸਭ ਤੋਂ ਪਹਿਲਾਂ ਕੈਨੇਡਾ ਵਿੱਚ ਹੋਈ ਸੀ, ਅਤੇ ਹੁਣ ਇਹ ਦੁਨੀਆਂ ਦੇ ਕਈ ਹਿੱਸਿਆਂ ਵਿੱਚ ਤੇਜ਼ੀ ਨਾਲ ਫੈਲ ਰਿਹਾ ਹੈ।

### ਐਕਸਐਫਜੀ ਵੇਰੀਐਂਟ ਕਿੰਨਾ ਭਿਆਨਕ ਹੈ ? ਮਾਹਿਰਾਂ ਦੀ ਰਾਇ

ਮਾਹਿਰਾਂ ਅਨੁਸਾਰ, ਐਕਸਐਫਜੀ ਵੇਰੀਐਂਟ ਓਮੀਕਰੋਨ ਦੀ ਸਬ-ਲਾਈਨੇਜ ਦਾ ਹਿੱਸਾ ਹੈ ਅਤੇ ਇਸ ਵਿੱਚ ਚਾਰ ਮੁੱਖ ਸਪਾਈਕ ਪ੍ਰੋਟੀਨ ਮਿਊਟੇਸ਼ਨ (ਏ435ਐਸ, ਵੀ445ਐਚ, ਟੀ478 ਆਈ ਅਤੇ ਇੱਕ ਹੋਰ) ਹਨ, ਜੋ ਇਸ ਨੂੰ ਪਹਿਲਾਂ ਦੇ ਵੇਰੀਐਂਟਸ ਨਾਲੋਂ ਵਧੇਰੇ ਸੰਚਾਰਕ ਅਤੇ ਸੰਭਾਵੀ ਤੌਰ 'ਤੇ ਇਮਿਊਨ ਸਿਸਟਮ ਨੂੰ ਚਕਮਾ ਦੇਣ ਵਾਲੇ ਹਨ।

ਦ ਲੈਂਸੇਟ ਜਰਨਲ ਦੇ ਇੱਕ ਲੇਖ ਵਿੱਚ ਕਿਹਾ ਗਿਆ ਹੈ ਕਿ ਐਕਸਐਫਜੀ ਦੀਆਂ ਇਹ ਮਿਊਟੇਸ਼ਨਾਂ ਇਸ ਦੀ ਫੈਲਣ ਦੀ ਸਮਰੱਥਾ ਨੂੰ ਵਧਾਉਂਦੀਆਂ ਹਨ, ਪਰ ਹੁਣ ਤੱਕ ਮਿਲੀ ਜਾਣਕਾਰੀ ਅਨੁਸਾਰ ਇਸ ਵੇਰੀਐਂਟ ਨਾਲ ਸੰਬੰਧਿਤ ਜ਼ਿਆਦਾਤਰ ਮਾਮਲਿਆਂ ਵਿੱਚ ਹਲਕੇ ਲੱਛਣ ਹੀ ਦੇਖੇ



ਗਏ ਹਨ। ਡਾ. ਅਰਜੁਨ ਡੰਗ, ਡਾ. ਡੰਗਸ ਲੈਬ ਦੇ ਸੀਈਓ, ਨੇ ਕਿਹਾ, "ਐਕਸਐਫਜੀ ਅਤੇ ਹੋਰ ਨਵੇਂ ਵੇਰੀਐਂਟਸ ਜਿਵੇਂ ਐਲ ਐਫ. 7 ਅਤੇ ਐਨਬੀ.1.8.1, ਓਮੀਕਰੋਨ ਦੀਆਂ ਸਬ-ਲਾਈਨੇਜ ਹਨ। ਇਹ ਵੇਰੀਐਂਟ ਵਧੇਰੇ ਸੰਚਾਰਕ ਹਨ, ਪਰ ਹੁਣ ਤੱਕ ਸਾਡੇ ਕੋਲ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਇਹ ਗੰਭੀਰ ਬਿਮਾਰੀ ਦਾ ਕਾਰਨ ਬਣਦੇ ਹਨ।" ਮਾਹਿਰਾਂ ਦਾ ਕਹਿਣਾ ਹੈ ਕਿ ਕੋਵਿਡ-19 ਹੁਣ ਇੱਕ ਖਤਰਨਾਕ ਵਾਇਰਸ ਬਣ ਗਿਆ ਸੀ, ਜੋ ਵਕਤ-ਵਕਤ 'ਤੇ ਮੁੜ ਉੱਭਰਦਾ ਰਹੇਗਾ, ਪਰ ਇਸ ਦੀ ਗੰਭੀਰਤਾ ਸਮੇਂ ਦੇ ਨਾਲ ਘੱਟ ਹੋ ਰਹੀ ਹੈ।

ਡਾ. ਰਾਜੀਵ ਭਾਸਕਰ, ਪੰਜਾਬ ਦੇ ਕੋਵਿਡ ਨੋਡਲ ਅਫਸਰ, ਨੇ ਕਿਹਾ, "ਕੋਵਿਡ-19 ਹੁਣ ਇੱਕ ਸਾਹ ਸੰਬੰਧੀ ਬਿਮਾਰੀ ਦੀ ਤਰ੍ਹਾਂ ਹੈ, ਜੋ ਫਲੂ ਨਾਲੋਂ ਵੀ ਘੱਟ ਖਤਰਨਾਕ ਹੋ ਸਕਦੀ ਹੈ, ਪਰ ਸਾਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ।" ਭਾਰਤ ਅਤੇ ਪੰਜਾਬ ਵਿੱਚ ਕੇਸਾਂ ਦੀ ਗਿਣਤੀ

ਇਨਸਾਕਾਗ ਦੇ ਅੰਕੜਿਆਂ ਅਨੁਸਾਰ, ਐਕਸਐਫਜੀ ਵੇਰੀਐਂਟ ਦੇ 163 ਮਾਮਲੇ ਹੁਣ ਤੱਕ ਭਾਰਤ ਵਿੱਚ ਮਿਲੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮਹਾਰਾਸ਼ਟਰ, ਤਾਮਿਲਨਾਡੂ, ਕੇਰਲ ਅਤੇ ਗੁਜਰਾਤ ਵਰਗੇ ਸੂਬਿਆਂ ਵਿੱਚ ਹਨ। ਪੰਜਾਬ ਵਿੱਚ ਐਕਸਐਫਜੀ ਵੇਰੀਐਂਟ ਦੇ ਮਾਮਲਿਆਂ ਦੀ ਖਾਸ ਜਾਣਕਾਰੀ ਹੁਣ ਤੱਕ ਸਪਸ਼ਟ ਨਹੀਂ ਹੈ। ਹਾਲਾਂਕਿ, ਪੰਜਾਬ ਵਿੱਚ ਕੋਵਿਡ-19 ਦੇ ਸਰਗਰਮ ਮਾਮਲੇ ਵਧ ਰਹੇ ਹਨ। ਕੇਂਦਰੀ ਸਿਹਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਭਾਰਤ ਵਿੱਚ ਸਰਗਰਮ ਕੋਵਿਡ-19 ਮਾਮਲਿਆਂ ਦੀ ਗਿਣਤੀ 6,000 ਦੇ ਅੰਕੜੇ ਨੂੰ ਪਾਰ ਕਰ ਗਈ ਹੈ। ਪਿਛਲੇ 48 ਘੰਟਿਆਂ ਵਿੱਚ 769 ਨਵੇਂ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੇਰਲ, ਗੁਜਰਾਤ ਅਤੇ ਪੱਛਮੀ ਬੰਗਾਲ ਵਰਗੇ ਸੂਬਿਆਂ ਵਿੱਚ ਹਨ। ਪੰਜਾਬ ਵਿੱਚ ਵੀ ਕੋਵਿਡ ਮਾਮਲਿਆਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ, ਅਤੇ ਸਿਹਤ ਵਿਭਾਗ ਨੇ ਇਸ ਦੇ ਮੱਦੇਨਜ਼ਰ ਸਾਵਧਾਨੀਆਂ ਵਧਾਉਣ ਦੀ ਅਪੀਲ ਕੀਤੀ ਹੈ।

### ਪੰਜਾਬ ਸਰਕਾਰ ਦੇ ਇਲਾਜ ਅਤੇ ਤਿਆਰੀਆਂ

ਪੰਜਾਬ ਸਰਕਾਰ ਨੇ ਨਵੇਂ ਕੋਵਿਡ-19 ਮਾਮਲਿਆਂ ਦੇ ਵਧਣ ਦੇ ਮੱਦੇਨਜ਼ਰ ਕਈ ਕਦਮ ਚੁੱਕੇ ਹਨ। ਸਿਹਤ ਵਿਭਾਗ ਨੇ ਹਸਪਤਾਲਾਂ ਵਿੱਚ ਤਿਆਰੀਆਂ ਨੂੰ ਵਧਾਇਆ ਹੈ ਅਤੇ ਆਈਸੋਲੇਸ਼ਨ ਵਾਰਡ ਬਣਾਏ ਗਏ ਹਨ। ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਨੇ ਕਿਹਾ, "ਅਸੀਂ ਸਾਰੇ ਹਸਪਤਾਲਾਂ ਨੂੰ ਅਲਰਟ 'ਤੇ ਰੱਖਿਆ ਹੈ ਅਤੇ ਜੀਨੋਮ ਸੀਕੁਐਂਸਿੰਗ ਲਈ ਨਮੂਨੇ ਭੇਜੇ ਜਾ ਰਹੇ ਹਨ। ਸਾਡੇ ਕੋਲ ਸਹੂਲਤਾਂ ਮੌਜੂਦ ਹਨ ਅਤੇ ਅਸੀਂ ਕੋਈ ਕਸਰ ਨਹੀਂ ਛੱਡ ਰਹੇ।" ਪੰਜਾਬ ਵਿੱਚ ਕੋਵਿਡ-19 ਦੀ ਜਾਂਚ ਨੂੰ ਵਧਾਉਣ ਦੇ ਆਦੇਸ਼ ਦਿੱਤੇ ਗਏ ਹਨ, ਖਾਸ ਕਰਕੇ ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਬੁਖਾਰ ਅਤੇ ਸਾਹ ਸੰਬੰਧੀ ਲੱਛਣਾਂ ਵਾਲੇ ਮਰੀਜ਼ ਸਾਹਮਣੇ ਆ ਰਹੇ ਹਨ। ਸਰਕਾਰ ਨੇ ਲੋਕਾਂ ਨੂੰ ਮਾਸਕ ਪਹਿਨਣ, ਸਮਾਜਿਕ ਦੂਰੀ ਅਤੇ ਸੈਨੀਟਾਈਜ਼ੇਸ਼ਨ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ।

### ਟੀਕਾਕਰਣ ਵਾਲੇ ਲੋਕਾਂ ਲਈ ਐਕਸਵਾਈਐਫਜੀ ਕਿੰਨਾ ਖਤਰਨਾਕ ਹੈ ?

ਪਿਛਲੇ ਅਧਿਐਨਾਂ ਅਨੁਸਾਰ, ਓਮੀਕਰੋਨ ਅਤੇ ਇਸ ਦੀਆਂ ਸਬ-ਲਾਈਨੇਜਾਂ ਨਾਲ ਸੰਬੰਧਿਤ ਵੇਰੀਐਂਟਸ ਜ਼ਿਆਦਾਤਰ ਹਲਕੇ ਲੱਛਣ ਪੈਦਾ ਕਰਦੇ ਹਨ, ਪਰ ਬਜ਼ੁਰਗਾਂ ਅਤੇ ਕਮਜ਼ੋਰ ਸਿਹਤ ਵਾਲੇ ਵਿਅਕਤੀਆਂ ਵਿੱਚ ਗੰਭੀਰ ਸਥਿਤੀ ਦਾ ਖਤਰਾ ਰਹਿੰਦਾ ਹੈ। ਇਸ ਲਈ, ਸਿਹਤ ਮਾਹਿਰ ਬੂਸਟਰ ਡੋਜ਼ ਅਤੇ ਸਾਵਧਾਨੀਆਂ ਜਿਵੇਂ ਮਾਸਕ ਪਹਿਨਣ ਅਤੇ ਸਮਾਜਿਕ ਦੂਰੀ ਬਣਾਈ ਰੱਖਣ ਦੀ ਸਿਫਾਰਸ਼ ਕਰਦੇ ਹਨ।

ਪੰਜਾਬ ਦੇ ਲੋਕਾਂ ਨੂੰ ਸਿਹਤ ਵਿਭਾਗ ਨੇ ਅਪੀਲ ਕੀਤੀ ਹੈ ਕਿ ਉਹ ਬੁਖਾਰ, ਖੰਘ, ਜਾਂ ਸਾਹ ਸੰਬੰਧੀ ਸਮੱਸਿਆਵਾਂ ਦੇ ਲੱਛਣ ਦਿਖਣ 'ਤੇ ਤੁਰੰਤ ਕੋਵਿਡ-19 ਦੀ ਜਾਂਚ ਕਰਵਾਉਣ। ਜਨਤਕ ਥਾਵਾਂ 'ਤੇ ਮਾਸਕ ਪਹਿਨਣ, ਹੱਥਾਂ ਨੂੰ ਸੈਨੀਟਾਈਜ਼ ਕਰਨ ਅਤੇ ਸਮਾਜਿਕ ਦੂਰੀ ਦੀ ਪਾਲਣਾ ਕਰਨ ਨਾਲ ਇਸ ਵੇਰੀਐਂਟ ਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ।

# ਐੱਨਸੀਬੀ ਨੇ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਦੇ ਮੁੱਖ ਦੋਸ਼ੀ ਦੀਪਕ ਭੰਡਾਰੀ ਨੂੰ ਹੋਟਲ ਵਿਚੋਂ ਫੜਿਆ

## ✪ ਹੋਟਲ ਦਾ ਰਿਕਾਰਡ ਜ਼ਬਤ, ਅੰਮ੍ਰਿਤਸਰ ਅਤੇ ਤਰਨਤਾਰਨ ਦੇ ਵੱਡੇ ਹਸਪਤਾਲਾਂ ਵਿਚ ਛਾਪੇਮਾਰੀ ✪ ਦੀਪਕ 'ਤੇ ਵਧੇਰੇ ਦਵਾਈਆਂ ਸਪਲਾਈ ਦਾ ਦੋਸ਼

**ਅੰਮ੍ਰਿਤਸਰ**-ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਨੇ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਦੇ ਵੱਡੇ ਖਿਡਾਰੀ ਦੀਪਕ ਭੰਡਾਰੀ ਨੂੰ ਚੰਡੀਗੜ੍ਹ ਦੇ ਇੱਕ ਹੋਟਲ ਦੇ ਕਮਰੇ ਵਿਚੋਂ ਗ੍ਰਿਫ਼ਤਾਰ ਕਰ ਲਿਆ। ਇਹ ਬੰਦਾ ਬਲਾਸਟਿਕ ਫਾਰਮਾ ਕੰਪਨੀ ਦਾ ਮਾਲਕ ਹੈ ਅਤੇ ਵੈੱਬ ਚੈਨਲ ਡੀਫਾਰਯੂ ਦੀ ਆੜ ਵਿਚ ਲੋਕਾਂ ਨੂੰ ਡਰਾਉਣ-ਧਮਕਾਉਣ ਦੇ ਨਾਲ-ਨਾਲ ਨਸ਼ੀਲੀਆਂ ਦਵਾਈਆਂ ਦਾ ਕਾਲਾ ਕਾਰੋਬਾਰ ਚਲਾ ਰਿਹਾ ਸੀ।ਐੱਨਸੀਬੀ ਨੂੰ ਵੀਹ ਦਿਨ ਪਹਿਲਾਂ ਸੂਹ ਮਿਲੀ ਸੀ ਕਿ ਦੀਪਕ ਭੰਡਾਰੀ ਚੰਡੀਗੜ੍ਹ, ਮੋਹਾਲੀ ਅਤੇ ਆਸਪਾਸ ਦੇ ਇਲਾਕਿਆਂ ਵਿਚ ਹੋਟਲ ਬਦਲ-ਬਦਲ ਕੇ ਲੁਕਿਆ ਫਿਰਦਾ ਸੀ। 15 ਮੈਂਬਰੀ ਟੀਮ ਨੇ ਪਿਛਲੇ ਦਸ ਦਿਨਾਂ ਤੋਂ ਇਨ੍ਹਾਂ ਸ਼ਹਿਰਾਂ ਵਿਚ ਡੇਰੇ ਲਾਏ ਹੋਏ ਸਨ। ਹੋਟਲ ਮੈਨੇਜਰਾਂ ਨਾਲ ਗੱਲਬਾਤ ਕਰਕੇ ਅਤੇ ਸੁਰਾਗ ਜੁਟਾਉਣ ਤੋਂ ਬਾਅਦ, ਸ਼ਾਮ ਨੂੰ ਐੱਨਸੀਬੀ ਨੇ ਦੀਪਕ ਨੂੰ ਚੰਡੀਗੜ੍ਹ ਦੇ ਹੋਟਲ 'ਚੋਂ ਘੇਰ ਲਿਆ। ਹੋਟਲ ਦਾ ਸਾਰਾ ਰਿਕਾਰਡ ਵੀ ਜ਼ਬਤ ਕਰ ਲਿਆ ਗਿਆ। ਪਤਾ ਲੱਗਾ ਹੈ ਕਿ ਦੀਪਕ ਮੋਹਾਲੀ ਦੇ ਸੈਕਟਰ-54 ਵਿਚ ਪ੍ਰੀਤ ਲਾਜ ਵਿਚ ਵੀ ਠਹਿਰਿਆ ਹੋਇਆ ਸੀ।

ਇਸ ਤੋਂ ਪਹਿਲਾਂ, 1 ਮਈ ਨੂੰ ਐੱਨਸੀਬੀ ਨੇ ਅੰਮ੍ਰਿਤਸਰ ਦੇ ਇਸਲਾਮਾਬਾਦ ਵਿਚ ਦੀਪਕ ਦੇ ਘਰ ਛਾਪਾ ਮਾਰਿਆ ਸੀ। ਅਪ੍ਰੈਲ 'ਚ ਹੀ ਇਸ ਕਾਰਵਾਈ ਦੀ ਸ਼ੁਰੂਆਤ ਹੋਈ ਸੀ, ਪਰ ਪੱਕੇ ਸਬੂਤ ਮਿਲਣ 'ਤੇ ਪਹਿਲਾਂ ਦੀਪਕ ਦੇ ਭਰਾ ਅਮਿਤ ਭੰਡਾਰੀ ਨੂੰ ਫੜਿਆ ਗਿਆ, ਜਿਸ ਕੋਲੋਂ 31,700 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਸ ਤੋਂ ਬਾਅਦ ਸ਼ਹਿਰ ਦੇ ਨਾਮੀ ਡਾਕਟਰ ਜਤਿੰਦਰ ਮਲਹੋਤਰਾ ਅਤੇ ਰਾਜਿੰਦਰ ਰਾਜਨ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਹ ਤਿੰਨੇ ਹੁਣ ਜੇਲ੍ਹ ਵਿਚ ਬੰਦ ਹਨ। ਅਮਿਤ ਨੂੰ ਛੱਡ ਕੇ, ਬਾਕੀ ਦੋਵੇਂ ਡਾਕਟਰਾਂ ਨੇ ਜ਼ਮਾਨਤ ਲਈ ਅਰਜ਼ੀਆਂ ਦਿੱਤੀਆਂ, ਪਰ ਦੀਪਕ ਦੀ ਪਤਨੀ ਪ੍ਰਿਆ ਭੰਡਾਰੀ ਅਤੇ ਪੁੱਤਰ ਨਵੈ ਭੰਡਾਰੀ ਦੀਆਂ ਜ਼ਮਾਨਤਾਂ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਰੱਦ ਕਰ ਦਿੱਤੀਆਂ। ਹੁਣ ਇਨ੍ਹਾਂ ਦੀਆਂ ਜ਼ਮਾਨਤ ਪਟੀਸ਼ਨਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਵਿਚਾਰ ਅਧੀਨ ਹਨ।ਐੱਨਸੀਬੀ ਨੇ ਅੰਮ੍ਰਿਤਸਰ ਦੇ ਵੱਡੇ-ਵੱਡੇ ਹਸਪਤਾਲਾਂ ਵਿਚ ਵੀ ਛਾਪੇ ਮਾਰੇ ਹਨ। ਤਰਨਤਾਰਨ ਦੇ ਭਿਖੀਵਿੰਡ ਵਿਚ ਇੱਕ ਹਸਪਤਾਲ ਦਾ ਰਿਕਾਰਡ ਵੀ ਜ਼ਬਤ ਕੀਤਾ ਗਿਆ। ਦੀਪਕ 'ਤੇ ਇਲਜ਼ਾਮ ਹੈ ਕਿ ਉਹ ਡਿਮਾਂਡ ਤੋਂ ਵੱਧ ਨਸ਼ੀਲੀਆਂ ਦਵਾਈਆਂ ਹਸਪਤਾਲਾਂ ਨੂੰ ਸਪਲਾਈ ਕਰਦਾ ਸੀ। ਐੱਨਸੀਬੀ ਅਧਿਕਾਰੀ ਨੇ ਦੱਸਿਆ ਕਿ ਦੀਪਕ ਪਿਛਲੇ ਡੇਢ ਮਹੀਨੇ 'ਚ ਕਿਸ-ਕਿਸ ਨਾਲ ਮਿਲਿਆ, ਸਾਰੀ ਪੁੱਛਗਿੱਛ ਹੋ ਰਹੀ ਹੈ। ਕੁਝ ਲੋਕਾਂ ਨੇ ਦੀਪਕ ਨੂੰ ਲੁਕਣ ਵਿਚ ਮਦਦ ਕੀਤੀ, ਅਤੇ ਜੇਕਰ ਉਨ੍ਹਾਂ ਦੇ ਨਾਂ ਸਾਹਮਣੇ ਆਏ ਤਾਂ ਉਨ੍ਹਾਂ ਨੂੰ ਵੀ ਫੜਿਆ ਜਾਵੇਗਾ। ਨਾਲ ਹੀ, ਸਿਵਲ ਹਸਪਤਾਲ ਦੇ ਸੇਵਾਮੁਕਤ ਮੁਖੀ ਡਾ. ਰਾਕੇਸ਼ ਦਾ ਨਾਂ ਵੀ ਇਸ ਕਾਰੋਬਾਰ ਵਿਚ ਸਾਹਮਣੇ ਆ ਰਿਹਾ ਹੈ, ਅਤੇ ਐੱਨਸੀਬੀ ਉਸ ਨੂੰ ਘੇਰਨ ਦੀ ਤਿਆਰੀ ਕਰ ਰਹੀ ਹੈ।

# ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਬੀਬੀਐਮਬੀ ਮੁੱਦੇ 'ਤੇ ਫੈਸਲਾ ਸਹੀ ਹੈ ਜਾਂ ਨਹੀਂ ?

## ✪ ਕੀ ਇਹ ਰਿਪੇਰੀਅਨ ਕਨੂੰਨ ਤੇ ਅਧਿਕਾਰ ਉਲਟ ਫੈਸਲਾ ਨਹੀਂ ? ✪ ਪੰਜਾਬ ਕੋਲ ਕੀ ਰਸਤਾ ਬਾਕੀ ਹੈ ?




ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 6 ਮਈ 2025 ਦੇ ਆਪਣੇ ਹੁਕਮ ਨੂੰ ਸਹੀ ਠਹਿਰਾਉਂਦਿਆਂ ਪੰਜਾਬ ਸਰਕਾਰ ਦੀ ਮੰਗ ਨੂੰ ਖਾਰਜ ਕਰ ਦਿੱਤਾ, ਜਿਸ ਵਿੱਚ 6 ਮਈ ਦੇ ਹੁਕਮ ਨੂੰ ਵਾਪਸ ਲੈਣ ਜਾਂ ਸੋਧਣ ਦੀ ਅਪੀਲ ਕੀਤੀ ਗਈ ਸੀ। ਅਦਾਲਤ ਨੇ ਕਿਹਾ ਕਿ ਉਸ ਦਾ ਪਿਛਲਾ ਹੁਕਮ, ਜਿਸ ਵਿੱਚ ਕੇਂਦਰੀ ਗ੍ਰਹਿ ਸਕੱਤਰ ਦੀ ਮੀਟਿੰਗ ਵਿੱਚ ਹਰਿਆਣਾ ਨੂੰ ਪਾਣੀ ਦੇਣ ਦੇ ਫੈਸਲੇ ਨੂੰ ਲਾਗੂ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ, ਬਿਲਕੁਲ ਸਹੀ ਸੀ ਅਤੇ ਇਸ ਵਿੱਚ ਦਖਲ ਦੇਣ ਦਾ ਕੋਈ ਆਧਾਰ ਨਹੀਂ। ਅਦਾਲਤ ਦਾ ਮੰਨਣਾ ਹੈ ਕਿ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦਾ 2 ਮਈ ਨੂੰ ਹਰਿਆਣਾ ਨੂੰ ਪਾਣੀ ਦੇਣ ਦਾ ਫੈਸਲਾ ਕਾਨੂੰਨੀ ਅਤੇ ਸੰਵਿਧਾਨਕ ਸੀ।

ਅਦਾਲਤ ਦਾ ਫੈਸਲਾ ਬੀਬੀਐਮਬੀ ਦੇ ਅਧਿਕਾਰ ਖੇਤਰ ਅਤੇ ਪੰਜਾਬ-ਹਰਿਆਣਾ ਪਾਣੀ ਸਮਝੌਤਿਆਂ 'ਤੇ ਅਧਾਰਿਤ ਹੈ। ਬੀਬੀਐਮਬੀ ਇੱਕ ਕੇਂਦਰੀ ਅਧਿਕਾਰਤ ਸੰਸਥਾ ਹੈ, ਜੋ ਭਾਖੜਾ ਅਤੇ ਬਿਆਸ ਨਦੀਆਂ ਦੇ ਪਾਣੀ ਦੀ ਵੰਡ ਲਈ ਜ਼ਿੰਮੇਵਾਰ ਹੈ। ਅਦਾਲਤ ਨੇ ਮੰਨਿਆ ਕਿ ਬੀਬੀਐਮਬੀ ਦੇ ਫੈਸਲੇ ਨੂੰ ਪੰਜਾਬ ਸਰਕਾਰ ਦੀ ਮਨਜ਼ੂਰੀ ਦੀ ਲੋੜ ਨਹੀਂ, ਕਿਉਂਕਿ ਇਹ ਕੇਂਦਰੀ ਅਧਿਕਾਰ ਖੇਤਰ ਅਧੀਨ ਆਉਂਦਾ ਹੈ ਹਾਲਾਂਕਿ, ਪੰਜਾਬ ਦੇ ਦ੍ਰਿਸ਼ਟੀਕੋਣ ਤੋਂ, ਇਹ ਫੈਸਲਾ ਅਨੁਚਿਤ ਲੱਗ ਸਕਦਾ ਹੈ, ਕਿਉਂਕਿ ਪੰਜਾਬ ਬੀਬੀਐਮਬੀ ਵਿੱਚ 60% ਹਿੱਸੇਦਾਰੀ ਦਾ ਦਾਅਵਾ ਕਰਦਾ ਹੈ ਅਤੇ ਮੰਨਦਾ ਹੈ ਕਿ ਉਸ ਦੇ ਪਾਣੀ ਦੇ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ।

ਪੰਜਾਬ ਸਰਕਾਰ, ਖਾਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ, ਨੇ ਬੀਬੀਐਮਬੀ ਦੇ ਫੈਸਲਿਆਂ ਅਤੇ ਹਾਈਕੋਰਟ ਦੇ ਹੁਕਮਾਂ ਦਾ ਸਖਤ ਵਿਰੋਧ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਭੰਭ ਨੂੰ ਪੰਜਾਬ ਦੀ ਸਹਿਮਤੀ ਤੋਂ ਬਿਨਾਂ ਹਰਿਆਣਾ ਨੂੰ ਪਾਣੀ ਦੇਣ ਲਈ ਵਰਤਿਆ ਜਾ ਰਿਹਾ ਹੈ, ਅਤੇ ਪੰਜਾਬ ਇਸ ਧੱਕੇ ਨੂੰ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਨੇ ਬੀਬੀਐਮਬੀ ਦਾ ਫੰਡ ਰੋਕਣ ਅਤੇ ਪਿਛਲੇ ਫੰਡ ਦੀ ਆਡਿਟ ਦੀ ਗੱਲ ਵੀ ਕਹੀ।27 ਮਈ 2025 ਦੌਰਾਨ ਭਗਵੰਤ ਮਾਨ ਨੇ ਬੀਬੀਐਮਬੀ ਦੇ ਪੁਨਰਗਠਨ ਦੀ ਮੰਗ ਕੀਤੀ, ਕਹਿੰਦਿਆਂ ਕਿ ਬੀਬੀਐਮਬੀ ਨੇ ਪੰਜਾਬ ਵਿਰੁੱਧ ਗੈਰ-ਸੰਵਿਧਾਨਕ ਫੈਸਲੇ ਲਏ ਹਨ।

ਪੰਜਾਬ ਸਰਕਾਰ ਦਾ ਮੰਨਣਾ ਹੈ ਕਿ ਬੀਬੀਐਮਬੀ ਅਤੇ ਕੇਂਦਰ ਸਰਕਾਰ ਪੰਜਾਬ ਦੇ ਪਾਣੀ ਦੇ ਹੱਕਾਂ 'ਤੇ ਡਾਕਾ ਮਾਰ ਰਹੇ ਹਨ। ਉਨ੍ਹਾਂ ਨੇ ਹਾਈਕੋਰਟ ਵਿੱਚ ਸਮੀਖਿਆ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿੱਚ ਬੀਬੀਐਮਬੀ ਦੇ 2 ਮਈ ਦੇ ਫੈਸਲੇ ਨੂੰ ਨਿਯਮਾਂ ਦੇ ਖਿਲਾਫ ਦੱਸਿਆ ਗਿਆ, ਪਰ ਅਦਾਲਤ ਨੇ ਇਸ ਨੂੰ ਖਾਰਜ ਕਰ ਦਿੱਤਾ।

ਪੰਜਾਬ ਦੇ ਨਜ਼ਰੀਏ ਤੋਂ, ਬੀਬੀਐਮਬੀ ਦਾ ਹਰਿਆਣਾ ਨੂੰ ਪਾਣੀ ਦੇਣ ਦਾ ਫੈਸਲਾ ਅਤੇ ਹਾਈਕੋਰਟ ਦਾ ਇਸ ਨੂੰ ਸਹੀ ਠਹਿਰਾਉਣਾ ਪੰਜਾਬ ਦੇ ਹੱਕਾਂ ਦੀ ਲੁੱਟ ਵਜੋਂ ਦੇਖਿਆ ਜਾ ਰਿਹਾ ਹੈ।

ਪੰਜਾਬ ਬੀਬੀਐਮਬੀ ਵਿੱਚ 60% ਹਿੱਸੇਦਾਰੀ ਦਾ ਦਾਅਵਾ ਕਰਦਾ ਹੈ, ਪਰ ਉਸ ਦੀ ਸਹਿਮਤੀ ਤੋਂ ਬਿਨਾਂ ਫੈਸਲੇ ਲਏ ਜਾ ਰਹੇ ਹਨ। ਪੰਜਾਬ ਦੀ ਆਰਥਿਕਤਾ ਮੁੱਖ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਹੈ, ਅਤੇ ਪਾਣੀ ਦੀ ਘਾਟ ਨਾਲ ਕਿਸਾਨਾਂ ਨੂੰ ਨੁਕਸਾਨ ਹੋ ਸਕਦਾ ਹੈ। ਪੰਜਾਬ ਸਰਕਾਰ, ਖਾਸ ਕਰਕੇ ਆਮ ਆਦਮੀ ਪਾਰਟੀ, ਇਸ ਮੁੱਦੇ ਨੂੰ ਪੰਜਾਬ ਦੇ ਸਵੈਮਾਣ ਅਤੇ ਹੱਕਾਂ ਨਾਲ ਜੋੜ ਕੇ ਵੇਖ ਰਹੀ ਹੈ, ਜੋ ਰਾਜਸੀ ਤੌਰ 'ਤੇ ਸੰਵੇਦਨਸ਼ੀਲ ਹੈ ਹਾਲਾਂਕਿ, ਕੇਂਦਰ ਅਤੇ ਹਰਿਆਣਾ ਦੇ ਦ੍ਰਿਸ਼ਟੀਕੋਣ ਤੋਂ, ਬੀਬੀਐਮਬੀ ਦਾ ਫੈਸਲਾ ਪੰਜਾਬ-ਹਰਿਆਣਾ ਪਾਣੀ ਸਮਝੌਤਿਆਂ ਅਤੇ ਕੇਂਦਰੀ ਅਧਿਕਾਰ ਖੇਤਰ ਦੇ ਅਨੁਕੂਲ ਹੈ। ਹਰਿਆਣਾ ਦਾ ਕਹਿਣਾ ਹੈ ਕਿ ਪਾਣੀ ਕੌਮੀ ਜਾਇਦਾਦ ਹੈ, ਅਤੇ ਬੀਬੀਐਮਬੀ ਨੂੰ ਨਿਯਮਾਂ ਅਨੁਸਾਰ ਪਾਣੀ ਦੀ ਵੰਡ ਕਰਨ ਦਾ ਅਧਿਕਾਰ ਹੈ।

ਰਿਪੇਰੀਅਨ ਸਿਧਾਂਤ ਅਨੁਸਾਰ, ਨਦੀ ਦੇ ਕੰਢੇ ਵਾਲੇ ਰਾਜਾਂ ਨੂੰ ਪਾਣੀ ਦੀ ਵਰਤੋਂ ਦਾ ਹੱਕ ਹੁੰਦਾ ਹੈ, ਪਰ ਇਹ ਹੱਕ ਸਾਂਝਾ ਅਤੇ ਨਿਯਮਿਤ ਹੁੰਦਾ ਹੈ। ਪੰਜਾਬ ਦਾ ਦਾਅਵਾ ਹੈ ਕਿ ਸਤਲੁਜ ਅਤੇ ਬਿਆਸ ਨਦੀਆਂ ਮੁੱਖ ਤੌਰ 'ਤੇ ਪੰਜਾਬ ਵਿੱਚ ਵਹਿੰਦੀਆਂ ਹਨ, ਇਸ ਲਈ ਉਸ ਨੂੰ ਪਾਣੀ 'ਤੇ ਪਹਿਲਾ ਹੱਕ ਹੈ।

ਪੰਜਾਬ ਮੰਨਦਾ ਹੈ ਕਿ ਬੀਬੀਐਮਬੀ ਦਾ ਹਰਿਆਣਾ ਨੂੰ ਪਾਣੀ ਦੇਣ ਦਾ ਫੈਸਲਾ ਰਿਪੇਰੀਅਨ ਸਿਧਾਂਤ ਦੀ ਉਲੰਘਣਾ ਹੈ, ਕਿਉਂਕਿ ਪੰਜਾਬ ਦੀ ਸਹਿਮਤੀ ਨਹੀਂ ਲਈ ਗਈ, ਅਤੇ ਪੰਜਾਬ ਦੀਆਂ ਖੇਤੀਬਾੜੀ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਬੀਬੀਐਮਬੀ ਦਾ ਫੈਸਲਾ 1966 ਦੇ ਪੰਜਾਬ ਪੁਨਰਗਠਨ ਐਕਟ ਅਤੇ ਸਤਲੁਜ-ਯਮੁਨਾ ਲਿੰਕ ਨਹਿਰ ਸਮਝੌਤਿਆਂ 'ਤੇ ਆਧਾਰਿਤ ਹੈ, ਜਿਨ੍ਹਾਂ ਅਨੁਸਾਰ ਹਰਿਆਣਾ ਨੂੰ ਵੀ ਪਾਣੀ ਦਾ ਹੱਕ ਹੈ।

ਹਾਈਕੋਰਟ ਨੇ ਵੀ ਇਸ ਨੂੰ ਸਹੀ ਮੰਨਿਆ, ਕਿਉਂਕਿ ਬੀਬੀਐਮਬੀ ਦਾ ਅਧਿਕਾਰ ਖੇਤਰ ਸੰਵਿਧਾਨਕ ਹੈ। ਰਿਪੇਰੀਅਨ ਕਨੂੰਨ ਦੀ ਵਿਆਖਿਆ ਵਿਵਾਦਿਤ ਹੈ, ਅਤੇ ਇਹ ਮੁੱਦਾ ਸੁਪਰੀਮ ਕੋਰਟ ਵਿੱਚ ਵੀ ਵਿਚਾਰ ਅਧੀਨ ਹੈ। ਐਸਵਾਈਐਲ ਵਿਵਾਦ 'ਤੇ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਨੂੰ ਆਪਸੀ ਸਹਿਮਤੀ ਨਾਲ ਹੱਲ ਲੱਭਣ ਦੇ ਨਿਰਦੇਸ਼ ਦਿੱਤੇ ਹਨ।

ਪੰਜਾਬ ਸਰਕਾਰ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਸਕਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਐਸ ਵਾਈ ਐਲ ਅਤੇ ਪਾਣੀ ਦੇ ਮੁੱਦੇ 'ਤੇ ਸੁਪਰੀਮ ਕੋਰਟ ਵਿੱਚ ਲੜਾਈ ਲੜ ਰਹੇ ਹਨ।

ਪੰਜਾਬ ਸਰਕਾਰ ਬੀਬੀਐਮਬੀ ਦੇ ਪੁਨਰਗਠਨ ਦੀ ਮੰਗ ਕਰ ਰਹੀ ਹੈ, ਤਾਂ ਜੋ ਪੰਜਾਬ ਦੀ ਹਿੱਸੇਦਾਰੀ ਅਤੇ ਹੱਕਾਂ ਨੂੰ ਵਧੇਰੇ ਪ੍ਰਤੀਨਿਧਤਾ ਮਿਲੇ।

ਮੁੱਖ ਮੰਤਰੀ ਨੇ ਬੀਬੀਐਮਬੀ ਦੇ ਫੰਡ ਰੋਕਣ ਅਤੇ ਪਿਛਲੇ ਫੰਡ ਦੀ ਆਡਿਟ ਦੀ ਗੱਲ ਕਹੀ ਹੈ। ਹਾਲਾਂਕਿ, ਇਸ ਦੀ ਕਾਨੂੰਨੀ ਮਾਨਤਾ 'ਤੇ ਸਵਾਲ ਉੱਠ ਸਕਦੇ ਹਨ, ਕਿਉਂਕਿ ਬੀਬੀਐਮਬੀ ਕੇਂਦਰੀ ਅਧਿਕਾਰ ਖੇਤਰ ਅਧੀਨ ਹੈ।

ਪੰਜਾਬ ਸਰਕਾਰ ਇਸ ਮੁੱਦੇ ਨੂੰ ਕਿਸਾਨ ਜਥੇਬੰਦੀਆਂ ਅਤੇ ਜਨਤਾ ਨਾਲ ਜੋੜ ਕੇ ਰਾਜਸੀ ਦਬਾਅ ਬਣਾ ਸਕਦੀ ਹੈ। ਪੰਜਾਬ ਵਿੱਚ ਪਾਣੀ ਦਾ ਮੁੱਦਾ ਭਾਵਨਾਤਮਕ ਅਤੇ ਸਿਆਸੀ ਤੌਰ 'ਤੇ ਸੰਵੇਦਨਸ਼ੀਲ ਹੈ।

ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ, ਪੰਜਾਬ ਸਰਕਾਰ ਕੇਂਦਰ ਅਤੇ ਹਰਿਆਣਾ ਨਾਲ ਗੱਲਬਾਤ ਰਾਹੀਂ ਸਮਝੌਤਾ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ, ਹਾਲਾਂਕਿ ਅਜਿਹੀ ਸੰਭਾਵਨਾ ਘੱਟ ਹੈ।

# ਮੋਗਾ ਵਿਖੇ ਵਿਆਹ ਵਿਚ ਹੋਇਆ ਧੋਖਾ, ਲਾੜਾ ਬਰਾਤ ਲੈ ਕੇ ਪਹੁੰਚਿਆ, ਨਾ ਲਾੜੀ ਮਿਲੀ, ਨਾ ਮੈਰਿਜ ਪੈਲੇਸ !

ਮੋਗਾ-ਅੰਮ੍ਰਿਤਸਰ ਦੇ ਪਿੰਡ ਸੁਲਤਾਨਵਿੰਡੀ ਤੋਂ ਲਾੜਾ ਬਾਜੇ-ਗਾਜੇ ਨਾਲ ਬਰਾਤ ਲੈ ਕੇ ਮੋਗਾ ਪਹੁੰਚਿਆ, ਪਰ ਨਾ ਤਾਂ ਲਾੜੀ ਮਿਲੀ, ਨਾ ਮੈਰਿਜ ਪੈਲੇਸ, ਨਾ ਲੜਕੀ ਦਾ ਪਰਿਵਾਰ, ਤੇ ਨਾ ਹੀ ਕੋਈ ਸਹੀ ਪਤਾ। ਸਾਰਾ ਦਿਨ ਬਰਾਤ ਸ਼ਹਿਰ ਦੀਆਂ ਗਲੀਆਂ ਵਿਚ ਚੱਕਰ ਲਗਾਉਂਦੀ ਰਹੀ, ਪਰ ਕੁਝ ਵੀ ਹੱਥ ਨਾ ਲੱਗਿਆ।

ਲਾੜੇ ਦੀ ਭਰਜਾਈ ਮਨਪ੍ਰੀਤ ਕੌਰ, ਜਿਸ ਨੇ ਇਹ ਰਿਸ਼ਤਾ ਜੋੜਿਆ ਸੀ, ਨੇ ਰੋਂਦਿਆਂ ਦੱਸਿਆ ਕਿ ਲੜਕੀ ਉਸ ਦੇ ਮਾਮੇ ਦੀ ਲੜਕੀ ਸੀ, ਜਿਸ ਦਾ ਪਰਿਵਾਰ ਯੂਕੇ ਵਿਚ ਰਹਿੰਦਾ ਹੈ। ਰੋਜ਼ਾਨਾ ਫੋਨ 'ਤੇ ਵਿਆਹ ਦੀਆਂ ਗੱਲਾਂ ਹੁੰਦੀਆਂ ਸਨ, ਪ੍ਰਬੰਧਾਂ ਦੀ ਤਿਆਰੀ ਵੀ ਫੋਨ 'ਤੇ ਹੀ ਚੱਲ ਰਹੀ ਸੀ। ਪਰ ਜਦੋਂ ਬਰਾਤ ਮੋਗਾ ਪਹੁੰਚੀ, ਤਾਂ ਨਾ ਲੜਕੀ ਮਿਲੀ, ਨਾ ਉਸ ਦਾ ਘਰ, ਨਾ ਮਾਪੇ, ਤੇ ਨਾ ਹੀ ਫੋਨ ਚੱਲਿਆ। ਮਨਪ੍ਰੀਤ ਨੇ ਕਿਹਾ, "15-20 ਸਾਲ ਪਹਿਲਾਂ ਮੈਂ ਮੋਗਾ ਆਈ ਸੀ, ਪਰ ਹੁਣ ਸਭ ਬਦਲ ਗਿਆ। ਬੱਸ ਸਟੈਂਡ ਕੋਲ ਛੇ ਨੰਬਰ ਗਲੀ ਦਾ ਪਤਾ ਦਿੱਤਾ ਸੀ, ਪਰ ਉੱਥੇ ਕੋਈ ਪਰਿਵਾਰ ਨਹੀਂ ਸੀ। ਲਾੜੇ ਦੇ ਪਿਤਾ ਸੁਖਜੀਤ ਸਿੰਘ ਨੇ ਦੱਸਿਆ, "ਸਾਨੂੰ ਠੱਗਿਆ ਗਿਆ। ਲੜਕੀ ਵਾਲਿਆਂ ਨੇ ਜੋ ਪਤਾ ਦਿੱਤਾ, ਉਹ ਵੀ ਝੂਠਾ ਸੀ। ਅਸੀਂ ਇਨਸਾਫ਼ ਮੰਗਦੇ ਹਾਂ।"

### ਫੋਨ 'ਤੇ ਬਣਿਆ ਰਿਸ਼ਤਾ ਲਾੜੇ 'ਤੇ ਪਿਆ ਭਾਰੂ

ਜਿਵੇਂ ਕਿ ਹੋਰ ਮਾਮਲਿਆਂ 'ਚ ਵੀ ਹੋ ਰਿਹਾ ਹੈ, ਇਸ ਵਾਰ ਵੀ ਰਿਸ਼ਤਾ ਫੋਨ ਰਾਹੀਂ ਬਣਾਇਆ ਗਿਆ ਸੀ। ਯੂਕੇ ਵਿਚ ਰਹਿ ਰਹੀ ਲੜਕੀ ਤੇ ਉਸ ਦੇ ਪਰਿਵਾਰ ਨੇ ਲਾੜੇ ਦੇ ਪਰਿਵਾਰ ਨਾਲ ਦਿਨਾਂ ਦੌਰਾਨ ਗੱਲਾਂ ਕੀਤੀਆਂ, ਵਿਆਹ ਦੀਆਂ ਤਿਆਰੀਆਂ ਹੋਈਆਂ ਤੇ ਵਿਆਹ ਵਾਲੀ ਥਾਂ ਦੀ ਵੀ ਜਾਣਕਾਰੀ ਦਿੱਤੀ ਗਈ ਪਰ ਜਦ ਲਾੜਾ ਮੋਗਾ ਆਇਆ ਤਾਂ ਪਤਾ ਲੱਗਿਆ ਕਿ ਸਭ ਕੁਝ ਝੂਠ ਸੀ।

### ਮੋਗਾ ਵਿਚ ਪਹਿਲਾਂ ਵੀ ਵਾਪਰ ਚੁੱਕੀਆਂ ਅਜਿਹੀਆਂ ਘਟਨਾਵਾਂ

ਇਹ ਕੋਈ ਨਵੀਂ ਗੱਲ ਨਹੀਂ। ਕੁਝ ਮਹੀਨੇ ਪਹਿਲਾਂ ਜਲੰਧਰ ਦੇ ਪਿੰਡ ਮੜਿਆਲਾ ਦੇ ਨੌਜਵਾਨ ਦੀਪਕ ਨਾਲ ਵੀ ਅਜਿਹੀ ਹੀ ਠੱਗੀ ਹੋਈ ਸੀ। ਸੋਸ਼ਲ ਮੀਡੀਆ ਰਾਹੀਂ ਰਿਸ਼ਤਾ ਬਣਿਆ, ਵਿਆਹ ਦੀ ਤਾਰੀਕ ਮੁਕੱਰਰ ਹੋਈ, ਪਰ ਬਰਾਤ ਮੋਗਾ ਪਹੁੰਚੀ ਤਾਂ ਲੜਕੀ ਨੇ ਫੋਨ ਬੰਦ ਕਰ ਦਿੱਤਾ। ਅਜਿਹੀਆਂ ਘਟਨਾਵਾਂ ਨੇ ਨੌਜਵਾਨਾਂ ਦੇ ਭਵਿੱਖ 'ਤੇ ਸਵਾਲ ਖੜੇ ਕਰ ਦਿੱਤੇ ਹਨ।

**ਪੰਜਾਬ ਟਾਈਮਜ ਅਨੁਸਾਰ ਇਹ ਘਟਨਾ ਸਮਾਜ ਨੂੰ ਜਗਾਉਣ ਵਾਲੀ ਹੈ। ਫੋਨ ਜਾਂ ਸੋਸ਼ਲ ਮੀਡੀਆ 'ਤੇ ਰਿਸ਼ਤੇ ਜੋੜਨ ਤੋਂ ਪਹਿਲਾਂ ਪੂਰੀ ਜਾਂਚ-ਪੜਤਾਲ ਜ਼ਰੂਰੀ ਹੈ, ਨਹੀਂ ਤਾਂ ਅਜਿਹੀਆਂ ਠੱਗੀਆਂ ਸਾਡੀਆਂ ਖੁਸ਼ੀਆਂ ਨੂੰ ਮਾਯੂਸੀ ਵਿਚ ਬਦਲ ਸਕਦੀਆਂ ਹਨ।**

# ਮੋਦੀ ਸਰਕਾਰ ਦਾ 11 ਸਾਲਾ ਸਫਰ: ਵਿਕਾਸ ਦੀਆਂ ਉਚਾਈਆਂ ਤੇ ਦੋਸ਼ਾਂ ਦਾ ਘੇਰਾ

ਨਿਊਜ਼ ਵਿਸ਼ਲੇਸ਼ਣ

## ✪ ਵਿਰੋਧੀਆਂ ਨੇ ਮੋਦੀ ਸਰਕਾਰ ਨੂੰ ਜੁਮਲਿਆਂ ਦੀ 'ਸਰਕਾਰ' ਕਿਹਾ ✪ ਮਾਈਕਰੋ ਮੈਨੇਜਮੈਂਟ ਨਾਲ 2026 ਦੀ ਤਿਆਰੀ ਸ਼ੁਰੂ ਕੀਤੀ ਭਾਜਪਾ ਨੇ ✪ ਸਿੱਖ ਪੰਥ ਤੇ ਪੰਜਾਬ ਮੋਦੀ ਸਰਕਾਰ ਤੋਂ ਨਿਰਾਸ਼ ਕਿਉਂ ?

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ 11 ਸਾਲ ਪੂਰੇ ਕਰ ਲਏ ਹਨ। ਇਹ ਸਮਾਂ ਜਿੱਥੇ ਵਿਕਾਸ ਦੀਆਂ ਕਹਾਣੀਆਂ ਨਾਲ ਭਰਿਆ ਹੈ, ਉੱਥੇ ਵਿਰੋਧੀਆਂ ਦੇ ਦੋਸ਼ਾਂ ਨੇ ਵੀ ਸਰਕਾਰ ਨੂੰ ਘੇਰਿਆ ਹੋਇਆ ਹੈ। ਭਾਜਪਾ ਇਸਨੂੰ 'ਸੁਨਹਿਰੀ ਸਫਰ' ਦੱਸਦੀ ਹੈ, ਪਰ ਵਿਰੋਧੀ ਪਾਰਟੀਆਂ 'ਜੁਮਲਿਆਂ ਦਾ ਜੰਗਲ' ਕਹਿ ਕੇ ਸਵਾਲ ਖੜ੍ਹੇ ਕਰਦੀਆਂ ਹਨ। ਇਸ ਦੌਰਾਨ, ਪੰਜਾਬ ਦੇ ਸਿੱਖ ਭਾਈਚਾਰੇ ਵਿੱਚ ਸਰਕਾਰ ਪ੍ਰਤੀ ਨਿਰਾਸ਼ਤਾ ਵੀ ਡੂੰਘੀ ਹੋਈ, ਜਿਸ ਦੇ ਮੁੱਖ ਕਾਰਨ ਖੇਤੀ ਕਾਨੂੰਨ, ਫਿਰਕੂ ਵਿਵਾਦ, ਤੇ ਸੂਬੇ ਤੇ ਸਿੱਖ ਪੰਥ ਦੀਆਂ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕਰਨਾ ਹੈ ।



### ਮੋਦੀ ਸਰਕਾਰ ਦੀਆਂ ਪ੍ਰਾਪਤੀਆਂ

ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਮੁਤਾਬਕ, ਮੋਦੀ ਸਰਕਾਰ ਨੇ ਇਤਿਹਾਸਕ ਫੈਸਲਿਆਂ ਨਾਲ ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ। ਧਾਰਾ 370 ਦਾ ਖਾਤਮਾ, ਤਿੰਨ ਤਲਾਕ 'ਤੇ ਰੋਕ, ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.), ਮਹਿਲਾ ਰਾਖਵਾਂਕਰਨ, ਤੇ ਨੋਟਬੰਦੀ ਵਰਗੇ ਕਦਮਾਂ ਨੂੰ ਸਰਕਾਰ ਦੀਆਂ ਵੱਡੀਆਂ ਜਿੱਤਾਂ ਦੱਸਿਆ ਜਾਂਦਾ ਹੈ। ਨੱਢਾ ਦਾ ਕਹਿਣਾ ਹੈ ਕਿ ਆਰਥਿਕ ਤੌਰ 'ਤੇ ਭਾਰਤ ਅੱਜ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਿਆ ਹੋਇਆ ਹੈ। ਪੀ.ਐਮ. ਆਵਾਸ ਯੋਜਨਾ ਨਾਲ 4 ਕਰੋੜ ਪੱਕੇ ਮਕਾਨ, ਉਜਵਲਾ ਯੋਜਨਾ ਨਾਲ 10 ਕਰੋੜ ਗੈਸ ਕੁਨੈਕਸ਼ਨ, ਤੇ ਆਯੁਸ਼ਮਾਨ ਭਾਰਤ ਨਾਲ 50 ਕਰੋੜ ਲੋਕਾਂ ਨੂੰ ਮੁਫਤ ਸਿਹਤ ਸਹੂਲਤਾਂ ਮਿਲੀਆਂ ਹਨ। ਜਨਧਨ ਯੋਜਨਾ ਨੇ ਕਰੋੜਾਂ ਲੋਕਾਂ ਨੂੰ ਬੈਂਕਿੰਗ ਨਾਲ ਜੋੜਿਆ ਹੈ, ਜਦਕਿ ਅਯੁੱਧਿਆ ਵਿੱਚ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਤੇ 'ਆਪਰੇਸ਼ਨ ਸੰਧੂਰ' ਨੇ ਮੋਦੀ ਦੀ ਸਖਤ ਨੇਤਾ ਵਾਲੀ ਤਸਵੀਰ ਨੂੰ ਮਜ਼ਬੂਤ ਕੀਤਾ ਹੈ। ਇਸਰੋ ਦੀਆਂ ਪੁਲਾੜ ਪ੍ਰਾਪਤੀਆਂ, 125 ਤੋਂ ਵੱਧ ਵੰਦੇ ਭਾਰਤ ਟਰੇਨਾਂ, ਮੈਟਰੋ ਦਾ ਵਿਸਥਾਰ, ਹਵਾਈ ਅੱਡਿਆਂ ਦੀ ਗਿਣਤੀ ਦੁੱਗਣੀ ਹੋਣਾ, 12 ਕਰੋੜ ਘਰਾਂ ਵਿੱਚ ਪਖਾਨੇ, ਤੇ 15 ਕਰੋੜ ਘਰਾਂ ਵਿੱਚ ਨਲਕਿਆਂ ਰਾਹੀਂ ਪਾਣੀ-ਇਹ ਸਭ ਮੋਦੀ ਸਰਕਾਰ ਦੀਆਂ ਮੁੱਢਲੀਆਂ ਪ੍ਰਾਪਤੀਆਂ ਹਨ, ਜਿਨ੍ਹਾਂ ਨੇ ਭਾਰਤ ਦੇ ਬੁਨਿਆਦੀ ਢਾਂਚੇ ਨੂੰ ਨਵੀਂ ਦਿਸ਼ਾ ਦਿੱਤੀ ਹੈ।

### ਵਿਰੋਧੀਆਂ ਦੇ ਮੋਦੀ ਸਰਕਾਰ ਉਪਰ ਦੋਸ਼

ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਮੋਦੀ ਸਰਕਾਰ ਨੂੰ 'ਜੁਮਲਿਆਂ ਦੀ ਸਰਕਾਰ' ਕਹਿੰਦੀਆਂ ਹਨ। ਰਾਹੁਲ ਗਾਂਧੀ ਦਾ ਕਹਿਣਾ ਹੈ ਕਿ ਸਰਕਾਰ ਮਹਿੰਗਾਈ, ਬੇਰੁਜ਼ਗਾਰੀ, ਤੇ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਨਾਕਾਮ ਰਹੀ ਹੈ। ਨੋਟਬੰਦੀ ਨੂੰ 'ਆਰਥਿਕ ਤਬਾਹੀ' ਦੱਸਦਿਆਂ ਕਾਂਗਰਸ ਦਾਅਵਾ ਕਰਦੀ ਹੈ ਕਿ ਇਸ ਨੇ ਕਾਲੇ ਧਨ ਨੂੰ ਰੋਕਣ ਦੀ ਬਜਾਏ ਬੇਰੁਜ਼ਗਾਰੀ ਵਧਾਈ। ਕੋਵਿਡ ਮਹਾਮਾਰੀ ਨੇ ਆਰਥਿਕ ਸੰਕਟ ਨੂੰ ਹੋਰ ਗੰਭੀਰ ਕੀਤਾ ਹੈ। ਕਾਂਗਰਸ ਮੁਤਾਬਕ, ਸਰਕਾਰ ਦੀਆਂ 906 ਸਕੀਮਾਂ ਵਿੱਚੋਂ 71% ਨਾਕਾਮ ਰਹੀਆਂ, ਤੇ ਪੀ.ਐਮ. ਕਿਸਾਨ ਯੋਜਨਾ ਵਿੱਚ 2.25 ਕਰੋੜ ਲਾਭਪਾਤਰੀਆਂ ਨੂੰ ਲਿਸਟ ਵਿੱਚੋਂ ਹਟਾਇਆ ਗਿਆ। ਵਿਰੋਧੀ ਧਿਰਾਂ ਨੇ ਸਮਾਜਿਕ ਤੌਰ 'ਤੇ ਸਰਕਾਰ 'ਤੇ ਫਿਰਕੂ ਵੰਡ ਪੈਦਾ ਕਰਨ ਦੇ ਦੋਸ਼ ਵੀ ਲਗਾਏ ਹਨ। ਵਿਰੋਧੀ ਪਾਰਟੀਆਂ ਦਾ ਮੰਨਣਾ ਹੈ ਕਿ ਰਾਮ ਮੰਦਰ ਦੀ ਉਸਾਰੀ ਨੂੰ ਭਾਜਪਾ ਇਤਿਹਾਸਕ ਮੰਨਦੀ ਹੈ, ਪਰ ਘੱਟ ਗਿਣਤੀਆਂ, ਖਾਸ ਕਰ ਮੁਸਲਮਾਨ ਭਾਈਚਾਰੇ ਵਿੱਚ ਅਸਹਿਮਤੀ ਵਧੀ ਹੈ। ਰਾਹੁਲ ਗਾਂਧੀ ਅਨੁਸਾਰ ਮਣੀਪੁਰ ਵਿੱਚ ਹਿੰਸਾ, ਅੱਤਵਾਦੀ ਹਮਲੇ, ਤੇ ਅਮਰੀਕਾ ਵਿੱਚ 600 ਤੋਂ ਵੱਧ ਭਾਰਤੀਆਂ ਦੀ ਵਾਪਸੀ ਨੇ ਸਰਕਾਰ ਦੀ ਸੁਰੱਖਿਆ ਨੀਤੀ 'ਤੇ ਸਵਾਲ ਖੜ੍ਹੇ ਕੀਤੇ ਹਨ।

### ਭਾਜਪਾ ਦੀ ਮਾਈਕਰੋ ਮੈਨੇਜਮੈਂਟ

2024 ਦੀਆਂ ਲੋਕ ਸਭਾ ਚੋਣਾਂ ਵਿੱਚ 63 ਸੀਟਾਂ ਦੇ ਨੁਕਸਾਨ ਨੇ ਭਾਜਪਾ ਨੂੰ ਸਬਕ ਸਿਖਾਇਆ। ਪਾਰਟੀ ਨੇ ਮਾਈਕਰੋ ਮੈਨੇਜਮੈਂਟ 'ਤੇ ਜ਼ੋਰ ਦਿੱਤਾ ਹੈ। ਨਤੀਜੇ ਵਜੋਂ ਮਹਾਰਾਸ਼ਟਰ, ਹਰਿਆਣਾ, ਤੇ ਦਿੱਲੀ ਵਿੱਚ ਸਰਕਾਰਾਂ ਬਣੀਆਂ, ਜੰਮੂ-ਕਸ਼ਮੀਰ ਵਿੱਚ ਸੀਟਾਂ ਵਧੀਆਂ, ਤੇ ਸਿਰਫ ਝਾਰਖੰਡ ਵਿੱਚ ਹਾਰ ਹੋਈ ਸੀ। 2026 ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਨੇ ਪੱਛਮੀ ਬੰਗਾਲ, ਅਸਾਮ, ਤਾਮਿਲਨਾਡੂ, ਕੇਰਲ, ਤੇ ਪੁਡੂਚੇਰੀ ਵਿੱਚ ਤਿਆਰੀ ਸ਼ੁਰੂ ਕਰ ਦਿੱਤੀ ਹੈ। ਮੋਦੀ ਤੇ ਅਮਿਤ ਸ਼ਾਹ ਦੇ ਦੌਰਿਆਂ, ਤਾਮਿਲਨਾਡੂ ਵਿੱਚ ਅੰਨਾ ਡੀ.ਐਮ.ਕੇ. ਨਾਲ ਗਠਜੋੜ, ਤੇ ਪੱਛਮੀ ਬੰਗਾਲ ਵਿੱਚ ਮਮਤਾ ਸਰਕਾਰ ਨੂੰ ਨਿਸ਼ਾਨਾ ਬਣਾਉਣ ਦੀਆਂ ਕੋਸ਼ਿਸ਼ਾਂ ਇਸ ਦੀਆਂ ਮਿਸਾਲਾਂ ਹਨ।

## ਸਿੱਖ ਪੰਥ ਮੋਦੀ ਸਰਕਾਰ ਤੋਂ ਸੰਤੁਸ਼ਟ ਕਿਉਂ ਨਹੀਂ ?



ਪੰਜਾਬ ਦੇ ਸਿੱਖ ਭਾਈਚਾਰੇ ਵਿੱਚ ਮੋਦੀ ਸਰਕਾਰ ਪ੍ਰਤੀ ਨਿਰਾਸ਼ਤਾ ਦੇ ਮੁੱਖ ਕਾਰਨ ਹਨ-ਖੇਤੀ ਕਾਨੂੰਨ, ਫਿਰਕੂ ਵਿਵਾਦ, ਬੇਰੁਜ਼ਗਾਰੀ, ਨਸ਼ਿਆਂ ਦੀ ਸਮੱਸਿਆ, ਤੇ ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਅਣਉਚਿਤ ਵੰਡ। 2020-21 ਦੇ ਖੇਤੀ ਕਾਨੂੰਨਾਂ ਨੇ ਕਿਸਾਨਾਂ ਵਿੱਚ ਰੋਸ ਪੈਦਾ ਕੀਤਾ, ਜਿਸ ਨੂੰ ਸਰਕਾਰ ਨੇ ਵਾਪਸ ਤਾਂ ਲਿਆ, ਪਰ ਕਿਸਾਨਾਂ ਦਾ ਵਿਸ਼ਵਾਸ ਨਹੀਂ ਜਿੱਤ ਸਕੀ। ਪੰਜਾਬ, ਜੋ ਭਾਰਤ ਦਾ 'ਅੰਨ ਭੰਡਾਰ' ਹੈ, ਨੂੰ ਪਾਣੀ ਦੀ ਵੰਡ ਕਾਰਨ ਆਰਥਿਕ ਨੁਕਸਾਨ ਝੱਲਣਾ ਪਿਆ ਹੈ। ਨਦੀਆਂ ਦੇ ਪਾਣੀ ਦੀ ਕਾਣੀ ਵੰਡ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਦੀ ਉਲੰਘਣਾ ਮੰਨੀ ਜਾਂਦੀ ਹੈ, ਜਿਸ ਨੇ ਪੰਜਾਬ ਦੀ ਖੇਤੀ ਅਰਥਚਾਰੇ ਨੂੰ ਕਮਜ਼ੋਰ ਕੀਤਾ ਹੈ। ਸਿੱਖ ਗੁਰੂਆਂ ਦੀਆਂ ਕੁਰਬਾਨੀਆਂ ਨੂੰ 'ਹਿੰਦੂ ਧਰਮ ਦੀ ਰੱਖਿਆ' ਨਾਲ ਜੋੜਨ ਦੀਆਂ ਕੋਸ਼ਿਸ਼ਾਂ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ 'ਬਾਲ ਦਿਵਸ' ਨਾਲ ਜੋੜਨਾ, ਤੇ ਸੋਸ਼ਲ ਮੀਡੀਆ 'ਤੇ ਸਿੱਖ ਵਿਰੋਧੀ ਪ੍ਰਚਾਰ ਕਾਰਣ ਸਿੱਖ ਪੰਥ ਵਿਚ ਮੋਦੀ ਸਰਕਾਰ ਵਿਰੁੱਧ ਰੋਸ ਵਧਿਆ ਹੈ। ਪੰਜਾਬੀ ਭਾਸ਼ਾ ਨੂੰ ਸਕੂਲਾਂ ਵਿੱਚ ਪ੍ਰਮੁੱਖਤਾ ਨਾ ਦੇਣਾ, ਧਾਰਮਿਕ ਸਿੱਖ ਅਸਥਾਨਾਂ 'ਤੇ ਵਿਵਾਦ, ਤੇ ਬੇਅਦਬੀ ਵਰਗੀਆਂ ਘਟਨਾਵਾਂ ਨੇ ਸਿੱਖ ਮਨਾਂ ਵਿੱਚ ਰੋਸ ਵਧਾਇਆ ਹੈ। 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਜ਼ਖਮ ਤੇ ਬੰਦੀ ਸਿੰਘਾਂ ਦੀਆਂ ਰਿਹਾਈਆਂ ਅਜੇ ਵੀ ਜਿਉਂ ਦੇ ਤਿਉਂ ਹਨ। ਭਾਵੇਂ ਸਰਕਾਰ ਨੇ ਕੁਝ ਦੋਸ਼ੀਆਂ ਨੂੰ ਸਜ਼ਾ ਦਿਵਾਈ, ਪਰ ਸਿੱਖ ਭਾਈਚਾਰੇ ਨੂੰ ਪੂਰਨ ਇਨਸਾਫ ਨਹੀਂ ਮਿਲਿਆ।

ਸਿੱਖ ਭਾਈਚਾਰੇ ਦੀ ਨਿਰਾਸ਼ਤਾ ਨੂੰ ਦੂਰ ਕਰਨ ਲਈ ਸਰਕਾਰ ਨੂੰ ਠੋਸ ਕਦਮ ਚੁੱਕਣ ਦੀ ਲੋੜ ਹੈ। ਪੰਜਾਬ ਵਿੱਚ ਉਦਯੋਗਿਕ ਵਿਕਾਸ, ਖੇਤੀ ਇੰਡਸਟਰੀ ਸੂਚਨਾ ਤਕਨੀਕੀ ਹੱਬ (ਜਿਵੇਂ ਬੰਗਲੁਰੂ ਜਾਂ ਨੋਇਡਾ) ਸਥਾਪਤ ਕਰਕੇ, ਤੇ ਨੌਜਵਾਨਾਂ ਲਈ ਨੌਕਰੀਆਂ ਦੇ ਮੌਕੇ ਸਿਰਜਣ ਨਾਲ ਬੇਰੁਜ਼ਗਾਰੀ ਤੇ ਨਸ਼ਿਆਂ ਦੀ ਸਮੱਸਿਆ ਨੂੰ ਘਟਾਇਆ ਜਾ ਸਕਦਾ ਹੈ। ਪੰਜਾਬ ਦੀਆਂ ਨਦੀਆਂ ਦੇ ਪਾਣੀ ਦੀ ਨਿਰਪੱਖ ਵੰਡ ਯਕੀਨੀ ਬਣਾਉਣੀ ਚਾਹੀਦੀ। ਮਿਨੀਮਮ ਸਪੋਰਟ ਪ੍ਰਾਈਸ ਨੂੰ ਕਾਨੂੰਨੀ ਮਾਨਤਾ ਦੇਣ 'ਤੇ ਵਿਚਾਰ ਕਰਕੇ ਕਿਸਾਨਾਂ ਦੀ ਜੀਵਿਕਾ ਸੁਰੱਖਿਅਤ ਕੀਤੀ ਜਾ ਸਕਦੀ ਹੈ। ਪੰਜਾਬੀ ਭਾਸ਼ਾ ਨੂੰ ਸਕੂਲਾਂ ਵਿੱਚ ਪ੍ਰਮੁੱਖਤਾ, ਸਿੱਖ ਧਾਰਮਿਕ ਸੰਸਥਾਵਾਂ ਦੀ ਸੁਤੰਤਰਤਾ, ਤੇ ਬੇਅਦਬੀ ਵਰਗੀਆਂ ਘਟਨਾਵਾਂ 'ਤੇ ਸਖਤ ਕਾਰਵਾਈ ਨਾਲ ਸਿੱਖ ਭਾਵਨਾਵਾਂ ਨੂੰ ਸਤਿਕਾਰ ਮਿਲ ਸਕਦਾ ਹੈ। ਸਿੱਖਾਂ ਵਿਰੁਧ 'ਅੱਤਵਾਦ' ਵਰਗੇ ਲੇਬਲਿੰਗ ਨੂੰ ਰੋਕਣ ਦੀ ਲੋੜ ਹੈ।

ਪੰਜਾਬ ਨੂੰ ਕੇਂਦਰੀ ਸਿਆਸਤ ਵਿੱਚ ਵਧੇਰੇ ਨੁਮਾਇੰਦਗੀ, ਤੇ ਚੰਡੀਗੜ੍ਹ ਨੂੰ ਸੂਬੇ ਦੀ ਪੂਰੀ ਰਾਜਧਾਨੀ ਵਜੋਂ ਮਾਨਤਾ ਦੇਣ ਨਾਲ ਸਿਆਸੀ ਅਸੰਤੋਸ਼ ਘਟਾਇਆ ਜਾ ਸਕਦਾ।

ਸਰਕਾਰ ਨੂੰ ਸਿੱਖ ਭਾਈਚਾਰੇ, ਅਕਾਲ ਤਖਤ, ਤੇ ਕਿਸਾਨ ਸੰਗਠਨਾਂ ਨਾਲ ਖੁੱਲ੍ਹਾ ਸੰਵਾਦ ਸ਼ੁਰੂ ਕਰਨਾ ਚਾਹੀਦਾ। 1984 ਦੇ ਕਤਲੇਆਮ ਦੇ ਪੀੜਤਾਂ ਨੂੰ ਪੂਰਨ ਇਨਸਾਫ ਦਿਵਾਉਣ ਲਈ ਸਮੇਂਬੱਧ ਕਦਮ ਚੁੱਕਣੇ ਹੋਣਗੇ। ਜੇਕਰ ਸਰਕਾਰ ਪੰਜਾਬ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦੀ ਹੈ, ਸਿੱਖ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ, ਤੇ ਸੰਵਾਦ ਰਾਹੀਂ ਵਿਸ਼ਵਾਸ ਬਣਾਉਂਦੀ ਹੈ, ਤਾਂ ਨਿਰਾਸ਼ਤਾ ਨੂੰ ਸੰਭਾਵਨਾਵਾਂ ਵਿੱਚ ਬਦਲਿਆ ਜਾ ਸਕਦਾ ਹੈ।

# ਕਾਮਾਗਾਟਾਮਾਰੂ ਦੁਖਾਂਤ ਨੂੰ ਜੀਵੰਤ ਕਰਦੀ ਫਿਲਮ "ਗੁਰੂ ਨਾਨਕ ਜਹਾਜ਼"

## ✪ ਗਿਆਨੀ ਗੁਰਦਿੱਤ ਸਿੰਘ ਤੇ ਮੇਵਾ ਸਿੰਘ ਦੀ ਸੂਰਬੀਰਤਾ ਫਿਲਮ ਵਿੱਚ ਉਜਾਗਰ

## ✪ "ਗੁਰੂ ਨਾਨਕ ਜਹਾਜ਼" ਨਾਮਕਰਣ: ਸਮਾਜਿਕ ਨਿਆਂ ਦਾ ਨਸਲਵਾਦ ਵਿਰੁੱਧ ਸੁਨੇਹਾ

ਕਾਮਾਗਾਟਾਮਾਰੂ ਦੀ ਦੁਖਦਾਈ ਗਾਥਾ, ਜਿਸ ਨੂੰ ਇਤਿਹਾਸ ਦੇ ਪੰਨਿਆਂ ਵਿੱਚ "ਬਜ ਬਜ ਘਾਟ ਦੁਖਾਂਤ" ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਪੰਜਾਬੀ ਸਿਨੇਮਾ ਦੀ ਫਿਲਮ "ਗੁਰੂ ਨਾਨਕ ਜਹਾਜ਼" ਦੇ ਰੂਪ ਵਿੱਚ ਸਾਹਮਣੇ ਆਈ ਹੈ। ਕਾਮਾਗਾਟਾਮਾਰੂ ਦੀ ਘਟਨਾ 1914 ਦੀ ਉਸ ਸਮੇਂ ਦੀ ਤਸਵੀਰ ਪੇਸ਼ ਕਰਦੀ ਹੈ ਜਦੋਂ ਭਾਰਤ ਅੰਗਰੇਜ਼ੀ ਹਕੂਮਤ ਦੀ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਸੀ। ਉਸ ਸਮੇਂ, ਕੈਨੇਡਾ ਵਰਗੇ ਦੇਸ਼, ਜੋ ਖੁਦ ਅੰਗਰੇਜ਼ੀ ਸਾਮਰਾਜ ਦਾ ਹਿੱਸਾ ਸਨ, ਭਾਰਤੀਆਂ ਨੂੰ ਨਸਲ ਅਤੇ ਰੰਗ ਦੇ ਅਧਾਰ 'ਤੇ ਅਪਮਾਨਜਨਕ ਵਿਵਹਾਰ ਦਾ ਸਾਹਮਣਾ ਕਰਨਾ ਪੈਂਦਾ ਸੀ।

14 ਮਈ, 1914 ਨੂੰ, ਜਪਾਨ ਵਿੱਚ ਬਣਿਆ ਕਾਮਾਗਾਟਾਮਾਰੂ ਜਹਾਜ਼, ਜਿਸ ਨੂੰ ਗਿਆਨੀ ਗੁਰਦਿੱਤ ਸਿੰਘ ਨੇ ਲੀਜ਼ 'ਤੇ ਲਿਆ ਸੀ, 376 ਭਾਰਤੀ ਯਾਤਰੀਆਂ ਨੂੰ ਲੈ ਕੇ ਵੈਨਕੂਵਰ ਪਹੁੰਚਿਆ। ਇਹ ਯਾਤਰੀ, ਜਿਨ੍ਹਾਂ ਵਿੱਚ ਜ਼ਿਆਦਾਤਰ ਸਿੱਖ ਸਨ, ਇੱਕ ਬਿਹਤਰ ਜੀਵਨ ਦੀ ਭਾਲ ਵਿੱਚ ਸਨ, ਪਰ ਅੰਗਰੇਜ਼ੀ ਹਕੂਮਤ ਦੀਆਂ ਨਸਲਵਾਦੀ ਨੀਤੀਆਂ ਨੇ ਉਨ੍ਹਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਹਾਜ਼ ਨੂੰ ਵੈਨਕੂਵਰ ਦੀ ਬੰਦਰਗਾਹ 'ਤੇ ਮਹੀਨਿਆਂ ਤੱਕ ਰੋਕਿਆ ਗਿਆ, ਅਤੇ ਯਾਤਰੀਆਂ ਨੂੰ ਅਣਮਨੁੱਖੀ ਸਥਿਤੀਆਂ ਵਿੱਚ ਰਹਿਣ ਲਈ ਮਜਬੂਰ ਕੀਤਾ ਗਿਆ।

ਅੰਤ ਵਿੱਚ, ਅੰਗਰੇਜ਼ੀ ਹਕੂਮਤ ਨੇ ਕੁਝ ਯਾਤਰੀਆਂ ਨੂੰ ਇਜਾਜ਼ਤ ਦੇ ਕੇ ਬਾਕੀਆਂ ਨੂੰ ਵਾਪਸ ਭਾਰਤ ਭੇਜ ਦਿੱਤਾ। ਜਦੋਂ ਇਹ ਜਹਾਜ਼ ਕਲਕੱਤੇ ਦੇ ਬਜ ਬਜ ਘਾਟ 'ਤੇ ਪਹੁੰਚਿਆ, ਤਾਂ ਅੰਗਰੇਜ਼ੀ ਫੌਜ ਨੇ ਨਿਰਦੋਸ਼ ਯਾਤਰੀਆਂ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ ਬਹੁਤ ਸਾਰੇ ਲੋਕ ਮਾਰੇ ਗਏ। ਇਹ ਘਟਨਾ ਭਾਰਤ ਦੀ ਗੁਲਾਮੀ ਸੰਘਰਸ਼ ਦਾ ਇੱਕ ਅਹਿਮ ਹਿੱਸਾ ਬਣੀ, ਕਿਉਂਕਿ ਇਸ ਨੇ ਅੰਗਰੇਜ਼ੀ ਸਾਮਰਾਜ ਦੀਆਂ ਜ਼ੁਲਮੀ ਨੀਤੀਆਂ ਨੂੰ ਸਾਹਮਣੇ ਲਿਆਂਦਾ।

ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਇੱਕ ਨਵੀਂ ਚੇਤਨਾ ਪੈਦਾ ਕੀਤੀ ਅਤੇ ਗਦਰ ਲਹਿਰ ਨੂੰ ਹੋਰ ਮਜ਼ਬੂਤ ਕੀਤਾ। "ਗੁਰੂ ਨਾਨਕ ਜਹਾਜ਼" ਫਿਲਮ ਇਸ ਇਤਿਹਾਸਕ ਘਟਨਾ ਨੂੰ ਸਜੀਵ ਰੂਪ ਵਿੱਚ ਪੇਸ਼ ਕਰਦੀ ਹੈ, ਜਿਸ ਨਾਲ ਨਵੀਂ ਪੀੜ੍ਹੀ ਨੂੰ ਆਪਣੇ ਪੂਰਵਜਾਂ ਦੀਆਂ ਕੁਰਬਾਨੀਆਂ ਅਤੇ ਸੰਘਰਸ਼ ਦੀ ਗਹਿਰਾਈ ਨਾਲ ਜਾਣਕਾਰੀ ਮਿਲਦੀ ਹੈ।

### ਕੌਣ ਸਨ ਗਿਆਨੀ ਗੁਰਦਿੱਤ ਸਿੰਘ

ਗਿਆਨੀ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ ਗਾਥਾ ਦਾ ਕੇਂਦਰੀ ਪਾਤਰ ਸਨ। ਉਹ ਗਦਰ ਲਹਿਰ ਦੇ ਮੋਹਰੀ ਸਨ, ਜਿਨ੍ਹਾਂ ਨੇ ਅੰਗਰੇਜ਼ੀ ਹਕੂਮਤ ਦੀਆਂ ਨਸਲਵਾਦੀ ਨੀਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਗੁਰਦਿੱਤ ਸਿੰਘ ਨੇ ਕਾਮਾਗਾਟਾਮਾਰੂ ਜਹਾਜ਼ ਨੂੰ ਲੀਜ਼ 'ਤੇ ਲੈ ਕੇ 376 ਭਾਰਤੀਆਂ ਨੂੰ ਕੈਨੇਡਾ ਲਿਜਾਣ ਦੀ ਜ਼ਿੰਮੇਵਾਰੀ ਚੁੱਕੀ ਸੀ।




ਉਨ੍ਹਾਂ ਦਾ ਮਕਸਦ ਸਿਰਫ਼ ਆਰਥਿਕ ਤਰੱਕੀ ਨਹੀਂ ਸੀ, ਸਗੋਂ ਅੰਗਰੇਜ਼ੀ ਸਾਮਰਾਜ ਦੀਆਂ ਮਨਮਾਨੀਆਂ ਨੂੰ ਚੁਣੌਤੀ ਦੇਣਾ ਅਤੇ ਭਾਰਤੀਆਂ ਨੂੰ ਬਰਾਬਰੀ ਦਾ ਹੱਕ ਦਿਵਾਉਣਾ ਸੀ। ਉਨ੍ਹਾਂ ਨੇ ਜਹਾਜ਼ ਦਾ ਨਾਮ "ਗੁਰੂ ਨਾਨਕ ਜਹਾਜ਼" ਰੱਖਿਆ।

ਫਿਲਮ "ਗੁਰੂ ਨਾਨਕ ਜਹਾਜ਼" ਫਿਲਮ ਕਾਮਾਗਾਟਾਮਾਰੂ ਦੀ ਘਟਨਾ ਨੂੰ ਇਤਿਹਾਸਕ ਸਰੋਤਾਂ ਅਤੇ ਦਸਤਾਵੇਜ਼ਾਂ ਦੇ ਅਧਾਰ 'ਤੇ ਪੇਸ਼ ਕਰਦੀ ਹੈ। ਹਰਨਵ ਬੀਰ ਸਿੰਘ ਦੁਆਰਾ ਲਿਖਿਤ ਇਸ ਫਿਲਮ ਦੀ ਪਟਕਥਾ ਇਤਿਹਾਸਕ ਤੱਥਾਂ ਨੂੰ ਸਹੀ ਢੰਗ ਨਾਲ ਸਾਹਮਣੇ ਲਿਆਉਂਦੀ ਹੈ, ਪਰ ਸਿਨੇਮਾਈ ਪੇਸ਼ਕਾਰੀ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ, ਕੁਝ ਨਾਟਕੀਯ ਤੱਤ ਵੀ ਜੋੜੇ ਗਏ ਹਨ।

ਫਿਲਮ ਵਿੱਚ ਵੈਨਕੂਵਰ ਦੀ ਬੰਦਰਗਾਹ 'ਤੇ ਜਹਾਜ਼ ਦੀ ਰੋਕਥਾਮ, ਯਾਤਰੀਆਂ ਦੀਆਂ ਮੁਸ਼ਕਿਲਾਂ ਅਤੇ ਬਜ ਬਜ ਘਾਟ 'ਤੇ ਹੋਈ ਗੋਲੀਬਾਰੀ ਦੀ ਘਟਨਾ ਨੂੰ ਇਤਿਹਾਸਕ ਸੱਚਾਈ ਦੇ ਨੇੜੇ-ਤੇੜੇ ਪੇਸ਼ ਕੀਤਾ ਗਿਆ ਹੈ।

ਨਿਰਦੇਸ਼ਨ ਦੀ ਜ਼ਿੰਮੇਵਾਰੀ ਸ਼ਰਨ ਆਰਟ ਨੇ ਨਿਭਾਈ, ਜਿਨ੍ਹਾਂ ਨੇ ਇਸ ਘਟਨਾ ਨੂੰ ਸਜੀਵ ਅਤੇ ਭਾਵੁਕ ਢੰਗ ਨਾਲ ਪੇਸ਼ ਕੀਤਾ। ਨਿਰਮਾਣ ਦੀ ਜ਼ਿੰਮੇਵਾਰੀ ਸ਼ਰਨ ਆਰਟ ਅਤੇ ਮਨਪ੍ਰੀਤ ਜੌਹਲ ਨੇ ਸੰਭਾਲੀ। ਤਰਸੇਮ ਜੱਸੜ, ਜੋ ਇੱਕ ਪ੍ਰਸਿੱਧ ਗਾਇਕ ਅਤੇ ਅਦਾਕਾਰ ਹਨ, ਨੇ ਇਸ ਫਿਲਮ ਵਿੱਚ ਮੁੱਖ ਭੂਮਿਕਾ ਨਿਭਾਈ ਹੈ।

ਤਰਸੇਮ ਜੱਸੜ ਨੇ ਮੇਵਾ ਸਿੰਘ ਲੋਪੋਕੇ ਦਾ ਕਿਰਦਾਰ ਨਿਭਾਇਆ ਹੈ। ਕੈਨੇਡਾ ਵਿੱਚ ਜਦੋਂ ਸਿੱਖ ਸੰਗਤ ਵੈਨਕੂਵਰ ਵਿੱਚ ਕੈਨੇਡਾ ਦਾ ਪਹਿਲਾ ਗੁਰਦੁਆਰਾ ਬਣਾਉਣ ਲਈ ਕੰਮ ਕਰ ਰਹੀ ਸੀ ਤਾਂ ਮੇਵਾ ਸਿੰਘ ਨੇ ਵੀ ਆਪਣਾ ਯੋਗਦਾਨ ਪਾਇਆ। ਉਹ ਪੰਜਾਬ ਤੋਂ ਆਏ ਲੋਕਾਂ ਕੋਲੋਂ ਉਗਰਾਹੀ ਕਰ ਕੇ ਲੈ ਕੇ ਆਉਂਦੇ ਸਨ ਉਨ੍ਹਾਂ ਨੇ 21 ਜੂਨ 1908 ਨੂੰ ਵੈਨਕੂਵਰ ਦੇ ਗੁਰਦੁਆਰੇ ਵਿੱਚ ਹੋਏ ਅੰਮ੍ਰਿਤ ਸੰਚਾਰ ਦੌਰਾਨ ਅੰਮ੍ਰਿਤ ਛਕ ਲਿਆ ਸੀ।

ਜਦੋਂ 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਗੁਰੂ ਨਾਨਕ ਜਹਾਜ਼ ਵਿੱਚ 376 ਯਾਤਰੀਆਂ ਨੂੰ ਲੈ ਕੇ ਵੈਨਕੂਵਰ ਦੇ ਕੰਢੇ ਪਹੁੰਚ ਗਏ ਤਾਂ ਕੈਨੇਡਾ ਸਰਕਾਰ ਨੇ ਉਨ੍ਹਾਂ ਨੂੰ ਕੈਨੇਡਾ ਵਿੱਚ ਉਤਰਨ ਨਹੀਂ ਦਿੱਤਾ। ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ ਵਿਚ ਵਸਦੇ ਸਾਰੇ ਗ਼ਦਰ ਪਾਰਟੀ ਸਮਰਥਕਾਂ ਅੰਦਰ ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਸੀ।

ਵੈਨਕੂਵਰ ਦੇ ਸਿੱਖ ਭਾਈਚਾਰੇ ਵੱਲੋਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਅਗਵਾਈ ਅਧੀਨ ਇਨ੍ਹਾਂ ਮੁਸਾਫ਼ਰਾਂ ਨੂੰ ਕੈਨੇਡਾ ਵਿੱਚ ਉਤਾਰਨ ਲਈ ਸੰਘਰਸ਼ ਵਿੱਢਿਆ ਗਿਆ। ਇਸ ਸੰਘਰਸ਼ ਵਿੱਚ ਮੇਵਾ ਸਿੰਘ ਨੇ ਭਾਗ ਸਿੰਘ ਤੇ ਬਲਵੰਤ ਸਿੰਘ ਦੇ ਸਾਥੀ ਬਣ ਕੇ ਮੋਹਰੀ ਰੋਲ ਨਿਭਾਇਆ।

ਜੁਲਾਈ 1914 ਵਿੱਚ ਭਾਗ ਸਿੰਘ, ਬਲਵੰਤ ਸਿੰਘ, ਬਾਬੂ ਹਰਨਾਮ ਸਿੰਘ ਸਾਹਰੀ ਤੇ ਮੇਵਾ ਸਿੰਘ, ਗੁਰੂ ਨਾਨਕ ਜਹਾਜ਼ ਦੇ ਸੰਘਰਸ਼ ਸਬੰਧੀ ਅਮਰੀਕਾ ਦੀ ਸਿੱਖ ਸੰਗਤ ਨਾਲ ਸਲਾਹ ਮਸ਼ਵਰਾ ਕਰਨ ਲਈ ਐਬਟਸਫੋਰਡ ਨੇੜਿਓਂ ਸਰਹੱਦ ਪਾਰ ਕਰ ਕੇ ਅਮਰੀਕਾ ਵਿੱਚ ਪਹੁੰਚੇ ਸਨ।

ਪਰ ਵਾਪਸੀ ਉੱਤੇ ਭਾਗ ਸਿੰਘ, ਬਲਵੰਤ ਸਿੰਘ ਤੇ ਬਾਬੂ ਹਰਨਾਮ ਸਿੰਘ ਸਾਹਰੀ ਨੂੰ ਅਮਰੀਕਾ ਦੀ ਪੁਲਿਸ ਨੇ ਗ੍ਰਿਫ਼ਤਾਰ ਕਰ ਕੇ ਸੁਮਾਸ ਦੀ ਜੇਲ੍ਹ ਵਿੱਚ ਬੰਦ ਕਰ ਦਿੱਤਾ। ਜਦਕਿ ਮੇਵਾ ਸਿੰਘ ਸਰਹੱਦ ਪਾਰ ਕਰਕੇ ਕੈਨੇਡਾ ਵਿੱਚ ਦਾਖ਼ਲ ਹੋ ਗਏ ਸਨ। ਪਰ ਉਨ੍ਹਾਂ ਨੂੰ ਕੈਨੇਡੀਅਨ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਮੌਕੇ ਮੇਵਾ ਸਿੰਘ ਕੋਲੋਂ ਦੋ ਰਿਵਾਲਵਰ ਤੇ ਪੰਜ ਸੌ ਗੋਲੀਆਂ ਬਰਾਮਦ ਕੀਤੀਆਂ ਗਈਆਂ।

ਮੇਵਾ ਸਿੰਘ ਉੱਪਰ ਵਿਲੀਅਮ ਹੌਪਕਿਨਸਨ ਅਤੇ ਇਮੀਗ੍ਰੇਸ਼ਨ ਵਿਭਾਗ ਦੇ ਹੈੱਡ ਮੈਲਕਮ ਰੀਡ ਵਲੋਂ ਦਬਾਅ ਪਾਇਆ ਗਿਆ ਕਿ ਉਹ ਸਿੱਖ ਆਗੂਆਂ ਵਿਰੁੱਧ ਬਿਆਨ ਦੇਵੇ ਕਿ ਇਹ ਹਥਿਆਰ ਉਨ੍ਹਾਂ ਵੱਲੋਂ ਵਰਤੇ ਜਾਣੇ ਸਨ। ਪਰ ਮੇਵਾ ਸਿੰਘ ਨੇ ਅਜਿਹਾ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਮੇਵਾ ਸਿੰਘ ਨੂੰ 50 ਡਾਲਰ ਦਾ ਜ਼ੁਰਮਾਨਾ ਲਗਾ ਕੇ 7 ਅਗਸਤ 1914 ਨੂੰ ਰਿਹਾਅ ਕਰ ਦਿੱਤਾ ਸੀ।

ਅਮਰੀਕਾ ਵਿੱਚ ਗਦਰ ਪਾਰਟੀ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਕੈਨੇਡਾ ਦੇ ਗੁਰਦੁਆਰਿਆਂ ਵਿੱਚ ਵੀ ਇਸਦਾ ਅਸਰ ਦਿਖਣ ਲੱਗ ਗਿਆ ਸੀ। ਲਹਿਰ ਕੈਨੇਡਾ ਵਿੱਚ ਵੀ ਲਗਾਤਾਰ ਵੱਧ ਰਹੀ ਸੀ। ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿੱਚ ਵੀ ਸਿੱਖ ਗਦਰ ਪਾਰਟੀ ਦੀਆਂ ਯੋਜਨਾਵਾਂ ਉਲੀਕਣ ਲਈ ਇਕੱਠੇ ਹੁੰਦੇ ਸਨ। ਕੈਨੇਡਾ ਦਾ ਪਰਵਾਸ ਇੰਸਪੈਕਟਰ ਵਿਲੀਅਮ ਹੌਪਕਿਨਸਨ ਇਸ ਲਹਿਰ ਨੂੰ ਖਤਮ ਕਰਨਾ ਚਾਹੁੰਦਾ ਸੀ।

5 ਸਤੰਬਰ, 1914 ਨੂੰ ਹੌਪਕਿਨਸਨ ਨੇ ਆਪਣੇ ਇੱਕ ਕਰੀਬੀ ਬੇਲਾ ਤੋਂ ਦੋ ਸਿੱਖਾਂ ਭਾਗ ਸਿੰਘ ਅਤੇ ਬਧਨ ਸਿੰਘ ਦਾ ਕਤਲ ਕਰਵਾ ਦਿੱਤਾ। ਮੇਵਾ ਸਿੰਘ ਸਮੇਤ ਕੈਨੇਡਾ ਵੱਸਦੇ ਸਾਰੇ ਸਿੱਖ ਇਸ ਘਟਨਾ ਤੋਂ ਦੁਖੀ ਸਨ। ਉਸਨੇ ਹੌਪਕਿਨਸਨ ਨੂੰ ਗੋਲੀ ਮਾਰ ਦਿੱਤੀ। ਮੇਵਾ ਸਿੰਘ ਨੇ ਜੱਜਾਂ ਸਾਹਮਣੇ ਆਪਣੇ ਬਿਆਨ ਵਿੱਚ ਕੈਨੇਡਾ ਵਿੱਚ ਹੁੰਦੇ ਨਸਲੀ ਪੱਖਪਾਤ, ਬ੍ਰਿਟਿਸ਼ ਗੁਲਾਮੀ ਅਤੇ ਕੈਨੇਡੀਅਨ ਪਰਵਾਸ ਅਧਿਕਾਰੀਆਂ ਦੁਆਰਾ ਪ੍ਰਵਾਸੀਆਂ ਨਾਲ ਕੀਤੇ ਜਾਂਦੇ ਮਾੜੇ ਵਿਵਹਾਰ ਬਾਰੇ ਸਪੱਸ਼ਟ ਟਿੱਪਣੀਆਂ ਕੀਤੀਆਂ ਤੇ ਪੁਲਿਸ ਅਧਿਕਾਰੀ ਦੇ ਕਤਲ ਦੀ ਗਲ ਕਬੂਲੀ। ਜਿਸ ਤੋਂ ਬਾਅਦ 30 ਅਕਤੂਬਰ 1914 ਨੂੰ ਅਦਾਲਤ ਨੇ ਫੈਸਲਾ ਸੁਣਾਉਂਦਿਆਂ ਮੇਵਾ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ।


11 ਜਨਵਰੀ 1915 ਨੂੰ ਨਿਊ ਵੈਸਟਮਿਨਸਟਰ ਵਿੱਚ ਸਵੇਰੇ ਮੇਵਾ ਸਿੰਘ ਲੋਪੋਕੇ ਨੂੰ ਫਾਂਸੀ ਦੇ ਦਿੱਤੀ ਗਈ। ਖਾਲਸਾ ਦੀਵਾਨ ਸੁਸਾਇਟੀ ਮੁਤਾਬਕ ਮੇਵਾ ਸਿੰਘ ਦੀ ਮ੍ਰਿਤਕ ਦੇਹ ਨੂੰ ਪ੍ਰਾਪਤ ਕਰਨ ਲਈ ਚਾਰ ਸੌ ਸਿੱਖ ਬਾਹਰ ਖੜ੍ਹੇ ਰਹੇ। ਉਨ੍ਹਾਂ ਨੇ ਸ਼ਹਿਰ ਵਿੱਚੋਂ ਇੱਕ ਵੱਡਾ ਮਾਰਚ ਕੱਢਿਆ ਅਤੇ ਮੇਵਾ ਸਿੰਘ ਦੇ ਸਰੀਰ ਦਾ ਸਸਕਾਰ ਫਰੇਜ਼ਰ ਮਿੱਲਜ਼ ਵਿਖੇ ਕੀਤਾ ਗਿਆ। ਮੇਵਾ ਸਿੰਘ ਲੋਪੋਕੇ ਉਹ ਪਹਿਲੇ ਸਿੱਖ ਹਨ ਜਿਨ੍ਹਾਂ ਨੂੰ ਕੈਨੇਡਾ ਦੇ ਵਿੱਚ ਫਾਂਸੀ ਦਿੱਤੀ ਗਈ।

ਗੁਰਪ੍ਰੀਤ ਘੁੱਗੀ, ਜੋ ਆਪਣੀ ਬਹੁਮੁਖੀ ਅਦਾਕਾਰੀ ਲਈ ਜਾਣੇ ਜਾਂਦੇ ਹਨ, ਨੇ ਵੀ ਇਸ ਫਿਲਮ ਵਿੱਚ ਅਹਿਮ ਭੂਮਿਕਾ ਨਿਭਾਈ। ਮਾਰਕ ਬਿਨਿੰਗਟਨ, ਬਲਵਿੰਦਰ ਬੁਲਟ ਅਤੇ ਹਰਸ਼ਰਨ ਸਿੰਘ ਨੇ ਵੀ ਆਪਣੀਆਂ ਭੂਮਿਕਾਵਾਂ ਨਾਲ ਫਿਲਮ ਨੂੰ ਹੋਰ ਮਜ਼ਬੂਤ ਕੀਤਾ।

# 'ਆਪ੍ਰੇਸ਼ਨ ਸੰਧੂਰ' ਦਾ ਕਿਉਂ ਕੀਤਾ ਜਾ ਰਿਹਾ ਹੈ ਸਿਆਸੀਕਰਨ

**ਨਿਤਿਆ ਚਕਰਵਰਤੀ**






ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਦੁਆਰਾ ਉਸ ਦੇ ਤੇ ਉਸ ਦੀ ਸਰਕਾਰ ਦੇ ਖ਼ਿਲਾਫ਼ ਕੀਤੇ ਗਏ ਹਮਲਿਆਂ ਦਾ ਜਵਾਬ ਦਿੰਦਿਆਂ ਠੀਕ ਹੀ ਕਿਹਾ ਹੈ ਕਿ ਨਰਿੰਦਰ ਮੋਦੀ 2026 ਦੇ ਸ਼ੁਰੂ 'ਚ ਸੂਬੇ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਲਈ ਸਸਤੇ 'ਚ ਸਿਆਸੀ ਲਾਭ ਹਾਸਲ ਕਰਨ ਲਈ ਆਪ੍ਰੇਸ਼ਨ ਸੰਧੂਰ ਦਾ ਇਸਤੇਮਾਲ ਕਰ ਰਹੇ ਹਨ। ਇਹ 10 ਮਈ ਨੂੰ ਭਾਰਤ-ਪਾਕਿਸਤਾਨ ਵਿਚਾਲੇ ਹੋਏ ਜੰਗਬੰਦੀ ਸਮਝੌਤੇ ਦੇ ਬਾਅਦ ਪ੍ਰਧਾਨ ਮੰਤਰੀ ਦੀ ਪੱਖਪਾਤੀ ਰਾਜਨੀਤੀ ਦੇ ਖ਼ਿਲਾਫ਼ ਪਹਿਲਾ ਅਜਿਹਾ ਸਪੱਸ਼ਟ ਹਮਲਾ ਸੀ, ਜਿਸ ਦੇ ਤਹਿਤ ਉਹ ਆਪਣੇ ਚੋਣਾਵੀ ਲੱਛੇਦਾਰ ਭਾਸ਼ਣਾਂ ਦੇ ਜ਼ਰੀਏ ਪਾਕਿਸਤਾਨ ਦੇ ਖ਼ਿਲਾਫ਼ ਆਪ੍ਰੇਸ਼ਨ ਸੰਧੂਰ 'ਚ ਭਾਰਤੀ ਫ਼ੌਜਾਂ ਦੀ ਕਾਮਯਾਬੀ ਨੂੰ ਭਾਜਪਾ ਦੇ ਲਈ ਸਿਆਸੀ ਲਾਭ 'ਚ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ।

ਵਿਰੋਧੀ ਪਾਰਟੀਆਂ ਨੇ 10 ਮਈ ਤੋਂ ਲੈ ਕੇ 20 ਦਿਨਾਂ ਤੱਕ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੂੰ ਆਪਣਾ ਪੂਰਾ ਸਹਿਯੋਗ ਦਿੱਤਾ ਅਤੇ ਇਥੋਂ ਤੱਕ ਕਿ ਪ੍ਰਧਾਨ ਮੰਤਰੀ ਦੁਆਰਾ ਭਾਰਤ ਦੀ ਸਥਿਤੀ ਨੂੰ ਸਮਝਾਉਣ ਲਈ ਵਿਦੇਸ਼ਾਂ 'ਚ ਭੇਜੇ ਗਏ ਬਹੁ ਪਾਰਟੀ ਸੰਸਦੀ ਵਫਦ 'ਚ ਵੀ ਹਿੱਸਾ ਲਿਆ। ਪ੍ਰਧਾਨ ਮੰਤਰੀ ਨੇ ਉਸ ਸਮੇਂ ਰਾਸ਼ਟਰੀ ਏਕਤਾ ਦੀ ਜ਼ਰੂਰਤ ਦੀ ਗੱਲ ਕੀਤੀ ਤਾਂ ਭਾਰਤ ਦੀ ਹਰੇਕ ਰਾਜਨੀਤਕ ਪਾਰਟੀ ਨੇ ਇਸ 'ਤੇ ਅਨੁਕੂਲ ਪ੍ਰਤੀਕਿਰਿਆ ਦਿੱਤੀ ਸੀ। ਪ੍ਰੰਤੂ ਵਿਰੋਧੀ ਰਾਜਨੀਤਕ ਪਾਰਟੀਆਂ ਦੇ ਉਸ ਸ਼ਲਾਘਾਯੋਗ ਸਹਿਯੋਗ ਦੇ ਬਦਲੇ ਭਾਰਤ ਦੇ 142 ਕਰੋੜ ਲੋਕਾਂ ਦੇ ਆਗੂ ਪ੍ਰਧਾਨ ਮੰਤਰੀ ਨੇ ਪਿਛਲੇ ਦੋ ਹਫ਼ਤਿਆਂ ਦੌਰਾਨ ਆਪਣੀਆਂ ਜਨਤਕ ਬੈਠਕਾਂ ਦਾ ਇਸਤੇਮਾਲ ਵਿਰੋਧੀ ਧਿਰ ਨੂੰ ਬਦਨਾਮ ਕਰਨ ਤੇ ਆਪ੍ਰੇਸ਼ਨ ਸੰਧੂਰ ਨੂੰ ਭਾਜਪਾ ਦੇ ਹੋਰ ਆਪ੍ਰੇਸ਼ਨਾਂ ਵਾਂਗ, ਜਿਵੇਂ-ਆਪ੍ਰੇਸ਼ਨ ਬੰਗਾਲ ਨਾਲ ਜੋੜਨ ਲਈ ਕੀਤਾ ਹੈ।

ਜ਼ਰਾ ਸੋਚੋ, ਵੀਰਵਾਰ ਦੁਪਹਿਰ ਪੱਛਮੀ ਬੰਗਾਲ ਦੇ ਅਲੀਪੁਰਦੁਆਰ 'ਚ ਹੋਈ ਰੈਲੀ ਦੌਰਾਨ ਸੂਬੇ ਦੇ ਭਾਜਪਾ ਪ੍ਰਧਾਨ ਸੁਕਾਂਤ ਮਜੂਮਦਾਰ ਨੇ ਪ੍ਰਧਾਨ ਮੰਤਰੀ ਦੀ ਮੌਜੂਦਗੀ 'ਚ ਕਿਹਾ ਕਿ ਆਪ੍ਰੇਸ਼ਨ ਸੰਧੂਰ ਵਾਂਗ ਹੀ ਟੀ.ਐਮ.ਸੀ. ਸਰਕਾਰ ਨੂੰ ਉਖਾੜ ਕੇ ਬੰਗਾਲ ਦੀ ਖਾੜੀ 'ਚ ਸੁੱਟਣ ਲਈ ਆਪ੍ਰੇਸ਼ਨ ਬੰਗਾਲ ਕੀਤਾ ਜਾਵੇਗਾ। ਭਾਜਪਾ ਦੇ ਸੂਬਾ ਮੁਖੀ ਨੂੰ ਰਾਜਨੀਤਕ ਰੈਲੀ ਦੌਰਾਨ ਟੀ.ਐਮ.ਸੀ. ਸਰਕਾਰ ਨੂੰ ਉਖਾੜ ਕੇ ਸੁੱਟਣ ਦੀ ਗੱਲ ਕਰਨ ਦਾ ਪੂਰਾ ਅਧਿਕਾਰ ਹੈ, ਪਰ ਉਹ ਆਪ੍ਰੇਸ਼ਨ ਸੰਧੂਰ ਨੂੰ ਬੰਗਾਲ 'ਚ ਭਾਜਪਾ ਦੇ ਪੱਖਪਾਤੀ ਉਦੇਸ਼ ਦੇ ਨਾਲ ਇਕਮਿਕ ਕਰ ਰਹੇ ਸਨ ਅਤੇ ਉਹ ਇਹ ਰਾਸ਼ਟਰੀ ਏਕਤਾ ਦੇ ਕਥਿਤ ਪ੍ਰਤੀਕ ਨਰਿੰਦਰ ਮੋਦੀ ਦੀ ਮੌਜੂਦਗੀ 'ਚ ਬੋਲ ਰਹੇ ਸਨ।

ਵਿਰੋਧੀ ਧਿਰ ਦੇ ਨੇਤਾਵਾਂ ਨੂੰ ਹੁਣ ਤੱਕ ਸਮਝ ਆ ਗਿਆ ਹੋਵੇਗਾ ਕਿ ਪ੍ਰਧਾਨ ਮੰਤਰੀ ਇਹ ਕਹਿ ਕੇ ਆਪਣੀ ਸਿਆਸੀ ਖੇਡ ਖੇਡ ਰਹੇ ਹਨ ਕਿ ਆਪ੍ਰੇਸ਼ਨ ਸੰਧੂਰ ਰੁਕਿਆ ਹੋਇਆ ਹੈ ਤੇ ਕਦੇ ਵੀ ਮੁੜ ਸ਼ੁਰੂ ਹੋ ਸਕਦਾ ਹੈ। ਇਹ ਇਕ ਸੈਨਿਕ ਰਣਨੀਤੀ ਹੈ ਅਤੇ ਇਸ ਦਾ ਐਲਾਨ ਜਨਤਕ ਰੈਲੀਆਂ ਦੌਰਾਨ ਨਹੀਂ ਕੀਤਾ ਜਾਣਾ ਚਾਹੀਦਾ। ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਦੇਸ਼ 'ਚ ਯੁੱਧ ਦੀ ਚਰਚਾ ਜਾਰੀ ਰਹੇ, ਤਾਂ ਜੋ ਬਿਹਾਰ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੇ ਉਸ ਦੇ ਬਾਅਦ ਬੰਗਾਲ, ਕੇਰਲਾ, ਅਸਾਮ, ਤਾਮਿਲਨਾਡੂ ਤੇ ਪੁਡੂਚੇਰੀ 'ਚ ਹੋਣ ਵਾਲੀਆਂ ਚੋਣਾਂ ਦੌਰਾਨ ਭਾਜਪਾ ਨੂੰ ਇਸ ਦਾ ਸਿਆਸੀ ਲਾਭ ਮਿਲ ਸਕੇ। ਹਾਲ ਹੀ ਦਿਨਾਂ 'ਚ ਬਿਹਾਰ ਤੇ ਗੁਜਰਾਤ 'ਚ ਜਿਸ ਤਰ੍ਹਾਂ ਨਾਲ ਉਨ੍ਹਾਂ ਦੇ ਰੋਡਸ਼ੋਅ ਕਰਵਾਏ ਗਏ ਹਨ, ਉਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ।





ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਦੀ ਜਨਤਕ ਰੈਲੀ ਦੇ 2 ਘੰਟੇ ਬਾਅਦ ਉਨ੍ਹਾਂ ਨੂੰ ਜਵਾਬ ਦਿੰਦਿਆਂ ਠੀਕ ਹੀ ਕਿਹਾ, "ਮੋਦੀ ਜੀ ਨੇ ਅੱਜ ਜੋ ਕੁਝ ਵੀ ਕਿਹਾ ਹੈ ਉਸ ਤੋਂ ਅਸੀਂ ਸਿਰਫ਼ ਸਦਮੇ 'ਚ ਹੀ ਨਹੀਂ, ਸਗੋਂ ਪ੍ਰਧਾਨ ਮੰਤਰੀ ਦੀ ਆਵਾਜ਼ ਸੁਣ ਕੇ ਬਹੁਤ ਦੁਖੀ ਵੀ ਹਾਂ। ਜਦੋਂ ਸਭ ਵਿਰੋਧੀ ਧਿਰ ਦੇ ਆਗੂ ਦੁਨੀਆ ਦੇ ਸਾਹਮਣੇ ਦੇਸ਼ ਦੀ ਪ੍ਰਤੀਨਿਧਤਾ ਕਰਦਿਆਂ ਦੇਸ਼ ਹਿੱਤ, ਰਾਸ਼ਟਰ ਹਿੱਤ ਦੀ ਰੱਖਿਆ ਲਈ ਦਲੇਰਾਨਾ ਨਿਰਣੇ ਲੈ ਰਹੇ ਹਨ ਕਿ ਅਸੀਂ ਦੇਸ਼ ਦੀ ਰੱਖਿਆ ਕਰਾਂਗੇ, ਕਿਉਂਕਿ ਇਹ ਸਾਡੀ ਮਾਤਭੂਮੀ ਹੈ। ਪਰ ਕੀ ਇਹ ਸਮਾਂ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੀ ਮੌਜੂਦਗੀ 'ਚ ਉਨ੍ਹਾਂ ਦੇ ਮੰਤਰੀ ਕਹਿਣ ਕਿ ਆਪ੍ਰੇਸ਼ਨ ਸੰਧੂਰ ਵਾਂਗ ਹੀ ਆਪ੍ਰੇਸ਼ਨ ਬੰਗਾਲ ਵੀ ਕਰਾਂਗੇ? ਮੈਂ ਉਨ੍ਹਾਂ ਨੂੰ ਚੁਣੌਤੀ ਦਿੰਦੀ ਹਾਂ, ਜੇਕਰ ਉਨ੍ਹਾਂ 'ਚ ਹਿੰਮਤ ਹੈ ਤਾਂ ਭਲਕੇ ਚੋਣ ਮੈਦਾਨ 'ਚ ਆ ਜਾਣ ਅਸੀਂ ਤਿਆਰ ਹਾਂ ਅਤੇ ਬੰਗਾਲ ਤੁਹਾਡੀ ਚੁਣੌਤੀ ਨੂੰ ਸਵੀਕਾਰ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।"

ਇਕ ਸੀਨੀਅਰ ਵਿਰੋਧੀ ਧਿਰ ਦੀ ਆਗੂ ਦੁਆਰਾ ਪ੍ਰਧਾਨ ਮੰਤਰੀ ਨੂੰ ਇਸ ਤਰ੍ਹਾਂ ਦਾ ਜਵਾਬ ਦੇਣਾ ਜ਼ਰੂਰੀ ਸੀ, ਕਿਉਂਕਿ ਨਰਿੰਦਰ ਮੋਦੀ ਭਾਰਤ-ਪਾਕਿ ਤਣਾਅ ਦੇ ਮੌਜੂਦਾ ਦੌਰ 'ਚ 'ਇੰਡੀਆ ਬਲਾਕ' ਦੇ ਭਾਈਵਾਲਾਂ ਦੀ ਨਿਮਰਤਾ ਦਾ ਫਾਇਦਾ ਉਠਾਉਂਦਿਆਂ ਵਿਰੋਧੀ ਧਿਰ ਦੇ ਖ਼ਿਲਾਫ਼ ਪੂਰੀ ਤਾਕਤ ਨਾਲ ਕੰਮ ਕਰ ਰਹੇ ਹਨ। ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਨੂੰ ਬਹੁਤ ਖੁੱਲ੍ਹ ਦਿੱਤੀ ਹੈ, ਪਰ ਉਨ੍ਹਾਂ ਨੇ ਇਸ ਦਾ ਕੋਈ ਸਨਮਾਨ ਨਹੀਂ ਕੀਤਾ। ਹੁਣ ਸਮਾਂ ਆ ਗਿਆ ਹੈ ਕਿ ਵਿਰੋਧੀ ਧਿਰ ਆਮ ਵਾਂਗ ਕੰਮ ਕਰਨਾ ਸ਼ੁਰੂ ਕਰਕੇ ਸੰਸਦ ਦਾ ਵਿਸ਼ੇਸ਼ ਸ਼ੈਸਨ ਬੁਲਵਾ ਕੇ ਸਥਿਤੀ 'ਤੇ ਚਰਚਾ ਕਰੇ ਅਤੇ ਮਹੱਤਵਪੂਰਨ ਮੁੱਦਿਆਂ 'ਤੇ ਸਪੱਸ਼ਟੀਕਰਨ ਮੰਗੇ, ਜਿਨ੍ਹਾਂ ਦਾ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ।

ਜਿਸ ਤਰ੍ਹਾਂ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨੂੰ ਸਵਾਲ ਕੀਤਾ ਹੈ ਕਿ 22 ਅਪਰੈਲ ਨੂੰ ਪਹਿਲਗਾਮ 'ਚ ਕਤਲੇਆਮ ਕਰਨ ਵਾਲੇ ਅੱਤਵਾਦੀਆਂ ਨੂੰ ਅਜੇ ਤੱਕ ਕਿਉਂ ਨਹੀਂ ਫੜਿਆ ਗਿਆ? ਜਾਂ ਪ੍ਰਧਾਨ ਮੰਤਰੀ ਰਾਸ਼ਟਰਪਤੀ ਟਰੰਪ ਤੇ ਹੋਰ ਅਮਰੀਕੀ ਅਧਿਕਾਰੀਆਂ ਦੇ ਲਗਾਤਾਰ ਉਸ ਦਾਅਵੇ ਬਾਰੇ ਕਿਉਂ ਚੁੱਪ ਹਨ ਕਿ ਟਰੰਪ ਨੇ ਭਾਰਤ ਤੇ ਪਾਕਿਸਤਾਨ ਨੂੰ ਵਪਾਰ ਦੀ ਧਮਕੀ ਦੇ ਕੇ ਜੰਗਬੰਦੀ 'ਤੇ ਸਹਿਮਤੀ ਕਰਵਾਈ ਹੈ। ਇਹ ਭਾਰਤ ਦੇ ਪੱਖ 'ਚ ਨਹੀਂ ਸੀ, ਕਿਉਂਕਿ 10 ਮਈ ਦੀ ਸਵੇਰ ਤੱਕ ਭਾਰਤ ਜਿੱਤ ਰਿਹਾ ਸੀ। ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ 9 ਮਈ ਨੂੰ ਪ੍ਰਧਾਨ ਮੰਤਰੀ ਨੂੰ ਕੀ ਕਿਹਾ? ਕੀ ਉਸ ਨੇ ਟਰੰਪ ਦੁਆਰਾ ਦਿੱਤੀ ਗਈ ਧਮਕੀ ਦਾ ਸੁਨੇਹਾ ਉਨ੍ਹਾਂ ਤੱਕ ਪਹੁੰਚਾਇਆ ਸੀ? ਅਮਰੀਕੀ ਵਣਜ ਵਿਭਾਗ ਨੇ ਵੀ ਅਦਾਲਤ 'ਚ ਇਹੀ ਗੱਲ ਕਹੀ ਹੈ। ਉਨ੍ਹਾਂ ਕੋਲ ਲਾਜ਼ਮੀ ਇਸ ਦਾ ਕੋਈ ਰਿਕਾਰਡ ਹੋਵੇਗਾ। ਪ੍ਰਧਾਨ ਮੰਤਰੀ ਨੂੰ ਬਿਆਨ ਜਾਰੀ ਕਰਕੇ ਇਸ ਦਾ ਸਪੱਸ਼ਟ ਖੰਡਨ ਕਰਨਾ ਚਾਹੀਦਾ ਹੈ। ਉਹ ਚੁੱਪ ਕਿਉਂ ਹਨ ਤੇ ਦੂਜਿਆਂ ਨੂੰ ਕਿਉਂ ਬੋਲਣ ਨਹੀਂ ਦੇ ਰਹੇ? ਇਹ ਮੁੱਦੇ ਹੁਣ ਸਰਕਾਰ ਦੇ ਸਾਹਮਣੇ ਰੱਖੇ ਜਾਣੇ ਚਾਹੀਦੇ ਹਨ। ਪ੍ਰਧਾਨ ਮੰਤਰੀ ਖੁਦ ਵਿਰੋਧੀ ਧਿਰਾਂ ਸਮੇਤ ਰਾਸ਼ਟਰੀ ਏਕਤਾ ਬਣਾਈ ਰੱਖਣ ਦੀ ਲਕਸ਼ਮਣ ਰੇਖਾ ਪਾਰ ਕਰ ਚੁੱਕੇ ਹਨ, ਇਸ ਲਈ ਹੁਣ 'ਇੰਡੀਆ ਬਲਾਕ' ਦੀ ਪ੍ਰਧਾਨ ਮੰਤਰੀ ਦੁਆਰਾ ਨਿਰਧਾਰਤ ਨਿਯਮਾਂ ਦੇ ਅਨੁਸਾਰ ਚੱਲਣ ਦੀ ਕੋਈ ਨੈਤਿਕ ਜ਼ਿੰਮੇਵਾਰੀ ਨਹੀਂ ਹੈ। ਉਨ੍ਹਾਂ ਨੂੰ ਮਮਤਾ ਬੈਨਰਜੀ ਦਾ ਅਨੁਸਰਨ ਕਰਨਾ ਚਾਹੀਦਾ ਹੈ, ਜਿਸ ਨੇ ਏਜੰਡਾ ਤੈਅ ਕਰ ਦਿੱਤਾ ਹੈ। ਹੁਣ ਸਮਾਂ ਆ ਗਿਆ ਹੈ ਕਿ 'ਇੰਡੀਆ ਬਲਾਕ' ਦੀਆਂ ਪਾਰਟੀਆਂ ਨੂੰ ਆਪ੍ਰੇਸ਼ਨ ਸੰਧੂਰ 'ਤੇ ਚਰਚਾ ਕਰਨ ਅਤੇ ਅਸਲ ਵਿਰੋਧੀ ਧਿਰ ਵਾਂਗ ਵਿਵਹਾਰ ਕਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

# ਕੈਨੇਡਾ ਵਿਚ ਇਮੀਗ੍ਰੇਸ਼ਨ ਸਿਸਟਮ 'ਤੇ ਸਖਤੀ : ਪੰਜਾਬੀਆਂ ਨੂੰ ਕੀ ਫਾਇਦਾ, ਕੀ ਨੁਕਸਾਨ ?

**ਵਿਸ਼ੇਸ਼ ਰਿਪੋਟ**

**✪ ਕੈਨੇਡਾ ਸਰਕਾਰ ਨੇ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਸਿਸਟਮ ਨੂੰ ਸਖਤ ਕਰਨ ਲਈ ਪੇਸ਼ ਕੀਤਾ ਨਵਾਂ ਬਿੱਲ**

**✪ ਹੁਣ ਇੱਕ ਸਾਲ ਤੋਂ ਵੱਧ ਕੈਨੇਡਾ ਵਿਚ ਰਹਿਣ ਵਾਲੇ ਸ਼ਰਨ ਦੀ ਅਰਜ਼ੀ ਨਹੀਂ ਦੇ ਸਕਣਗੇ**



ਕੈਨੇਡਾ, ਜਿਹੜਾ ਸਦੀਆਂ ਤੋਂ ਪ੍ਰਵਾਸੀਆਂ ਦੀ ਖੁੱਲ੍ਹੇ ਦਿਲ ਨਾਲ ਸਵਾਗਤ ਕਰਨ ਵਾਲਾ ਦੇਸ਼ ਰਿਹਾ, ਹੁਣ ਆਪਣੇ ਇਮੀਗ੍ਰੇਸ਼ਨ ਸਿਸਟਮ ਨੂੰ ਸਖਤ ਕਰਨ ਦੀ ਤਿਆਰੀ ਵਿਚ ਹੈ। ਪੰਜਾਬੀਆਂ ਦੀ ਵੱਡੀ ਗਿਣਤੀ ਨਾਲ ਵਸਦੇ ਇਸ ਮੁਲਕ ਵਿਚ ਸਰਕਾਰ ਦੇ ਨਵੇਂ ਕਾਨੂੰਨਾਂ ਨੇ ਚਰਚਾ ਦਾ ਮਾਹੌਲ ਗਰਮਾ ਦਿੱਤਾ ਹੈ। ਇੱਕ ਪਾਸੇ ਸਰਕਾਰ ਨੇ ਸਟ੍ਰਾਂਗਰ ਬਾਰਡਰਜ਼ ਐਕਟ (ਬਿੱਲ ਸੀ-2) ਪੇਸ਼ ਕਰਕੇ ਸ਼ਰਨਾਰਥੀ ਅਤੇ ਵੀਜ਼ਾ ਨੀਤੀਆਂ 'ਤੇ ਸਖਤੀ ਦਾ ਐਲਾਨ ਕੀਤਾ, ਤਾਂ ਦੂਜੇ ਪਾਸੇ ਨਾਗਰਿਕਤਾ ਸਬੰਧੀ ਬਿੱਲ ਸੀ-3 ਨਾਲ ਪੰਜਾਬੀਆਂ ਸਣੇ ਪ੍ਰਵਾਸੀਆਂ ਨੂੰ ਵੱਡੀ ਰਾਹਤ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

### ਸਟ੍ਰਾਂਗਰ ਬਾਰਡਰਜ਼ ਐਕਟ : ਸਰਹੱਦਾਂ 'ਤੇ ਸਖਤੀ

ਕੈਨੇਡਾ ਦੀ ਨਵੀਂ ਸਰਕਾਰ, ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਮਾਰਕ ਕਾਰਨੀ ਕਰ ਰਹੇ ਹਨ, ਨੇ ਬੀਤੇ ਸਾਲਾਂ ਵਿਚ ਇਮੀਗ੍ਰੇਸ਼ਨ ਸਿਸਟਮ ਦੀ ਦੁਰਵਰਤੋਂ ਨੂੰ ਰੋਕਣ ਲਈ ਵੱਡਾ ਕਦਮ ਚੁੱਕਿਆ ਹੈ। ਪਬਲਿਕ ਸੇਫਟੀ ਮੰਤਰੀ ਗੈਰੀ ਅਨੰਦਾ ਸੰਗਾਰੀ ਵੱਲੋਂ ਪੇਸ਼ ਕੀਤਾ ਗਿਆ। ਬਿੱਲ ਸੀ-2, ਜਿਸ ਨੂੰ ਸਟ੍ਰਾਂਗਰ ਬਾਰਡਰਜ਼ ਐਕਟ ਵਜੋਂ ਜਾਣਿਆ ਜਾਂਦਾ ਹੈ, ਦੇਸ਼ ਦੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਅਤੇ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਨਕੇਲ ਕੱਸਣ ਲਈ ਬਣਾਇਆ ਗਿਆ। ਇਸ ਬਿੱਲ ਦਾ ਮੁੱਖ ਮਕਸਦ ਹੈ ਸੰਗਠਿਤ ਅਪਰਾਧ, ਨਸ਼ੀਲੇ ਪਦਾਰਥਾਂ (ਖਾਸ ਕਰਕੇ ਫੈਂਟਾਨਾਇਲ) ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ 'ਤੇ ਰੋਕ ਲਗਾਉਣਾ। ਪਰ ਇਸ ਦੇ ਨਾਲ ਹੀ, ਸ਼ਰਨਾਰਥੀ ਅਤੇ ਵੀਜ਼ਾ ਨੀਤੀਆਂ ਵਿਚ ਵੀ ਵੱਡੀਆਂ ਤਬਦੀਲੀਆਂ ਪ੍ਰਸਤਾਵਿਤ ਕੀਤੀਆਂ ਗਈਆਂ ਹਨ।

ਇਸ ਬਿੱਲ ਮੁਤਾਬਕ, ਹੁਣ ਕੈਨੇਡਾ ਵਿਚ ਇੱਕ ਸਾਲ ਤੋਂ ਵੱਧ ਸਮਾਂ ਬਤੀਤ ਕਰਨ ਵਾਲੇ ਵਿਅਕਤੀ ਸ਼ਰਨਾਰਥੀ ਅਰਜ਼ੀ ਨਹੀਂ ਦੇ ਸਕਣਗੇ। ਇਹ ਨਿਯਮ ਖਾਸ ਕਰਕੇ ਉਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕਰੇਗਾ ਜੋ ਵਿਜ਼ਟਰ ਵੀਜ਼ਾ, ਸਟੱਡੀ ਪਰਮਿਟ ਜਾਂ ਵਰਕ ਪਰਮਿਟ 'ਤੇ ਕੈਨੇਡਾ ਆਉਂਦੇ ਹਨ ਅਤੇ ਬਾਅਦ ਵਿਚ ਸ਼ਰਨਾਰਥੀ ਸਿਸਟਮ ਦੀ ਦੁਰਵਰਤੋਂ ਕਰਕੇ ਦੇਸ਼ 'ਚ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਇਸ ਤੋਂ ਇਲਾਵਾ, ਅਮਰੀਕਾ ਤੋਂ ਕੈਨੇਡਾ ਵਿਚ ਸਰਹੱਦ ਪਾਰ ਕਰਕੇ ਸ਼ਰਨ ਲੈਣ ਦੀ ਪ੍ਰਕਿਰਿਆ ਨੂੰ ਵੀ ਸਖਤ ਕੀਤਾ ਜਾ ਰਿਹਾ ਹੈ। ਜੇਕਰ ਕੋਈ ਵਿਅਕਤੀ ਅਮਰੀਕਾ ਰਾਹੀਂ ਕੈਨੇਡਾ ਵਿਚ ਦਾਖਲ ਹੁੰਦਾ ਹੈ, ਤਾਂ ਉਸ ਨੂੰ 14 ਦਿਨਾਂ ਦੇ ਅੰਦਰ ਸ਼ਰਨ ਦੀ ਅਰਜ਼ੀ ਦੇਣੀ ਹੋਵੇਗੀ, ਨਹੀਂ ਤਾਂ ਉਸ ਨੂੰ ਵਾਪਸ ਅਮਰੀਕਾ ਭੇਜ ਦਿੱਤਾ ਜਾਵੇਗਾ। ਇਸ ਬਿੱਲ ਦਾ ਇੱਕ ਹੋਰ ਅਹਿਮ ਪਹਿਲੂ ਹੈ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਵਧੇਰੇ ਅਧਿਕਾਰ ਦੇਣਾ।

ਅਧਿਕਾਰੀਆਂ ਨੂੰ ਹੁਣ ਵੇਅਰਹਾਊਸਾਂ 'ਚ ਜਾ ਕੇ ਜਾਂਚ ਕਰਨ, ਡਾਕ ਵਿਭਾਗ ਦੀਆਂ ਚਿੱਠੀਆਂ ਅਤੇ ਪਾਰਸਲ ਖੋਲ੍ਹਣ, ਅਤੇ 10,000 ਕੈਨੇਡੀਅਨ ਡਾਲਰ ਤੋਂ ਵੱਧ ਦੇ ਨਕਦ ਲੈਣ-ਦੇਣ 'ਤੇ ਪਾਬੰਦੀ ਲਗਾਉਣ ਦੀ ਸ਼ਕਤੀ ਮਿਲੇਗੀ। ਇਹ ਸਭ ਕੁਝ ਕਾਲੇ ਧਨ ਨੂੰ ਚਿੱਟਾ ਕਰਨ ਅਤੇ ਅੱਤਵਾਦੀ ਗਤੀਵਿਧੀਆਂ ਨੂੰ ਰੋਕਣ ਦੇ ਮਕਸਦ ਨਾਲ ਕੀਤਾ ਜਾ ਰਿਹਾ ਹੈ।

### ਪੰਜਾਬੀਆਂ 'ਤੇ ਕੀ ਅਸਰ ਹੋਵੇਗਾ

ਕੈਨੇਡਾ ਵਿਚ ਪੰਜਾਬੀ ਭਾਈਚਾਰਾ, ਜਿਸ ਦੀ ਵੱਡੀ ਗਿਣਤੀ ਸਰੀ, ਬਰੈਂਪਟਨ, ਅਤੇ ਟੋਰਾਂਟੋ ਵਰਗੇ ਸ਼ਹਿਰਾਂ ਵਿਚ ਵਸਦੀ ਹੈ, ਇਸ ਬਿੱਲ ਦੇ ਕਈ ਪਹਿਲੂਆਂ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਵੇਗਾ। ਪੰਜਾਬੀਆਂ ਦੀ ਇੱਕ ਵੱਡੀ ਗਿਣਤੀ ਵਿਦਿਆਰਥੀ ਵੀਜ਼ੇ ਜਾਂ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਉਂਦੀ ਹੈ ਅਤੇ ਬਾਅਦ ਵਿਚ ਸ਼ਰਨਾਰਥੀ ਅਰਜ਼ੀ ਜਾਂ ਹੋਰ ਤਰੀਕਿਆਂ ਨਾਲ ਸਥਾਈ ਨਿਵਾਸ ਲੈਣ ਦੀ ਕੋਸ਼ਿਸ਼ ਕਰਦੀ ਹੈ। ਨਵੇਂ ਨਿਯਮਾਂ ਨੇ ਇਸ ਪ੍ਰਕਿਰਿਆ ਨੂੰ ਕਾਫੀ ਮੁਸ਼ਕਿਲ ਬਣਾ ਦਿੱਤਾ ਹੈ। ਪੰਜਾਬੀਆਂ ਵਿਚ ਇਹ ਰਿਵਾਜ ਸੀ ਕਿ ਕਈ ਲੋਕ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਪਹੁੰਚ ਕੇ ਸ਼ਰਨਾਰਥੀ ਅਰਜ਼ੀ ਦੇ ਦਿੰਦੇ ਸਨ। ਹੁਣ ਇੱਕ ਸਾਲ ਦੀ ਸਮਾਂ ਸੀਮਾ ਦੇ ਨਾਲ, ਇਹ ਰਾਹ ਲਗਭਗ ਬੰਦ ਹੋ ਜਾਵੇਗਾ। ਜੇਕਰ ਕੋਈ ਵਿਅਕਤੀ ਸਮਾਂ ਸੀਮਾ ਵਿਚ ਅਰਜ਼ੀ ਨਹੀਂ ਦਿੰਦਾ, ਤਾਂ ਉਸ ਨੂੰ ਡੀਪੋਰਟੇਸ਼ਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬ ਵਿਚ ਕਈ ਏਜੰਟ ਨਕਲੀ ਦਸਤਾਵੇਜ਼ਾਂ ਜਾਂ ਗਲਤ ਵਾਅਦਿਆਂ ਨਾਲ ਲੋਕਾਂ ਨੂੰ ਕੈਨੇਡਾ ਭੇਜਦੇ ਸਨ। ਨਵੇਂ ਕਾਨੂੰਨ ਨਾਲ ਅਜਿਹੇ ਏਜੰਟਾਂ 'ਤੇ ਸ਼ਿਕੰਜਾ ਕੱਸਿਆ ਜਾਵੇਗਾ, ਪਰ ਇਸ ਨਾਲ ਉਹ ਲੋਕ ਵੀ ਪ੍ਰਭਾਵਿਤ ਹੋਣਗੇ ਜੋ ਅਜਿਹੇ ਏਜੰਟਾਂ ਦੇ ਝਾਂਸੇ ਵਿਚ ਆ ਕੇ ਕੈਨੇਡਾ ਪਹੁੰਚਦੇ ਹਨ।

ਵਿਦਿਆਰਥੀ ਜਾਂ ਵਰਕ ਪਰਮਿਟ 'ਤੇ ਆਏ ਲੋਕ ਅਕਸਰ ਆਪਣੇ ਸਟੇਟਸ ਨੂੰ ਵਧਾਉਣ ਲਈ ਅਰਜ਼ੀਆਂ ਦੀ ਲੜੀ ਲਗਾਉਂਦੇ ਸਨ। ਹੁਣ ਇੱਕ ਅਰਜ਼ੀ ਰੱਦ ਹੋਣ 'ਤੇ ਦੂਜੀ ਅਰਜ਼ੀ ਦੇਣ ਦੀ ਸੰਭਾਵਨਾ ਘਟ ਜਾਵੇਗੀ, ਜਿਸ ਨਾਲ ਪੰਜਾਬੀ ਨੌਜਵਾਨਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਜਿੱਥੇ ਸਟ੍ਰਾਂਗਰ ਬਾਰਡਰਜ਼ ਐਕਟ ਪੰਜਾਬੀਆਂ ਲਈ ਕੁਝ ਮੁਸ਼ਕਿਲਾਂ ਖੜ੍ਹੀਆਂ ਕਰ ਸਕਦਾ ਹੈ, ਉੱਥੇ ਨਾਗਰਿਕਤਾ ਸਬੰਧੀ ਬਿੱਲ ਸੀ-3 ਨੇ ਪੰਜਾਬੀ ਡਾਇਸਪੋਰਾ 'ਚ ਉਮੀਦ ਦੀ ਕਿਰਨ ਜਗਾਈ ਹੈ। ਇਸ ਬਿੱਲ ਨੂੰ ਇਮੀਗ੍ਰੇਸ਼ਨ ਮੰਤਰੀ ਲੀਨਾ ਮੇਟਲੇਜ ਡਾਇਬ ਨੇ ਪੇਸ਼ ਕੀਤਾ, ਜਿਸ ਦਾ ਮਕਸਦ 2009 ਦੇ ਉਸ ਨਿਯਮ ਨੂੰ ਹਟਾਉਣਾ ਹੈ, ਜਿਸ ਮੁਤਾਬਕ ਵਿਦੇਸ਼ 'ਚ ਜੰਮੇ ਕੈਨੇਡੀਅਨ ਨਾਗਰਿਕ ਆਪਣੇ ਬੱਚਿਆਂ ਨੂੰ ਨਾਗਰਿਕਤਾ ਨਹੀਂ ਦੇ ਸਕਦੇ ਸਨ।

ਬਹੁਤ ਸਾਰੇ ਪੰਜਾਬੀ, ਜੋ ਕੈਨੇਡਾ 'ਚ ਜੰਮੇ-ਪੱਲੇ ਹਨ ਅਤੇ ਹੁਣ ਵਿਦੇਸ਼ (ਜਿਵੇਂ ਭਾਰਤ) ਵਿਚ ਰਹਿੰਦੇ ਹਨ, ਆਪਣੇ ਬੱਚਿਆਂ ਨੂੰ ਕੈਨੇਡੀਅਨ ਨਾਗਰਿਕਤਾ ਦੇ ਸਕਣਗੇ। ਇਹ ਉਨ੍ਹਾਂ ਪਰਿਵਾਰਾਂ ਲਈ ਵਰਦਾਨ ਹੈ ਜੋ ਆਪਣੇ ਬੱਚਿਆਂ ਨੂੰ ਕੈਨੇਡਾ ਦੀ ਨਾਗਰਿਕਤਾ ਦੇਣਾ ਚਾਹੁੰਦੇ ਹਨ।

ਪੰਜਾਬੀ ਪਰਿਵਾਰ, ਜੋ ਵਿਦੇਸ਼ ਵਿਚ ਬੱਚਿਆਂ ਨੂੰ ਗੋਦ ਲੈਂਦੇ ਹਨ, ਹੁਣ ਉਨ੍ਹਾਂ ਲਈ ਵੀ ਸਿੱਧੀ ਨਾਗਰਿਕਤਾ ਦੀ ਅਰਜ਼ੀ ਦੇ ਸਕਣਗੇ।

ਨਾਗਰਿਕਤਾ ਦੀ ਅਰਜ਼ੀ ਪ੍ਰਕਿਰਿਆ ਨੂੰ ਸਰਲ ਕੀਤਾ ਜਾਵੇਗਾ, ਜਿਸ ਨਾਲ ਪੰਜਾਬੀਆਂ ਨੂੰ ਬਿਨਾਂ ਜ਼ਿਆਦਾ ਕਾਗਜ਼ੀ ਕਾਰਵਾਈ ਦੇ ਨਾਗਰਿਕਤਾ ਮਿਲ ਸਕੇਗੀ। ਜਿਹੜੇ ਪੰਜਾਬੀ ਪਰਿਵਾਰ ਪਹਿਲੀ ਪੀੜ੍ਹੀ ਦੀ ਸੀਮਾ ਕਾਰਨ ਨਾਗਰਿਕਤਾ ਨਹੀਂ ਲੈ ਸਕੇ, ਉਨ੍ਹਾਂ ਨੂੰ ਇਸ ਬਿੱਲ ਦੇ ਪਾਸ ਹੋਣ 'ਤੇ ਆਪਣੇ ਆਪ ਨਾਗਰਿਕਤਾ ਮਿਲ ਜਾਵੇਗੀ।

ਇਸ ਬਿੱਲ ਦਾ ਕੋਈ ਸਿੱਧਾ ਨੁਕਸਾਨ ਪੰਜਾਬੀਆਂ ਨੂੰ ਨਹੀਂ ਹੋਵੇਗਾ, ਪਰ ਇੱਕ ਸ਼ਰਤ ਹੈ ਕਿ ਨਾਗਰਿਕਤਾ ਦੇਣ ਲਈ ਮਾਪਿਆਂ ਨੂੰ ਬੱਚੇ ਦੇ ਜਨਮ ਜਾਂ ਗੋਦ ਲੈਣ ਤੋਂ ਪਹਿਲਾਂ ਘੱਟੋ-ਘੱਟ 3 ਸਾਲ (1,095 ਦਿਨ) ਕੈਨੇਡਾ 'ਚ ਰਹਿਣਾ ਜ਼ਰੂਰੀ ਹੋਵੇਗਾ। ਜਿਹੜੇ ਪੰਜਾਬੀ ਇਸ ਸ਼ਰਤ ਨੂੰ ਪੂਰਾ ਨਹੀਂ ਕਰਦੇ, ਉਨ੍ਹਾਂ ਨੂੰ ਮੁਸ਼ਕਿਲ ਹੋ ਸਕਦੀ ਹੈ।

## ਹਰਸਿਮਰਤ ਕੌਰ ਬਾਦਲ ਵਲੋਂ ਵਿਦੇਸ਼ ਮੰਤਰੀ ਨੂੰ ਯੂ.ਏ.ਈ. ਨਾਲ ਸਿੱਖ ਕੱਕਾਰਾਂ ਬਾਰੇ ਗੱਲਬਾਤ ਸ਼ੁਰੂ ਕਰਨ ਦੀ ਅਪੀਲ


**✪ ਘੱਟ ਗਿਣਤੀ ਕਮਿਸ਼ਨ ਤੇ ਸ਼੍ਰੋਮਣੀ ਕਮੇਟੀ ਦਾ ਵਫ਼ਦ ਯੂ.ਏ.ਈ. ਭੇਜਣ ਦੀ ਮੰਗ**



**ਚੰਡੀਗੜ੍ਹ**-ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਅਤੇ ਬਠਿੰਡਾ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਯੂ.ਏ.ਈ. ਸਰਕਾਰ ਨਾਲ ਗੱਲਬਾਤ ਕਰਕੇ ਸਿੱਖਾਂ ਦੇ ਪੰਜ ਕੱਕਾਰਾਂ, ਖਾਸਕਰ ਕਿਰਪਾਨ, ਬਾਰੇ ਜਾਣਕਾਰੀ ਦਿੱਤੀ ਜਾਵੇ ਅਤੇ ਸਿੱਖਾਂ ਨੂੰ ਇਨ੍ਹਾਂ ਨੂੰ ਧਾਰਨ ਕਰਨ ਦੀ ਆਗਿਆ ਮਿਲੇ। ਵਿਦੇਸ਼ ਮੰਤਰੀ ਨੂੰ ਲਿਖੇ ਪੱਤਰ ਵਿੱਚ ਉਨ੍ਹਾਂ ਕਿਹਾ ਕਿ ਯੂ.ਏ.ਈ. ਵਿੱਚ ਭਾਰਤੀ ਸਫਾਰਤਖਾਨੇ ਦੀ ਐਡਵਾਈਜ਼ਰੀ, ਜੋ ਤਿੱਖੀਆਂ ਵਸਤੂਆਂ 'ਤੇ ਪਾਬੰਦੀ ਲਗਾਉਂਦੀ ਹੈ, ਨੇ ਸਿੱਖ ਮੁਸਾਫਰਾਂ ਅਤੇ ਵਸਨੀਕਾਂ ਨੂੰ ਨਿਰਾਸ਼ ਕੀਤਾ ਹੈ। ਇਸ ਨਾਲ ਮਾਨਸਿਕ ਪੀੜਾ ਵਧੀ ਹੈ ਅਤੇ ਕਈ ਵਾਰ ਸਿੱਖਾਂ ਨੂੰ ਕੱਕਾਰ ਹਟਾਉਣ ਲਈ ਮਜਬੂਰ ਕੀਤਾ ਗਿਆ। ਹਰਸਿਮਰਤ ਨੇ ਸੁਝਾਅ ਦਿੱਤਾ ਕਿ ਕੌਮੀ ਘੱਟ ਗਿਣਤੀ ਕਮਿਸ਼ਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਫ਼ਦ ਯੂ.ਏ.ਈ. ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਸਿੱਖ ਪਰੰਪਰਾਵਾਂ ਬਾਰੇ ਜਾਗਰੂਕਤਾ ਪੈਦਾ ਕਰੇ।

# ਆਸਟ੍ਰੇਲੀਆ ਦੇ ਗਰਿਫਥ ਵਿਚ 'ਖ਼ਾਲਸਾ ਚੌਕ' ਦੀ ਸਥਾਪਨਾ ਹੋਈ

## ✪ ਸਿੱਖੀ ਦੀ ਪਹਿਚਾਣ ਨੂੰ ਮਿਲੀ ਮਜ਼ਬੂਤੀ




**ਸਿਡਨੀ**-ਆਸਟ੍ਰੇਲੀਆ ਦੇ ਨਿਊ ਸਾਊਥ ਵੇਲਸ ਸੂਬੇ ਦੇ ਪੇਂਡੂ ਇਲਾਕੇ ਗਰਿਫਥ ਵਿੱਚ ਸਿੱਖ ਕਮਿਊਨਿਟੀ ਲਈ ਇੱਕ ਇਤਿਹਾਸਕ ਅਤੇ ਮਾਣ ਵਾਲੀ ਘਟਨਾ ਵਾਪਰੀ ਹੈ। ਇਥੋਂ ਦੀ ਥੋਰਨ ਰੋਡ ਅਤੇ ਕਿਡਮੈਨ ਵੇਅ ਦੇ ਰਾਊਂਡਅਬਾਊਟ ਨੂੰ ਅਧਿਕਾਰਕ ਤੌਰ 'ਤੇ 'ਖ਼ਾਲਸਾ ਚੌਕ' ਦਾ ਨਾਂ ਦਿੱਤਾ ਗਿਆ ਹੈ। ਇਹ ਫੈਸਲਾ ਹਾਲ ਹੀ ਵਿੱਚ ਹੋਈ ਗਰਿਫਥ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਲਿਆ ਗਿਆ, ਜਿਸ ਨੇ ਨਾ ਸਿਰਫ ਸਿੱਖ ਕਮਿਊਨਿਟੀ ਦੀ ਪਹਿਚਾਣ ਨੂੰ ਮਜ਼ਬੂਤੀ ਦਿੱਤੀ, ਸਗੋਂ ਆਸਟ੍ਰੇਲੀਆ ਵਿੱਚ ਵੱਸਦੇ ਪੰਜਾਬੀਆਂ ਲਈ ਇੱਕ ਵੱਡੀ ਪ੍ਰੇਰਣਾ ਵਜੋਂ ਕੰਮ ਕੀਤਾ।'ਖ਼ਾਲਸਾ ਚੌਕ' ਦੀ ਸਥਾਪਨਾ ਸਿੱਖ ਇਤਿਹਾਸ ਅਤੇ ਸਭਿਆਚਾਰ ਨੂੰ ਸਮਰਪਿਤ ਇੱਕ ਮਹੱਤਵਪੂਰਨ ਕਦਮ ਹੈ। ਇਹ ਚੌਕ ਗਰਿਫਥ ਦੇ ਵਿਚਕਾਰ ਸਥਿਤ ਇੱਕ ਪ੍ਰਮੁੱਖ ਸਥਾਨ 'ਤੇ ਹੈ, ਜਿੱਥੇ ਥੋਰਨ ਰੋਡ ਅਤੇ ਕਿਡਮੈਨ ਵੇਅ ਦਾ ਮਿਲਣ ਸਥਾਨ ਸ਼ਹਿਰ ਦੀ ਰੌਣਕ ਨੂੰ ਦਰਸਾਉਂਦਾ ਹੈ। ਇਸ ਚੌਕ ਦਾ ਨਾਂ ਨਾ ਸਿਰਫ ਅੰਗਰੇਜ਼ੀ ਵਿੱਚ, ਸਗੋਂ ਪੰਜਾਬੀ ਭਾਸ਼ਾ ਵਿੱਚ ਵੀ ਬੋਰਡ 'ਤੇ ਅੰਕਿਤ ਕੀਤਾ ਗਿਆ ਹੈ, ਜੋ ਸਿੱਖ ਕਮਿਊਨਿਟੀ ਦੀ ਸਭਿਆਚਾਰਕ ਵਿਰਾਸਤ ਨੂੰ ਮੁੱਖ ਧਾਰਾ ਵਿੱਚ ਲਿਆਉਣ ਦਾ ਸੰਕੇਤ ਹੈ। ਇਸ ਪਹਿਲਕਦਮੀ ਦਾ ਸਿਹਰਾ ਗਰਿਫਥ ਸਿਟੀ ਕੌਂਸਲ ਦੇ ਕੌਂਸਲਰ ਮਨਜੀਤ ਸਿੰਘ ਲਾਲੀ ਨੂੰ ਜਾਂਦਾ ਹੈ, ਜਿਨ੍ਹਾਂ ਨੇ ਇਸ ਪ੍ਰਸਤਾਵ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਕੌਂਸਲਰ ਮਨਜੀਤ ਸਿੰਘ ਲਾਲੀ ਨੇ ਦੱਸਿਆ ਕਿ "ਇਹ ਸਿਰਫ ਇੱਕ ਚੌਕ ਦਾ ਨਾਂ ਨਹੀਂ, ਸਗੋਂ ਸਿੱਖ ਕਮਿਊਨਿਟੀ ਦੀ ਸਾਲਾਂ ਦੀ ਮਿਹਨਤ, ਸਮਰਪਣ ਅਤੇ ਸਭਿਆਚਾਰਕ ਵਿਰਾਸਤ ਦਾ ਸਨਮਾਨ ਹੈ। 'ਖ਼ਾਲਸਾ' ਸ਼ਬਦ ਸਿੱਖ ਧਰਮ ਦੀ ਸਭ ਤੋਂ ਵੱਡੀ ਪਹਿਚਾਣ ਹੈ, ਜੋ ਸਰਬੱਤ ਦਾ ਭਲਾ, ਨਿਆਂ ਅਤੇ ਸੱਚਾਈ ਦੀ ਲੜਾਈ ਦਾ ਪ੍ਰਤੀਕ ਹੈ। ਇਸ ਚੌਕ ਦਾ ਨਾਂ ਪੰਜਾਬੀ ਵਿੱਚ ਲਿਖਿਆ ਜਾਣਾ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ।

ਗਰਿਫਥ, ਜੋ ਨਿਊ ਸਾਊਥ ਵੇਲਸ ਦਾ ਇੱਕ ਪੇਂਡੂ ਸ਼ਹਿਰ ਹੈ, ਪਿਛਲੇ ਕਈ ਦਹਾਕਿਆਂ ਤੋਂ ਪੰਜਾਬੀ ਅਤੇ ਸਿੱਖ ਕਮਿਊਨਿਟੀ ਦਾ ਮਹੱਤਵਪੂਰਨ ਕੇਂਦਰ ਰਿਹਾ ਹੈ। ਇੱਥੇ ਪੰਜਾਬੀ ਪਰਿਵਾਰਾਂ ਨੇ ਖੇਤੀਬਾੜੀ, ਵਪਾਰ ਅਤੇ ਸਮਾਜਿਕ ਸੇਵਾਵਾਂ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ।

ਗਰਿਫਥ ਵਿੱਚ ਸਿੱਖ ਗੁਰਦੁਆਰੇ, ਸਭਿਆਚਾਰਕ ਸਮਾਗਮ ਅਤੇ ਖੇਡ ਟੂਰਨਾਮੈਂਟ ਸਿੱਖ ਕਮਿਊਨਿਟੀ ਦੀ ਸਰਗਰਮੀ ਦਾ ਪ੍ਰਤੀਕ ਹਨ। 'ਖ਼ਾਲਸਾ ਚੌਕ' ਦੀ ਸਥਾਪਨਾ ਨੇ ਇਸ ਸ਼ਹਿਰ ਨੂੰ ਸਿੱਖ ਸਭਿਆਚਾਰ ਦੇ ਨਕਸ਼ੇ 'ਤੇ ਹੋਰ ਵੀ ਪ੍ਰਮੁੱਖ ਕਰ ਦਿੱਤਾ ਹੈ। ਇਸ ਚੌਕ ਦੀ ਸਥਾਪਨਾ ਦਾ ਮੌਕਾ ਉਦੋਂ ਹੋਰ ਵੀ ਵਿਸ਼ੇਸ਼ ਬਣ ਗਿਆ ਜਦੋਂ ਇਹ ਸਮਾਚਾਰ ਸਾਹਮਣੇ ਆਇਆ ਕਿ 7-8 ਜੂਨ ਨੂੰ ਗਰਿਫਥ ਵਿੱਚ ਸ਼ਹੀਦੀ ਟੂਰਨਾਮੈਂਟ ਦਾ ਆਯੋਜਨ ਹੋ ਰਿਹਾ ਹੈ। ਇਹ ਟੂਰਨਾਮੈਂਟ, ਜੋ ਸਿੱਖ ਸ਼ਹੀਦਾਂ ਦੀ ਯਾਦ ਵਿੱਚ ਆਯੋਜਿਤ ਕੀਤਾ ਜਾਂਦਾ ਹੈ, ਹਰ ਸਾਲ ਹਜ਼ਾਰਾਂ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ। ਇਸ ਵਾਰ 'ਖ਼ਾਲਸਾ ਚੌਕ' ਦੀ ਸਥਾਪਨਾ ਨੇ ਇਸ ਟੂਰਨਾਮੈਂਟ ਨੂੰ ਹੋਰ ਵੀ ਖਾਸ ਬਣਾ ਦਿੱਤਾ ਹੈ।

ਸਥਾਨਕ ਨਿਵਾਸੀ ਅਤੇ ਸਿੱਖ ਸੰਗਤ ਦੇ ਮੈਂਬਰ ਜਸਪ੍ਰੀਤ ਕੌਰ ਨੇ ਕਿਹਾ, "ਇਹ ਸਾਡੇ ਲਈ ਬਹੁਤ ਵੱਡੀ ਗੱਲ ਹੈ। ਸਾਡੀ ਨਵੀਂ ਪੀੜ੍ਹੀ ਨੂੰ ਆਪਣੀ ਵਿਰਾਸਤ 'ਤੇ ਮਾਣ ਕਰਨ ਦਾ ਮੌਕਾ ਮਿਲੇਗਾ, ਅਤੇ ਇਹ ਚੌਕ ਸਾਨੂੰ ਸਾਡੀ ਪਹਿਚਾਣ ਨਾਲ ਜੋੜੇਗਾ।" ਇਸੇ ਤਰ੍ਹਾਂ, ਸਥਾਨਕ ਵਪਾਰੀ ਅਤੇ ਕਮਿਊਨਿਟੀ ਆਗੂ ਗੁਰਪ੍ਰੀਤ ਸਿੰਘ ਨੇ ਕਿਹਾ, "ਇਹ ਸਿਰਫ ਇੱਕ ਚੌਕ ਨਹੀਂ, ਸਗੋਂ ਸਾਡੀ ਕਮਿਊਨਿਟੀ ਦੀ ਸਮਰਪਣ ਅਤੇ ਸੰਘਰਸ਼ ਦੀ ਕਹਾਣੀ ਹੈ। ਇਸ ਨੇ ਸਾਨੂੰ ਆਸਟ੍ਰੇਲੀਆ ਦੇ ਮੁੱਖ ਧਾਰੇ ਵਿੱਚ ਸਾਡੀ ਪਹਿਚਾਣ ਨੂੰ ਮਜ਼ਬੂਤ ਕਰਨ ਦਾ ਮੌਕਾ ਦਿੱਤਾ ਹੈ।"

ਕੌਂਸਲ ਦੇ ਮੇਅਰ ਜੌਨ ਡਾਲਕਰੰਪ ਨੇ ਇਸ ਮੌਕੇ 'ਤੇ ਕਿਹਾ, "ਗਰਿਫਥ ਵਿੱਚ ਸਿੱਖ ਕਮਿਊਨਿਟੀ ਨੇ ਸ਼ਹਿਰ ਦੀ ਤਰੱਕੀ ਅਤੇ ਵਿਭਿੰਨਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। 'ਖ਼ਾਲਸਾ ਚੌਕ' ਸਾਡੇ ਸਾਂਝੇ ਸਭਿਆਚਾਰ ਅਤੇ ਸਮਾਜ ਦੀ ਮਜ਼ਬੂਤੀ ਦਾ ਪ੍ਰਤੀਕ ਹੈ।"

## ਸਾਬਕਾ ਮੰਤਰੀ ਸੋਹਣ ਸਿੰਘ ਠੰਢਲ ਦੀ ਅਕਾਲੀ ਦਲ ਵਿਚ ਵਾਪਸੀ



**ਲੁਧਿਆਣਾ**-ਸਾਬਕਾ ਮੰਤਰੀ ਸੋਹਣ ਸਿੰਘ ਠੰਢਲ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਮੁੜ ਸ਼ਮੂਲੀਅਤ ਕੀਤੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਵਾਗਤ ਕਰਦਿਆਂ ਕਿਹਾ ਕਿ ਠੰਢਲ ਦੀ ਵਾਪਸੀ ਨਾਲ ਦੋਆਬਾ ਅਤੇ ਲੁਧਿਆਣਾ ਪੱਛਮੀ 'ਚ ਪਾਰਟੀ ਮਜ਼ਬੂਤ ਹੋਵੇਗੀ।

## ਘਲੂਘਾਰੇ ਕਾਰਣ ਦਲ ਖਾਲਸਾ ਵੱਲੋਂ ਅੰਮ੍ਰਿਤਸਰ ਕਰਵਾਇਆ ਬੰਦ

**ਅੰਮ੍ਰਿਤਸਰ**-ਗਰਮ ਖਿਆਲੀ ਸੰਸਥਾ ਦਲ ਖਾਲਸਾ ਵੱਲੋਂ 6 ਜੂਨ ਘੱਲੂਘਾਰੇ ਦੇ ਸੰਬੰਧ ਵਿੱਚ ਅੰਮ੍ਰਿਤਸਰ ਨੂੰ ਪੂਰਨ ਤੌਰ 'ਤੇ ਬੰਦ ਕਰਨ ਦਾ ਐਲਾਨ ਕੀਤਾ ਗਿਆ ਸੀ। ਜਿਸ ਕਾਰਣ ਮੁੱਖ ਬਾਜ਼ਾਰ ਅਤੇ ਗੈਰ ਸਰਕਾਰੀ ਸੰਸਥਾਵਾਂ ਬੰਦ ਸਨ। 6 ਜੂਨ ਦੇ ਮੱਦੇਨਜ਼ਰ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿੱਚ ਵੀ ਛੁੱਟੀ ਸੀ।

## ਬਟਾਲਾ ਵਿੱਚ ਨੌਜਵਾਨ ਦਾ ਕਤਲ

**✪ ਪ੍ਰੇਮਿਕਾ ਦੇ ਘਰ ਵਿੱਚ ਦੱਬੀ ਲਾਸ਼**



**ਬਟਾਲਾ**-ਬਟਾਲਾ ਦੇ ਭੁੱਲਰ ਰੋਡ ਸਥਿਤ ਗੋਬਿੰਦ ਨਗਰ ਵਿੱਚ ਦਿਲ ਦਹਿਲਾਉਣ ਵਾਲੀ ਘਟਨਾ ਸਾਹਮਣੇ ਆਈ ਹੈ। 17 ਸਾਲਾ ਸਾਹਿਲ ਮਸੀਹ, ਪੁੱਤਰ ਲਿਆਕਤ ਮਸੀਹ, ਦਾ ਕਤਲ ਕਰਕੇ ਉਸ ਦੀ ਲਾਸ਼ ਪ੍ਰੇਮਿਕਾ ਦੇ ਘਰ ਵਿੱਚ ਦੱਬ ਦਿੱਤੀ ਗਈ। ਸਾਹਿਲ ਪਿਛਲੇ 5 ਦਿਨਾਂ ਤੋਂ ਲਾਪਤਾ ਸੀ। ਜਦੋਂ ਮ੍ਰਿਤਕ ਦੇ ਮਾਪਿਆਂ ਨੇ ਪ੍ਰੇਮਿਕਾ ਦੇ ਘਰ ਭਾਲ ਕੀਤੀ ਤਾਂ ਘਰ ਬੰਦ ਮਿਲਿਆ, ਪਰ ਅੰਦਰੋਂ ਆਉਂਦੀ ਬਦਬੂ ਨੇ ਅਸਲੀਅਤ ਖੋਲ੍ਹ ਦਿੱਤੀ। ਮੁੱਢਲੀ ਜਾਣਕਾਰੀ ਅਨੁਸਾਰ, ਪ੍ਰੇਮਿਕਾ ਦੇ ਮਾਪਿਆਂ ਨੇ ਸਾਹਿਲ ਦਾ ਕਤਲ ਕੀਤਾ ਅਤੇ ਲਾਸ਼ ਘਰ ਵਿੱਚ ਹੀ ਦੱਬ ਦਿੱਤੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਏਐਸਪੀ ਪਰਮਵੀਰ ਸਿੰਘ, ਐਸਐਚਓ ਨਿਰਮਲ ਸਿੰਘ ਅਤੇ ਹੋਰ ਅਧਿਕਾਰੀ ਮੌਕੇ 'ਤੇ ਪਹੁੰਚੇ। ਐਸਡੀਐਮ ਅਤੇ ਤਹਿਸੀਲਦਾਰ ਦੀ ਮੌਜੂਦਗੀ ਵਿੱਚ ਲਾਸ਼ ਨੂੰ ਬਾਹਰ ਕੱਢਿਆ ਗਿਆ। ਪੁਲਿਸ ਨੇ ਕੇਸ ਦਰਜ ਕਰ ਲਿਆ ਹੈ।

## ਅਮਰੀਕਾ ਵਿਖੇ ਸ਼ਸ਼ੀ ਥਰੂਰ ਦਾ ਖਾਲਿਸਤਨੀਆਂ ਵਲੋਂ ਵਿਰੋਧ, ਤਿਰੰਗੇ ਦੀ ਕੀਤੀ ਬੇਅਦਬੀ



**ਵਾਸ਼ਿੰਗਟਨ**-ਇਥੇ ਭਾਰਤੀ ਸੰਸਦ ਮੈਂਬਰ ਸ਼ਸ਼ੀ ਥਰੂਰ ਦਾ ਖਾਲਿਸਤਾਨੀ ਸਮਰਥਕਾਂ ਨੇ ਵਿਰੋਧ ਕੀਤਾ। 'ਸਿੱਖਸ ਫਾਰ ਜਸਟਿਸ' ਨਾਲ ਜੁੜੇ ਪ੍ਰਦਰਸ਼ਨਕਾਰੀਆਂ ਨੇ ਨੈਸ਼ਨਲ ਪ੍ਰੈਸ ਬਿਲਡਿੰਗ ਦੇ ਬਾਹਰ ਭਾਰਤ ਅਤੇ ਮੋਦੀ ਵਿਰੋਧੀ ਨਾਅਰੇ ਲਾਏ। ਇੱਕ ਨੇ ਭਾਰਤੀ ਤਿਰੰਗੇ ਨੂੰ ਪਾੜ ਕੇ ਬੇਅਦਬੀ ਕੀਤੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਪ੍ਰਦਰਸ਼ਨਕਾਰੀਆਂ ਨੇ ਪਾਕਿਸਤਾਨੀ ਤੇ ਅਮਰੀਕੀ ਝੰਡੇ ਝੁਲਾਏ। ਥਰੂਰ ਨੇ ਕਿਹਾ, "ਇਹ ਭਾਰਤ ਦੇ ਲੋਕਤੰਤਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੈ, ਪਰ ਅਸੀਂ ਨਹੀਂ ਡਰਾਂਗੇ।" ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਅਜੇ ਤੱਕ ਕੋਈ ਬਿਆਨ ਨਹੀਂ ਦਿੱਤਾ, ਪਰ ਅਮਰੀਕੀ ਸਰਕਾਰ ਕੋਲ ਸੁਰੱਖਿਆ ਚਿੰਤਾਵਾਂ ਉਠਾਏ ਜਾਣ ਦੀ ਸੰਭਾਵਨਾ ਹੈ।

## ਅਮਰੀਕੀ ਕੋਰਟ ਨੇ ਟਰੰਪ ਦੇ ਹਾਰਵਰਡ ਆਦੇਸ਼ 'ਤੇ ਰੋਕ ਲਾਈ



**ਵਸ਼ਿੰਗਟਨ**-ਅਮਰੀਕੀ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਆਦੇਸ਼ 'ਤੇ ਅਸਥਾਈ ਰੋਕ ਲਾ ਦਿੱਤੀ, ਜਿਸ 'ਚ ਹਾਰਵਰਡ ਯੂਨੀਵਰਸਿਟੀ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀ ਲਾਈ ਗਈ ਸੀ। ਟਰੰਪ ਨੇ ਕੌਮੀ ਸੁਰੱਖਿਆ ਦਾ ਹਵਾਲਾ ਦਿੱਤਾ, ਪਰ ਹਾਰਵਰਡ ਨੇ ਇਸ ਨੂੰ ਗੈਰ-ਕਾਨੂੰਨੀ ਦੱਸਦਿਆਂ ਅਦਾਲਤ ਵਿਚ ਚੁਣੌਤੀ ਦਿੱਤੀ। ਅਦਾਲਤ ਨੇ ਹਾਰਵਰਡ ਦੇ ਹੱਕ 'ਚ ਫੈਸਲਾ ਸੁਣਾਇਆ, ਜਿਸ ਨਾਲ ਟਰੰਪ ਦੇ ਆਦੇਸ਼ ਨੂੰ ਝਟਕਾ ਲੱਗਿਆ।

## ਕਪੂਰਥਲਾ ਵਿੱਚ ਆਟਾ ਮਿੱਲ 'ਤੇ ਲੁਟੇਰਿਆਂ ਵਲੋਂ ਹਮਲਾ

### ✪ ਜਵਾਬੀ ਕਾਰਵਾਈ ਵਿਚ ਇਕ ਲੁਟੇਰੇ ਦੀ ਮੌਤ


**ਜਲੰਧਰ**-ਨਕੋਦਰ ਰੋਡ 'ਤੇ ਪਿੰਡ ਨੱਥੂ ਚਾਹਲ ਦੀ ਆਟਾ ਮਿੱਲ ਵਿੱਚ ਚੋਰੀ ਦੀ ਨੀਅਤ ਨਾਲ ਦਾਖਲ ਹੋਏ 2-3 ਬਦਮਾਸ਼ਾਂ ਨੇ ਸੁਰੱਖਿਆ ਗਾਰਡ 'ਤੇ ਫਾਇਰਿੰਗ ਕੀਤੀ। ਜਵਾਬੀ ਫਾਇਰਿੰਗ ਵਿੱਚ ਇੱਕ ਲੁਟੇਰੇ ਦੀ ਮੌਤ ਹੋ ਗਈ, ਜਦਕਿ ਦੋ ਸਾਥੀ ਫਰਾਰ ਹੋ ਗਏ। ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ। ਪੁਲਸ ਨੇ ਸੀਸੀਟੀਵੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਨੂੰ ਖ਼ਾਲਸਾ ਰਾਜ ਸਥਾਪਤ ਕਰਨ ਲਈ ਥਾਪੜਾ ਦੇ ਕੇ ਪੰਜਾਬ ਨੂੰ ਰਵਾਨਾ ਕਰਨਾ

**(ਲੜੀ ਜੋੜਨ ਲਈ ਵੇਖੋ ਪਿਛਲੇ ਹਫ਼ਤੇ ਦਾ ਪੰਜਾਬ ਟਾਈਮਜ਼)**

ਇਨ੍ਹੀਂ ਦਿਨੀਂ ਗੁਰੂ ਸਾਹਿਬ ਦੀ ਨਜ਼ਰ ਉਸ ਨੌ-ਜੁਆਨ ਤਾਂਤਰਿਕ ਸਾਧੂ ਮਾਧੋਦਾਸ ਦੇ ਡੇਰੇ 'ਤੇ ਗਈ ਜਿਸ ਬਾਰੇ ਉਨ੍ਹਾਂ ਨੇ ਦਾਦੂ-ਪੰਥੀ ਮਹੰਤ ਜੈਤ ਰਾਮ ਪਾਸੋਂ ਸੁਣਿਆ ਹੋਇਆ ਸੀ। ਮਾਧੋ ਦਾਸ ਬਾਰੇ ਇਹ ਮਸ਼ਹੂਰ ਸੀ ਕਿ ਉਹ ਜੰਤਰਾਂ-ਮੰਤਰਾਂ ਨਾਲ ਅਭਿਆਗਤ ਸਾਧੂਆਂ ਅਤੇ ਅਤਿਥੀਆਂ ਦੀ ਹੇਠੀ ਕਰਕੇ ਖ਼ੁਸ਼ ਹੁੰਦਾ ਸੀ। ਉਸ ਦੇ ਡੇਰੇ ਵਿੱਚ ਇਕ ਪਲੰਘ ਸੀ ਜਦੋਂ ਕੋਈ ਹੋਰ ਸਾਧੂ ਜਾਂ ਅਜਨਬੀ ਉਸ ਪਲੰਘ ਉੱਤੇ ਆਕੇ ਬੈਠ ਜਾਂਦਾ

**ਲੇਖਕ - ਜਥੇਦਾਰ**
**ਮਹਿੰਦਰ ਸਿੰਘ ਯੂ ਕੇ**
**ਮੋਬਾਈਲ ਫੋਨ:**
**07989 927477**



ਸੀ ਤਾਂ ਇਹ ਉਸ ਦਾ ਮਜ਼ਾਕ ਉਡਾਉਣ ਲਈ ਜੰਤਰਾਂ-ਮੰਤਰਾਂ ਨਾਲ ਪਲੰਘ ਉਲਟਾ ਕੇ ਉਸ ਨੂੰ ਭੁੰਜੇ ਸੁੱਟ ਦਿੰਦਾ ਸੀ। ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਸਮੇਤ ਮਾਧੋ ਦਾਸ ਦੇ ਡੇਰੇ ਪਹੁੰਚੇ ਅਤੇ ਉਸ ਦੇ ਪਲੰਘ ਉੱਤੇ ਸਜ ਗਏ। ਮਾਧੋ ਦਾਸ ਆਪ ਡੇਰੇ ਵਿੱਚ ਨਹੀਂ ਸੀ। ਮਾਧੋ ਦਾਸ ਦੇ ਚੇਲਿਆਂ ਨੇ ਅਜਿਹੇ ਪ੍ਰਭਾਵਸ਼ਾਲੀ ਚਿਹਰਿਆਂ ਵਾਲੇ ਸ਼ਸ਼ਤਰਧਾਰੀ ਸਿੰਘਾਂ ਦੇ ਪਹਿਲਾਂ ਕਦੇ ਦਰਸ਼ਨ ਨਹੀਂ ਸੀ ਕੀਤੇ। ਉਨ੍ਹਾਂ ਦੇ ਨੂਰਾਨੀ ਜਾਹੋ ਜਲਾਲ ਵਾਲੇ ਮੁੱਖੀ ਨੂੰ ਇਸ ਤਰ੍ਹਾਂ ਬੇ-ਖ਼ੌਫ ਹੋ ਕੇ ਮਾਧੋ ਦਾਸ ਦੇ ਪਲੰਘ 'ਤੇ ਆਕੇ ਬੈਠ ਜਾਣਾ ਉਨ੍ਹਾਂ ਲਈ ਅਚੰਭੇ ਵਾਲੀ ਗੱਲ ਸੀ। ਮਾਧੋ ਦਾਸ ਦੇ ਚੇਲਿਆਂ ਨੇ ਮਾਧੋ ਦਾਸ ਨੂੰ ਸੱਦ ਕੇ ਲਿਆਂਦਾ। ਮਾਧੋ ਦਾਸ ਨੇ ਬਾਹਰੋਂ ਆਉਂਦਿਆਂ ਹੀ ਜਦੋਂ ਗੁਰੂ ਸਾਹਿਬ ਨੂੰ ਪਲੰਘ 'ਤੇ ਸਜਿਆ ਹੋਇਆ ਵੇਖਿਆ ਤਾਂ ਉਸ ਨੇ ਜੰਤਰਾਂ-ਮੰਤਰਾਂ ਨਾਲ ਗੁਰੂ ਸਾਹਿਬ ਨੂੰ ਸਮੇਤ ਪਲੰਘ ਉਲਟਾਉਣ ਦੀ ਕੋਸ਼ਿਸ਼ ਕੀਤੀ ਪਰ ਪਲੰਘ ਉਲਟਾ ਨਾ ਸਕਿਆ। ਜਦੋਂ ਸਭ ਕੋਸ਼ਿਸ਼ਾਂ ਬੇ-ਅਰਥ ਗਈਆਂ ਤਾਂ ਹੰਕਾਰੀ ਮਾਧੋ ਦਾਸ ਦੀਆਂ ਅੱਖਾਂ ਨੀਵੀਆਂ ਹੋ ਗਈਆਂ ਤੇ ਉਹ ਗੁਰੂ ਦੇ ਚਰਨੀ ਢਹਿ ਪਿਆ। ਹੰਕਾਰ ਨਾਲ ਭਰਿਆ ਹੋਇਆ ਉਸ ਦਾ ਸਿਰ ਨਿਮਰਤਾ ਨਾਲ ਝੁੱਕ ਗਿਆ ਅਤੇ ਅੱਗੇ ਵੱਧ ਕੇ ਉਸ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਤਿਕਾਰ ਨਾਲ ਬੈਠ ਕੇ ਕੁਝ ਸਵਾਲ ਗੁਰੂ ਸਾਹਿਬ ਕੋਲੋਂ ਪੁੱਛੇ, ਮਾਧੋ ਦਾਸ ਦੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੋ ਵਾਰਤਾਲਾਪ ਹੋਈ, ਉਸ ਦਾ ਵਿਸਥਾਰ ਅਹਿਮਦ ਸ਼ਾਹ ਬਟਾਲੀਏ ਦੀ ਫ਼ਾਰਸੀ ਦੀ ਕਿਤਾਬ, ਇਬਤਿਦਾਇ ਸਿੰਘਾਂ ਵਾ ਮਜ਼ਹਬਿ ਏਸ਼ਾ ਵਿੱਚ ਹੇਠ ਲਿਖੇ ਅਨੁਸਾਰ ਦਿੱਤਾ ਹੋਇਆ ਹੈ:

ਮਾਧੋ ਦਾਸ: (ਮਹਾਰਾਜ) ਆਪ ਕੌਣ ਹੋ?

ਗੁਰੂ ਸਾਹਿਬ: ਉਹ ਜਿਸ ਨੂੰ ਤੂੰ ਜਾਣਦਾ ਹੈਂ।

ਮਾਧੋ ਦਾਸ: ਮੈਂ ਕੀ ਜਾਣਦਾ ਹਾਂ?

ਗੁਰੂ ਸਾਹਿਬ: ਆਪਣੇ ਮਨ ਵਿੱਚ ਚੰਗੀ ਤਰ੍ਹਾਂ ਸੋਚ।

ਮਾਧੋ ਦਾਸ: (ਸੋਚ ਕੇ) ਆਪ ਗੁਰੂ ਗੋਬਿੰਦ ਸਿੰਘ ਹੋ। ਗੁਰੂ ਸਾਹਿਬ - ਹਾਂ

ਮਾਧੋ ਦਾਸ: ਆਪ ਇਥੇ ਕਿਸ ਤਰ੍ਹਾਂ ਪਧਾਰੇ ਹੋ?

ਗੁਰੂ ਸਾਹਿਬ, ਮਾਧੋਦਾਸ, ਮੈਂ ਏਸ ਲਈ ਆਇਆ ਹਾਂ ਕਿ ਤੈਨੂੰ ਆਪਣਾ ਸਿੰਘ ਸਜਾਵਾਂ।

ਮਾਧੋ ਦਾਸ: ਮੈਂ ਹਾਜ਼ਰ ਹਾਂ ਹਜ਼ੂਰ! ਮੈਂ ਆਪ ਦਾ (ਗੁਲਾਮ) ਬੰਦਾ ਹਾਂ।

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਵਚਨ ਵਿੱਚ ਕਿ ਮੈਂ ਏਸ ਲਈ ਆਇਆ ਹਾਂ ਕਿ ਤੈਨੂੰ ਆਪਣਾ ਸਿੰਘ ਸਜਾਵਾਂ ਕੋਈ ਐਸੀ ਅਕ੍ਰਿਸ਼ਟ



ਦੈਵੀ ਸ਼ਕਤੀ ਦਾ ਪ੍ਰਭਾਵ ਸੀ ਕਿ ਰਿਧੀਆਂ, ਸਿੱਧੀਆਂ, ਅਦ੍ਰਿਸ਼ਟ ਚਾਲਾਂ ਤੇ ਗੁਮਨਾਮ ਸ਼ਕਤੀਆਂ 'ਤੇ ਮਾਣ ਕਰਨ ਵਾਲਾ ਹੰਕਾਰੀ ਮਾਧੋ ਦਾਸ ਬੜੀ ਅਧੀਨਗੀ ਨਾਲ ਬਿਨਾਂ ਕਿਸੇ ਹੀਲ ਹੁਜਤ ਦੇ ਖੰਡੇ ਦੀ ਪਾਹੁਲ ਲੈ ਕੇ ਸਿੰਘ ਸਜਣ ਨੂੰ ਤਿਆਰ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੌ-ਜੁਆਨ ਸਾਧੂ ਦੇ ਅੰਤਰ-ਆਤਮੇ ਇਕ ਚਮਕਦੀ ਚਿਣ੍ਹਗ ਵੇਖੀ ਜਿਸ ਨੂੰ ਆਪ ਜੀ ਨੇ ਆਪਣੀ ਮਿਹਰ ਨਾਲ ਜੋਤ ਬਣਾ ਕੇ ਜਗਾ ਦਿੱਤਾ।

ਮਾਧੋ ਦਾਸ ਦੀ ਬਦਲੀ ਹੋਈ ਮਾਨਸਿਕ ਹਾਲਤ ਵਿੱਚ ਉਸ ਨੂੰ ਇਕ ਨਵੇਂ ਸੱਚੇ ਵਿੱਚ ਢਾਲ ਦੇਣ ਲਈ ਗੁਰੂ ਗੋਬਿੰਦ ਸਿੰਘ ਨੇ ਉਸ ਵੇਲੇ ਉਸ ਨੂੰ ਸ਼ਸ਼ਤਰਧਾਰੀ ਸਿੰਘਾਂ ਵਾਲਾ ਬਾਣਾ ਧਾਰਨ ਕਰਵਾਇਆ ਅਤੇ ਸਿੱਖ ਰਹੁ-ਰੀਤ ਅਨੁਸਾਰ ਉਸ ਨੂੰ ਖੰਡੇ ਦੀ ਪਾਹੁਲ ਛਕਾ ਕੇ ਸਿੰਘ ਸਜਾ ਦਿੱਤਾ। ਜਦੋਂ ਮਾਧੋ ਦਾਸ ਨੂੰ ਖੰਡੇ ਦੀ ਪਾਹੁਲ ਛਕਾਈ ਤਾਂ ਗੁਰੂ ਗੋਬਿੰਦ ਸਿੰਘ ਖੁਦ ਪੰਜਾਂ ਪਿਆਰਿਆਂ ਵਿੱਚੋਂ ਇਕ ਸਨ। ਖੰਡੇ ਦੀ ਪਾਹੁਲ ਛਕਾ ਕੇ ਰਹਿਤਾਂ, ਕੁਰਹਿਤਾਂ ਦੱਸੀਆਂ, ਨਾਂਅ ਬਦਲ ਕੇ ਬੰਦਾ ਸਿੰਘ ਰੱਖਿਆ ਗਿਆ, ਜੋ ਮਗਰੋਂ (ਬਾਬਾ) ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਪ੍ਰਸਿੱਧ ਹੋਇਆ (ਨੋਟ ਕਈ ਇਤਿਹਾਸਕਾਰਾਂ ਨੇ ਨਵਾਂ ਨਾਉਂ ਗੁਰਬਖ਼ਸ਼ ਸਿੰਘ ਲਿਖਿਆ ਹੈ) ਖੰਡੇ ਬਾਟੇ ਦੀ ਪਾਹੁਲ ਛਕਣ ਤੋਂ ਬਾਅਦ ਉਹ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਦਾ ਧਰਮ ਨਾਸ਼, ਕੁਲ ਨਾਸ਼, ਕਰਮਨਾਸ਼, ਭਰਮ ਨਾਸ਼ ਅਤੇ ਕਿਰਤ ਨਾਸ਼ ਪੁੱਤਰ ਬਣ ਗਿਆ।

ਪ੍ਰੋ: ਹਰਿੰਦਰ ਸਿੰਘ ਮਹਿਬੂਬ ਨੇ ਉਕਤ ਘਟਨਾ ਦਾ ਜ਼ਿਕਰ ਸਹਿਜੇ ਰਚਿਓ ਖ਼ਾਲਸਾ ਵਿੱਚ ਪੰਥ ਦਾ ਵਾਲੀ ਦੇ ਸਿਰਲੇਖ ਹੇਠ ਪੰਨਾ 437 ਉੱਤੇ ਹੇਠ ਲਿਖੇ ਅਨੁਸਾਰ ਕੀਤਾ ਹੈ: ਅਗਸਤ 1708 ਦੇ ਮੱਧ ਵਿੱਚ ਉਨ੍ਹਾਂ ਨੇ (ਗੁਰੂ ਗੋਬਿੰਦ ਸਿੰਘ) ਬੰਦਾ ਸਿੰਘ ਨੂੰ ਪੰਜਾਬ ਭੇਜਣ ਦਾ ਸੰਕਲਪ ਕੀਤਾ। ਇਸ ਭਾਵਨਾ ਨੂੰ ਉਨ੍ਹਾਂ ਨੇ ਕੁਝ ਦਿਨ ਪਹਿਲਾਂ ਹੀ ਪ੍ਰਗਟ ਕਰ ਦਿੱਤਾ ਸੀ ਸਵੇਰ ਵੇਲੇ ਗੋਦਾਵਰੀ ਦੇ ਕੰਢੇ ਉੱਤੇ ਇਕ ਦੀਵਾਨ ਲਗਾਇਆ ਗਿਆ, ਉਸ ਵੇਲੇ ਬੰਦਾ ਸਿੰਘ ਖ਼ਾਲਸੇ ਦੀਆਂ ਪੰਜੇ ਦੈਵੀ ਨਿਸ਼ਾਨੀਆਂ ਪਹਿਣੇ ਹੋਏ ਗੁਰੂ ਜੀ ਦੀ ਹਜ਼ੂਰੀ ਵਿੱਚ ਬੈਠਾ ਸੀ-ਇਕ ਸੋਹਣੇ ਸਜੀਲੇ ਦੀਦਾਰੀ ਸਿੰਘ ਵਾਂਗ। ਤਦੋਂ ਪੰਥ ਦੀ ਚੜ੍ਹਦੀ ਕਲਾ ਦੀ ਗੂੰਜ ਯੁਗਾਂ ਯੁਗਾਂ ਦੀ ਸੁਰਤਿ ਉੱਤੇ ਪਈ, ਸੱਚੇ ਸਾਹਿਬ ਫ਼ੁਰਮਾਉਣ ਲੱਗੇ, ਖ਼ਾਲਸਾ ਜੀ ਅੱਜ ਮੈਂ ਬੰਦੇ (ਬੰਦਾ ਸਿੰਘ) ਨੂੰ ਪੰਥ ਦਾ ਸਰਦਾਰ ਥਾਪਦਾ ਹਾਂ। ਮੈਂ ਇਸ ਨੂੰ ਪੰਜਾਬ ਵਿੱਚ ਜਾ ਕੇ ਖ਼ਾਲਸਾ ਰਾਜ ਕਾਇਮ ਕਰਨ ਦਾ ਆਦੇਸ਼ ਦਿੰਦਾ ਹਾਂ। ਬੰਦਾ ਸਿੰਘ ਉਠਿਆ ਅਤੇ ਉਸ ਨੇ ਸੱਚੇ ਸਾਹਿਬ ਦੇ ਅੱਗੇ ਇਹ ਅਰਜ਼ ਕੀਤੀ : ਮੇਰੇ ਬਾਜਾਂ ਵਾਲੇ ਪਾਤਸ਼ਾਹ ਮੈਂ ਇਕ ਕਮਜ਼ੋਰ ਆਦਮੀ ਹਾਂ ਐਨਾ ਭਾਰ ਕਿਵੇਂ ਉਠਾਵਾਂਗਾ? ਮੇਰੇ ਵਿੱਚ ਇਸ ਭਾਰੀ ਕਾਰਜ ਨੂੰ ਸਿਰੇ ਚਾੜ੍ਹਨ ਦਾ ਤਾਣ ਨਹੀਂ। ਹਜ਼ੂਰ ਉਠੇ ਬੰਦੇ (ਬੰਦਾ ਸਿੰਘ) ਦੀ ਪਿੱਠ ਉੱਤੇ ਹੱਥ ਰੱਖਿਆ ਅਤੇ ਉਸ ਨੂੰ ਬਰਕਤਾਂ ਨਾਲ ਭਰ ਦਿੱਤਾ। ਬੰਦੇ ਦੀ ਆਤਮਾ ਸ਼ੁਕਰ ਦੀ ਕਿਸੇ ਮਿੱਠੀ ਤਾਨ ਨਾਲ ਥਰਥਰਾਈ। ਉਸ ਦੇ ਨੈਣਾਂ ਵਿੱਚ ਸਿਦਕ ਦਾ ਇਕ ਐਸਾ ਪਹੁ ਫੁਟਾਲਾ ਹੋਇਆ ਜਿਸ ਦੀ ਸਬਰ ਭਰੀ ਲੋਅ ਦੇ ਉਦਾਲੇ ਅਸੰਖਾਂ ਦੁਪਹਿਰਾਂ ਦਾ ਜਮਾਲ ਕਿਸੇ ਇੰਤਜ਼ਾਰ ਵਿੱਚ ਖੜ੍ਹਾ ਸੀ। ਤਦੋਂ ਬਾਜਾਂ ਵਾਲੇ ਨੇ ਫ਼ੁਰਮਾਇਆ ਮੈਂ ਆਪਣੇ ਬੰਦੇ ਦੇ ਨਾਲ ਹਾਂ, ਜੇ ਬੰਦਾ ਮੇਰੇ ਖ਼ਾਲਸੇ ਦੇ ਨਾਲ ਹੈ। ਮੈਂ ਬੰਦੇ ਦੇ ਨਾਲ ਹਾਂ ਜੇ ਬੰਦਾ ਖ਼ਾਲਸੇ ਨੂੰ ਗੁਰੂ-ਰੂਪ ਮੰਨੇਗਾ।

ਫੇਰ ਉਨ੍ਹਾਂ ਨੇ ਬੰਦੇ ਨੂੰ ਪੰਜ ਤੀਰ ਬਖ਼ਸ਼ੇ ਅਤੇ ਕਿਹਾ, ਖ਼ਾਲਸਾ ਜੀ ਯਾਦ ਰੱਖਣਾ, ਮੇਰੀਆਂ ਬਰਕਤਾਂ ਇਨ੍ਹਾਂ ਤੀਰਾਂ ਦੇ ਨਾਲ ਹਨ, ਜਿਨਾ ਚਿਰ ਬੰਦਾ ਖ਼ਾਲਸਾ ਆਦਰਸ਼ ਪਾਲੇਗਾ, ਉਨ੍ਹਾਂ ਚਿਰ ਜਿੱਤ ਦੀਆਂ ਨਿਸ਼ਾਨੀਆਂ ਦੇ ਤੌਰ ਉੱਤੇ ਉਸ ਦੇ ਭੱਥੇ ਵਿੱਚ ਇਹ ਤੀਰ ਚਮਕਦੇ ਰਹਿਣਗੇ। ਇਸਤਰੀ ਨੂੰ ਪਾਵਨ ਅੱਖਾਂ ਨਾਲ ਵੇਖਣਾ, ਵੱਡੀ ਤੋਂ ਵੱਡੀ ਸੁੰਦਰਤਾ ਸਾਹਮਣੇ ਦਿਲ ਕੋਮਲ ਅਡੋਲ ਰੱਖਣਾ। ਜਦ ਜਿੱਤਾਂ ਹੋਣ ਅਭਿਮਾਨ ਵਿੱਚ ਨਹੀਂ ਆਉਣਾ, ਜਦ ਕਦੇ ਹਾਰ ਹੋਵੇ ਅਸਾਡੀ ਬਖ਼ਸ਼ਿਸ਼ ਦੀ ਉਡੀਕ ਕਰਨੀ। ਗੁਰੂ ਨਹੀਂ ਬਣਨਾ। ਇਹ ਆਖ ਕੇ ਪੰਜਾਂ ਸਿੰਘਾਂ ਦੇ ਵਾਰੀ ਵਾਰੀ ਨਾਂਅ ਲਏ : ਬਿਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ, ਰਣ ਸਿੰਘ ਤੇ ਦਇਆ ਸਿੰਘ (ਨੋਟ ਇਹ ਦਯਾ ਸਿੰਘ ਪਹਿਲਾ ਵਾਲਾ ਨਹੀਂ ਹੈ) ਹਜ਼ੂਰ ਨੇ ਫ਼ੁਰਮਾਇਆ ਕਿ ਮੇਰੇ ਵੱਲੋਂ ਥਾਪੇ ਇਹ ਪੰਜ ਪਿਆਰੇ ਹਨ ਅਤੇ ਇਨ੍ਹਾਂ ਦੀ ਨਸੀਹਤ ਉੱਤੇ ਹਮੇਸ਼ਾ ਅਮਲ ਕਰਨਾ। ਇਸ ਪਿੱਛੋਂ ਗੁਰੂ ਸਾਹਿਬ ਨੇ ਪੱਚੀ ਹੋਰ ਸਿੰਘਾਂ ਨੂੰ ਬੰਦਾ ਸਿੰਘ ਨਾਲ ਪੰਜਾਬ ਦੇਸ਼ ਵੱਲ ਜਾਣ ਲਈ ਹੁਕਮ ਦਿੱਤਾ। ਇੰਝ ਸੰਸਾਰ ਵਿੱਚ ਖ਼ਾਲਸਾ ਆਦਰਸ਼ ਦੀ ਜਿੱਤ ਦਰਸਾਉਣ ਅਤੇ ਪੰਜਾਬ ਵਿੱਚ ਖ਼ਾਲਸਾ ਰਾਜ ਸਥਾਪਤ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵੱਲ ਰਵਾਨਾ ਕੀਤਾ। (ਨੋਟ - ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਨੂੰ ਚਪੜ-ਚਿੜੀ ਦੇ ਮੈਦਾਨ ਵਿੱਚ ਮਾਰਨ ਤੋਂ ਬਾਅਦ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ (ਅੰਗ 45) ਨੂੰ ਸੰਪੂਰਨ ਕਰਨ ਲਈ ਖ਼ਾਲਸਾ ਰਾਜ ਦੀ ਸਥਾਪਨਾ ਬੰਦਾ ਸਿੰਘ ਬਹਾਦਰ ਨੇ ਕਿਵੇਂ ਕੀਤੀ ਦਾ ਵਿਸਥਾਰ ਜਾਨਣ ਤੋਂ ਪਹਿਲਾਂ ਬੰਦਾ ਸਿੰਘ ਬਾਰੇ ਹਿੰਦੂ ਇਤਿਹਾਸਕਾਰਾਂ ਵੱਲੋਂ ਪਾਇਆ ਗਿਆ ਇਕ ਭੁਲੇਖਾ ਦੂਰ ਕਰਨਾ ਬਹੁਤ ਜ਼ਰੂਰੀ ਹੈ) ਆਰੀਆ ਸਮਾਜੀ ਲੇਖਕ ਪਰਮਾਨੰਦ ਨੇ ਇਕ ਕਿਤਾਬ ਲਿਖੀ: ਵੀਰ ਬੰਦਾ ਬੈਰਾਗੀ। ਪਰਮਾਨੰਦ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਬੰਦਾ ਸਿੰਘ ਹਮੇਸ਼ਾ ਵੈਸ਼ਨਵ, ਵੈਰਾਗ ਮੱਤ 'ਤੇ ਰਿਹਾ, ਉਸ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੈਰਾਗੀ ਨੂੰ ਉਵੇਂ ਹੀ ਲੜਨ ਲਈ ਤਿਆਰ ਕੀਤਾ ਸੀ ਜਿਵੇਂ ਮਹਾਂਭਾਰਤ ਦੇ ਮੈਦਾਨ ਵਿੱਚ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਕੀਤਾ ਸੀ। ਪਰ ਬੰਦੇ ਨੇ ਕਦੇ ਵੀ ਸਿੱਖੀ ਧਾਰਨ ਨਹੀਂ ਸੀ ਕੀਤੀ, ਭਾਵ ਪਾਹੁਲ ਨਹੀਂ ਸੀ ਛਕੀ, ਡਾ: ਗੰਡਾ ਸਿੰਘ ਨੇ ਹੇਠਾਂ ਕੁਝ ਗੈਰ-ਸਿੱਖ ਇਤਿਹਾਸਕਾਰਾਂ ਦੇ ਹਵਾਲੇ ਦਿੱਤੇ ਹਨ ਜੋ ਸਿੱਧ ਕਰਦੇ ਹਨ ਬੰਦਾ ਸਿੰਘ ਪਾਹੁਲ ਛੱਕ ਕੇ ਸਿੱਖੀ ਧਾਰਨ ਕੀਤੀ।

(1) ਅਹਿਮਦ ਸ਼ਾਹ ਬਟਾਲੀਆ: ਮਾਧੋ ਦਾਸ ਨੂੰ ਪਾਹੁਲ ਦੇ ਕੇ ਸਿੰਘ ਬਣਾ ਦਿੱਤਾ ਅਤੇ ਆਪਣੇ ਨਾਲ ਡੇਰੇ ਲੈ ਆਂਦਾ (ਪਸ ਹਮਾਂਗਾਹ ਓ ਰਾ ਪਾਹੁਲ ਦਾਦਾ ਸਿੰਘ ਕਰਦ ਵਾ ਬਾ-ਖ਼ੁਦ ਬ-ਡੇਰਾ ਆਵੁਰਦ)-ਜ਼ਿਕਰਿ ਗੁਰੂਆਂ ਇਬਤਿਦਾਇ ਸਿੰਘਾਂ, ਆਦਿ, ਪੰਨਾ 11।

(2) ਅਲੀ-ਉ-ਦੀਨ ਮੁਫ਼ਤੀ: ਬੰਦਾ ਇਹ ਕੁਝ ਸੁਣ ਕੇ ਤਨ ਮਨ ਨਾਲ ਚੇਲਾ ਬਣ ਗਿਆ ਅਤੇ ਪਾਹੁਲ ਲੈ ਕੇ ਜੰਗ ਲਈ ਤਿਆਰ-ਬਰ-ਤਿਆਰ ਹੋ ਗਿਆ (ਬੰਦਾ ਬ-ਇਸਤਮਾਇ-ਈਂ ਮਾਅਨੀ ਅਜ਼ ਦਿਲੋ ਜਾਨ ਇਰਾਦਤਮੰਦ ਸ਼ੁਦ ਵ ਪਾਹੁਲ ਗਰਿਫ਼ਤਾ ਮੁਸਤਾਦ ਹੰਗਾਮਾ ਓ ਮੁਹਾਰਕਾ ਗਰਦੀਦ)-ਇਬਰਤ ਨਾਮਾ, 39

(3) ਗਣੇਸ਼ ਦਾਸ ਬਡੇਹਰਾ: ਰਾਹ ਵਿੱਚ ਇਕ ਗੁਮਨਾਮ ਤੇ ਨਾਮਾਲੂਮ ਖ਼ਾਨਦਾਨ ਦੇ ਆਦਮੀ ਨੂੰ ਆਪਣੇ ਨਾਲ ਮਿਲਾ ਕੇ ਆਪਣੇ ਧਰਮ ਵਿੱਚ ਲੈ ਆਂਦਾ ਅਤੇ ਆਪਣਾ ਨਾਇਬ ਬਣਾ ਕੇ ਮਾਖੋਵਾਲ (ਅਨੰਦਪੁਰ) ਵੱਲ ਨੂੰ ਭੇਜ ਦਿੱਤਾ (ਦਰ ਅਸਨਾਇ ਰਾਹ ਬਖ਼ਸ਼ੇ ਮਜਹੂਲ-ਲ-ਇਸਮ ਵਾ ਨਸਬ ਰਾ ਮੁਸਤਮਾਲ ਬ-ਮਜ਼ਹਬਿ ਖੁਦ ਆਵੁਰਦ ਵਾ ਬਰ ਤਰਫ਼ਿ ਮਾਖੋਵਾਲ ਬ-ਨਿਆਬਤਿ ਖ਼ੁਦ ਰਵਾਨਾ ਕਰਦ)-ਰਿਸਾਲਾ ਸਾਹਿਬ-ਨੁਮਾ, 186-7

(4) ਕਨ੍ਹੀਆ ਲਾਲ: ਬਾਵਜੂਦੇ ਕਿ ਅੱਵਲ ਵੁਹ ਖਾਨਦਾਨਿ ਬੈਰਾਗ ਕਾ ਚੇਲਾ ਥਾ, ਇਸ ਸਿਲਸਿਲੇ ਸੇ ਅਲਹਿਦਾ ਹੋ ਕਰ ਗੁਰੂ ਗੋਬਿੰਦ ਸਿੰਘ ਕਾ ਚੇਲਾ ਬਣ ਗਿਆ ਔਰ ਪਾਹੁਲ ਲੇ ਕਰ ਗੁਰੂ ਕਾ ਸਿੱਖ ਹੁਆ-ਤਾਰੀਖਿ ਪੰਜਾਬ, 56

ਇਸ ਤਰ੍ਹਾਂ ਬਖ਼ਤ ਮੱਲ, ਜ਼ਕਾਉਲਾ, ਗੁਲਾਮ ਹੁਸੈਨ ਖ਼ਾਨ, ਇਰਾਦਤ ਖ਼ਾਨ, ਫਾਰਸਟਰ, ਜੇਮਜ਼ ਬਰਾਊਨ, ਮੈਗ੍ਰੈਗਰ, ਮੁਹੰਮਦ ਲਤੀਫ਼, ਸਰਧਾ ਰਾਮ ਫਲੌਰੀ ਆਦਿ ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਦੇ ਲਿਖਾਰੀਆਂ ਨੇ ਇਸ ਗੱਲ ਦੀ ਪੂਰੀ ਤਰ੍ਹਾਂ ਪੁਸ਼ਟੀ ਕੀਤੀ ਹੈ।

(5) ਬੰਦੇ ਨੂੰ ਸੱਭ ਪਖੰਡ ਤੇ ਕਰਾਮਾਤਾਂ ਦਾ ਤਿਆਗ ਕਰਕੇ ਬੰਦਾ ਬਣਨ ਦਾ ਉਪਦੇਸ਼ ਦਿੱਤਾ ਅਤੇ ਉਸ ਨੂੰ ਅੰਮ੍ਰਿਤ ਛਕਾ ਕੇ ਮੁਗਲਾਂ ਨਾਲ ਟੱਕਰ ਲੈਣ ਲਈ ਪੰਜਾਬ ਭੇਜਿਆ ਅਤੇ ਬੰਦਾ ਸਿੰਘ ਬਹਾਦਰ ਦੇ ਖ਼ਿਤਾਬ ਨਾਲ ਨਿਵਾਜਿਆ। (ਅਮਰਨਾਮਾ)

ਹਜ਼ਾਰ ਸਾਲ ਦੀ ਸਿਆਸੀ ਗੁਲਾਮੀ ਦੌਰਾਨ ਹਿੰਦੂਆਂ ਵਿੱਚ ਜੋਧਿਆਂ (icons) ਜਾਂ ਵਰਨਣਯੋਗ ਬੰਦਿਆਂ ਦੀ ਘਾਟ ਤਾਂ ਵਿਚਾਰ ਸ਼ੀਲ ਹੈ। ਪਰ ਹਿੰਦੂਤਵਾ ਤਾਕਤਾਂ ਵੱਲੋਂ ਘੱਟ ਗਿਣਤੀ ਸਿੱਖ ਕੌਮ ਦੇ ਜੋਧਿਆਂ (icons) ਦੀ ਅਯੋਗ ਵਰਤੋਂ ਕਰਨੀ ਤਰਸਯੋਗ ਅਤੇ ਨਿੰਦਣ ਯੋਗ ਹੈ। **(ਚਲਦਾ)**

# ਸਮਕਾਲੀ ਵਿਸ਼ਵਾਸ਼ਾਂ ਦੇ ਕਰੜੇ ਆਲੋਚਕ-ਭਗਤ ਕਬੀਰ ਜੀ

## ਜਨਮ ਦਿਵਸ ਤੇ ਵਿਸ਼ੇਸ਼

**ਜਸਵਿੰਦਰ ਸਿੰਘ ਰੁਪਾਲ**
9814715796



ਪ੍ਰਭੂ ਪ੍ਰੇਮ ਵਿੱਚ ਰੱਤੇ, ਆਪਣੇ ਸਮਾਜਿਕ ਅਤੇ ਰਾਜਨੀਤਿਕ ਹਾਲਾਤਾਂ ਤੇ ਤਿੱਖੀ ਚੋਟ ਕਰਨ ਵਾਲੇ ਤੇ ਰੂੜ੍ਹੀਵਾਦੀ ਪਰੰਪਰਾਵਾਂ ਦਾ ਡਟ ਕੇ ਵਿਰੋਧ ਕਰਨ ਵਾਲੇ ਭਗਤ ਕਬੀਰ ਜੀ 14ਵੀ ਸਦੀ ਦੇ ਅਖੀਰ ਵਿੱਚ ਜਨਮੇ ਇਕ ਐਸੇ ਇਨਕਲਾਬੀ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਦਾ ਜੀਵਨ ਅਤੇ ਬਾਣੀ ਸਦੀਆਂ ਤੱਕ ਸਮਾਜ ਨੂੰ ਸੇਧ ਦਿੰਦੀ ਰਹੇਗੀ। ਕਿਸੇ ਮਹਾਂਪੁਰਸ਼ ਦੇ ਦਿਨ ਮਨਾਉਣ ਦਾ ਮਕਸਦ ਵੀ ਤਦ ਹੀ ਪੂਰਾ ਹੁੰਦਾ ਹੈ, ਜੇ ਉਸ ਦੀਆਂ ਸਿੱਖਿਆਵਾਂ ਤੇ ਅਮਲ ਕਰਕੇ ਆਪਣੇ ਜੀਵਨ ਨੂੰ ਸਫਲ ਬਣਾਇਆ ਜਾ ਸਕੇ।

ਭਗਤਾਂ, ਸੰਤਾਂ, ਗੁਰੂਆਂ ਆਦਿ ਦੇ ਜੀਵਨ ਬਿਰਤਾਂਤ ਸੰਬੰਧੀ ਭਰੋਸੇਯੋਗ ਸਰੋਤਾਂ ਦੇ ਘੱਟ ਹੋਣ ਕਾਰਨ ਉਨ੍ਹਾਂ ਦੇ ਜੀਵਨ ਬਾਰੇ ਕੁਝ ਭੁਲੇਖੇ ਅਕਸਰ ਹੀ ਮਿਲਦੇ ਹਨ। ਇਹ ਗੱਲ ਕਬੀਰ ਜੀ ਤੇ ਵੀ ਲਾਗੂ ਹੁੰਦੀ ਹੈ। ਉਨ੍ਹਾਂ ਦੇ ਜਨਮ ਸਥਾਨ, ਜਨਮ ਤਾਰੀਖ, ਜੀਵਨ ਆਦਿ ਬਾਰੇ ਸਾਰੇ ਵਿਦਵਾਨ ਅਤੇ ਲਿਖਾਰੀ ਇੱਕ ਮੱਤ ਨਹੀਂ ਹਨ। ਉਨ੍ਹਾਂ ਦਾ ਜਨਮ ਇੱਕ ਮੁਸਲਮਾਨ ਜੁਲਾਹੇ ਦੇ ਘਰ ਹੋਇਆ ਮੰਨਿਆ ਜਾਂਦਾ ਹੈ। ਕੁਝ ਵਿਦਵਾਨਾਂ ਅਨੁਸਾਰ ਇਹ ਕਿਸੇ ਬ੍ਰਾਹਮਣ ਪਰਿਵਾਰ ਚ ਜਨਮੇ ਸੀ, ਪਰ ਪਰਿਵਾਰ ਵਲੋਂ ਬਾਹਰ ਸੁੱਟ ਦਿੱਤੇ ਗਏ ਸੀ ਜਿਥੋਂ ਇਕ ਜੁਲਾਹੇ ਨੀਰੂ ਨੇ ਚੁੱਕਿਆ ਅਤੇ ਆਪਣੀ ਪਤਨੀ ਨੀਮਾ ਸਮੇਤ ਪਾਲਿਆ। ਇਹਨਾਂ ਦਾ ਜਨਮ 1398 ਵਿੱਚ ਹੋਇਆ ਮੰਨਿਆ ਜਾਂਦਾ ਹੈ। ਜੁਲਾਹਾ ਜਾਤ ਉਸ ਸਮੇਂ ਦੇ ਸਮਾਜ ਲਈ ਇੱਕ ਨੀਵੀਂ ਜਾਤ ਸੀ ਅਤੇ ਅਛੂਤ ਮੰਨੀ ਜਾਂਦੀ ਸੀ। ਜਿਸ ਕਾਰਨ ਸਮਾਜ ਦੇ ਕਥਿਤ ਉੱਚ ਵਰਗ ਵੱਲੋਂ ਛੂਤ ਛਾਤ ਦੇ ਵਿਤਕਰੇ ਦਾ ਸਾਹਮਣਾ ਕਬੀਰ ਜੀ ਨੂੰ ਕਰਨਾ ਪਿਆ। ਕਬੀਰ ਜੀ ਦੀ 30 ਸਾਲ ਦੀ ਉਮਰ ਵਿਚ ਲੋਈ ਨਾਲ ਸ਼ਾਦੀ ਹੋਈ ਪਰ ਇਸ ਸ਼ਾਦੀ ਬਾਰੇ ਵੀ ਅਸਚਰਜ ਸਾਖੀਆਂ ਜੁੜੀਆਂ ਹੋਈਆਂ ਹਨ ਕਿ ਕਿਵੇਂ ਲੋਈ ਵੀ ਇੱਕ ਸੰਤ ਨੇ ਨਦੀ ਵਿਚ ਰੁੜ੍ਹੀ ਜਾਂਦੀ ਨੂੰ ਬਚਾ ਕੇ ਪਾਲਿਆ ਸੀ ਅਤੇ ਕਬੀਰ ਨਾਲ ਮਿਲਾਪ ਸਮੇ ਵੀ ਕੁਝ ਕਰਾਮਾਤੀ ਘਟਨਾਵਾਂ ਦਾ ਵਰਨਣ ਮਿਲਦਾ ਹੈ। ਇਸੇ ਤਰਾਂ ਪੁੱਤਰ ਕਮਾਲ ਅਤੇ ਧੀ ਕਮਾਲੀ ਨਾਲ ਵੀ ਕਰਾਮਾਤੀ ਘਟਨਾਵਾਂ ਹਨ, ਜਿਨ੍ਹਾਂ ਬਾਰੇ ਅਸੀਂ ਜਿਕਰ ਕਰਨ ਦੀ ਲੋੜ ਨਹੀਂ ਸਮਝਦੇ। ਕਿਉਂਕਿ ਇਹ ਅਕਸਰ ਹੀ ਹੁੰਦਾ ਹੈ ਕਿ ਸੰਤ ਮਹਾਂਪੁਰਸ਼ਾਂ ਦੇ ਜੀਵਨ ਬਾਰੇ ਕੁਝ ਕਰਾਮਾਤੀ ਸਾਖੀਆਂ ਜੁੜ ਜਾਂਦੀਆਂ ਹਨ।

ਕਬੀਰ ਜੀ ਦਾ ਗੁਰੂ ਰਾਮਾਨੰਦ ਜੀ ਨੂੰ ਮੰਨਿਆ ਜਾਂਦਾ ਹੈ। ਕਬੀਰ ਜੀ ਸ਼ੂਦਰ ਜਾਤ ਨਾਲ ਸੰਬੰਧਿਤ ਸੀ ਅਤੇ ਉਸ ਸਮੇਂ ਦੀ ਸੋਚ ਅਨੁਸਾਰ ਇਸ ਜਾਤੀ ਦੇ ਲੋਕ ਧਰਮ ਸਿੱਖਣ ਲਈ ਕਿਸੇ ਕਥਿਤ ਉੱਚ ਜਾਤੀਏ ਨੂੰ ਗੁਰੂ ਨਹੀਂ ਸੀ ਧਾਰ ਸਕਦੇ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਭਗਤ ਕਬੀਰ ਜੀ ਦੇ ਰਾਮਾਨੰਦ ਜੀ ਦਾ ਆਪਣੇ ਗੁਰੂ ਨਾਲ ਮਿਲਾਪ ਅਤੇ ਅਧਿਆਤਮਕ ਸਿੱਖਿਆ ਲੈਣ ਦਾ ਬਿਰਤਾਂਤ ਲਿਖਿਆ ਹੈ -

ਹੋਇ ਬਿਰਕਤੁ ਬਨਾਰਸੀ
ਰਹਿੰਦਾ ਰਾਮਾਨੰਦੁ ਗੁਸਾਈਂ॥
ਅੰਮ੍ਰਿਤ ਵੇਲੇ ਉਠਿ ਕੈ ਜਾਂਦਾ
ਗੰਗਾ ਨ੍ਹਾਵਣ ਤਾਈਂ॥
ਅਗੋ ਹੀ ਦੇ ਜਾਇ ਕੈ
ਲੰਮਾ ਪਿਆ ਕਬੀਰ ਤਿਥਾਈਂ॥
ਪੈਰੀਂ ਟੁੰਬ ਉਠਾਲਿਆ
'ਬੋਲਹੁ ਰਾਮ' ਸਿਖ ਸਮਝਾਈ॥
(ਭਾਈ ਗੁਰਦਾਸ ਜੀ,
ਵਾਰ ੧੦, ਪਉੜੀ ੧੫)

ਭਾਵ ਰਾਮਾਨੰਦ ਜੀ ਦੇ ਨਦੀ ਤੇ ਪੁੱਜਣ ਤੋਂ ਪਹਿਲਾਂ ਹੀ ਕਬੀਰ ਜੀ ਉਥੇ ਪੁੱਜ ਗਏ ਅਤੇ ਉਨ੍ਹਾਂ ਦੇ ਰਸਤੇ ਵਿਚ ਲੰਮੇ ਪੈ ਗਏ। ਰਾਮਾਨੰਦ ਜੀ ਆਏ, ਕਬੀਰ ਨੂੰ ਪੈਰ ਦਾ ਠੁੱਡਾ ਲੱਗਿਆ ਅਤੇ ਉਹ ਬੋਲੇ, "ਉੱਠ ਭਾਈ! ਰਾਮ ਰਾਮ ਕਹਿ।" ਇਸ ਤਰਾਂ ਸ਼ਾਗਿਰਦ ਨੂੰ ਗੁਰ ਮੰਤਰ ਮਿਲ ਗਿਆ।

ਸਾਡੇ ਲੇਖ ਦਾ ਕੇਂਦਰੀ ਧੁਰਾ ਕਬੀਰ ਜੀ ਦੀ ਬਾਣੀ ਅਤੇ ਉਸ ਵਿਚੋਂ ਵੀ ਬਗਾਵਤੀ ਅਤੇ ਵਿਦਰੋਹੀ ਅੰਸ਼ ਬਾਰੇ ਵਿਚਾਰ ਕਰਨੀ ਹੈ। ਇਸ ਲਈ ਉਨ੍ਹਾਂ ਦੇ ਜੀਵਨ ਬਾਰੇ, ਜਨਮ ਬਾਰੇ, ਪਰਿਵਾਰ ਬਾਰੇ, ਉਨ੍ਹਾਂ ਦੀ ਜਾਤ ਅਤੇ ਧਰਮ ਬਾਰੇ ਵੱਖ ਵੱਖ ਲੇਖਕਾਂ ਅਤੇ ਵਿਦਵਾਨਾਂ ਦੇ ਵੱਖ ਵੱਖ ਵਿਚਾਰਾਂ ਨੂੰ ਛੱਡਦੇ ਹੋਏ ਉਨ੍ਹਾਂ ਦੀ ਲਿਖਤ ਵੱਲ ਆਉਂਦੇ ਹਾਂ।

ਕਬੀਰ ਨਾਮ ਹੇਠ ਰਚਿਤ ਬਾਣੀ :-- ਡਾਕਟਰ ਹਜਾਰਾ ਪ੍ਰਸਾਦ ਦ੍ਵਿਵੇਦੀ ਆਪਣੀ ਪੁਸਤਕ ਕਬੀਰ ਵਿਚ ਲਿਖਦੇ ਹਨ, "ਕਬੀਰ ਦਾਸ ਦੇ ਨਾਮ ਪੁਰ ਜੋ ਬਾਣੀਆਂ ਮਿਲਦੀਆਂ ਹਨ,ਉਨ੍ਹਾਂ ਦਾ ਕੋਈ ਹਿਸਾਬ ਨਹੀਂ ਹੈ ਕਬੀਰ ਪੰਥੀ ਲੋਕਾਂ ਦਾ ਵਿਸ਼ਵਾਸ਼ ਹੈ ਕਿ ਸਦਗੁਰੂ (ਕਬੀਰ) ਦੀ ਬਾਣੀ ਅਨੰਤ ਹੈ। ਇਹ ਸਾਰੇ ਮੰਨਦੇ ਹਨ ਕਿ ਕਬੀਰ ਜੀ ਨੇ ਕਦੇ ਕਾਗਜ਼ ਕਲਮ ਨੂੰ ਛੋਹਿਆ ਤੱਕ ਵੀ ਨਹੀਂ ਸੀ। ਸਪਸ਼ਟ ਹੈ ਕਿ ਉਨ੍ਹਾਂ ਦੇ ਮੌਖਿਕ ਉਪਦੇਸ਼ ਨੂੰ ਉਨ੍ਹਾਂ ਦੇ ਚੇਲਿਆਂ ਨੇ ਪਿੱਛੋਂ ਲਿਖਿਆ ਹੋਏਗਾ। ਕਬੀਰ ਦਾਸ ਦੇ ਨਾਮ ਹੇਠ 6 ਦਰਜਨ ਦੇ ਕਰੀਬ ਪੁਸਤਕਾਂ ਮਿਲਦੀਆਂ ਹਨ। ਇਹਨਾਂ ਵਿੱਚ ਰਮੈਨੀ,ਸ਼ਬਦ, ਗਿਆਨ ਚੌਤੀਸਾ, ਵਿਪ੍ਰਬਤੀਸੀ, ਕਹਰਾ ਵਸੰਤ, ਚਾਚਰ, ਬੇਲੀ,ਬਿਰਹੁਲੀ ਹਿੰਡੋਲਾ ਅਤੇ ਸਾਖੀ ਇਹ ਗਿਆਰਾਂ ਅੰਗ ਹਨ। ਇਹਨਾਂ ਵਿਚੋਂ ਇੱਕ ਇੱਕ ਵਿਭਾਗ ਨੂੰ ਅੱਡ ਅੱਡ ਕਰਕੇ ਕਈ ਵਾਰ ਸੁਤੰਤਰ ਪੋਥੀ ਬਣਾ ਦਿੱਤੀ ਜਾਂਦੀ ਹੈ। ਪ੍ਰੋ. ਰਾਮ ਕੁਮਾਰ ਵਰਮਾ ਅਤੇ ਹੋਰ ਵਿਦਵਾਨ ਖੋਜੀਆਂ ਨੇ ਕਬੀਰ ਸਾਹਿਬ ਦੇ ਜਿਉਂਦੇ ਹੁੰਦੇ ਵੀ ਉਨ੍ਹਾਂ ਦੀ ਬਾਣੀ ਵਿਚ ਰਲਾਅ ਦੀ ਗੱਲ ਵੀ ਆਖੀ ਹੈ। ਬਹੁਤੇ ਵਿਸਥਾਰ ਵਿਚ ਨਾ ਜਾਂਦੇ ਕਬੀਰ ਜੀ ਦੀਆਂ ਰਚੀਆਂ ਪ੍ਰਮੁੱਖ ਲਿਖਤਾਂ ਹੇਠ ਲਿਖੀਆਂ ਹਨ-

ਬੀਜਕ
ਕਬੀਰ ਗ੍ਰੰਥਾਵਲੀ
ਸਾਖੀ ਕਬੀਰ
ਕਬੀਰ ਸਾਗਰ
ਅਨੁਰਾਗ ਸਾਗਰ



ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਬਾਣੀ ਇਹਨਾਂ ਸਾਰੇ ਗ੍ਰੰਥਾਂ ਦੇ ਰਚਨਹਾਰ ਬਾਬਤ ਵੱਖ ਵੱਖ ਵਿਚਾਰਧਾਰਾਵਾਂ ਪ੍ਰਚੱਲਿਤ ਹਨ। ਉਹ ਬਾਣੀ ਜੋ ਕਬੀਰ ਜੀ ਦੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ, ਬਾਰੇ ਸਾਰੇ ਵਿਦਵਾਨ ਅਤੇ ਲਿਖਾਰੀ ਇੱਕ ਮੱਤ ਹਨ ਕਿ ਇਹ ਪ੍ਰਮਾਣਿਤ ਬਾਣੀ ਹੈ ਅਤੇ ਕਬੀਰ ਸਾਹਿਬ ਜੀ ਦੀ ਆਪਣੀ ਲਿਖੀ ਹੋਈ ਬਾਣੀ ਹੈ। (ਗੁਰੂ ਨਾਨਕ ਜੀ ਨੇ ਇਸ ਸ਼ੁੱਧਤਾ ਦੀ ਚੋਣ ਕਿਵੇਂ ਕੀਤੀ ਹੋਏਗੀ, ਇਹ ਇੱਕ ਹੈਰਾਨੀ ਅਤੇ ਖੁਸ਼ੀ ਭਰਿਆ ਸੱਚ ਹੈ।) ਇਸ ਲਈ ਅਸੀਂ ਇਸ ਕਬੀਰ ਬਾਣੀ ਨੂੰ, ਜਿਹੜੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਆਧਾਰ ਬਣਾਂਵਾਂਗੇ ਅਤੇ ਇਸੇ ਤੋਂ ਹੀ ਕਬੀਰ ਜੀ ਦੀ ਇਨਕਲਾਬੀ ਸੋਚ ਨੂੰ ਲੱਭਣ ਦਾ ਯਤਨ ਕਰਾਂਗੇ।

**ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਬੀਰ ਬਾਣੀ** :- ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਬੀਰ ਜੀ ਦੇ ਕੁੱਲ 225 ਸ਼ਬਦ ਦਰਜ ਹਨ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਵਿਚੋਂ 15 ਰਾਗਾਂ ਵਿਚ ਲਿਖੇ ਗਏ ਹਨ। ਇਹਨਾਂ ਵਿਚੋਂ ਸਭ ਤੋਂ ਵੱਧ ਸ਼ਬਦ ਗਉੜੀ ਰਾਗ ਵਿਚ-74 ਸ਼ਬਦ, ਅਤੇ ਸਭ ਤੋਂ ਘੱਟ ਤਿਲੰਗ ਰਾਗ ਵਿੱਚ-ਕੇਵਲ ਇੱਕ ਸ਼ਬਦ, ਹਨ। ਬਾਵਨ ਅੱਖਰੀ,ਥਿਤੀ,ਵਾਰ ਸਤ ਵੀ ਗਉੜੀ ਰਾਗ ਵਿਚ ਹੀ ਹਨ ਅਤੇ 243 ਸਲੋਕ ਰਾਗ-ਰਹਿਤ ਹਨ। ਕਬੀਰ ਬਾਣੀ ਵਿਚ ਅਵਧੀ, ਭੋਜਪੁਰੀ, ਬ੍ਰਿਜ, ਮਾਰਵਾੜੀ, ਪੰਜਾਬੀ, ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਮਿਲਦੀ ਹੈ।

ਕਬੀਰ ਸਾਹਿਬ ਜੀ ਦੀ ਵਿਚਾਰਧਾਰਾ :-

1. **ਜਾਤ ਪਾਤ ਦਾ ਖੰਡਨ** :- ਕਬੀਰ ਜੀ ਨੂੰ ਜਾਤ ਪਾਤੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ ਸਾਰੇ ਮਨੁੱਖ ਇੱਕੋ ਹੀ ਨੂਰ ਤੋਂ ਪੈਦਾ ਹੋਏ ਹਨ। ਕੋਈ ਉੱਚਾ ਨੀਵਾਂ ਕਿਵੇਂ ਹੋ ਸਕਦਾ ਹੈ। ਉਨ੍ਹਾਂ ਡੰਕੇ ਦੀ ਚੋਟ ਤੇ ਕਿਹਾ --

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥
(ਪੰਨਾ ੧੩੪੯, ਪ੍ਰਭਾਤੀ)

ਬ੍ਰਾਹਮਣਵਾਦ ਤੇ ਇਸ ਨਾਲੋਂ ਵਡੀ ਕਿਹੜੀ ਚੋਟ ਹੋ ਸਕਦੀ ਹੈ ??

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥
(ਪੰਨਾ ੩੨੪, ਗਉੜੀ ਕਬੀਰ ਜੀ)

2. **ਧਾਰਮਿਕ ਰਸਮਾਂ ਅਤੇ ਕਰਮ ਕਾਂਡਾਂ ਦਾ ਵਿਰੋਧ** :-ਕਬੀਰ ਸਾਹਿਬ ਦੇ ਸਮੇਂ ਹਿੰਦੂ ਵੀ ਅਤੇ ਮੁਸਲਮਾਨ ਵੀ ਆਪੋ ਆਪਣੇ ਮਤ ਅਨੁਸਾਰ ਕਾਫੀ ਧਾਰਮਿਕ ਰਸਮਾਂ ਅਤੇ ਕਰਮ ਕਾਂਡ ਕਰਦੇ ਸਨ, ਕਬੀਰ ਸਾਹਿਬ ਨੇ ਇਹਨਾਂ ਬਾਹਰੀ ਦਿਖਾਵੇ ਵਾਲੀਆਂ ਸਾਰੀਆਂ ਰਸਮਾਂ ਦਾ ਪੂਰੀ ਨਿਡਰਤਾ ਨਾਲ ਵਿਰੋਧ ਕੀਤਾ। ਉਦਾਹਰਣ ਲਈ ਕੁਝ ਦਾ ਹੀ ਜ਼ਿਕਰ ਕਰਾਂਗੇ - ਪਹਿਲਾਂ ਸਨਾਤਨ ਮਤ ਅਤੇ ਜੋਗ ਵਾਲਿਆਂ ਤੇ ਸ਼ਬਦਾਂ ਦੇ ਹਮਲੇ --

ਨਗਨ ਫਿਰਤ ਜੌ ਪਾਈਐ ਜੋਗੁ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥
(ਨੰਗੇ ਭਗਤੀ ਕਰਨ ਦਾ ਵਿਰੋਧ )
(ਪੰਨਾ ੩੨੪, ਗਉੜੀ ਕਬੀਰ ਜੀ )
ਕਬੀਰ ਠਾਕੁਰੁ ਪੂਜਹਿ
ਮੋਲਿ ਲੇ ਮਨਹਠਿ ਤੀਰਥ ਜਾਹਿ॥
ਦੇਖਾ ਦੇਖੀ ਸ੍ਵਾਂਗੁ ਧਰਿ
ਭੂਲੇ ਭਟਕਾ ਖਾਹਿ॥
(ਠਾਕੁਰ ਪੂਜਾ ਦਾ ਵਿਰੋਧ)
(ਪੰਨਾ ੧੩੭੧,
ਸਲੋਕ ਭਗਤ ਕਬੀਰ ਜੀਉ ਕੇ)
ਛੋਡਹਿ ਅੰਨੁ ਕਰਹਿ ਪਾਖੰਡ॥
ਨਾ ਸੋਹਾਗਨਿ ਨਾ ਓਹਿ ਰੰਡ॥
(ਵਰਤ ਰੱਖਣ ਦਾ ਵਿਰੋਧ)
(ਪੰਨਾ ੮੭੩, ਗੋਂਡ)
ਅੰਤਰਿ ਮੈਲੁ ਜੇ ਤੀਰਥ ਨਾਵੈ
ਤਿਸੁ ਬੈਕੁੰਠਿ ਨ ਜਾਨਾਂ॥
ਲੋਕ ਪਤੀਣੇ ਕਛੂ ਨ ਹੋਵੈ
ਨਾਹੀ ਰਾਮੁ ਅਯਾਨਾ॥
(ਤੀਰਥ ਇਸ਼ਨਾਨ ਦਾ ਵਿਰੋਧ)
(ਪੰਨਾ ੪੮੪, ਆਸਾ)
ਜੀਵਤ ਪਿਤਰ ਨ ਮਾਨੈ ਕੋਊ
ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ
ਪਾਵਹਿ ਕਊਆ ਕੂਕਰ ਖਾਹੀ॥
(ਪਿਤਰ ਪੂਜਾ ਦਾ ਵਿਰੋਧ)
(ਪੰਨਾ ੩੩੨,
ਰਾਗੁ ਗਉੜੀ ਬੈਰਾਗਣਿ ਕਬੀਰ ਜੀ)

3. **ਇਸਲਾਮੀ ਕਰਮ ਕਾਂਡਾਂ ਦਾ ਵਿਰੋਧ**:- ਭਾਵੇਂ ਭਗਤ ਕਬੀਰ ਜੀ ਦਾ ਪਾਲਣ ਪੋਸ਼ਣ ਇੱਕ ਮੁਸਲਿਮ ਪਰਿਵਾਰ ਵਿਚ ਹੋਇਆ ਸੀ, ਪਰ ਉਹ ਸਿਰਫ ਦਿਖਾਵੇ ਦੇ ਕਰਮ ਕਾਂਡਾਂ ਦੇ ਪੂਰਨ ਤੌਰ ਤੇ ਵਿਰੋਧੀ ਸਨ। ਉਨ੍ਹਾਂ ਦਾ ਵਿਸ਼ਵਾਸ਼ ਸੀ ਅਤੇ ਇਹੀ ਉਨ੍ਹਾਂ ਨੇ ਪ੍ਰਚਾਰਿਆ ਵੀ ਕਿ ਸਿਰਫ ਹਿਰਦੇ ਤੋਂ ਪ੍ਰਭੂ ਨਾਲ ਪ੍ਰੀਤ ਚਾਹੀਦੀ ਹੈ, ਉਸ ਤੋਂ ਬਿਨਾਂ ਬਾਕੀ ਸਭ ਕੂੜ ਹੈ, ਝੂਠ ਹੈ। ਇਸਲਾਮੀ ਸ਼ਰਾ ਦੇ ਪਾਬੰਦ ਹੋਣ ਨਾਲੋਂ ਹਿਰਦੇ ਤੋਂ ਪ੍ਰਭੂ ਪ੍ਰੇਮ ਕਰਨਾ ਵਧੇਰੇ ਲਾਹੇਵੰਦ ਹੈ।

ਕਬੀਰ ਮੁਲਾਂ ਮੁਨਾਰੇ ਕਿਆ
ਚਢਹਿ ਸਾਂਈ ਨ ਬਹਰਾ ਹੋਇ॥
ਜਾ ਕਾਰਨਿ ਤੂੰ ਬਾਂਗ ਦੇਹਿ
ਦਿਲ ਹੀ ਭੀਤਰਿ ਜੋਇ॥
(ਬਾਂਗ ਦੇਣ ਦਾ ਵਿਰੋਧ)
(ਪੰਨਾ ੧੩੭੪,
ਸਲੋਕ ਭਗਤ ਕਬੀਰ ਜੀਉ ਕੇ)

ਕਬੀਰ ਹਜ ਕਾਬੈ ਹੋਇ ਹੋਇ
ਗਇਆ ਕੇਤੀ ਬਾਰ ਕਬੀਰ ॥
ਸਾਂਈ ਮੁਝ ਮਹਿ ਕਿਆ ਖਤਾ
ਮੁਖਹੁ ਨ ਬੋਲੈ ਪੀਰ ॥
(ਹਜ ਦਾ ਵਿਰੋਧ)
(ਪੰਨਾ ੧੩੭੫,
ਸਲੋਕ ਭਗਤ ਕਬੀਰ ਜੀਉ ਕੇ)

ਇਸਲਾਮ ਦੀ ਸ਼ਰਹ ਅਨੁਸਾਰ ਔਰਤ ਨੂੰ ਮਰਦ ਵਾਂਗ ਧਾਰਮਿਕ ਕਾਰਜ ਕਰਨ ਦੀ ਇਜਾਜਤ ਨਹੀ ਹੈ। ਕਬੀਰ ਸਾਹਿਬ ਨੇ ਕਰੜੇ ਹੱਥੀਂ ਇਸ ਦੀ ਆਲੋਚਨਾ ਕੀਤੀ ਹੈ।

ਸੁੰਨਤ ਕੀਏ ਤੁਰਕੁ ਜੇ ਹੋਇਗਾ
ਅਉਰਤ ਕਾ ਕਿਆ ਕਰੀਐ ॥
ਅਰਧ ਸਰੀਰੀ ਨਾਰਿ ਨਾ ਛੋਡੈ
ਤਾਂ ਤੇ ਹਿੰਦੂ ਹੀ ਰਹੀਐ ॥
(ਸੁੰਨਤ ਦਾ ਵਿਰੋਧ)
(ਪੰਨਾ ੪੭੭, ਆਸਾ)

4. **ਜੀਵਨ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਹੋਣ ਦੇ ਚਾਹਵਾਨ** :-ਕਬੀਰ ਜੀ ਕਿਰਤੀ ਅਤੇ ਮਿਹਨਤੀ ਦੇ ਨਾਲ ਖੜ੍ਹੇ ਹਨ ਅਤੇ ਆਖਦੇ ਹਨ ਕਿ ਜਿੰਨੀ ਦੇਰ ਮੇਰੀ ਕੁੱਲੀ ਗੁੱਲੀ ਜੁੱਲੀ ਦਾ ਠੀਕ ਪ੍ਰਬੰਧ ਨਹੀਂ ਹੈ, ਉਤਨੀ ਦੇਰ ਮੈ ਕਿਸੇ ਵੀ ਰੱਬ ਤੋਂ ਕਿ ਲੈਣਾ ਹੈ ? ਉਹ ਅਜਿਹੀ ਭਗਤੀ ਤੋਂ ਤੌਬਾ ਕਰਦੇ ਹਨ –

ਭੂਖੇ ਭਗਤਿ ਨ ਕੀਜੈ ॥
ਯਹ ਮਾਲਾ ਅਪਨੀ ਲੀਜੈ ॥
(ਪਹਿਲਾਂ ਮੁਢਲੀਆਂ ਲੋੜਾਂ ਪੂਰੀਆਂ ਹੋਣ)
(ਪੰਨਾ ੬੫੬, ਰਾਗੁ ਸੋਰਠਿ )

5. **ਬ੍ਰਾਹਮਣਾਂ ਦੁਆਰਾ ਨਿੰਦਾ** :-ਬ੍ਰਾਹਮਣਾਂ ਨੇ ਆਪ ਜੀ ਦੀ ਬਹੁਤ ਜਿਆਦਾ ਨਿੰਦਾ ਕੀਤੀ ਪਰ ਭਗਤ ਜੀ ਉਸ ਤੇ ਸਗੋਂ ਖੁਸ਼ ਹੀ ਹੋਏ। ਉਹਨਾਂ ਨੇ ਆਪਣੀ ਬਾਣੀ ਵਿਚ ਨਿੰਦਾ ਹੋਣ ਤੇ ਖ਼ੁਸ਼ੀ ਪ੍ਰਗਟ ਕੀਤੀ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਨਿੰਦਾ ਤਾਂ ਸਗੋਂ ਵਿਅਕਤੀ ਦਾ ਸੁਧਾਰ ਕਰਦੀ ਹੈ। ਜਿਸ ਦੀ ਨਿੰਦਾ ਕੀਤੀ ਜਾਵੇ, ਉਹ ਬਹੁਤ ਲਾਭ ਵਿਚ ਰਹਿੰਦਾ ਹੈ ਅਤੇ ਨਿੰਦਾ ਕਰਨ ਵਾਲਾ ਇਸ ਸੰਸਾਰ ਵਿਚ ਵੀ ਅਤੇ ਅੱਗੇ ਵੀ ਬਹੁਤ ਕਸ਼ਟ ਝੱਲਦਾ ਹੈ।

ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ ॥
ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥
ਰਿਦੈ ਸੁਧ ਜਉ ਨਿੰਦਾ ਹੋਇ ॥
ਹਮਰੇ ਕਪਰੇ ਨਿੰਦਕ ਧੋਇ ॥
(ਪੰਨਾ ੩੩੯, ਗਉੜੀ)

6. **ਜ਼ੁਲਮ ਦੇ ਸ਼ਿਕਾਰ** :- ਕਬੀਰ ਜੀ ਤੇ ਵਕਤ ਦੇ ਹਾਕਮਾਂ ਨੇ ਜ਼ੁਲਮ ਵੀ ਕੀਤਾ ਹੈ। ਉਸ ਸਮੇ ਸਿਕੰਦਰ ਖਾਂ ਲੋਧੀ ਰਾਜ ਕਰਦਾ ਸੀ। ਉਨ੍ਹਾਂ ਦੀਆਂ ਬੇਬਾਕੀ ਅਤੇ ਨਿਰਭੈਤਾ ਨਾਲ ਕੀਤੀਆਂ ਸਖ਼ਤ ਟਿੱਪਣੀਆਂ ਦੀ ਸ਼ਿਕਾਇਤ ਰਾਜੇ ਕੋਲ ਕੀਤੀ ਗਈ। ਉਨ੍ਹਾਂ ਨੂੰ ਪਾਣੀ ਵਿਚ ਡੁਬੋਇਆ ਗਿਆ, ਫੇਰ ਹਾਥੀ ਅੱਗੇ ਵੀ ਸੁੱਟਿਆ ਗਿਆ। ਪਰ ਸਮੇਂ ਦੇ ਹਾਕਮ ਸੱਚ ਦੀ ਆਵਾਜ਼ ਨੂੰ ਨਹੀਂ ਰੋਕ ਸਕੇ। ਉਹ ਆਪਣੀ ਬਾਣੀ ਵਿਚ ਜਿਕਰ ਕਰਦੇ ਹਨ

ਗੰਗ ਗੁਸਾਇਨਿ ਗਹਿਰ ਗੰਭੀਰ ॥
ਜੰਜੀਰ ਬਾਂਧਿ ਕਰ ਖਰੇ ਕਬੀਰ ॥
.....
ਗੰਗਾ ਕੀ ਲਹਿਰ ਮੇਰੀ ਟੁਟੀ ਜੰਜੀਰ ॥
ਮ੍ਰਿਗਛਾਲਾ ਪਰ ਬੈਠੇ ਕਬੀਰ ॥
(ਪੰਨਾ ੧੧੬੨,
ਭੈਰਉ ਬਾਣੀ ਭਗਤਾ ਕੀ ਕਬੀਰ ਜੀਉ)

ਇਸੇ ਤਰਾਂ ਹਾਥੀ ਅੱਗੇ ਸੁੱਟੇ ਜਾਣ ਦਾ ਜਿਕਰ ਕਰਦੇ ਉਹ ਲਿਖਦੇ ਹਨ --

ਕਿਆ ਅਪਰਾਧੁ ਸੰਤ ਹੈ ਕੀਨਾ ॥
ਬਾਂਧਿ ਪੋਟ ਕੁੰਚਰ ਕਉ ਦੀਨਾ ॥
ਕੁੰਚਰ ਪੋਟ ਲੈ ਲੈ ਨਮਸਕਾਰੈ ॥
ਬੂਝੀ ਨਹੀਂ ਕਾਜੀ ਅੰਧਿਆਰੈ ॥
(ਪੰਨਾ ੮੭੦, ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ ੨)

7. **ਹਿੰਦੂ ਮੁਸਲਮਾਨ ਦੋਹਾਂ ਤੋਂ ਉੱਪਰ**:- ਕਬੀਰ ਜੀ ਕਿਸੇ ਵੀ ਪ੍ਰਚਲਿਤ ਮਜ਼ਹਬ ਦੀ ਪ੍ਰਸੰਸਾ ਨਹੀਂ ਕਰਦੇ। ਉਨ੍ਹਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦੇ ਧਰਮਾਂ ਦੀਆਂ ਕੁਰੀਤੀਆਂ,ਕਰਮ ਕਾਂਡਾਂ ਅਤੇ ਦਿਖਾਵਿਆਂ ਤੇ ਭਰਵੇਂ ਵਾਰ ਕੀਤੇ ਹਨ। ਉਹ ਹੋਰ ਬਾਣੀਕਾਰਾਂ ਵਾਂਗ ਹੀ ਅਕਾਲ ਪੁਰਖ ਨੂੰ ਸਾਰੇ ਮਜ਼ਹਬਾਂ ਤੋਂ ਉੱਪਰ ਮੰਨਦੇ ਹਨ। ਉਹ ਸਾਫ ਕਹਿੰਦੇ ਹਨ ਕਿ ਹਿੰਦੂਆਂ ਅਤੇ ਮੁਸਲਮਾਨਾਂ ਦਾ ਪ੍ਰਭੂ ਇੱਕ ਹੀ ਹੈ।

ਹਿੰਦੂ ਤੁਰਕ ਕਾ ਸਾਹਿਬੁ ਏਕ ॥
ਕਹ ਕਰੈ ਮੁਲਾ ਕਹ ਕਰੈ ਸੇਖ ॥
(ਪੰਨਾ ੧੧੫੮,
ਭੈਰਉ ਬਾਣੀ ਕਬੀਰ ਜੀ ਘਰੁ ੧)

ਅਤੇ ਉਹਨਾਂ ਨੇ ਇਹਨਾਂ ਵਿਚੋਲਿਆਂ ਨੂੰ ਪੂਰਨ ਤੌਰ ਤੇ ਹੀ ਛੱਡ ਦਿੱਤਾ ਹੈ....

ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁਲਾਂ ਛਾਡੇ ਦੋਊ ॥
ਪੰਡਿਤ ਮੁਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥
(ਪੰਨਾ ੧੧੫੮,
ਭੈਰਉ ਬਾਣੀ ਕਬੀਰ ਜੀ ਘਰੁ ੧)

8. **ਅੰਤਿਮ ਸਮੇ ਮਗਹਰ ਵਿਚ** :- ਬ੍ਰਾਹਮਣਾਂ ਵਲੋਂ ਉਸ ਸਮੇ ਲੋਕਾਂ ਵਿਚ ਇਹ ਧਾਰਨਾ ਪ੍ਰਚਲਿਤ ਕੀਤੀ ਹੋਈ ਸੀ ਕਿ ਜੋ ਕਾਸੀ ਵਿਖੇ ਮਰੇਗਾ, ਉਹ ਮੁਕਤੀ ਪ੍ਰਾਪਤ ਕਰੇਗਾ ਅਤੇ ਜੋ ਮਗਹਰ ਵਿਖੇ ਮਰੇਗਾ, ਉਹ ਮਰਨ ਉਪਰੰਤ ਭਟਕੇਗਾ। ਭਗਤ ਕਬੀਰ ਜੀ ਜਾਣ ਬੁੱਝ ਕੇ ਆਪਣੇ ਅੰਤਿਮ ਸਮੇਂ ਮਗਹਰ ਵਿਚ ਗਏ ਅਤੇ ਉੱਥੇ ਜਾ ਕੇ ਪ੍ਰਾਣ ਤਿਆਗੇ। ਉਹਨਾਂ ਨੇ ਇਸ ਗੱਲ ਦਾ ਜਿਕਰ ਵੀ ਆਪਣੀ ਬਾਣੀ ਵਿਚ ਕੀਤਾ ਹੈ।

ਸਗਲ ਜਨਮੁ ਸਿਵਪੁਰੀ ਗਵਾਇਆ ॥
ਮਰਤੀ ਬਾਰ ਮਗਹਰਿ ਉਠਿ ਆਇਆ ॥
(ਪੰਨਾ ੩੨੬,
ਗਉੜੀ ਕਬੀਰ ਜੀ ਪੰਚਪਦੇ )

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਉਹਨਾਂ ਦੇ ਜੀਵਨ ਵਿੱਚ ਵੀ ਅਤੇ ਉਨ੍ਹਾਂ ਦੀ ਬਾਣੀ ਵਿਚ ਵੀ ਸਥਾਪਿਤ ਨਿਜ਼ਾਮ ਵਿਰੁੱਧ ਭਾਰੀ ਰੋਹ ਦੀ ਅਵਾਜ ਹੈ ਭਾਵੇ ਉਹ ਧਾਰਮਿਕ ਅਖਵਾਉਂਦੇ ਪੰਡਿਤ, ਬ੍ਰਾਹਮਣ, ਕਾਜੀ, ਮੌਲਵੀ ਆਦਿ ਜੋ ਵੀ ਸਤਿਕਾਰਯੋਗ ਹਸਤੀਆਂ ਹੋਣ। ਪ੍ਰਭੂ ਦੇ ਪ੍ਰੇਮ ਵਿਚ ਰੰਗੇ ਹੋਣ ਕਰਕੇ ਅਤੇ ਉਸ ਦੀ ਬ੍ਰਹਿਮੰਡੀ ਸੋਚ ਨੂੰ ਪੂਰਨ ਸਮਝਣ ਕਾਰਨ ਹੀ ਕਿਸੇ ਦੇ ਅੰਦਰ ਸਥਾਪਿਤ ਤਾਕਤਾਂ ਨੂੰ ਲਲਕਾਰਨ ਦਾ ਹੌਂਸਲਾ ਆਉਂਦਾ ਹੈ।

ਉਨ੍ਹਾਂ ਦੇ ਦਿਹਾਂਤ ਬਾਰੇ ਵੀ ਸਾਰੇ ਵਿਦਵਾਨ ਇੱਕਸੁਰ ਨਹੀਂ ਹਨ। ਪਰ ਕਬੀਰ ਪੰਥੀਆਂ ਅਨੁਸਾਰ ਉਨ੍ਹਾਂ ਦੀ ਉਮਰ 120 ਸਾਲ ਸੀ ਅਤੇ ਇਸ ਤਰਾਂ ਉਹ 1518 ਈਸਵੀ ਨੂੰ ਮਗਹਰ ਵਿਖੇ ਆਪਣਾ ਸਰੀਰ ਤਿਆਗ ਗਏ। ਉਹਨਾਂ ਦੀ ਬਾਣੀ ਅੱਜ ਵੀ ਮਨੁੱਖਤਾ ਨੂੰ ਵਿਤਕਰੇ ਭੁਲਾ ਕੇ ਇੱਕ ਪ੍ਰਭੂ ਨਾਲ ਪ੍ਰੀਤ ਕਰਦੇ ਹੋਏ ਆਪਸੀ ਪਿਆਰ ਸਤਿਕਾਰ ਵਧਾਉਣ ਦੀ ਪ੍ਰੇਰਨਾ ਦਿੰਦੀ ਹੈ।

# ਬਰੇਸ਼ੀਆ ਇਲਾਕੇ 'ਚ ਭਾਰਤੀ ਮੂਲ ਦੇ ਉੱਘੇ ਕਾਰੋਬਾਰੀ ਨੂੰ ਫੈਕਟਰੀ ਵਿੱਚ ਕਾਨੂੰਨ ਦੀਆਂ ਧੱਜੀਆਂ ਉਡਾਉਣ ਲਈ ਇਟਲੀ ਪੁਲਸ ਪ੍ਰਸ਼ਾਸ਼ਨ ਨੇ ਠੋਕਿਆ 1 ਲੱਖ 2 ਹਜ਼ਾਰ ਯੂਰੋ ਦਾ ਜੁਰਮਾਨਾ




**ਬਰੇਸ਼ੀਆ 8 ਜੂਨ (ਗੁਰਸ਼ਰਨ ਸਿੰਘ ਸੋਨੀ)**-ਇਟਲੀ ਵਿੱਚ ਕਿਰਤੀਆਂ ਦਾ ਸੋਸ਼ਣ ਰੋਕਣ ਤੇ ਟੈਕਸ ਚੋਰਾਂ ਨੂੰ ਨੱਥ ਪਾਉਣ ਲਈ ਪੁਲਸ ਵੱਲੋਂ ਵਿਸੇ ਮੁਹਿੰਮ ਵਿੱਢੀ ਗਈ ਹੈ ਜਿਸ ਤਹਿਤ ਇਟਲੀ ਦੇ ਵੱਖ-ਵੱਖ ਸੂਬਿਆਂ ਵਿੱਚ ਹਰ ਉਸ ਕਾਰੋਬਾਰੀ ਖੇਤਰਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਜਿੱਥੇ ਪ੍ਰਵਾਸੀ ਕਿਰਤੀ ਕੰਮ ਕਰਦੇ ਹਨ। ਇਟਲੀ ਪੁਲਸ ਪ੍ਰਸ਼ਾਸ਼ਨ ਨੇ ਇਸ ਕਾਰਵਾਈ ਨੂੰ ਅੰਜਾਮ ਦਿੰਦਿਆਂ ਪ੍ਰਵਾਸੀਆਂ ਦੇ ਸਭ ਤੋਂ ਵੱਧ ਵਸੋਂ ਵਾਲੇ ਸੂਬੇ ਲੰਬਾਰਦੀਆਂ ਦੇ ਇਲਾਕੇ ਬਰੇਸ਼ੀਆ ਵਿੱਚ ਦੋ ਲੋਹੇ ਦਾ ਸਮਾਨ ਬਣਾਉਣ ਵਾਲੀਆਂ ਫੈਕਟਰੀਆਂ ਦੀ ਜਾਂਚ-ਪੜਤਾਲ ਕੀਤੀ ਜਿਹਨਾਂ ਵਿੱਚੋਂ ਇੱਕ ਫੈਕਟਰੀ ਜਿਸ ਦਾ ਮਾਲਕ ਭਾਰਤੀ ਮੂਲ ਦਾ ਦੱਸਿਆ ਜਾ ਰਿਹਾ ਹੈ ਇਸ ਦੀ ਫੈਕਟਰੀ ਵਿੱਚ ਵਿੱਚ 12 ਕਾਮਿਆਂ ਦੀ ਜਦੋਂ ਜਾਂਚ ਕੀਤੀ ਗਈ ਤਾਂ ਪੁਲਸ ਹੈਰਾਨ ਰਹੀ ਗਈ ਕਿ 12 ਵਿਚੋਂ 10 ਕਾਮੇ ਬਿਨ੍ਹਾਂ ਕੰਮ ਦੇ ਇਕਰਾਰਨਾਮੇ ਦੇ ਕੰਮ ਕਰ ਰਹੇ ਸਨ। 6 ਕਾਮੇ ਤਾਂ ਇਟਲੀ ਦੇ ਵੈਧ ਦਸਤਾਵੇਜ਼ਾਂ ਤੋਂ ਬਿਨ੍ਹਾਂ ਵੀ ਪਾਏ ਗਏ ਜਿਸ ਨਾਲ ਪੁਲਸ ਨੇ ਸਾਰੀ ਜਾਂਚ ਚੌਕੰਨੇ ਹੋ ਕੀਤੀ।

ਜਦੋਂ ਫੈਕਰਰੀ ਦਾ ਨਿਰੀਖਣ ਕੀਤਾ ਗਿਆ ਤਾਂ ਇਸ ਦਾ ਮਾਲਕ ਚਿੱਟੇ ਦਿਨ ਲੇਬਰ ਕਾਨੂੰਨ ਦੀਆਂ ਧੱਜੀਆਂ ਉਡਾਉਣ ਲਈ ਦੋਸ਼ੀ ਪਾਇਆ ਗਿਆ। ਪੁਲਸ ਨੇ ਉਸ ਨੂੰ ਪੁਲਸ ਹੈਡਕੁਆਰਟਰ ਆਕੇ ਆਪਣਾ ਪੱਖ ਰੱਖਣ ਦੀ ਗੱਲਦਿਆਂ ਦੇਖਿਆਂ ਕਿ ਇਸ ਫੈਕਟਰੀ ਵਿੱਚ ਕਾਮੇ ਗੈਰ-ਕਾਨੂੰਨੀ ਹੀ ਨਹੀਂ ਸਗੋਂ ਕੰਮ ਦੌਰਾਨ ਕਈ ਮੁੱਢਲੀਆਂ ਸਹੂਲਤਾਂ ਤੋਂ ਵੀ ਸੱਖਣੇ ਸਨ। ਜਿਵੇਂ ਕਿ ਕਾਮਿਆਂ ਲਈ ਕੰਮ ਦੌਰਾਨ ਨਾ ਕੋਈ ਢੰਗ ਦੀ ਸੁੱਰਖਿਆਂ, ਨਾ ਸਫ਼ਾਈ ਹੋਰ ਤਾਂ ਹੋਰ ਇੱਥੋਂ ਦਾ ਵਾਤਾਵਰਣ ਵੀ ਪ੍ਰਦੂਸ਼ਿਤ ਪਾਇਆ ਗਿਆ ਜਿਸ ਦੇ ਮੱਦੇ ਨਜ਼ਰ ਪੁਲਸ ਨੇ ਭਾਰਤੀ ਮੂਲ ਦੇ ਕੰਪਨੀ ਮਾਲਕ ਜਿਸ ਦੀ ਉਮਰ 64 ਸਾਲ ਹੈ ਤੇ ਇਲਾਕੇ ਦੀਆਂ ਨਾਮੀ ਸਖ਼ਸੀਅਤ ਵਿੱਚੋਂ ਮੋਹਰੀ ਕਰਕੇ ਜਾਣਿਆ ਜਾਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਮਾਂ ਖੇਡ ਕੱਬਡੀ ਨੂੰ ਵੀ ਇਸ ਭਾਰਤੀ ਮੂਲ ਦੇ ਸਖ਼ਸ ਨੇ ਇਟਲੀ ਵਿੱਚ ਪ੍ਰਮੋਟ ਕਰਨ ਲਈ ਸੇਵਾ ਨਿਭਾਈ ਹੈ। ਅਜਿਹੇ ਸਖ਼ਸ ਵੱਲੋਂ ਇੰਨੀ ਵੱਡੀ ਗਲਤੀ ਉਸ ਦੇ ਓਵਰ ਕੌਨਫੀਡੈਂਸ ਨੂੰ ਹੀ ਪ੍ਰਮਾਣਿਤ ਕਰਦੀ ਹੈ ਜਿਸ ਕਾਰਨ ਪੁਲਸ ਨੇ ਜਿੱਥੇ ਉਸ ਦੀ ਫੈਕਟਰੀ ਦੀ ਮਸ਼ੀਨਰੀ ਜ਼ਬਤ ਕੀਤੀ ਕਾਰੋਬਾਰ ਉਪੱਰ ਰੋਕ ਲਗਾ ਦਿੱਤੀ ਹੈ ਉੱਥੇ ਕਾਨੂੰਨ ਨੂੰ ਟਿੱਚ ਕਰਕੇ ਜਾਣਨ ਲਈ ਵੱਖ-ਵੱਖ ਗੁਸਤਾਖੀਆਂ ਲਈ 44000 ਯੂਰੋ ਤੇ 58,200 ਯੂਰੋ ਦਾ ਜੁਰਮਾਨਾ ਠੋਕਿਆ ਹੈ। ਲੱਗੇ ਦੋਸ਼ਾਂ ਵਿੱਚ ਕੰਮ, ਸਿਹਤ ਅਤੇ ਸੁਰੱਖਿਆ ਨਾਲ ਸੰਬਧਤ ਅਪਰਾਧ ਸ਼ਾਮਲ ਹਨ ਜਿਹਨਾਂ ਦੀ ਬਹੁਤ ਹੀ ਬਾਰੀਕੀ ਨਾਲ ਨਿਆਂਇਕ ਅਧਿਕਾਰੀਆਂ ਦੁਆਰਾ ਬਾਜ ਅੱਖ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਕਾਰਵਾਈ ਨਾਲ ਹੁਣ ਉਹਨਾਂ ਤਮਾਮ ਭਾਰਤੀ ਕਾਰੋਬਾਰੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ ਜਿਹਨਾਂ ਕੰਮ ਦੌਰਾਨ ਕਦੀ ਇਟਲੀ ਦੇ ਕਾਨੂੰਨ ਦੀ ਪੂਰਨ ਪਾਲਣਾ ਨਹੀਂ ਕੀਤੀ। ਦੂਜੇ ਪਾਸੇ ਪੁਲਸ ਸਭ ਭਾਰਤੀ ਕਾਰੋਬਾਰੀਆਂ ਨੂੰ ਇਸ ਗੋਰਖ ਧੰਦੇ ਦਾ ਪਰਦਾਫਾਸ਼ ਹੋਣ ਤੋਂ ਬਾਅਦ ਸ਼ੱਕ ਦੀ ਨਜ਼ਰ ਨਾਲ ਦੇਖ ਰਹੀ ਹੈ ਤੇ ਹੋ ਸਕਦਾ ਕਈ ਹੋਰ ਵੀ ਛੁਪੇ ਰੁਸਤਮ ਜਿਹੜੇ ਕਾਨੂੰਨ ਨੂੰ ਮਜ਼ਾਕ ਕਰਦੇ ਹਨ ਸਾਹਮਣੇ ਆ ਸਕਦੇ ਹਨ।

# ਸੱਸ ਨੂੰਹ-ਸਮਾਜਿਕ ਸ਼ੀਤ ਯੁੱਧ ਦੀਆਂ ਪ੍ਰਤੀਕ

**ਸੁਖਪਾਲ ਸਿੰਘ ਗਿੱਲ**
**ਅਬਿਆਣਾ ਕਲਾਂ**
98781-11445



ਸਮਾਜ ਵਿੱਚ ਸੱਸ ਨੂੰਹ ਦਾ ਰਿਸ਼ਤਾ ਵੱਖਰੀ ਪਹਿਚਾਣ ਰੱਖਦਾ ਹੈ। ਇਸ ਰਿਸ਼ਤੇ ਵਿੱਚੋਂ ਸ਼ੀਤ ਯੁੱਧ ਆਮ ਹੀ ਚੱਲਦਾ ਰਹਿੰਦਾ ਹੈ। ਇਹ ਵਰਤਾਰਾ ਅਤੀਤ ਤੋਂ ਅੱਜ ਤੱਕ ਚੱਲਦਾ ਹੈ। ਸ਼ੀਤ ਯੁੱਧ ਨੂੰ ਦੋ ਵੱਡੀਆਂ ਸ਼ਕਤੀਆਂ ਦੇ ਬਿਨ੍ਹਾਂ ਹਥਿਆਰਾ ਤੋਂ ਬੋਲੀ ਚਾਲੀ ਨਾਲ ਲੜੇ ਜਾਣ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਸ਼ਕਤੀਆਂ ਕੋਈ ਵੀ ਰਾਜਨੀਤਿਕ ਮੁੱਦਾ ਅਤੇ ਮੌਕਾ ਸ਼ੀਤ ਯੁੱਧ ਤੋਂ ਬਿਨਾਂ ਖੁੰਝਣ ਨਹੀਂ ਦਿੰਦੀਆਂ। ਦੁਨਿਆਵੀ ਆਲਮੀ ਸ਼ਕਤੀਆਂ ਦੇ ਸ਼ੀਤ ਯੁੱਧ ਨੂੰ ਘਰ ਵਿੱਚ ਸੱਸ ਨੂੰਹ ਪਰਿਭਾਸ਼ਿਤ ਕਰਦੀਆਂ ਹਨ। ਬਹੁਤੇ ਘਰਾਂ ਵਿੱਚ ਬਿਨਾਂ ਮੌਕਿਆਂ ਅਤੇ ਮੁੱਦਿਆ ਤੋਂ ਰਹਿਤ ਹੀ ਸ਼ੀਤ ਯੁੱਧ ਚੱਲਦਾ ਰਹਿੰਦਾ ਹੈ। ਸੱਸ ਨੂੰਹ ਹੀ ਅਸਲ ਵਿੱਚ ਇਸਦਾ ਕਿਰਦਾਰ ਨਿਭਾਉਂਦੀਆਂ ਹਨ। ਹਾਂ, ਇੱਕ ਗੱਲ ਹੋਰ ਹੈ ਜੇ ਕੀਤੇ ਸੱਸ ਨਿੰਮ ਅਤੇ ਨਣਦ ਕਰੇਲਾ ਹੋ ਨਿਬੜੇ ਫੇਰ ਯੁੱਧ ਸ਼ੀਤ ਦੀ ਬਜਾਏ ਭਾਂਬੜ ਮਚਾ ਦਿੰਦਾ ਹੈ। ਸੱਸ ਦਾ ਆਮ ਸੁਭਾਅ ਹੋ ਜਾਂਦਾ ਹੈ ਕਿ ਉਹ ਭੁੱਲ ਜਾਂਦੀ ਹੈ ਕਿ ਉਹ ਵੀ ਕਦੇ ਬਹੂ ਸੀ। ਕਾਰਨ ਇਸ ਪਿੱਛੇ ਡੂੰਘੇ ਅਧਿਆਨ ਦਾ ਵਿਸ਼ਾ ਹੈ ਕਿ ਜੋ ਮਿਲਿਆ ਓਹੀ ਦੇਵਾਂ ਦੇ ਸਿਧਾਂਤ ਅਨੁਸਾਰ ਸੱਸ ਨੂੰ ਜੋ ਉਸਦੀ ਸੱਸ ਨੇ ਦਿੱਤਾ ਓਹੀ ਆਪਣੀ ਬਹੂ ਨੂੰ ਦੇਣ ਦੀ ਕੋਸ਼ਿਸ਼ ਕਰਦੀਆਂ ਹਨ। ਕਈ ਨੂੰਹਾਂ ਸੱਸ ਦੀ ਮਾਰ ਝੱਲਦੀਆਂ ਹੀ ਸੋਚਣ ਲੱਗ ਪੈਂਦੀਆਂ ਹਨ ਕਿ ਆਪਣੀ ਬਹੂ ਨਾਲ ਵੀ ਇਸੇ ਤਰ੍ਹਾਂ ਕਰਨਗੀਆਂ। ਇਸੇ ਲਈ ਸੱਸ ਨੂੰਹ ਦਾ ਰਿਸ਼ਤਾ ਖੱਟਾਸ ਅਤੇ ਗੈਰ ਸੱਭਿਅਕ ਦਾ ਪਰਛਾਵਾਂ ਪਾਉਂਦਾ ਹੈ। ਘਰਵਾਲਾ ਵੀ ਮਾਂ ਅਤੇ ਘਰਵਾਲਿਆ ਦੇ ਪਿਛੇ ਲੱਗ ਕੇ ਉਹਨਾਂ ਦੀ ਬੋਲੀ ਬੋਲਣ ਲਈ ਮਜਬੂਰ ਹੋ ਜਾਂਦਾ ਹੈ। ਘਰਵਾਲੀ ਦਾ ਪੱਖ ਘੱਟ ਹੀ ਲੈਂਦਾ ਹੈ। ਮਾਂ ਦੀ ਬੋਲੀ ਬੋਲਣਾ ਉਸਦੀ ਆਦਤ ਹੀ ਬਣ ਜਾਂਦੀ ਹੈ। ਇਸੇ ਲਈ ਕਹਾਵਤ ਵੀ ਸੀ, "ਲਾਈ ਲੱਗ ਨਾ ਹੋਵੇ ਕਿਸੇ ਦਾ ਘਰਵਾਲਾ ਚੰਦਰਾ ਗਵਾਂਢ ਨਾ ਹੋਵੇ।"



**ਅਤੀਤ ਤੋਂ ਵਰਤਮਾਨ ਤੱਕ ਸਾਡੇ ਸਮਾਜ ਵਿੱਚ ਸੱਸ ਅਤੇ ਨੂੰਹ ਦੀ ਜੋੜੀ ਮਜਬੂਰੀ ਅਤੇ ਆਦਤ ਵੱਸ ਸਮਾਜੀ ਸ਼ੀਤ ਯੁੱਧ ਦੇ ਪ੍ਰਤੀਕ ਵੱਜੋਂ ਜਾਣੀਆਂ ਜਾਂਦੀਆਂ ਹਨ। ਸਮਾਜੀ ਸ਼ੀਤ ਯੁੱਧ ਦੇ ਤੌਰ ਤਰੀਕੇ ਬਦਲੇ ਪਰ ਨਿਸ਼ਾਨਾ ਇੱਕੋ ਰਿਹਾ। ਔਰਤ ਹੀ ਔਰਤ ਦੀ ਦੁਸ਼ਮਣ ਹੈ। ਸੱਸ ਨੂੰਹ ਦੇ ਸ਼ੀਤ ਯੁੱਧ ਵਿੱਚੋਂ ਹੀ ਭਰੂਣ ਹੱਤਿਆ ਉਪਜੀ ਸੀ। ਸਮਾਜ ਵਿੱਚ ਅੰਦਰ ਖਾਤੇ ਇਹ ਚੱਲਦਾ ਰਿਹਾ ਹੈ ਕਿ ਦੋਵੇਂ ਇੱਕ ਦੂਜੇ ਨੂੰ ਜਾਣਦੀਆਂ ਹੋਈਆ ਅਣਜਾਣ ਹੋ ਜਾਂਦੀਆਂ ਹਨ। ਸੱਸ ਨੂੰਹ ਨੂੰ ਸਮਝਣਾ ਚਾਹੀਦਾ ਹੈ ਕਿ ਦੋਵਾਂ ਦੀ ਨੈਤਿਕਤਾ ਇੱਕ ਦੂਜੇ ਨੂੰ ਸਮਝਣ ਵਿੱਚ ਹੀ ਛੁਪੀ ਹੋਈ ਹੈ। ਸੱਸ ਨੂੰਹ ਦਾ ਕੇਂਦਰ ਬਿੰਦੂ ਘਰਵਾਲਾ ਹੁੰਦਾ ਹੈ। ਮਾਂ ਸੁੱਕੇ ਪਾਉਂਦੀ ਸੀ ਪਰ ਘਰਵਾਲੀ ਦਾ ਨਿਤ ਦਿਨ ਦਾ ਸਬਰ ਸੰਤੋਖ ਦੇਖੋ ਤਾਂ ਦੋਵੇਂ ਇੱਕ ਸਿੱਕੇ ਦੇ ਦੋ ਪਹਿਲੂ ਹਨ। ਸਾਡੀ ਸੱਭਿਅਤਾ ਦੇ ਵਿਕਾਸ ਨਾਲ ਸੱਸ ਨੂੰਹ ਦੇ ਰਿਸ਼ਤੇ ਵਿੱਚ ਸੱਭਿਆਚਾਰਕ ਵੰਨਗੀਆਂ ਰਚੀਆਂ ਗਈਆਂ। ਸੱਸ ਨੂੰਹ ਦੇ ਸ਼ੀਤ ਯੁੱਧ ਨੂੰ ਇੱਥੋਂ ਤੱਕ ਵੀ ਲਿਆਂਦਾ ਗਿਆ ਕਿ ਸਮਾਜ ਇਸਨੂੰ ਪ੍ਰਵਾਨ ਹੀ ਕਰ ਲਵੇ। ਪਰ ਸੱਸ ਨੂੰਹ ਤੋਂ ਬਿਨਾਂ ਸਮਾਜ ਅਧੂਰਾ ਹੈ। ਜੇ ਦੋਵਾਂ ਵਿੱਚ ਸਹੀ ਜੋੜ ਹੋਵੇ ਤਾਂ ਵੱਖਰਾ ਸਵਰਗ ਬਣ ਜਾਂਦਾ ਹੈ। ਜੇ ਦੋਵਾਂ ਵਿੱਚ ਹੀ ਜੋੜ ਨਹੀਂ ਤਾਂ ਇਸ ਤੋਂ ਵੱਧ ਹੋਰ ਨਰਕ ਦੀ ਲੋੜ ਹੈ ਨੀਂ। ਪੰਜਾਬ ਦੀ ਕੋਇਲ ਅਤੇ ਸੱਭਿਆਚਾਰ ਦੀ ਸ਼ਿੰਗਾਰ ਸੁਰਿੰਦਰ ਕੌਰ ਗਾਣਾ ਗਾ ਕੇ ਸੱਸ ਨੂੰਹ ਦੇ ਰਿਸ਼ਤੇ ਨੂੰ ਸੱਭਿਅਤਾ ਦੀ ਚਾਦਰ ਵਿੱਚ ਵਲੇਟ ਦਿੱਤਾ ਸੀ।**

ਅਤੀਤ ਤੋਂ ਵਰਤਮਾਨ ਤੱਕ ਸਾਡੇ ਸਮਾਜ ਵਿੱਚ ਸੱਸ ਅਤੇ ਨੂੰਹ ਦੀ ਜੋੜੀ ਮਜਬੂਰੀ ਅਤੇ ਆਦਤ ਵੱਸ ਸਮਾਜੀ ਸ਼ੀਤ ਯੁੱਧ ਦੇ ਪ੍ਰਤੀਕ ਵੱਜੋਂ ਜਾਣੀਆਂ ਜਾਂਦੀਆਂ ਹਨ। ਸਮਾਜੀ ਸ਼ੀਤ ਯੁੱਧ ਦੇ ਤੌਰ ਤਰੀਕੇ ਬਦਲੇ ਪਰ ਨਿਸ਼ਾਨਾ ਇੱਕੋ ਰਿਹਾ। ਔਰਤ ਹੀ ਔਰਤ ਦੀ ਦੁਸ਼ਮਣ ਹੈ। ਸੱਸ ਨੂੰਹ ਦੇ ਸ਼ੀਤ ਯੁੱਧ ਵਿੱਚੋਂ ਹੀ ਭਰੂਣ ਹੱਤਿਆ ਉਪਜੀ ਸੀ। ਸਮਾਜ ਵਿੱਚ ਅੰਦਰ ਖਾਤੇ ਇਹ ਚੱਲਦਾ ਰਿਹਾ ਹੈ ਕਿ ਦੋਵੇਂ ਇੱਕ ਦੂਜੇ ਨੂੰ ਜਾਣਦੀਆਂ ਹੋਈਆ ਅਣਜਾਣ ਹੋ ਜਾਂਦੀਆਂ ਹਨ। ਸੱਸ ਨੂੰਹ ਨੂੰ ਸਮਝਣਾ ਚਾਹੀਦਾ ਹੈ ਕਿ ਦੋਵਾਂ ਦੀ ਨੈਤਿਕਤਾ ਇੱਕ ਦੂਜੇ ਨੂੰ ਸਮਝਣ ਵਿੱਚ ਹੀ ਛੁਪੀ ਹੋਈ ਹੈ। ਸੱਸ ਨੂੰਹ ਦਾ ਕੇਂਦਰ ਬਿੰਦੂ ਘਰਵਾਲਾ ਹੁੰਦਾ ਹੈ। ਮਾਂ ਸੁੱਕੇ ਪਾਉਂਦੀ ਸੀ ਪਰ ਘਰਵਾਲੀ ਦਾ ਨਿਤ ਦਿਨ ਦਾ ਸਬਰ ਸੰਤੋਖ ਦੇਖੋ ਤਾਂ ਦੋਵੇਂ ਇੱਕ ਸਿੱਕੇ ਦੇ ਦੋ ਪਹਿਲੂ ਹਨ। ਸਾਡੀ ਸੱਭਿਅਤਾ ਦੇ ਵਿਕਾਸ ਨਾਲ ਸੱਸ ਨੂੰਹ ਦੇ ਰਿਸ਼ਤੇ ਵਿੱਚ ਸੱਭਿਆਚਾਰਕ ਵੰਨਗੀਆਂ ਰਚੀਆਂ ਗਈਆਂ। ਸੱਸ ਨੂੰਹ ਦੇ ਸ਼ੀਤ ਯੁੱਧ ਨੂੰ ਇੱਥੋਂ ਤੱਕ ਵੀ ਲਿਆਂਦਾ ਗਿਆ ਕਿ ਸਮਾਜ ਇਸਨੂੰ ਪ੍ਰਵਾਨ ਹੀ ਕਰ ਲਵੇ। ਪਰ ਸੱਸ ਨੂੰਹ ਤੋਂ ਬਿਨਾਂ ਸਮਾਜ ਅਧੂਰਾ ਹੈ। ਜੇ ਦੋਵਾਂ ਵਿੱਚ ਸਹੀ ਜੋੜ ਹੋਵੇ ਤਾਂ ਵੱਖਰਾ ਸਵਰਗ ਬਣ ਜਾਂਦਾ ਹੈ। ਜੇ ਦੋਵਾਂ ਵਿੱਚ ਹੀ ਜੋੜ ਨਹੀਂ ਤਾਂ ਇਸ ਤੋਂ ਵੱਧ ਹੋਰ ਨਰਕ ਦੀ ਲੋੜ ਹੈ ਨੀਂ। ਪੰਜਾਬ ਦੀ ਕੋਇਲ ਅਤੇ ਸੱਭਿਆਚਾਰ ਦੀ ਸ਼ਿੰਗਾਰ ਸੁਰਿੰਦਰ ਕੌਰ ਗਾਣਾ ਗਾ ਕੇ ਸੱਸ ਨੂੰਹ ਦੇ ਰਿਸ਼ਤੇ ਨੂੰ ਸੱਭਿਅਤਾ ਦੀ ਚਾਦਰ ਵਿੱਚ ਵਲੇਟ ਦਿੱਤਾ ਸੀ।

"ਸੱਸਾਂ ਦੇਵਣ ਮੱਤਾਂ ਉਮਰ ਸੰਵਾਰਨ ਲਈ" ਜੇ ਨੂੰਹ ਇਸ ਪੰਗਤੀ ਨੂੰ ਪੱਲੇ ਬੰਨ ਲਵੇ ਤਾਂ ਖਟਾਸ ਮਿੱਟ ਸਕਦਾ ਹੈ। ਕਈ ਸੱਸ ਹੋਣ ਦਾ ਰੁਤਬਾ ਹਜ਼ਮ ਨਹੀਂ ਕਰ ਸਕਦੀਆਂ ਸੱਸ ਬਣਦੀ ਸਾਰ ਹੀ ਸਿਆਣਪ ਨੂੰ ਦਿਮਾਗੋਂ ਬਾਹਰ ਕੱਢ ਦਿੰਦੀਆਂ ਹਨ।

"ਲਾ ਕੇ ਗੱਲ ਕਰਨੀ" ਸ਼ੀਤ ਯੁੱਧ ਦਾ ਦੂਜਾ ਨਾਂ ਹੈ। ਪਿੰਡਾਂ ਦੀ ਸਾਦੀ ਭਾਸ਼ਾ ਵਿੱਚ ਲਾ ਕੇ ਗੱਲ ਕਰਨੀ ਹੀ ਦੋਵਾਂ ਵਿਚਕਾਰ ਸ਼ੀਤ ਯੁੱਧ ਦੀ ਕੜੀ ਹੈ। ਸਵੇਰੇ ਉੱਠਦੀ ਸਾਰ ਸੱਸ ਮੱਝ ਨੂੰ ਡੰਡੇ ਮਾਰ ਕੇ ਉਠਾਉਂਦੀ ਹੋਈ ਕਹਿੰਦੀ ਹੈ, "ਉੱਠ, ਉੱਠ ਜਾ ਕੁਪੱਤੀਏ ਤੈਨੂੰ ਦਿਖਦਾ ਨੀਂ ਦਿਨ ਚੜ੍ਹ ਆਇਆ" ਨਾ ਹੀ ਮੱਝ ਭਾਸ਼ਾ ਸਮਝਦੀ ਹੈ ਨਾ ਹੀ ਸੱਸ ਉਸਨੂੰ ਸੁਣਾਉਂਣਾ ਚਾਹੁੰਦੀ ਹੈ। ਇਹ ਤਾਂ ਜਿਸਨੇ ਜਿਸਨੂੰ ਕਿਹਾ ਓਹੀ ਸਮਝ ਰਹੀਆਂ ਹਨ। ਇਹਨਾਂ ਗੱਲਾਂ ਨੂੰ ਇਹਨਾਂ ਦੋਹਾਂ ਤੋਂ ਇਲਾਵਾ ਕਈ ਵਾਰ ਬੈਠਦੇ ਸੁਣਦੇ ਵੀ ਨਹੀਂ ਸਮਝ ਸਕਦੇ। ਇੱਕ ਨੂੰਹ ਦਾਜ ਵਿੱਚ ਭਾਂਡੇ ਨਹੀ ਲਿਆਈ ਇਸਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਮੂਹਰੇ ਘਰ ਵਿੱਚ ਭਾਂਡੇ ਆਮ ਹੀ ਹੁੰਦੇ ਹਨ। ਪਰ ਸੱਸ ਤਾਂ ਸੱਸ ਹੀ ਹੁੰਦੀ ਹੈ। ਭਲਾ ਤਜ਼ਰਬਾ ਵੀ ਹੁੰਦਾ ਹੈ। ਨਵੀਂ ਨੂੰਹ ਦੇ ਨਵੇਂ ਰਿਸ਼ਤੇਦਾਰ ਆ ਗਏ ਸੱਸ ਨੇ ਕਿਹਾ, "ਲਿਆ ਬਹੂ ਆਪਣੇ ਨਵੇਂ ਗਲਾਸ ਇਹਨਾਂ ਨਵੇਂ ਰਿਸ਼ਤੇਦਾਰਾਂ ਨੂੰ ਪਾਣੀ ਦੇਣਾ ਹੈ" ਨੂੰਹ ਸੁਣ ਕੇ ਹੱਕੀ ਬੱਕੀ ਰਹਿ ਗਈ। ਨੂੰਹ ਦੇ ਜੀਵਨ ਦਾ ਇਹ ਪਹਿਲਾ ਅਧਿਆਇ ਸ਼ੁਰੂ ਹੋ ਗਿਆ ਸੀ। ਹੁਣ ਨੂੰਹ ਨੂੰ ਸੱਸ ਦਾ ਅਹਿਸਾਸ ਹੋ ਚੁੱਕਾ ਸੀ। ਬਹੂ ਸੌਣ ਲੱਗਦੀ ਹੈ ਕਿ ਭਾਂਡੇ ਸਵੇਰੇ ਮਾਂਜ ਲਵਾਂਗੀ ਸੱਸ ਉੱਚੀ ਉੱਚੀ ਖੜਕਾ ਕੇ ਭਾਂਡੇ ਮਾਂਜਣੇ ਸ਼ੁਰੂ ਕਰ ਦਿੰਦੀ ਹੈ। ਇਹ ਵੀ ਸ਼ੀਤ ਯੁੱਧ ਦਾ ਬਾਣ ਹੀ ਹੈ। ਸਮਾਜ ਦੀਆਂ ਇਹਨਾਂ ਦੋਵਾਂ ਮਹਾ ਸ਼ਕਤੀਆਂ ਦੇ ਸ਼ੀਤ ਯੁੱਧ ਨੂੰ ਬੁੱਧੀਮਾਨਾਂ ਨੇ ਪਰਖਿਆ ਪੜਚੋਲਿਆ ਪਰ ਅੰਤ ਨਹੀਂ ਪਿਆ। ਨੂੰਹ ਜਿਸਨੂੰ ਮਾਪਿਆਂ ਨੇ ਲਾਡਲੀ ਰੱਖਿਆ ਹੁੰਦਾ ਹੈ ਸਹੁਰੇ ਘਰ ਜਾ ਕੇ ਸ਼ਖਤੀ ਨੇ ਨੂੰਹ ਨੂੰ ਇਉਂ ਗੁਣਗੁਣਾਉਂਣ ਲਈ ਮਜ਼ਬੂਰ ਕੀਤਾ :-

"ਅੱਗੋਂ ਸੱਸ ਬਘਿਆੜੀ ਟੱਕਰੀ,
ਮਾਪਿਆਂ ਨੇ ਰੱਖੀ ਲਾਡਲੀ"

ਦਿਨ ਦਿਹਾੜੇ, ਰੀਤੀ ਰਿਵਾਜ ਅਤੇ ਹੋਰ ਮੌਕਿਆਂ ਤੇ ਨੂੰਹ ਦੇ ਘਰ ਤੋਂ ਕੋਈ ਨਾ ਆਵੇ ਤਾਂ ਸੱਸ ਸ਼ੀਤ ਯੁੱਧ ਦੀ ਟਕੋਰ ਕਰ ਦਿੰਦੀ ਹੈ:-

"ਬਹੁਤਿਆਂ ਭਰਾਵਾਂ ਵਾਲੀਏ
ਤੈਨੂੰ ਲੈਣ ਕੋਈ ਨਾ ਆਵੇ"

ਗੱਲਾਂ ਦਿਲ ਦਿਮਾਗ ਵਿੱਚ ਹੋਰ ਹੁੰਦੀਆਂ ਹਨ ਪਰ ਸ਼ੀਤ ਯੁੱਧ ਨਾਲ ਭੜਾਸ ਨਿਕਲਦੀ ਰਹਿੰਦੀ ਹੈ। ਜੇ ਭਰਾ ਦੀ ਮਹਿਮਾਨ ਨਿਵਾਜੀ ਘੱਟ ਹੋਵੇ ਤਾਂ ਨੂੰਹ ਝੱਟ ਸੁਣਾ ਦਿੰਦੀ ਹੈ :-

"ਸੱਸੇ ਤੇਰੀ ਮੱਝ ਮਰ ਜੇ
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ"

ਸ਼ੀਤ ਯੁੱਧ ਦੇ ਇਸ ਬੋਲੀ ਰਾਂਹੀ ਨੂੰਹ ਨੂੰ ਮਾੜਾ ਵੀ ਦੱਸਿਆ ਹੈ। ਜੇ ਮੱਝ ਮਰੀ ਤਾਂ ਨੁਕਸਾਨ ਸੱਸ ਦੇ ਨਾਲ ਨੂੰਹ ਦਾ ਵੀ ਹੁੰਦਾ ਹੈ।

ਆਪਣੇ ਦਿਨਾਂ ਦੌਰਾਨ ਜਬਰੀ ਵਿੱਚ ਕੀਤੀਆਂ ਮਨਮਾਨੀਆਂ ਅਤੇ ਅਰਮਾਨਾਂ ਦੀ ਪੂਰਤੀ ਲਈ ਸੱਸ ਨੂੰਹ ਮੋਠ ਤੇ ਮੋਠ ਨਹੀਂ ਟਿਕਣ ਦਿੰਦੀਆਂ। ਸੱਸ ਖੁੱਲ੍ਹ ਨਹੀਂ ਦਿੰਦੀ ਨੂੰਹ ਝੱਟ ਆਖ ਦਿੰਦੀ ਹੈ :-

"ਸੱਸੇ ਮੇਰੀ ਤੂੰ ਕਰੇ ਤਕੜਾਈਆਂ,
ਆਪਣੇ ਤੂੰ ਦਿਨ ਭੁੱਲ ਗਈ"

ਵਕਤ ਆਣ ਤੇ ਨੂੰਹ ਦੇ ਮੁੰਡਾ ਜਨਮ ਲੈਂਦਾ ਹੈ। ਸੱਸ ਦੇ ਘਰ ਬਾਗ ਨਹੀਂ ਹੁੰਦੇ। ਮੁੰਡਾ ਗੋਦੀ ਵਿੱਚ ਰੋਂਦਾ ਹੈ। ਨੂੰਹ ਇਸੇ ਵਿਸ਼ੇ ਵਿੱਚ ਝੱਟ ਬੋਲੀ ਤਸ਼ਰੀਫ ਲੈ ਕੇ ਆਉਂਦੀ ਹੈ:-

"ਮੁੰਡਾ ਰੋਵੇ, ਮੁੰਡਾ ਰੋਵੇ ਅੰਬੀਆਂ ਨੂੰ,
ਕਿਤੇ ਬਾਗ ਨਜ਼ਰ ਨਾ ਆਵੇ, ਨਾ ਰੋ ਨਾ ਰੋ
ਕੰਜਰਾਂ ਦੇਆ ਤੇਰੇ ਮਾਮਿਆਂ ਦੇ ਬਾਗ ਬਥੇਰੇ"

ਸੱਸ ਦੇ ਜਿਆਦਾ ਨੋਕ ਝੋਕ ਕਰਨ ਤੇ ਜਿਆਦਾ ਦੁੱਖੀ ਹੋਈ ਨੂੰਹ ਸਿਰੇ ਤੇ ਗੰਢ ਮਾਰ ਦਿੰਦੀ ਹੈ :-

"ਸੁਥਣੇ ਸੱਤ ਰੰਗੀਏ
ਤੈਨੂੰ ਸੱਸ ਮਰੀ ਤੇ ਪਾਵਾਂ"

ਦੋਵੇਂ ਸਮਾਜਿਕ ਸ਼ਕਤੀਆਂ ਦਾ ਸ਼ੀਤ ਯੁੱਧ ਅਤੀਤ ਤੋਂ ਵਰਤਮਾਨ ਤੱਕ ਬਦਲੇ ਲਹਜਿਆ ਅਨੁਸਾਰ ਜਾਰੀ ਹੈ। ਇਹਨਾਂ ਦੀਆਂ ਟਕੋਰਾਂ ਨੂੰ ਅਸਿੱਧੇ ਰੂਪ ਵਿੱਚ ਸਮਾਜ ਨੇ ਪਰਵਾਨ ਕਰ ਲਿਆ ਹੈ। ਰੁਸਿਆਂ ਨੂੰ ਮਨਾਉਣ ਲਈ ਸਮਾਜ ਵਿੱਚ ਹਰ ਬੰਦਾ ਕਹਿ ਦਿੰਦਾ ਹੈ ਸੱਸ ਨੂੰਹ ਦੀ ਕਾਹਦੀ ਲੜ੍ਹਾਈ? ਇਹ ਤਾਂ ਮੁੱਢੋਂ ਚੱਲੀ ਆਉਂਦੀ ਹੈ। ਜਿੱਥੇ ਦੋ ਭਾਂਡੇ ਉਹ ਖੜਕਦੇ ਹੀ ਹਨ। ਸੱਸ ਨੂੰਹ ਦੇ ਰਿਸ਼ਤੇ ਨੂੰ ਮਨ ਵਿੱਚ ਵਸਾਉਣਾ ਚਾਹੀਦਾ ਹੈ ਕਿ ਉਸ ਸੋਚ ਨਾਲ ਅੱਗੇ ਨਾ ਵਧੀਏ ਜੋ ਮੁੱਢ ਕਦੀਮੋਂ ਮਨ ਵਿੱਚ ਵਸੀ ਹੋਈ ਹੈ। ਜੇ ਕਿਤੇ ਸ਼ੀਤ ਯੁੱਧ ਅਸਲ ਯੁੱਧ ਵਿੱਚ ਪ੍ਰਵੇਸ਼ ਕਰ ਲਵੇ ਤਾਂ ਸਮਾਜਿਕ ਭਾਂਬੜ ਮਚ ਜਾਂਦਾ ਹੈ ਇਸ ਨਾਲ ਸਮਾਜਿਕ ਪਾੜਾ ਵੱਧ ਕੇ ਅਸੰਤੁਲਿਨ ਪੈਦਾ ਹੁੰਦਾ ਹੈ ਸਮਾਜ ਵਿੱਚ ਇਨ੍ਹਾਂ ਦੋ ਸ਼ਕਤੀਆਂ ਦਾ ਸ਼ੀਤ ਯੁੱਧ ਸਮਾਪਤ ਹੋ ਜਾਵੇ ਤਾਂ ਘਰ ਪਰਿਵਾਰ ਹੋਰ ਵੀ ਖੁਸ਼ਹਾਲ ਹੋ ਜਾਂਦਾ ਹੈ।

# "Restoring Sikh Glory: A Call for Unity, Vision, and Action"

**IQBAL SINGH LALPURA**
**9780003333**



To understand the concept of Sikhism, there are only two explanations. One, Ang 462: Guru Nanak changed a human being into an angel in a fraction of a second. The angels are the saviours and benefactors for human beings and are the messengers of God. Sri Guru Gobind Singh further improved them by giving Amrit and making them the soldiers of God's Army: "Khalsa Akal Purakh ki Fauj." Guru Ji also told Bhai Nand Lal Ji that they may rule the world from east to west, however, with a rider that they must keep their identity given by the Guru—meaning, follow the philosophy of Guru Sahiban: a ritual-free religion with a definite way to light one's inner lamp by following the teachings of Sri Guru Granth Sahib and serving society. To live an honourable life and die fighting on the battlefield, if the situation demands. Politics is not untouchable, but the king must be kind and brave—Baba Banda Singh Bahadur and Maharaja Ranjit Singh being examples of the "Halemi Raj" concept of the Guru.

While fighting for justice, equality, and freedom, the rulers of the time tried to destroy Sikhs by killing every visible Sikh in their kingdoms. The first and second Holocausts or Ghallugharas of 1746 and 1762 AD, and the destruction of Sri Harmandir Sahib, are examples. However, the Sikhs remained unfazed and bounced back by capturing the kingdoms of Lahore and Delhi. The Khalsa Misls also ruled the Tarai area up to Kanpur.

After the death of Maharaja Ranjit Singh, the situation changed for the Sikh community. Sikhs not only lost power, but also the momentum for propagation of their religion. Now, instead of killing Sikhs, the British started converting kings like Maharaja Duleep Singh and Raja Harnam Singh Ahluwalia to Christianity and diluting the golden principles of Sikhism.

In the next hundred years up to 1947, Sikhs only won the battle to take control of Gurdwara management from pro-British Mahants. However, the war to promote Sikh education, employment, and religious propagation was never started. Since independence, the situation has remained the same, with the only exception being that, by exploiting the sentiments of the community, a group of individuals enjoyed political power in the state and at the national level. Dharam Yudh Morcha, from July 1982 to June 1984, was another attempt to grab political power in Punjab.

The Indian Army entered Sri Harmandir Sahib to flush out militants on 3rd June 1984, and Operation Blue Star was completed on 6th June 1984. There were a large number of casualties on both sides, and Sri Akal Takhat was damaged. Since then, every year, these deaths are commemorated at Sri Akal Takhat Sahib. There has always been confrontation within Sikh leadership from various groups, and special police bandobast is made to maintain law and order. During Operation Blue Star, the President of India was a Sikh, with Sikh ministers in the Union Cabinet, but none were able to avoid this military action or bring the government and Akali agitators to the negotiation table. Not only that, the majority of the army, police officers, and bureaucrats involved were Sikh. They also were not able to find a non-violent way to save the situation.

Top Sikh achievers in society never joined to appeal for peace. A group of politicians created a situation in which the Sikhs suffered, and the exploitation is still continuing. Thus, community gain or loss needs discussion, debate, and a strategy to recover from the loss and bring the community back to the center stage of peace and prosperity. Have we ever done it?

After the completion of 41 years, what has the community achieved? Have the demands for which Dharam Yudh Morcha was started in July 1982 been fulfilled? Have those innocent people who suffered injuries or death during the operation been compensated? What is the overall political, economic, social, and religious achievement of this peaceful agitation turned violent?

In the past Ghallugharas, the Sikh community under Sardar Jassa Singh Ahluwalia captured the kingdom of Delhi. What has been the gain to the Sikh community in democratic India, in the State of Punjab, and elsewhere? Historical events are celebrated or commemorated to analyze the past and plan for the future.

In history, other communities have also suffered but recovered to become world powers. The Jewish and Japanese communities have demonstrated remarkable resilience in the face of unimaginable trauma. Despite the horrors of the Holocaust and the atomic bombings of Hiroshima and Nagasaki, these nations have not only rebuilt but thrived, becoming global leaders in various fields. In contrast, the Sikh community continues to grapple with the aftermath of Operation Blue Star in 1984, struggling to find unity and a clear path forward.

Guru directed politics to work under the hammer of religion, not vice versa. The Gurdwara Parbandhak Committees, true to their nomenclature, are managing only the Gurdwaras. There is no shortage of money: the annual budget of Shiromani Gurdwara Parbandhak Committee, Amritsar, is ? 1,300 crore plus; Delhi ?100 crore plus; the same is the case with donations by Sikhs in Haryana, Patna, Hazur Sahib, and thousands of Gurdwaras worldwide, which may amount to thousands of crores. However, in the absence of a clear vision, this is not used to promote and preach Sikh religion or Sikh education. No economic activity has been created with this money to promote employment for Sikh youth and the community at large.

The institution of Panj Pyare is supreme. Past Sikh heroes like Baba Deep Singh and Akali Phoola Singh were warriors—not merely priests performing rituals. These heads of institutions, who are being paid, should devote time to preaching Sikh tenets.

The Jewish community's ability to bounce back can be attributed to their strong sense of unity and mission. Despite being dispersed across the globe, Jews have maintained a strong cultural and religious identity, which has enabled them to preserve their heritage and contribute significantly to various fields. Similarly, Japan's post-war economic miracle was driven by a unified vision and strategic planning, allowing the country to rapidly rebuild and become a global economic powerhouse.

Both the Jewish and Japanese communities have demonstrated exceptional planning and strategic vision. They have invested heavily in education, innovation, and entrepreneurship, creating a strong foundation for economic growth and development. In contrast, the Sikh community's progress has been hindered by internal divisions and a lack of clear direction.

While it's essential to acknowledge and learn from past traumas, dwelling solely on the victim card can hinder progress. To move forward, communities need to identify mistakes, learn from them, and develop a clear plan for the future. This requires a nuanced understanding of the past, a strong sense of unity, and a shared vision for the future.

To succeed, the Sikh community needs to develop a unified vision and strategic plan, focusing on education, innovation, and entrepreneurship. By leveraging their rich cultural heritage and strong community bonds, Sikhs can create a brighter future and make significant contributions to the world. The Jewish and Japanese experiences offer valuable lessons for communities seeking to overcome trauma and achieve success. By emphasizing unity, mission, and planning, communities can build resilience and thrive in the face of adversity. The Sikh community can draw inspiration from these examples, working towards a more unified and prosperous future.

Let us appeal to come out of Gurdwara politics, follow Gurbani and the directions of Guru Sahib to change the future of the Sikh community. This would require the participation and contribution of all selfless achievers in various fields.


# • ਪੰਜਾਬੀ ਫ਼ਿਲਮ ਦਰਪਣ •

## ਤਿੰਨ ਮੁਟਿਆਰਾਂ ਮਨੋਰੰਜਨ ਸੰਸਾਰ ਦੀਆਂ ਸਰਕਾਰਾਂ ਕੌਰ ਸਿੰਮੀ ਤੇ ਜਯੋਤੀ ਅਰੋੜਾ/ਪ੍ਰਵੀਨ ਅਖ਼ਤਰ



ਇਸ ਵੇਲੇ ਪੰਜਾਬੀ ਮਨੋਰੰਜਨ ਦੁਨੀਆਂ ਵਿੱਚ ਇਹ ਤਿੰਨ ਔਰਤ ਚਿਹਰੇ ਖ਼ੂਬ ਚਰਚਿਤ ਹਨ। ਸੁਰਮੇ ਵਾਲੀ ਅੱਖ, ਸੁਨਹਿਰੀ ਵਾਲ ਤੇ ਚਮਕਦਾ ਚਿਹਰਾ ਕੌਰ ਸਿੰਮੀ ਜਿਸ ਕੋਲ ਸੁਰ ਵੀ ਏ ਤੇ ਅਦਾ ਵੀ ਤੇ ਗਾਇਕਾ ਬਣ ਕੌਰ ਸਿੰਮੀ ਦੀ ਸ਼ਾਵਾ ਸਿੰਮੀਏ ਬੱਲੇ ਸਿੰਮੀਏ ਹੈ, ਫ਼ਿਲਮਾਂ ਤੱਕ ਪਹੁੰਚੇਗੀ। ਕਾਲੀ ਜਾਲੀ ਵਾਲੀ ਟੋਪੀ ਪਤਲਾ ਚਿਹਰਾ ਗੋਰਾ ਮੁੱਖ ਤੇ ਹੋਠਾਂ ਨਾਲ ਨੱਚਦੀਆਂ ਅੱਖਾਂ ਜਯੋਤੀ ਅਰੋੜਾ ਟੀਵੀ ਐਂਕਰ, ਮਾਡਲ ਤੇ "ਕੁੜੀਆਂ ਪੰਜਾਬ ਦੀਆਂ" ਦੀ ਨਾਇਕਾ ਬਾਲੀਵੁੱਡ ਜਾਏਗੀ। ਇਹ ਅਤਿ ਆਧੁਨਿਕ ਲੱਗਦੀ ਟੋਪ ਵ੍ਹਾਈਟ ਸ਼ਰਟ ਵਾਲੀ ਪਰਵੀਨ ਅਖ਼ਤਰ ਅੱਜ ਕਲ ਯੂ ਐਸ ਏ ਫ਼ਿਲਮ ਸ਼ੋ ਕਰ ਰਹੀ ਹੈ। ਯੋਗਰਾਜ ਸਿੰਘ ਕਾਫੀ ਪੰਜਾਬੀ ਫ਼ਿਲਮਾਂ ਕਰ ਚੁੱਕੀ ਪ੍ਰਵੀਨ ਅਖ਼ਤਰ ਗੁਰੂ ਘਰ ਦੀ ਸ਼ਰਧਾਵਾਨ ਹੈ। ਗੱਲ ਮੁੱਕਦੀ ਤੇ ਢੁੱਕਦੀ ਇਹ ਕਿ ਤਿੰਨ ਨਾਰਾਂ, ਹੁਸਨ ਦੀਆਂ ਸਰਕਾਰਾਂ ਕਰਨ ਫਿਲਮੀ ਕਾਰ ਵਿਹਾਰ, ਇੱਕ ਕੌਰ ਸਿੰਮੀ ਫ਼ਿਲਮ ਲਈ ਤਿਆਰ। ਜਯੋਤੀ ਅਰੋੜਾ ਕੰਮ ਜਿਆਦਾ ਆਰਾਮ ਥੋੜ੍ਹਾ ਤੇ ਅਖ਼ਤਰ ਪ੍ਰਵੀਨ ਐਕਟਿੰਗ ਮਸ਼ੀਨ ਜੈ ਹੋ।

## ਸਿਮਰਨ ਢਿੱਲੋਂ ਦਿਨ ਅੱਛੇ ਆ ਰਹੇ ਨੇ "ਡੋਂਟ ਵਰੀ"




ਹਰਸਿਮਰਨ ਢਿੱਲੋਂ ਨੇ ਹੁਣ ਸਿਮਰਨ ਢਿੱਲੋਂ ਨਾਮ ਤੇ ਆਪਣੇ ਨਾਮ ਨੂੰ ਸਟਾਰ ਕਲਾਕਾਰਾਂ ਵਿੱਚ ਸ਼ਾਮਿਲ ਕਰਨ ਵਾਸਤੇ ਬੈਕ ਟੂ ਬੈਕ ਦਿੱਤੇ ਨੇ ਟਰੈਕ। ਹੁਣ ਦਯਾ ਰਿਕਾਰਡਜ਼ ਨੇ ਇਸ ਆਵਾਜ਼ ਤੇ ਦਯਾ ਕੀਤੀ ਤੇ ਇੱਕ ਬੀਟ ਗੀਤ "ਡੋਂਟ ਵਰੀ" ਰਲੀਜ਼ ਕਰਨਾ ਹੈ। ਸੁੱਖ ਬੱਲ ਨੇ ਸੁੱਖ ਨਾਲ ਐਤਕੀਂ ਗੀਤ ਐਸਾ ਰਚਿਆ ਕਿ ਉਸ ਆਖਿਆ ਸਿਮਰਨ ਕੱਲੀ ਆਡੀਓ ਕਰ ਦੇ ਡੋਂਟ ਵਰੀ ਚਲੇਗਾ ਤੇ ਇਸਦਾ ਮਿਊਜ਼ਿਕ ਆਰਿਗ ਮਿਊਜ਼ਿਕ ਨੇ ਦਿੱਤਾ ਹੈ। ਟੌਹਰੀ ਪੱਗ, ਜਵਾਨ ਉਮਰ ਤੇ ਪਿਆਰਾ ਗੀਤ ਨਾਲ ਦਿਲਕਸ਼ ਸੰਗੀਤ "ਡੋਂਟ ਵਰੀ" ਸਿਮਰਨ ਢਿੱਲੋਂ ਗੱਲ ਬਣੂੰ ਬਣੂੰ ਤੇ ਇਸ ਤੋਂ ਪਹਿਲਾਂ ਸਿਮਰਨ ਢਿੱਲੋਂ ਦਾ ਬਲਬੀਰ ਬੀਰਾ, ਸੋਨੂੰ ਸ਼ਾਹ ਹੋਰਾਂ ਨਾਲ ਕਾਲੇਬ ਗੀਤ, ਧਾਰਮਿਕ ਗੀਤ ਤੇ "ਪੈੱਗ ਪਾਰਟੀ" ਆ ਚੁੱਕੇ ਹਨ। ਇਹ ਸਿਲਸਿਲਾ ਜ਼ਾਰੀ ਹੈ ਤੇ ਨਾਲ ਓਹ ਸ਼ੋ ਤੇ ਮੇਲੇ ਲਾ ਰਿਹਾ ਹੈ,ਰਹੀ ਗੱਲ ਨਵੇਂ ਟਰੈਕ ਦੀ ਤਾਂ "ਡੋਂਟ ਵਰੀ" ਸਿਮਰਨ ਢਿੱਲੋਂ ਗੱਲ ਬਣੂੰ ਬਣੂੰ ਲਿਖ ਕੇ ਲੈ ਲਓ।



## ਰਮਨ ਰਮਨ ਹੋਈ ਪਈ ਐ ਕਨੇਡਾ ਵਿੱਚ ਰਮਨ ਗਿੱਲ ਛਾਈ

"ਬ੍ਰਾਂਡੇਡ ਜੱਟੀ" ਕਨੇਡਾ ਵਿੱਚ ਬੱਲੇ ਬੱਲੇ ਲੁੱਟ ਰਹੀ ਹੈ ਤੇ ਇਹ "ਬ੍ਰਾਂਡੇਡ ਜੱਟੀ" ਖ਼ੂਬਸੂਰਤ ਆਵਾਜ਼ ਤੇ ਅੰਦਾਜ਼ ਵਾਲੀ ਰਮਨ ਗਿੱਲ ਹੈ। ਰਮਨ ਦਾ ਟੌਹਰ ਮਾਣ ਨਹੀਂ ਹੈ, ਕਦੇ ਪੰਜਾਬੀ ਸੂਟ ਵਿੱਚ ਪਿਓਰ ਪੰਜਾਬਣ ਲੱਗਦੀ ਸੂ ਤੇ ਕਦੇ ਸ਼ਰਟ ਜ਼ੀਨ ਪਹਿਨ ਕਿ ਵਲੈਤਣ ਜੱਟੀ। ਰਮਨ ਗਿੱਲ ਦੇ ਸ਼ੋ ਕਨੇਡਾ ਜ਼ਾਰੀ ਹਨ। ਲੋਕ ਤੱਥ ਗਾ ਕਿ ਵਿਰਸੇ ਦੀ ਬਾਤ ਪਾਉਂਦੀ ਹੈ ਤੇ ਬੀਟ ਗਾ ਕਿ ਲੋਕ ਨਚਾਉਂਦੀ ਹੈ ਰਮਨ ਗਿੱਲ। "ਵਹਿਮ" ਤੇ "ਢੁਕਰੇ" ਗੀਤਾਂ ਦੇ ਇਲਾਵਾ ਲੋਕ ਬੋਲੀਆਂ ਨਾਲ ਪੰਜਾਬੀਅਤ ਦਾ ਵਿਹੜਾ ਸ਼ਿੰਗਾਰਦੀ ਹੈ ਰਮਨ ਗਿੱਲ। ਰਮਨ ਗਿੱਲ ਨੂੰ ਸਾਲ ਭਰ ਵਿੱਚ ਜਿੰਨਾ ਪਿਆਰ ਸਰੋਤਿਆਂ ਤੇ ਦਰਸ਼ਕਾਂ ਨੇ ਦਿੱਤਾ ਹੈ ਸਾਲ ਭਰ ਹੋਰ ਓਹ ਪੰਜਾਬੀ ਫ਼ਿਲਮਾਂ ਲਈ ਗਾ ਰਹੀ ਹੋਏਗੀ ਤੇ ਪੰਜਾਬੀ ਫ਼ਿਲਮਾਂ ਵਿੱਚ ਐਕਟਿੰਗ ਲਈ ਓਸ ਦਾ ਗੁਲਾਬੀ ਚਿਹਰਾ ਤਿਆਰ ਹੈ। ਰਮਨ ਗਿੱਲ ਆਖੇ ਇਹ ਪੰਜਾਬ ਦੀ ਹੀ ਦੇਣ ਹੈ ਕਿ ਓਹ ਕਨੇਡਾ ਆ ਕਿ ਗਾ ਰਹੀ ਹੈ ਤੇ ਕਨੇਡਾ ਦੇ ਪੰਜਾਬੀਆਂ ਦੀ ਓਹ ਕਰਜ਼ਦਾਰ ਹੈ ਜਿਹਨਾਂ ਓਸ ਨੂੰ ਬਹੁਤ ਬਹੁਤ ਜਿਆਦਾ ਪਿਆਰ ਦਿੱਤਾ ਹੈ। ਸਦਕੇ ਜਾਵਾਂ ਰਮਨ ਦੀ ਮਖ਼ਮਲੀ ਆਵਾਜ਼ ਦੇ ਜਿਸ ਵਿੱਚ ਲੋਕ ਰੰਗ ਦਾ ਮਿਸ਼ਰਨ ਹਰੇਕ ਸੰਗੀਤ ਸੱਜਣ ਸੱਜਣੀ ਨੂੰ ਆਪਣੇ ਵੱਲ ਖਿੱਚਦਾ ਹੈ। ਮੁੱਕਦੀ ਤੇ ਢੁੱਕਦੀ ਗੱਲ ਇਹ ਕਿ ਰਮਨ ਗਿੱਲ ਦਾ ਟੂਰ ਏ ਕਨੇਡਾ ਕਾਮਯਾਬੀ ਦੇ ਵਰਕੇ ਭਰੀ ਜਾ ਰਿਹਾ ਹੈ।



## ਫਰਿਸ਼ਤਾ ਆਖਦੇ ਪਹਿਲਾਂ ਤੋਂ ਜਾਣੂੰ ਹਾਂ ਮੁੱਖ ਮੰਤਰੀ ਸਾਬ ਦਾ

ਸੁਰਿੰਦਰ ਫਰਿਸ਼ਤਾ ਉਰਫ ਘੁੱਲੇ ਸ਼ਾਹ ਸਦਾਬਹਾਰ ਹੈ, ਜਿਸ ਤਰਾਂ ਦੇ 16 ਸਾਲ ਪਹਿਲਾਂ ਸਨ ਓਸ ਤਰਾਂ ਦੇ ਹਨ। ਫਰਿਸ਼ਤਾ ਨੂੰ ਇੱਕ ਵੱਡੇ ਸਮਾਗਮ ਵਿੱਚ ਵੱਡਾ ਸਨਮਾਨ ਦੇਣ ਵੇਲੇ ਨਿਰਮਲ ਜੌੜਾ ਤੇ ਅੱਜ ਦੇ ਸਾਡੇ ਸੀ ਐਮ ਸਾਬ ਭਗਵੰਤ ਮਾਨ ਮੌਜੂਦ ਸਨ। ਮਾਨ ਵੀ ਕਮੇਡੀ ਕਰਦੇ ਸਨ ਤੇ ਫਰਿਸ਼ਤਾ ਵੀ, ਦੋਵਾਂ ਵਿਚਕਾਰ ਪ੍ਰੇਮ ਵਧਿਆ ਤੇ ਅੱਜ ਫਰਿਸ਼ਤਾ ਸਾਬ ਨੂੰ ਮੁੱਖ ਮੰਤਰੀ ਨੇ ਸੰਯੁਕਤ ਸਕੱਤਰ ਆਪ ਪੰਜਾਬ ਲਾਇਆ ਹੈ ਭਗਵੰਤ ਮਾਨ ਸਾਬ ਸਰਕਾਰ ਚਲਾ ਰਹੇ ਨੇ ਤੇ ਫਰਿਸ਼ਤਾ ਸਟੇਜ ਕਰ ਰਹੇ ਨੇ ਫ਼ਿਲਮ ਵਿੱਚ ਆ ਰਹੇ ਹਨ। ਇੰਟਰਨੈਂਟ ਤੇ ਓਹਨਾਂ ਦਾ ਸੀਰੀਅਲ "ਘੁੱਲੇ ਸ਼ਾਹ ਦੇ ਕਾਰਨਾਮੇ" ਚਰਚਿਤ ਹੋ ਰਿਹਾ ਹੈ ਤੇ ਪੰਜਾਬ ਆਮ ਆਦਮੀ ਪਾਰਟੀ ਦੇ ਸੰਯੁਕਤ ਸਕੱਤਰ ਬਣ ਘੁੱਲੇ ਸ਼ਾਹ ਰਾਜਨੀਤੀ ਵਿੱਚ ਵੀ ਸਰਗਰਮ ਹਨ। ਕਮੇਡੀ ਅੰਦਾਜ਼ ਵਿੱਚ ਆਖਦੇ ਨੇ ਘੁੱਲੇ ਸ਼ਾਹ ਫੋਟੋ ਵੇਖ ਲਓ ਜਵਾਨ ਮਾਨ ਨਾਲ ਘੁੱਲੇ ਸ਼ਾਹ ਤਦ ਵੀ ਇਸ ਤਰਾਂ ਦਾ ਸੀ ਤੇ ਅੱਜ ਵੀ ਇਸ ਤਰਾਂ ਦਾ ਹੈ।



## ਅਮਰਪਾਲ ਦਾ "ਸਰਮਾਇਆ" ਸੁਖਬੀਰ ਭੁੱਲਰ ਤੇ ਟੀਮ ਅਮਰਪਾਲ

ਅਮਰਪਾਲ ਟੋਪ ਵੀਡਿਓ ਡਾਇਰੈਕਟਰ ਨੇ ਤੇ ਫ਼ਿਲਮ ਡਾਇਰੈਕਟਰ ਵੀ ਤੇ ਹੁਣ ਸੁਖਬੀਰ ਭੁੱਲਰ ਨੇ ਆਪਣੇ ਗਾਏ ਗੀਤ "ਸਰਮਾਇਆ" ਨੂੰ ਅਮਰਪਾਲ ਦੀ ਡਾਇਰੈਕਸ਼ਨ ਦਿਵਾਈ ਹੈ।ਅਮਰਪਾਲ ਆਖ ਰਹੇ ਨੇ ਕਿ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਪ੍ਰੀਤ ਨਗਰ ਓਹਨਾਂ ਸ਼ੂਟ ਕੀਤਾ "ਸਰਮਾਇਆ" ਜਿਹੜਾ ਪੰਛੀ ਸਟੂਡੀਓ ਲੁਧਿਆਣਾ ਵਿਖੇ ਰਿਕਾਰਡ ਹੋਇਆ। ਬਾਬਾ ਸ਼ਾਹ ਬਖ਼ਤਿਆਰ ਜੀ ਵਿਲਸਨ ਪ੍ਰੀਤ ਤੇ ਪਰਿਵਾਰ ਤੇ ਬਲਵਿੰਦਰ ਕੁਮਾਰ ਤੇ ਪਰਿਵਾਰ ਇਹ ਸਹਯੋਗੀ ਜਿਹਨਾਂ ਕਾਰਨ ਸੁਖਬੀਰ ਭੁੱਲਰ ਦਾ "ਸਰਮਾਇਆ" ਪੂਰਾ ਹੋਇਆ ਹੈ। ਸੰਦੀਪ, ਗੁਰਬਾਜ ਸਿੰਘ ਤੇ ਸਾਹਿਲ ਵੀਡਿਓ ਵਿੱਚ ਹਨ। ਗਾਵੀ ਸ਼ੇਰਗਿੱਲ, ਫਰਾਂਸਿਸ ਪ੍ਰੀਤ ਮਨਦੀਪ ਤੇ ਹਰਜੀਤ ਕੌਰ ਤੋਂ ਅੱਛੀ ਮਾਡਲਿੰਗ ਅਮਰਪਾਲ ਨੇ ਕਰਵਾ ਕਿ ਸੁਖਬੀਰ ਭੁੱਲਰ ਨੂੰ ਕਹਿ ਦਿੱਤਾ ਹੈ ਕਿ ਆਪਾਂ ਕੋਈ ਕਸਰ ਵੀਡਿਓ ਲਈ ਨਹੀਂ ਰਹਿਣ ਦਿੱਤੀ ਤੇ ਅੱਗੇ ਤੇਰੇ ਭਾਗ ਲੱਛੀ ਏ।

## ਕਿੰਗ ਤੇ ਪਿੰਕੀ ਦੀ ਟੀਵੀ ਜੋੜੀ ਵਿੱਚ ਸਦੀਵੀ ਵਿਛੋੜੇ



ਹਰਿੰਦਰ ਕਿੰਗ ਬਹੁਤ ਪ੍ਰਤਿਭਾ ਵਾਲੇ ਡਾਇਰੈਕਟਰ ਸਨ ਤੇ ਓਹਨਾਂ ਨੇ ਮੁੰਬਈ ਜ਼ੀ. ਟੀਵੀ ਲੀ ਵੀ ਕੰਮ ਕੀਤਾ ਸੀ। ਇਸ ਤੋਂ ਇਲਾਵਾ ਕਈ ਐਡ ਫ਼ਿਲਮਜ਼ ਕਰਨ ਵਾਲੇ ਹਰਿੰਦਰ ਕਿੰਗ ਹਰੇਕ ਦਾ ਵੀਡਿਓ ਵਧੀਆ ਬਣਾ ਕਿ ਦਿੰਦੇ ਸਨ ਚਾਹੇ ਬਜਟ ਘੱਟ ਹੀ ਨਿਰਮਾਤਾ ਕੋਲ ਹੋਏ।

ਹਰਿੰਦਰ ਕਿੰਗ ਅੰਮ੍ਰਿਤਸਰ ਆ ਕਿ ਦੂਰਦਰਸ਼ਨ ਜਲੰਧਰ ਨਾਲ ਜੁੜ ਗਏ। ਇਥੇ ਹੀ ਕਿੰਗ ਨੇ ਦੂਰਦਰਸ਼ਨ ਤੇ ਡੀ ਡੀ ਪੰਜਾਬੀ ਲਈ ਨਿੱਜੀ ਵਰਾਇਟੀ ਪ੍ਰੋਗਰਾਮ ਲਿਆ ਤੇ ਹਰ ਤਰਾਂ ਨਾਲ ਇਸ ਨੂੰ ਮਨੋਰੰਜਨ ਭਰਪੂਰ ਬਣਾਉਣ ਦੇ ਯਤਨ ਕੀਤੇ। ਹਰਜਿੰਦਰ ਪਿੰਕੀ ਨੇ ਹਰਿੰਦਰ ਕਿੰਗ ਦੇ ਸ਼ੋ ਲਈ ਵਿਗਿਆਪਨ ਵਿਭਾਗ ਸੰਭਾਲਿਆ ਤੇ ਓਹ ਅੱਛੀ ਮਾਰਕੀਟਿੰਗ ਕਰਦੇ ਰਹੇ।

ਇੱਕ ਤਰਾਂ ਨਾਲ ਹਰਿੰਦਰ ਕਿੰਗ ਕਾਮਯਾਬ ਨਿਰਦੇਸ਼ਕ ਹਰਜਿੰਦਰ ਪਿੰਕੀ ਦੇ ਸਹਿਯੋਗ ਨਾਲ ਬਣ ਵਿਚਰਦੇ ਰਹੇ। ਅਚਾਨਕ ਓਹਨਾਂ ਦਾ ਦੁਨੀਆਂ ਤੋਂ ਅਕਾਲ ਚਲਾਣਾ ਹੋਣ ਤੇ ਪਿੰਕੀ ਦੀਆਂ ਬਹੁਤ ਸਾਰੀਆਂ ਰੀਝਾਂ ਵਿਚਾਲੇ ਰਹਿ ਗਈਆਂ ਹਨ।

ਹਰਿੰਦਰ ਕਿੰਗ ਸਾਬ ਤੇ ਪਿੰਕੀ ਦੀ ਜੋੜੀ ਵਿੱਚ ਰੱਬੀ ਵਿਛੋੜਾ ਜਿੱਤ ਗਿਆ। ਟੀਵੀ ਤੇ ਫਿਲਮੀ ਦੁਨੀਆਂ ਨੇ ਹਰਿੰਦਰ ਕਿੰਗ ਨੂੰ ਸ਼ਰਧਾ ਫੁੱਲ ਅਰਪਿਤ ਕਰਦਿਆਂ ਪਿੰਕੀ ਨਾਲ ਹਮਦਰਦੀ ਪ੍ਰਗਟਾਈ ਹੈ।

**-ਅੰਮ੍ਰਿਤ ਪਵਾਰ**

# ਪ੍ਰਕਾਸ਼ ਦਿਹਾੜਾ, ਗੁਰੂ ਹਰਿਗੋਬਿੰਦ ਸਾਹਿਬ ਜੀ

ਸਰਵਜੀਤ ਸਿੰਘ ਸੈਕਰਾਮੈਂਟੋ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਗਏ, ਚੰਦਰ-ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ, ਸਾਲ ਦੀ ਲੰਬਾਈ 365.2563 ਦਿਨ) ਕੈਲੰਡਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਹਾੜ ਵਦੀ 1, 30 ਜੇਠ, 12 ਜੂਨ ਦਰਜ ਹੈ। ਪਿਛਲੇ ਸਾਲ (556 ਨ: ਸ:) ਦੇ ਕੈਲੰਡਰ ਵਿੱਚ ਇਹ ਦਿਹਾੜਾ 9 ਹਾੜ, 22 ਜੂਨ ਦਾ ਦਰਜ ਸੀ। (ਯਾਦ ਰਹੇ ਕਮੇਟੀ ਨੇ ਆਪਣੇ ਕੈਲੰਡਰ ਵਿੱਚ ਵਦੀਆਂ-ਸੁਦੀਆਂ, ਇਸ ਸਾਲ ਹੀ ਦਰਜ ਕੀਤੀਆਂ ਹਨ) ਇਥੇ ਪ੍ਰਵਿਸ਼ਟਿਆਂ ਅਤੇ ਤਾਰੀਖਾਂ ਦੇ ਅੰਤਰ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਚੰਦ ਦੇ ਕੈਲੰਡਰ ਮੁਤਾਬਕ, ਹਾੜ ਵਦੀ 1 ਨੂੰ ਮਨਾਉਂਦੀ ਹੈ।

ਹੈਰਾਨੀ ਹੋਈ ਜਦੋਂ ਸ਼੍ਰੋਮਣੀ ਕਮੇਟੀ ਦੀ ਵੈੱਬ ਸਾਈਟ ਵੇਖੀ ਤਾਂ ਉਥੇ ਇਹ ਹਾੜ ਵਦੀ 7, 21 ਹਾੜ ਦਰਜ ਹੈ। "Sri Guru Hargobind Sahib ji was born at village Guru ki Wadali (district Amritsar) on Harh Vadi 7 (21 Harh) Samvat 1652 (19 th June 1595)". (sgpc.net) ਇਨ੍ਹਾਂ ਦੋਵਾਂ ਤਾਰੀਖਾਂ ਵਿੱਚ ਇਕ ਹਫ਼ਤੇ ਦਾ ਫ਼ਰਕ ਹੋਣ ਕਾਰਨ, ਅਸੀਂ ਦਾਵੇ ਨਾਲ ਕਹਿ ਸਕਦੇ ਹਾਂ ਕਿ ਇਹ ਦੋਵੇਂ ਤਾਰੀਖਾਂ ਸਹੀ ਨਹੀਂ ਹੋ ਸਕਦੀਆਂ। ਆਓ ਵੇਖੀਏ ਕਿ ਸਹੀ ਤਾਰੀਖ ਕਿਹੜੀ ਹੈ ?

ਸ਼੍ਰੋਮਣੀ ਕਮੇਟੀ ਦੀ ਵੈੱਬ ਸਾਈਟ ਉੱਪਰ ਦਰਜ ਤਾਰੀਖ, ਹਾੜ ਵਦੀ 7, 21 ਹਾੜ ਸੰਮਤ 1652 ਬਿਕ੍ਰਮੀ (19 ਜੂਨ 1595 ਈ: ਜੂਲੀਅਨ, ਵੀਰਵਾਰ) ਦਰਜ ਹੈ। ਜੇ ਕਮੇਟੀ ਦੇ ਕੈਲੰਡਰ ਮੁਤਾਬਕ ਵੇਖੀਏ ਤਾਂ ਇਹ, ਹਾੜ ਵਦੀ 1, 14 ਹਾੜ ਸੰਮਤ 1652 ਬਿਕ੍ਰਮੀ (12 ਜੂਨ 1595 ਈ: ਜੂਲੀਅਨ) ਦਿਨ ਵੀਰਵਾਰ ਬਣਦੀ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਲੱਖਾਂ ਦੀ ਗਿਣਤੀ ਵਿੱਚ ਛਾਪੀ ਜਾ ਚੁੱਕੀ, ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਪੁਸਤਕ "ਗੁਰਮਤਿ ਗਿਆਨ-ਦਰਜਾ ਦੂਜਾ" ਦੇ ਕਰਤਾ ਡਾ ਇੰਦਰਜੀਤ ਸਿੰਘ ਗੋਗੋਆਣੀ ਲਿਖਦੇ ਹਨ, "ਪ੍ਰਕਾਸ਼:- 19 ਜੂਨ 1595 ਈ" (ਪੰਨਾ 8) ਹੁਣ ਜੇ ਇਸ ਅੰਗਰੇਜੀ ਤਾਰੀਖ ਨੂੰ ਬਿਕ੍ਰਮੀ ਕੈਲੰਡਰ ਵਿੱਚ ਬਦਲੀ ਕਰੀਏ ਤਾਂ ਇਹ, ਹਾੜ ਵਦੀ 7, 21 ਹਾੜ ਸੰਮਤ 1652 ਬਿਕ੍ਰਮੀ ਹੀ ਬਣਦੀ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਹੀ ਛਾਪੀ ਗਈ, 'ਸ਼੍ਰੀ ਗੁਰੂ ਹਰਿਗੋਬੰਦ ਸਾਹਿਬ ਜੀ' (ਡਾ ਜੋਧ ਸਿੰਘ) ਵਿੱਚ ਵੀ 21 ਹਾੜ ਹੀ ਦਰਜ ਹੈ। "ਵਡਾਲੀ ਵਿਖੇ ਹੀ ਸੰਮਤ 1652 (1595 ਈ:) ਦੇ ਇੱਕੀ ਹਾੜ ਨੂੰ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ"। (ਪੰਨਾ 6)

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹੀ ਛਾਪੀ ਗਈ ਇਕ ਹੋਰ ਪੁਸਤਕ, "ਸਿੱਖ ਇਤਿਹਾਸ' (ਪ੍ਰੋ: ਕਰਤਾਰ ਸਿੰਘ) ਵਿੱਚ ਵੀ 'ਹਾੜ ਵਦੀ 7, 21 ਹਾੜ ਸੰਮਤ 1652, ਮੁਤਾਬਕ 19 ਜੂਨ ਸੰਨ 1595" (ਪੰਨਾ 223) ਹੀ ਦਰਜ ਹੈ।

'History And Philosophy of the Sikh Religion' ਕਰਤਾ ਖਜਾਨ ਸਿੰਘ ਵੀ ਇਸੇ ਤਾਰੀਖ ਨਾਲ ਸਹਿਮਤ ਹੈ। "Guru Arjan had only one son, Hargobind. He was born on 21st har Sambat 1652 (June 1595A.D.) at vadali in Amritsar District. (Page 126)

"ਹਰਿਗੋਬਿੰਦ, ਗੁਰੂ (1595-1644): ਗੁਰੂ ਨਾਨਕ ਦੇਵ ਤੋਂ ਪਿੱਛੋਂ ਅਧਿਆਤਮਿਕ ਪੀੜ੍ਹੀ ਵਿਚੋਂ ਛੇਵੇਂ ਗੁਰੂ ਨੇ ਗੁਰੂ ਅਰਜਨ ਦੇਵ ਅਤੇ ਮਾਤਾ ਗੰਗਾ ਜੀ ਦੇ ਘਰ ਅੰਮ੍ਰਿਤਸਰ ਦੇ ਨੇੜੇ ਵਡਾਲੀ ਵਿਖੇ ਜਿਸ ਨੂੰ ਹੁਣ ਗੁਰੂ ਕੀ ਵਡਾਲੀ ਕਹਿੰਦੇ ਹਨ, ਹਾੜ੍ਹ ਵਦੀ 7, 1652 ਬਿਕਰਮੀ/19 ਜੂਨ 1595 ਈ. ਨੂੰ ਜਨਮ ਲਿਆ ਸੀ। (ਸਿੱਖ ਧਰਮ ਵਿਸ਼ਵਕੋਸ਼, ਪਬਲੀਕੇਸ਼ਨ ਬਿਊਰੋ)

ਕਵੀ ਸੰਤੋਖ ਸਿੰਘ ਵੀ 21 ਹਾੜ ਸੰਮਤ 1652 ਬਿ: ਹੀ ਲਿਖ ਰਿਹਾ ਹੈ। ਪਰ ਕਵੀ ਜੀ ਵੱਲੋਂ ਲਿਖਿਆ ਨਛੱਤਰ 'ਪੁੱਖ' ਸਹੀ ਨਹੀਂ ਹੈ। ਇਹ ਅੱਠਵਾਂ ਨਛੱਤਰ ਹੈ ਜਦੋਂ ਕਿ 21 ਹਾੜ, ਹਾੜ ਵਦੀ 7 ( ਜੂਨ 19) ਨੂੰ ਛਬੀਵਾਂ ਨਛੱਤਰ 'ਉਤ੍ਰਾ ਭਾਦ੍ਰਪਦ' ਸੀ।

"ਸੰਮਤ ਸੋਲਹਿ ਸੈ ਅਰੁ ਬਾਵਨ ਹਾੜ ਇਕਸਵੀ ਕੋ ਦਿਨ ਸੋਊ।

ਜਾਮਨੀ ਆਧਿ ਬਿਤੀਤਿ ਭਈ ਜਬਿ ਪੁੱਖ ਨਿਚੱਤ ਸਮੋਂ ਤਬਿ ਹੋਊ।"

(ਰਾਸ 3 ਅਧਿਆਇ 4)

ਡਾ ਹਰਜਿੰਦਰ ਸਿੰਘ ਦਿਲਗੀਰ, ਭੱਟ ਵਹੀ 'ਮੁਲਤਾਨੀ ਸਿੰਧੀ' ਦੇ ਹਵਾਲੇ ਨਾਲ ਲਿਖਦੇ ਹਨ, " ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਮਾਤਾ ਗੰਗਾ ਜੀ ਦੀ ਕੁਖ ਤੋਂ ਗੁਰੂ ਅਰਜਨ ਸਾਹਿਬ ਦੇ ਘਰ 19 ਜੂਨ 1590 ਦੇ ਦਿਨ ਵਡਾਲੀ, ਨੇੜੇ ਛੇਹਰਟਾ ਸਾਹਿਬ (ਅੰਮ੍ਰਿਤਸਰ) ਵਿੱਚ ਹੋਇਆ"। ਇਥੇ ਤਾਰੀਖ ਤਾਂ '19 ਗੁਰੂ ਹਰਿਗੋਬੰਦ ਮਾਹ', (21 ਹਾੜ) ਹੀ ਲਿਖਦੇ ਹਨ ਪਰ ਸਾਲ 1590 ਈ: ਲਿਖਦੇ ਹਨ। ਜਦੋਂ ਕਿ ਅਸਲ ਲਿਖਤ ਵਿੱਚ "ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਹਾੜ ਦਿਹੁੰ ਇਕੀਸ ਗਿਆ" (19 ਜੂਨ 1690 ਈ) ਦਰਜ ਹੈ। "ਇਸ ਇੰਦਰਾਜ ਤੋਂ ਸਾਫ਼ ਪਤਾ ਲਗਦਾ ਹੈ ਕਿ ਗੁਰੂ ਜੀ ਦਾ ਜਨਮ ਬਿਕਰਮੀ ਸੰਮਤ 1747, ਯਾਨਿ 1690 ਵਿੱਚ ਹੋਇਆ ਸੀ" । (ਪੰਨਾ 225)

ਡਾ ਸੁਖਦਿਆਲ ਸਿੰਘ ਜੀ ਵੀ, ਇਸੇ ਭੱਟ ਵਹੀ ਦੇ ਹਵਾਲੇ ਨਾਲ ਲਿਖਦੇ ਹਨ, " ਗੁਰੂ ਹਰਿਗੋਬੰਦ ਸਾਹਿਬ ਜੀ ਦਾ ਜਨਮ ਪ੍ਰਚਲਿਤ ਰਵਾਇਤ ਅਨੁਸਾਰ 9 ਜੂਨ 1595 ਈ: ਨੂੰ ਹੋਇਆ ਮੰਨਿਆ ਜਾਂਦਾ ਹੈ। ਆਧੁਨਿਕ ਸਿਖ ਇਤਿਹਾਸਕਾਰ ਵੀ ਇਸੇ ਤਿਥੀ ਨੂੰ ਅਪਨਾ ਕੇ ਚਲਦੇ ਹਨ ਪਰ ਭੱਟ ਵਹੀ ਵਿੱਚ ਗੁਰੂ ਜੀ ਦਾ ਜਨਮ ਇੱਕੀ ਹਾੜ ਸੰਮਤ ਸਤਾਰਾਂ ਸੌ ਸੰਤਾਲੀ ਬਿ. ਮੁਤਾਬਕ ਜੁਲਾਈ-ਅਗਸਤ, 1690 ਈ. ਵਿੱਚ ਹੋਇਆ ਦੱਸਿਆ ਗਿਆ ਹੈ।... ਇਨਾਂ ਦੋਹਾਂ ਮਿਤੀਆਂ ਵਿੱਚ ਛੇ ਪੰਜ ਸਾਲ ਦਾ ਫ਼ਰਕ ਹੈ। ਭੱਟ ਵਹੀਆਂ ਵਿੱਚ ਦਿੱਤੀਆਂ ਗਈਆਂ ਮਿਤੀਆਂ ਆਮ ਤੌਰ 'ਤੇ ਸਾਡੇ ਇਤਿਹਾਸਕਾਰਾਂ ਵੱਲੋਂ ਠੀਕ ਹੀ ਮੰਨੀਆਂ ਗਈਆਂ ਹਨ। ਅਗਲੀ ਕੋਈ ਹੋਰ ਭਰੋਸੇ ਯੋਗ ਗਵਾਹੀ ਮਿਲਣ ਦੀ ਉਡੀਕ ਵਿੱਚ ਇਸ ਬਾਰੇ ਫੈਸਲਾ ਖੁੱਲਾ ਰੱਖਦੇ ਹਾਂ"। (ਗੁਰੂ ਹਰਿਗੋਬਿੰਦ ਸਾਹਿਬ ਜੀਵਨ, ਯੁੱਧ ਅਤੇ ਯਾਤਰਾਵਾਂ, ਪਹਿਲੀ ਵਾਰ 1998, ਪੰਨਾ 15) ।

ਇਥੇ 9 ਜੂਨ ਛਪਿਆ ਵੇਖ ਕੇ ਸੋਚਿਆ ਕਿ ਇਹ ਗਲਤੀ ਨਾਲ 19 ਜੂਨ ਦੀ ਬਿਜਾਏ 9 ਜੂਨ ਛਪ ਗਿਆ ਹੋਵੇਗਾ। ਪਰ ਹੈਰਾਨੀ ਹੋਈ ਜਦੋਂ ਡਾ ਸੁਖਦਿਆਲ ਸਿੰਘ ਦੀ ਦੋ ਹੋਰ ਲਿਖਤਾਂ, 'ਸ਼ਿਰੋਮਣੀ ਸਿੱਖ ਇਤਿਹਾਸ' ( ਪੰਨਾ 146, 2010 ਈ) ਅਤੇ 'ਪੰਜਾਬ ਦਾ ਇਤਿਹਾਸ' (ਪੰਨਾ 116, 2012 ਈ:) ਵੇਖੀਆਂ। ਇਨ੍ਹਾਂ ਦੋਵਾਂ ਕਿਤਾਬਾਂ ਵਿੱਚ 9 ਜੂਨ ਅਤੇ ਸਾਲ ਬਾਰੇ ਫੈਸਲਾ ਭਰੋਸੇ ਯੋਗ ਗਵਾਹੀ ਮਿਲਣ ਦੀ ਉਡੀਕ ਵਿੱਚ ਖੁੱਲਾ ਛੱਡਿਆ ਹੋਇਆ ਹੈ। ਪਹਿਲੀ ਕਿਤਾਬ 1998 ਵਿੱਚ ਛਪੀ ਸੀ ਅਤੇ ਤੀਜੀ 2010 ਈ: , ਭਾਵ 12 ਸਾਲਾਂ ਪਿਛੋਂ ਵੀ ਤਾਰੀਖ ਅਤੇ ਸਾਲ ਬਾਰੇ ਫੈਸਲਾ ਭਵਿੱਖ ਵਿੱਚ ਮਿਲਣ ਵਾਲੀ "ਭਰੋਸੇ ਯੋਗ ਗਵਾਹੀ" ਦੀ ਉਡੀਕ ਵਿੱਚ ਖੁੱਲਾ ਛੱਡਿਆ ਹੋਇਆ ਹੈ। ਉਂਝ ਕਿਤਾਬਾਂ ਦੇ ਅਖੀਰ ਤੇ ਸਾਰੀ ਲਾਇਬਰੇਰੀ ਦੀਆਂ ਕਿਤਾਬਾਂ ਦੀ ਸੂਚੀ ਛਾਪੀ ਹੋਈ ਹੈ। ਜੇ 21ਵੀਂ ਸਦੀ ਦੇ ਵਿਦਵਾਨਾਂ ਦਾ ਇਹ ਹਾਲ ਹੈ ਤਾਂ ਸਤ੍ਹਾਰਵੀਂ-ਅਠਾਰਵੀਂ ਸਦੀ ਦੇ ਲੇਖਕਾਂ ਦਾ ਕੀ ਦੋਸ਼ ?

"ਗੁਰਮਤਿ ਰਹਿਤ ਮਰਯਾਦਾ" ਵਿੱਚ ਗਿਆਨੀ ਗੁਰਬਚਨ ਸਿੰਘ ਭਿੰਡਰ ਕਲਾਂ ਲਿਖਦੇ ਹਨ, "ਅਵਤਾਰ ਧਾਰਨ ਸੰਮਤ:- 1652 ਬਿ: ਹਾੜ ਵਦੀ ਏਕਮ, ਦਿਨ ਐਤਵਾਰ, ਪੁੰਨਿਆ ਦੀ ਰਾਤ ਸੀ, 6 ਜੂਨ 1595 ਈ: ਪੁੱਖ ਨਛੱਤਰ ਸੰਗਰਾਂਦੀ 21 ਹਾੜ" (ਪੰਨਾ 37)

ਇਸ ਕਿਤਾਬ ਵਿੱਚ ਦਰਜ ਹੋਰ ਬਹੁਤੀਆਂ ਤਾਰੀਖਾਂ ਵਾਂਗੂੰ, ਇਹ ਤਾਰੀਖ ਵੀ ਗੋਲ ਮਾਲ ਹੀ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਪ੍ਰਵਿਸ਼ਟਾ ਇਥੇ ਵੀ 21 ਹਾੜ ਹੀ ਹੈ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ, ਚੇਤ ਸੁਦੀ ਪੰਚਮੀ, ਸੰਮਤ 1695 ਬਿ:, 28 ਮਾਰਚ 1638 ਈ: ਅਤੇ ਕੁਲ ਉਮਰ 42 ਬਰਸ ਨੌਂ ਮਹੀਨੇ ਉਨੀ ਦਿਨ ਦਰਜ ਹੈ ਜੋ ਕਿ ਮੰਨਣ ਯੋਗ ਨਹੀ ਹੈ।

'ਬੰਸਾਵਲੀਨਾਮਾ' ਦਾ ਕਰਤਾ, ਕੇਸਰ ਸਿੰਘ ਛਿੱਬਰ (ਸੰਪਾਦਕ ਪਿਆਰਾ ਸਿੰਘ ਪਦਮ) ਪ੍ਰਵਿਸ਼ਟਾ ਤਾਂ 21 ਹਾੜ ਹੀ ਲਿਖਦਾ ਹੈ ਪਰ ਸੰਮਤ ਇਹ ਵੀ 1647 ਲਿਖਦਾ ਹੈ। ਸਾਹਿਬ ਗੁਰੂ ਹਰਿਗੋਬਿੰਦ ਜੀ ਜਨਮੇ ਵਡਾਲੀ। ਸੰਮਤੁ ਸੋਲਾਂ ਸੈ ਗਏ ਸੈਂਤਾਲੀ। ਹਾੜ ਮਾਸ ਦਿਨ ਬੀਤੇ ਇੱਕੀ ਮਾਤਾ ਗੰਗਾ ਜੀ ਦੇ ਉਦਰੋਂ ਜਨਮ ਪਤ੍ਰੀ ਦਿਜ ਲਿਖੀ। (ਪੰਨਾ 86) ਪਰ ਇਸ ਵੱਲੋਂ ਲਿਖੀ ਗਈ ਕੁਲ ਉਮਰ 48 ਸਾਲ ਸਾਡੀ ਸਮੱਸਿਆ ਨੂੰ ਹਲ ਕਰਨ ਵਿੱਚ ਸਹਾਈ ਹੁੰਦੀ ਹੈ। "ਅਠਤਾਲੀ ਬਰਸ ਕੀ ਆਉਧ ਗੁਜਾਰੀ" (ਪੰਨਾ 102)

ਹੁਣ ਜੇ ਇਸ ਦੇ ਹਿਸਾਬ ਕਿਤਾਬ ਦੀਆਂ ਕੜੀਆਂ ਮੇਲੀਏ ਤਾਂ ਤਸਵੀਰ ਕਾਫੀ ਸਾਫ ਹੋ ਜਾਂਦੀ ਹੈ। ਗੁਰੂ ਜੀ ਜੋਤੀ ਜੋਤਿ ਸਮਾਉਣ ਦੀ ਤਾਰੀਖ, 6 ਚੇਤ, ਚੇਤ ਸੁਦੀ 5 ਸੰਮਤ 1701 ਬਿਕ੍ਰਮੀ (3 ਮਾਰਚ 1644 ਈ: ਜੂਲੀਅਨ) ਦਿਨ ਐਤਵਾਰ, ਬਾਰੇ ਕੋਈ ਮੱਤ-ਭੇਦ ਨਹੀ ਹੈ। ਕੁਲ ਉਮਰ 48 ਸਾਲ ਦੇ ਹਿਸਾਬ ਨਾਲ ਵੇਖੀਏ ਤਾਂ ਗੁਰੂ ਜੀ ਦੀ ਜਨਮ ਤਾਰੀਖ 21 ਹਾੜ ਸੰਮਤ 1652 ਸਹੀ ਬਣਦੀ ਹੈ।

ਗਿਆਨੀ ਗਿਆਨ ਸਿੰਘ, ਇਕ ਥਾਂ ਗੁਰੂ ਜੀ ਦਾ ਜਨਮ ਤਾਰੀਖ, ਹਾੜ ਵਦੀ 1, ਸੰਮਤ 1652 ਬਿਕ੍ਰਮੀ, ਅਤੇ ਦੂਜੀ ਥਾਂ ਹਾੜ ਸੁਦੀ 2, ਕੁਲ ਉਮਰ 48 ਸਾਲ 9 ਮਹੀਨੇ 4 ਦਿਨ ਲਿਖਦੇ ਹਨ। "ਏਹ ਗੁਰੂ ਸੰਮਤ 1652 ਬਿਕ੍ਰਮੀ ਹਾੜ ਸੁਦੀ 2 ਨੂੰ ਪ੍ਰਗਟ ਹੋ ਕੇ, 10 ਬਰਸ 11 ਮਹੀਨੇ ਇੱਕ ਦਿਨ ਦੀ ਉਮਰ ਵਿੱਚ ਗੱਦੀ ਬੈਠ ਕਰ, 31 ਸਾਲ 10 ਮਹੀਨੇ ਤਿੰਨ ਦਿਨ ਗੁਰਿਆਈ ਕਰ ਕੇ, 48 ਵਰ੍ਹੇ 9 ਮਹੀਨੇ 4 ਦਿਨ ਸਾਰੀ ਉਮਰ ਭੋਗ ਕੇ, ਚੇਤਰ ਸੁਦੀ 5 ਸ਼ੁਕ੍ਰਵਾਰ 9 ਘੜੀ ਰਾਤੀ ਰਹੀ, ਸੰਮਤ 1701 ਬਿਕ੍ਰਮੀ ਤੇ ਸਾਲ 174 ਨਾਨਕਸ਼ਾਹੀ ਨੂੰ ਚੋਲਾ ਛੱਡ ਕੇ ਸੱਚਖੰਡ ਗੁਰਪੁਰ ਵਿੱਚ ਜਾ ਬਸੇ"। (ਤਵਾਰੀਖ਼ ਗੁਰੂ ਖਾਲਸਾ ਪਾ:6)

ਸਿਖ ਇਤਿਹਾਸ ਰੀਸਰਚ ਬੋਰਡ ਵੱਲੋਂ ਛਾਪੀ ਗਈ 1965-66 ਦੀ ਡਾਇਰੀ ਵਿੱਚ, ਗੁਰੂ ਜੀ ਪ੍ਰਕਾਸ਼ ਦਿਹਾੜੇ ਦੀ ਤਾਰੀਖ 21 ਹਾੜ 1652 ਸੰਮਤ (14 ਜੂਨ 1595 ਅ.ਧ.) ਦਰਜ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੀ ਗਈ ਖਾਲਸਾ ਡਾਇਰੀ 1975-76 ਈ: ਵਿੱਚ , "ਹਾੜ ਵਦੀ 7, ਹਾੜ ਪ੍ਰਵਿਸ਼ਟੇ 21 ਸੰਮਤ 1652 ਬਿ:, 19 ਜੂਨ, ਸੰਨ 1594 ਈ: ਦਿਨ ਵੀਰਵਾਰ ਦਰਜ ਹੈ। ਸ਼੍ਰੋਮਣੀ ਡਾਇਰੀ 1991 ਵਿੱਚ, "ਹਾੜ ਵਦੀ 6, ਸੰਮਤ 1652 ਬਿ:, 14 ਜੂਨ, ਸੰਨ 1595 ਈ: ਦਰਜ ਹੈ।

ਸ਼੍ਰੋਮਣੀ ਡਾਇਰੀ 1992 ਵਿੱਚ, "ਹਾੜ ਵਦੀ 1, ਸੰਮਤ 1652 ਬਿ:, 19 ਜੂਨ, ਸੰਨ 1595 ਈ: ਦਰਜ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ 1998 ਈ: ਵਿੱਚ ਛਾਪੀ ਗਈ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਡਾ ਅਮਰਜੀਤ ਸਿੰਘ ਵੱਲੋਂ ਸੰਪਾਦਨ ਕੀਤੀ ਗਈ 'ਗੁਰਬਿਲਾਸ ਪਾਤਸ਼ਾਹੀ 6' ਮੁਤਾਬਕ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 21 ਹਾੜ ਸੰਮਤ 1652 ਬਿਕ੍ਰਮੀ ਨੂੰ ਹੀ ਹੋਇਆਂ ਸੀ। ਸੰਮਤ ਸੋਰਹ ਸੈ ਸੁ ਬਵੰਜਾ ਹਾੜ ਇੱਕੀ ਨਿਸਿ ਆਧੀ ਮੰਝਾ। (ਪੰਨਾ 19)

ਉਪ੍ਰੋਕਤ ਖੋਜ-ਪੜਤਾਲ ਤੋਂ ਸਹਿਜੇ ਹੀ ਇਸ ਨਤੀਜੇ ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 21 ਹਾੜ, ਹਾੜ ਵਦੀ 7 ਸੰਮਤ 1652 ਬਿ: ਦਿਨ ਵੀਰਵਾਰ ਨੂੰ ਹੋਇਆ ਸੀ। ਜਦੋਂ ਇਸ ਨੂੰ ਅੰਗਰੇਜੀ ਕੈਲੰਡਰ ਵਿੱਚ ਬਦਲਿਆ ਗਿਆ ਤਾਂ ਇਹ 19 ਜੂਨ 1595 ਈ: (ਜੂਲੀਅਨ) ਲਿਖੀ ਗਈ। ਨਾਨਕਸ਼ਾਹੀ ਕੈਲੰਡਰ ਵਿੱਚ ਇਹ ਦਿਹਾੜਾ 21 ਹਾੜ ਦਾ ਹੀ ਦਰਜ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਹੈ ਕਿ ਜੇ ਇਹ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਦਰਜ ਕਰਨ ਦੀ ਬਿਜਾਏ ਵਦੀ-ਸੁਦੀ ਮੁਤਾਬਕ ਦਰਜ ਕਰਨਾ ਤੁਹਾਡੀ ਕੋਈ ਮਜ਼ਬੂਰੀ ਹੈ ਤਾਂ ਘੱਟੋ-ਘੱਟ ਆਪਣੇ ਕੈਲੰਡਰ ਵਿੱਚ ਤਿੱਥ (ਹਾੜ ਵਦੀ 7) ਤਾਂ ਸਹੀ ਛਾਪੋ।

# ਕਦੋਂ ਆਏਗਾ ਬਦਲਾਅ ?

**ਗੁਰਮੀਤ ਸਿੰਘ ਪਲਾਹੀ**
9815802070



ਵਿਕਸਿਤ ਦੇਸ਼ਾਂ ਦੇ ਹੁਕਮਰਾਨ ਇਹ ਜਾਣਦੇ ਹਨ ਕਿ ਜਦ ਤੱਕ ਆਮ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਸਹੂਲਤਾਂ ਦੇਣ ਦਾ ਕੰਮ ਇਮਾਨਦਾਰੀ ਨਾਲ ਪੂਰਾ ਨਹੀਂ ਹੁੰਦਾ, ਬਾਕੀ ਸੇਵਾਵਾਂ ਦਾ ਕੋਈ ਅਰਥ ਹੀ ਨਹੀਂ। ਸਾਡੇ ਦੇਸ਼ 'ਚ ਹਵਾਈ ਅੱਡੇ, ਬੰਦਰਗਾਹਾਂ, ਹਾਈਵੇ ਤੇਜ਼ੀ ਨਾਲ ਆਧੁਨਿਕ ਬਣਾਏ ਜਾ ਰਹੇ ਹਨ ਪਰ ਆਮ ਲੋਕਾਂ ਨੂੰ ਉਸਦਾ ਕੀ ਫਾਇਦਾ ਹੈ? ਉਹਨਾ ਹਾਲਾਤਾਂ ਵਿੱਚ ਜਦੋਂ ਕਿ ਦੇਸ਼ 'ਚ ਬੁਨਿਆਦੀ ਸਹੂਲਤਾਂ ਦਾ ਬੁਰਾ ਹਾਲ ਰਹਿੰਦਾ ਹੈ! ਜਦੋਂ ਅਸੀਂ ਆਜ਼ਾਦੀ ਦਾ "ਅਮ੍ਰਿਤਕਾਲ" ਮਨਾ ਰਹੇ ਹਾਂ, 75 ਵਰ੍ਹੇ ਪੂਰੇ ਕਰਕੇ, ਪਰ ਆਮ ਲੋਕ ਪਾਣੀ ਲਈ ਵੀ ਤਰਸਦੇ ਹਨ।

ਪਿੱਛੇ ਜਿਹੇ ਕਰੋਨਾ ਕਾਲ 'ਚ ਆਮ ਲੋਕਾਂ ਨੇ ਜੋ ਭੁਗਤਿਆ, ਦਵਾਈਆਂ ਖੁਣੋਂ ਤਾਂ ਮਰੇ ਹੀ, ਮਰਨ ਉਪਰੰਤ ਲਾਸ਼ਾਂ ਜਲਾਉਣ ਦੀ ਥਾਂ, ਦਰਿਆ ਬੁਰਦ ਕਰਨੀਆਂ ਪਈਆਂ। ਆਮ ਲੋਕਾਂ ਨੂੰ ਹਸਪਤਾਲਾਂ 'ਚ ਆਕਸੀਜਨ ਨਹੀਂ ਮਿਲੀ। ਕੀ ਇਹ ਸ਼ਰਮਨਾਕ ਨਹੀਂ ਸੀ?

ਹੁਣੇ ਜਿਹੇ ਇੱਕ ਘਟਨਾ ਬਿਹਾਰ 'ਚ ਵਾਪਰੀ ਹੈ। ਪਟਨਾ ਦੇ ਸਰਕਾਰੀ ਹਸਪਤਾਲ ਦੇ ਬਾਹਰ ਬੁਰੀ ਤਰ੍ਹਾਂ ਜ਼ਖ਼ਮੀ ਇੱਕ 10 ਵਰ੍ਹਿਆਂ ਦੀ ਲੜਕੀ ਪੁੱਜੀ, ਉਹ ਹਸਪਤਾਲ ਦੇ ਬਾਹਰ ਘੰਟਿਆਂ ਬੱਧੀ ਪਈ ਰਹੀ, ਕਿਉਂਕਿ ਹਸਪਤਾਲ ਅੰਦਰ ਕੋਈ ਖਾਲੀ ਬਿਸਤਰਾ ਨਹੀਂ ਸੀ। ਬੱਚੀ ਨਾਲ ਬਲਾਤਕਾਰ ਹੋਇਆ ਸੀ। ਕਿਸੇ ਦਰਿੰਦੇ ਨੇ ਬਲਾਤਕਾਰ ਉਪਰੰਤ ਉਸਦਾ ਗਲ ਕੱਟਣ ਦੀ ਕੋਸ਼ਿਸ਼ ਕੀਤੀ ਸੀ। ਪਟਨਾ ਸਰਕਾਰੀ ਹਸਪਤਾਲ ਵਾਲਿਆਂ ਉਸਦਾ ਇਲਾਜ ਐਮਰਜੰਸੀ 'ਚ ਨਹੀਂ ਕੀਤਾ। ਉਹ ਮੁਜ਼ੱਫ਼ਰਪੁਰ ਤੋਂ ਰੈਫਰ ਕੀਤੀ ਗਈ ਸੀ। ਬੱਚੀ ਦੇ ਇਲਾਜ ਤੋਂ ਪਹਿਲਾਂ ਹੀ ਉਸਦੇ ਹਾਲਾਤ ਨਾਜ਼ੁਕ ਹੋ ਚੁੱਕੇ ਸਨ। ਬਿਹਾਰ ਦਾ ਇਹ ਪਟਨਾ ਸਰਕਾਰੀ ਹਸਪਤਾਲ, ਇਸ ਸੂਬੇ ਦਾ ਸਭ ਤੋਂ ਵੱਡਾ ਹਸਪਤਾਲ ਹੈ। ਇਸ ਹਸਪਤਾਲ ਬਾਰੇ "ਕੈਗ" ਦੀ ਰਿਪੋਰਟ ਬਿਹਾਰ ਵਿਧਾਨ ਸਭਾ 'ਚ ਪੇਸ਼ ਹੋਈ, ਜਿਸ 'ਚ ਦੱਸਿਆ ਗਿਆ ਕਿ 100 ਸਾਲ ਪੁਰਾਣੇ ਇਸ ਹਸਪਤਾਲ 'ਚ ਅੱਧੀਆਂ ਤੋਂ ਜ਼ਿਆਦਾ ਆਕਸੀਜਨ ਮਸ਼ੀਨਾਂ ਕੰਮ ਨਹੀਂ ਕਰ ਰਹੀਆਂ। ਹਸਪਤਾਲ ਦੀਆਂ 94 ਫ਼ੀਸਦੀ ਤੋਂ ਜ਼ਿਆਦਾ ਸੁਵਿਧਾਵਾਂ ਖਸਤਾ ਹਾਲ ਹਨ। ਡਾਕਟਰਾਂ, ਨਰਸਾਂ ਦੀ 36 ਫ਼ੀਸਦੀ ਘਾਟ ਹੈ। ਇਹੋ ਜਿਹੇ ਬਿਹਾਰ ਦੇ ਇੱਕ ਹੋਰ ਮੁੱਜ਼ਫਰਪੁਰ ਹਸਪਤਾਲ ਵਿੱਚ 2019 'ਚ 150 ਤੋਂ ਜ਼ਿਆਦਾ ਬੱਚੇ ਮਰ ਗਏ ਸਨ, ਇੰਸੇਫੇਲਾਈਟਿਸ ਨਾਲ, ਸਿਰਫ਼ ਇਸ ਲਈ ਕਿ ਹਸਪਤਾਲ 'ਚ ਨਾ ਦਵਾਈ ਸੀ ਨਾ ਹੀ ਡਾਕਟਰ।

ਇਹੋ ਜਿਹੇ ਹਾਲਾਤ ਸਿਹਤ ਸਹੂਲਤਾਂ ਪੱਖੋਂ ਦੇਸ਼ ਦੇ ਸੂਬੇ ਬਿਹਾਰ ਦੇ ਹੀ ਨਹੀਂ ਹਨ, ਸਗੋਂ ਸਿਹਤ ਸਹੂਲਤਾਂ ਦੀ ਬੇਹੱਦ ਕਮੀ ਹੈ ਪੂਰੇ ਦੇਸ਼ ਵਿੱਚ। ਲੱਖਾਂ ਲੋਕ ਇਲਾਜ ਖੁਣੋਂ ਹਰ ਰੋਜ਼ ਮਰਦੇ ਹਨ। ਇਕਨਾਮਿਕ ਟਾਈਮਜ਼ ਦੀ ਇੱਕ ਰਿਪੋਰਟ ਅਨੁਸਾਰ ਭਾਰਤੀ ਪਿੰਡਾਂ ਦੀਆਂ ਕਮਿਊਨਿਟੀ ਹੈਲਥ ਸੈਂਟਰ 'ਚ 82 ਫ਼ੀਸਦੀ ਮਾਹਰ ਡਾਕਟਰਾਂ ਦੀ ਘਾਟ ਹੈ। ਨੈਸ਼ਨਲ ਮੈਡੀਕਲ ਜਨਰਲ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ 10 ਫੀਸਦੀ ਕਮਿਊਨਿਟੀ ਸੈਂਟਰਾਂ 'ਚ ਡਾਕਟਰ ਹੀ ਨਹੀਂ ਹਨ।

ਦੂਜੇ ਪਾਸੇ 'ਕੈਂਸਰ' ਦੇ ਪਸਾਰੇ ਨੇ ਦੇਸ਼ ਨੂੰ ਪੂਰੀ ਤਰ੍ਹਾਂ ਡਰਾਇਆ ਹੋਇਆ ਹੈ। ਕੈਂਸਰ ਪੀੜਤਾਂ ਦੀ ਗਿਣਤੀ ਨਿੱਤ-ਪ੍ਰਤੀ ਵਧਦੀ ਜਾ ਰਹੀ ਹੈ, ਜਿਸ ਦਾ ਇਲਾਜ ਗਰੀਬ ਆਦਮੀ ਦੇ ਬੱਸ ਦੀ ਗੱਲ ਹੀ ਨਹੀਂ। ਸਰਕਾਰ ਦੀਆਂ ਆਯੂਸ਼ਮਾਨ ਅਤੇ ਹੋਰ ਸਕੀਮਾਂ ਆਮ ਆਦਮੀ ਲਈ ਬੇਬਸ ਦਿਖਦੀਆਂ ਹਨ, ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਕਿ ਆਮ ਆਦਮੀ ਦੀ ਇਹਨਾ ਸਕੀਮਾਂ ਤੱਕ ਪਹੁੰਚ ਹੀ ਨਹੀਂ ਹੈ, ਪਰ ਜੇਕਰ ਕੋਈ ਸਧਾਰਨ ਵਿਅਕਤੀ ਇਹਨਾ ਸਕੀਮਾਂ ਦਾ ਲਾਹਾ ਲੈਣ ਦਾ ਯਤਨ ਕਰਦਾ ਵੀ ਹੈ ਤਾਂ ਪ੍ਰਾਈਵੇਟ ਹਸਪਤਾਲਾਂ 'ਚ ਇਸਦੀ ਲਗਾਤਾਰ ਦੁਰਵਰਤੋਂ ਦੀਆਂ ਖ਼ਬਰਾਂ ਹਨ।

ਗਰੀਬੀ-ਅਮੀਰੀ ਨੇ ਸਿਹਤ ਸਹੂਲਤਾਂ 'ਚ ਪਾੜਾ ਵੱਡਾ ਕੀਤਾ ਹੋਇਆ ਹੈ। ਫਾਈਵ ਸਟਾਰ ਹਸਪਤਾਲਾਂ 'ਚ ਮਹਿੰਗੇ ਇਲਾਜ, ਪੈਸੇ ਪੱਖੋਂ ਸਮਰੱਥ ਵਿਅਕਤੀ ਦੇ ਪਹੁੰਚ ਵਿੱਚ ਹਨ, ਪਰ ਸਧਾਰਨ ਵਿਅਕਤੀ ਦੀ ਪਹੁੰਚ 'ਚ ਸਰਕਾਰੀ ਹਸਪਤਾਲਾਂ 'ਚ ਪ੍ਰਾਪਤ ਘੱਟੋ-ਘੱਟ ਸਹੂਲਤਾਂ ਤੱਕ ਵੀ ਨਹੀਂ ਹੈ।

ਇਹੋ ਹਾਲ ਸਿੱਖਿਆ ਦੇ ਖੇਤਰ 'ਚ ਹੈ। ਦੇਸ਼ ਦਾ ਆਮ ਨਾਗਰਿਕ ਸੰਵਿਧਾਨਿਕ ਤੌਰ 'ਤੇ ਹਰ ਇੱਕ ਲਈ ਸਿੱਖਿਆ ਦਾ ਅਧਿਕਾਰ ਰੱਖਦਾ ਹੈ, ਪਰ ਸਭ ਲਈ ਬਰਾਬਰ ਦੀ ਸਿੱਖਿਆ ਕਿਥੇ ਗਾਇਬ ਹੈ, ਜੋ ਉਸਦੀ ਪਹੁੰਚ ਤੋਂ ਬਾਹਰੀ ਹੈ। ਫਾਈਵ ਸਟਾਰ ਪਬਲਿਕ ਸਕੂਲ, ਮਹਿੰਗੀਆਂ ਵੱਡੀਆਂ ਪ੍ਰੋਫੈਸ਼ਨਲ ਯੂਨੀਵਰਸਿਟੀਆਂ 'ਚ ਆਮ ਆਦਮੀ ਦਾ ਬੱਚਾ ਸਿੱਖਿਆ ਪ੍ਰਾਪਤ ਨਹੀਂ ਕਰ ਸਕਦਾ। ਸਰਕਾਰੀ ਸਕੂਲ ਅਧਿਆਪਕਾਂ, ਵਿਸ਼ਾ ਅਧਿਆਪਕਾਂ ਅਤੇ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ ਸਰਕਾਰੀ ਸਿੱਖਿਆ ਅਦਾਰੇ। ਕਿਥੇ ਪ੍ਰਾਪਤ ਕਰਨਗੇ ਚੰਗੀ ਸਿੱਖਿਆ ਆਮ ਲੋਕਾਂ ਦੇ ਬੱਚੇ? ਕਿਵੇਂ ਮੁਕਾਬਲਾ ਕਰਨਗੇ ਵੱਡੇ ਪਬਲਿਕ ਸਕੂਲਾਂ ਦੇ ਬੱਚਿਆਂ ਦਾ? ਤਦੇ ਇੱਕ ਵੱਡਾ ਪਾੜਾ ਸਿੱਖਿਆ ਖੇਤਰ ਵਿੱਚ ਵੀ ਉਵੇਂ ਹੀ ਵੱਧ ਰਿਹਾ ਹੈ, ਜਿਵੇਂ ਆਰਥਿਕ ਪੱਖ ਤੋਂ ਦੇਸ਼ ਵਿੱਚ ਗਰੀਬ-ਅਮੀਰ ਦਾ ਪਾੜਾ ਵੱਧ ਗਿਆ ਹੈ।

ਦੇਸ਼ ਦੇ ਹਾਕਮ ਦੇਸ਼ ਭਾਰਤ ਨੂੰ ਵੱਡੀ ਆਰਥਿਕਤਾ ਬਨਾਉਣ ਵੱਲ ਸੇਧਤ ਹਨ। ਉਹ ਵਿਸ਼ਵ ਗੁਰੂ ਬਨਣ ਲਈ ਪੱਬਾਂ ਭਾਰ ਹਨ। ਪਰ ਕੀ ਹਾਕਮ ਦੇ ਇਹ ਧਿਆਨ ਵਿੱਚ ਹੈ ਕਿ ਆਮ ਆਦਮੀ ਦੀ ਦੇਸ਼ ਵਿੱਚ ਪ੍ਰਤੀ ਵਿਅਕਤੀ ਦੀ, ਵਿਸ਼ਵ ਬੈਂਕ ਅਨੁਸਾਰ, ਪ੍ਰਤੀ ਦਿਨ ਖ਼ਰਚ ਸੀਮਾ ਸਿਰਫ਼ ਤਿੰਨ ਡਾਲਰ ਹੈ। ਕੀ ਪ੍ਰਤੀ ਵਿਅਕਤੀ ਇਸ ਖ਼ਰਚ ਨਾਲ ਮਹਿੰਗਾਈ ਦੇ ਇਸ ਸਮੇਂ ;ਚ ਉਹ ਚੰਗੇਰੀਆਂ ਸਿੱਖਿਆ, ਸਿਹਤ ਸਹੂਲਤਾਂ, ਖਾਣ ਪਾਣ ਅਤੇ ਹੋਰ ਖ਼ਰਚੇ ਪੂਰੇ ਕਰ ਸਕਦਾ ਹੈ? ਕੀ ਚੰਗਾ ਜੀਵਨ ਜੀਊਣ ਦੇ ਸਮਰੱਥ ਹੈ?

ਵਿਸ਼ਵ ਬੈਂਕ ਨੇ ਭਾਰਤ ਹੇਠਲੇ-ਮੱਧ-ਵਰਗ ਆਮਦਨ ਵਾਲੇ ਲੋਕਾਂ ਦੀ ਖ਼ਰਚ ਸੀਮਾ ਪ੍ਰਤੀ ਵਿਅਕਤੀ 3.65 ਡਾਲਰ ਪ੍ਰਤੀ ਦਿਨ ਤਹਿ ਕੀਤੀ ਹੈ। ਕੀ ਇਸ ਥੋੜੇ ਜਿਹੇ ਖ਼ਰਚੇ-ਆਮਦਨ ਦੇ ਹਿਸਾਬ ਨਾਲ ਭਾਰਤ ਦੇਸ਼ ਵਿਕਸਤ ਬਣ ਸਕਦਾ ਹੈ ਅਤੇ ਕੀ ਸਿੱਖਿਆ, ਸਿਹਤ ਹਰ ਨਾਗਰਿਕ ਲਈ ਪ੍ਰਦਾਨ ਕੀਤੇ ਬਿਨ੍ਹਾਂ ਕੋਈ ਦੇਸ਼ ਵਿਕਸਤ ਕਹਾ ਸਕਦਾ ਹੈ?

ਸਿੱਖਿਆ ਦੇ ਪੱਧਰ ਦੇ ਹਿਸਾਬ ਨਾਲ 2022-23 ਵਿੱਚ ਬਿਨ੍ਹਾਂ ਕਿਸੇ ਸਕੂਲ ਸਿੱਖਿਆ ਦੇ 16 ਸਾਲ ਦੀ ਉਮਰ ਤੋਂ ਵੱਧ ਉਮਰ ਦੇ 35.1 ਫ਼ੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਲੇ ਪੱਧਰ 'ਤੇ ਸਨ। ਜਦਕਿ ਸਾਲ 2022-23 ਵਿੱਚ ਕੁਝ ਕੁ ਪੜ੍ਹੇ-ਲਿਖੇ ਹੇਠਲੇ ਮੱਧ ਵਰਗਾਂ 'ਚ ਗਰੀਬੀ 14.9 ਫ਼ੀਸਦੀ ਹੈ। ਪਰ ਅਸਲ ਤੱਥ ਉਸ ਵੇਲੇ ਸਾਹਮਣੇ ਆਉਂਦੇ ਹਨ, ਜਦੋਂ ਸਰਕਾਰੀ ਤੌਰ 'ਤੇ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ "ਸਭ ਲਈ ਭੋਜਨ" ਸਕੀਮ ਅਧੀਨ ਕੁਲ ਆਬਾਦੀ ਲਗਭਗ 140 ਕਰੋੜ ਵਿੱਚੋਂ 80 ਕਰੋੜ ਤੋਂ ਵੱਧ ਲੋਕਾਂ ਨੂੰ ਅਨਾਜ ਸਰਕਾਰ ਵੱਲੋਂ ਮੁਫ਼ਤ ਮੁਹੱਈਆ ਕੀਤਾ ਜਾਂਦਾ ਹੈ। ਇੱਕ ਹੋਰ ਅੰਦਾਜ਼ੇ ਅਨੁਸਾਰ 20 ਕਰੋੜ ਲੋਕਾਂ ਨੂੰ ਹਰ ਰੋਜ਼ ਮਸਾਂ ਇੱਕ ਡੰਗ ਭੋਜਨ ਮਿਲਦਾ ਹੈ। ਰੋਟੀ, ਕੱਪੜਾ ਅਤੇ ਮਕਾਨ ਸਭ ਦੀ ਪਹੁੰਚ ਤੋਂ ਬਾਹਰ ਹੈ, ਜੋ ਮਨੁੱਖ ਦੀ ਬੁਨਿਆਦੀ ਲੋੜ ਹੈ।

ਦੇਸ਼ 'ਚ ਲਗਾਤਾਰ ਤਰੱਕੀ ਅਤੇ ਬਦਲਾਅ ਦੀਆਂ ਗੱਲਾਂ ਹੁੰਦੀਆਂ ਹਨ। ਬਦਲਾਅ ਵਜੋਂ ਦੇਸ਼ 'ਚ ਸੜਕਾਂ ਦੇ ਨਿਰਮਾਣ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਵੇਖਿਆ, ਪਰਖਿਆ ਅਤੇ ਲਾਗੂ ਕੀਤਾ ਜਾਂਦਾ ਹੈ। ਪਰ ਬੁਨਿਆਦੀ ਤੌਰ 'ਤੇ ਮਨੁੱਖ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ, ਉਸ ਨੂੰ ਸੁੱਖ-ਸਹੂਲਤਾਂ ਦੇਣ ਲਈ ਕੀਤੇ ਯਤਨ ਊਣੇ-ਊਣੇ ਵਿਖਾਈ ਦਿੰਦੇ ਹਨ। ਦੇਸ਼ ਦੇ ਨਿਰਮਾਣ 'ਚ ਵੱਡਾ ਹਿੱਸਾ ਪਾਉਣ ਵਾਲੀਆਂ ਅੱਧੀ ਆਬਾਦੀ ਔਰਤਾਂ ਹਾਲੇ ਵੀ ਬੁਰੀ ਤਰ੍ਹਾਂ ਤ੍ਰਿਸਕਾਰਤ ਹਨ। ਉਹਨਾ ਨੂੰ ਬਣਦੇ ਹੱਕ ਤਾਂ ਕੀ ਮਿਲਣੇ ਹਨ, ਉਹ ਹਾਲੇ ਤੱਕ ਵੀ ਘਰੇਲੂ ਹਿੰਸਾ ਦਾ ਸ਼ਿਕਾਰ ਹਨ। ਘਰੇਲੂ ਔਰਤਾਂ ਚਾਰ-ਦੀਵਾਰੀ ਅੰਦਰ ਬੰਦ ਹਨ। ਰੂੜੀਵਾਦੀ ਸੋਚ ਅੱਜ ਵੀ ਦੇਸ਼ 'ਚ ਭਾਰੂ ਹੈ। ਧਰਮਾਂ ਦਾ ਵਖਰੇਵਾਂ ਅਤੇ ਜਾਤ-ਪਾਤ ਪ੍ਰਥਾ ਨੇ ਦੇਸ਼ ਦੇ ਲੋਕਾਂ ਦੀ ਸੋਚ ਨੂੰ ਜਕੜਿਆ ਹੋਇਆ ਹੈ।

ਨੀਤੀਵਾਨ, ਸਿਆਸਤਦਾਨ, ਜਿਹਨਾ ਨੂੰ ਸਮਾਜ 'ਚ ਬਦਲਾਅ ਲਿਆਉਣ ਦਾ ਧੁਰਾ ਮੰਨਿਆ ਜਾਂਦਾ ਹੈ, ਉਹ ਆਪਣੇ ਸਵਾਰਥੀ ਹਿੱਤਾਂ ਕਾਰਨ "ਬਦਲਾਅ" ਦੇ ਥਾਂ 'ਦਬਾਅ' ਦੀ ਨੀਤੀ ਵਰਤ ਰਹੇ ਹਨ। ਬਦਲਾਅ ਲਈ ਲੋਕਾਂ ਦੀ ਸ਼ਮੂਲੀਅਤ ਬਿਨ੍ਹਾਂ ਸ਼ੱਕ ਜ਼ਰੂਰੀ ਹੈ, ਪਰ ਸਮਾਜ 'ਚ ਵੰਡੀਆਂ ਪਾਕੇ ਇਸ ਬਦਲਾਅ ਨੂੰ ਪੁੱਠਾ ਗੇੜਾ ਦੇ ਕੁ ਰੂੜੀਵਾਦੀ ਸੋਚ ਨੂੰ ਅੱਗੇ ਲਿਆਉਣਾ ਅੱਜ ਅਹਿਮ ਵਰਤਾਰਾ ਹੈ। ਧੱਕਾ, ਧੌਂਸ, ਧੰਨ ਮੁੱਖ ਕਾਰਕ ਬਣ ਗਏ ਹਨ। ਇਹ ਤਿੰਨੋਂ ਬਦਲਾਅ ਲਈ ਵੱਡਾ ਅੜਿੱਕਾ ਹਨ।

ਦੇਸ਼ ਦੇ ਹਾਕਮਾਂ 'ਚ ਬਦਲਾਅ ਬਿਨ੍ਹਾਂ ਸ਼ੱਕ ਲੋਕਤੰਤਰ ਵਿੱਚ ਵੋਟ ਪ੍ਰਣਾਲੀ ਨਾਲ ਹੋਣਾ ਹੈ, ਪਰ ਵੋਟ-ਪ੍ਰਣਾਲੀ ਜਿਵੇਂ ਦੂਸ਼ਿਤ ਹੋ ਚੁੱਕੀ ਹੈ। ਉਹ ਬਦਲਾਅ 'ਚ ਵੱਡਾ ਅੜਿੱਕਾ ਸਾਬਤ ਹੋ ਰਹੀ ਹੈ। ਸਿਆਸਤ ਦੇ ਨਾਲ ਸਮਾਜਿਕ ਬਦਲਾਅ ਲਈ ਵਿਸ਼ੇਸ਼ ਭੂਮਿਕਾ ਦੇਸ਼ ਜਾਂ ਖਿੱਤੇ ਦੇ ਬੁਨਿਆਦੀ ਸਿਆਣੇ ਲੋਕਾਂ ਕਾਰਨ ਸੰਭਵ ਹੁੰਦੀ ਹੈ, ਪਰ ਜਿਸ ਢੰਗ ਨਾਲ ਉਹ ਡਰ ਅਤੇ ਦਾਬਅ ਹੇਠ ਜ਼ਿੰਦਗੀ ਜੀਊ ਰਹੇ ਹਨ, ਉਸ ਨਾਲ ਉਹ ਬਦਲਾਅ ਲਈ ਅੱਗੇ ਕਿਵੇਂ ਆਉਣਗੇ? ਡਰ ਦਾ ਮਾਹੌਲ, ਵਿਚਾਰਾਂ ਉਤੇ ਬੰਦਸ਼ਾਂ, ਬਿਨ੍ਹਾਂ ਸ਼ੱਕ ਬਦਲਾਅ ਲਈ ਵੱਡੀ ਰੁਕਾਵਟ ਸਾਬਤ ਹੋ ਰਹੀਆਂ ਹਨ।

ਅਸਲ ਅਰਥਾਂ 'ਚ ਉਹੀ ਦੇਸ਼ ਵਿਕਸਤ ਹੋ ਸਕਦਾ ਹੈ, ਜੋ ਆਪਣੇ ਨਾਗਰਿਕਾਂ ਨੂੰ ਖੁਸ਼ਹਾਲ ਜੀਵਨ ਦੇ ਸਕਦਾ ਹੈ, ਜਿਹੜਾ ਸਿੱਖਿਆ, ਸਿਹਤ, ਵਾਤਾਵਰਨ, ਖੁਰਾਕੀ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰ ਸਕਦਾ ਹੈ। ਅੱਜ ਦੇਸ਼ 'ਚ ਨਾ ਸੰਪੂਰਨ ਖੇਤੀ ਹੈ, ਨਾ ਹੀ ਸੰਪੂਰਨ ਰੁਜ਼ਗਾਰ! ਅੱਜ ਦੇਸ਼ ਪੌਸ਼ਟਿਕ ਅਹਾਰ ਤੋਂ ਸੱਖਣਾ ਜ਼ਹਿਰ ਯੁਕਤ ਭੋਜਨ ਖਾਣ ਲਈ ਮਜ਼ਬੂਰ ਹੈ। ਦੇਸ਼ 'ਚ ਪ੍ਰਦੂਸ਼ਨ ਪਸਰਿਆ ਪਿਆ ਹੈ। ਗੰਦਗੀ ਦੇ ਢੇਰ ਹਨ। ਰਸਾਇਣਾਂ ਦੀ ਆਮ ਵਰਤੋਂ ਹੈ। ਇਹੋ ਜਿਹੀ ਸਥਿਤੀ 'ਚ ਬਦਲਾਅ "ਊਠ ਦੇ ਬੁੱਲ੍ਹ ਹੁਣ ਵੀ ਡਿਗਿਆ ਕਿ ਹੁਣ ਵੀ ਡਿਗਿਆ" ਵਾਂਗਰ ਦਿਸਦਾ ਹੈ।

ਲੋਕ ਬਦਲਾਅ ਭਾਲਦੇ ਹਨ। ਹਰ ਸਿਆਸੀ ਪਾਰਟੀ ਬਦਲਾਅ ਦਾ ਨਾਹਰਾ ਦੇ ਕੇ ਹਾਕਮ ਬਣਨ ਲਈ ਤਤਪਰ ਹੈ। ਸਿਆਸਤਦਾਨਾਂ ਵੱਲੋਂ ਪੇਸ਼ ਕੀਤੀਆਂ ਰਿਆਇਤਾਂ ਨਾਲ ਲੋਕ ਭਰਮ ਜਾਲ 'ਚ ਫਸਦੇ ਹਨ। ਛੋਟੀਆਂ-ਛੋਟੀਆਂ ਰਿਆਇਤਾਂ ਉਹਨਾ ਨੂੰ ਕੁਝ ਸੰਤੁਸ਼ਟੀ ਜਾਂ ਮਾਨਸਿਕ ਆਰਾਮ ਤਾਂ ਦਿੰਦੀਆਂ ਹੋਣਗੀਆਂ, ਪਰ ਜਦੋਂ ਵਿਅਕਤੀ ਬੁਢਾਪੇ 'ਚ ਆਉਂਦਾ ਹੈ ਤਾਂ ਉਸਦੀ ਸਮਾਜਿਕ ਸੁਰੱਖਿਆ ਕਿੱਥੇ ਹੈ? ਆਬਾਦੀ ਦਾ ਕੁਝ ਹਿੱਸਾ ਸਰਕਾਰੀ ਪੈਨਸ਼ਨ ਪ੍ਰਾਪਤ ਕਰਦਾ ਹੈ, ਕੁਝ ਆਬਾਦੀ ਨੂੰ ਨਿਗੁਣੀ ਜਿਹੀ ਬੁਢਾਪਾ ਪੈਨਸ਼ਨ ਮਿਲਦੀ ਹੈ। (500 ਰੁਪਏ ਮਹੀਨਾਂ ਤੋਂ 2000 ਮਹੀਨਾ), ਪਰ ਵੱਡੀ ਆਬਾਦੀ ਇਹਨਾ ਸਹੂਲਤਾਂ ਤੋਂ ਵਿਰਵੀ ਹੈ।

ਮਨੁੱਖ ਦਾ ਜੀਵਨ ਮੌਜੂਦਾ ਦੌਰ 'ਚ ਗੁੰਝਲਦਾਰ ਬਣਦਾ ਜਾ ਰਿਹਾ ਹੈ। ਸਾਂਝੇ ਪਰਿਵਾਰ ਟੁੱਟ ਰਹੇ ਹਨ। ਟੈਕਨੋਲੌਜੀ ਨੇ ਸੰਸਾਰ ਨੂੰ ਇੱਕ ਪਲੇਟਫਾਰਮ 'ਤੇ ਲਿਆਉਣ ਦਾ ਯਤਨ ਤਾਂ ਕੀਤਾ ਹੈ, ਪਰ ਮਨੁੱਖੀ ਇਕੱਲਤਾ 'ਚ ਵਾਧਾ ਹੋਇਆ ਹੈ, ਮਨੁੱਖ ਇਹੋ ਜਿਹੇ ਬਦਲਾਅ ਦਾ ਨੇੜ-ਭਵਿੱਖ 'ਚ ਸ਼ਾਇਦ ਸਾਰਥੀ ਵੀ ਨਾ ਬਣ ਸਕੇ।

ਪਰ ਅਸਲ ਬਦਲਾਅ ਮਹਾਂਨਗਰਾਂ ਦੇ ਕੁਝ ਹਿੱਸੇ 'ਚ ਬਣੀਆਂ ਗਗਨ ਚੁੰਬੀ ਇਮਾਰਤਾਂ ਨਹੀਂ। ਨਾ ਹੀ ਹਰ ਹੱਥ 'ਚ ਮੋਬਾਇਲ ਨੂੰ ਬਦਲਾਅ ਕਹਿ ਸਕਦੇ ਹਾਂ। ਅਸਲ ਬਦਲਾਅ ਤਾਂ ਮਨੁੱਖੀ ਜ਼ਿੰਦਗੀ ਸਾਵੀਂ ਪੱਧਰੀ ਬਨਾਉਣ 'ਚ ਹੈ। ਇਸ 'ਚ ਵੱਡਾ ਰੋਲ ਸਰਕਾਰਾਂ ਦਾ ਹੈ। ਸਰਕਾਰਾਂ ਇਸ ਪ੍ਰਤੀ ਅਵੇਸਲੀਆਂ ਹਨ। ਦੇਸ਼ ਭਾਰਤ 'ਚ ਸਰਕਾਰਾਂ ਚਲਾਉਣ ਵਾਲੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੇ ਤੌਰ ਤਰੀਕਿਆਂ 'ਚ ਬਦਲਾਅ ਨਹੀਂ ਹੈ। ਉਹ ਏ.ਸੀ. ਦਫ਼ਤਰਾਂ 'ਚ ਬੈਠ ਸਕੀਮਾਂ ਘੜਦੇ ਹਨ, ਆਪਣੇ "ਆਕਾ" ਕਾਰਪਰੇਟਾਂ ਨੂੰ ਖੁਸ਼ ਕਰਦੇ ਹਨ, ਵੱਡੇ-ਵੱਡੇ ਨਾਹਰੇ ਵਿਕਸਤ ਕਰਦੇ ਹਨ। ਸਵੇਰ-ਸ਼ਾਮ ਇਹਨਾ ਦਾ ਪ੍ਰਚਾਰ ਕਰਵਾਉਂਦੇ ਹਨ ਅਤੇ ਲੋਕ ਇਸ ਪ੍ਰਚਾਰ ਨਾਲ ਠੱਗੇ ਜਾਂਦੇ ਹਨ।

ਦੇਸ਼ 'ਚ ਬਦਲਾਅ ਉਦੋਂ ਆਏਗਾ, ਜਦੋਂ 'ਦੇਸ਼ ਦਾ ਨੇਤਾ' ਲੋਕਾਂ ਪ੍ਰਤੀ ਇਮਾਨਦਾਰ ਹੋਏਗਾ। ਦੇਸ਼ 'ਚ ਸੁਸ਼ਾਸ਼ਨ ਹੋਏਗਾ। ਲੋਕਾਂ ਨੂੰ ਲੋੜੀਂਦੀਆਂ ਸੁੱਖ ਸਹੂਲਤਾਂ ਮਿਲਣਗੀਆਂ। ਹਰ ਇੱਕ ਲਈ ਬਰਾਬਰ ਦੀ ਸਿੱਖਿਆ ਹੋਏਗੀ ਅਤੇ ਹਰ ਇੱਕ ਲਈ ਰੁਜ਼ਗਾਰ ਹੋਏਗਾ। ਬੋਲਣ, ਪੜ੍ਹਨ, ਲਿਖਣ ਦੀ ਆਜ਼ਾਦੀ ਹੋਏਗੀ। ਸਵਰਾਜ ਹੋਏਗਾ।

# ਕਮਾਲ ਦਾ ਕ੍ਰਿਕਟਰ ਵਿਰਾਟ ਕੋਹਲੀ

ਪ੍ਰਿੰ. ਸਰਵਣ ਸਿੰਘ






ਵਿਰਾਟ ਕੋਹਲੀ ਨਾਲ ਜਿੰਨੇ ਮਰਜ਼ੀ ਵਧੀਆ ਵਿਸ਼ੇਸ਼ਣ ਲਾ ਲਓ, ਸਾਰੇ ਜਚ ਜਾਣਗੇ। ਉਹ ਹੈ ਹੀ ਕਮਾਲ ਦਾ ਕ੍ਰਿਕਟਰ! ਕਮਾਲ ਦਾ ਬੱਲੇਬਾਜ਼, ਗੇਂਦਬਾਜ਼, ਕੈਚਬਾਜ਼ ਤੇ ਕੈਪਟਨ। ਉਹ ਏਨੇ ਕ੍ਰਿਕਟ ਮੈਚ ਖੇਡ ਚੁੱਕੈ, ਏਨੇ ਰਿਕਾਰਡ ਰੱਖ ਚੁੱਕੈ ਤੇ ਏਨੀਆਂ ਜਿੱਤਾਂ ਜਿੱਤ ਚੁੱਕੈ ਕਿ ਉਹਦੀ ਵਾਹ-ਵਾਹ ਦਾ ਕੋਈ ਅੰਤ ਨਹੀਂ। ਇਕ ਦਹਾਕੇ 'ਚ ਅੰਤਰਰਾਸ਼ਟਰੀ ਪੱਧਰ 'ਤੇ 20 ਹਜ਼ਾਰ ਤੋਂ ਵੱਧ ਦੌੜਾਂ ਬਣਾਉਣ ਵਾਲਾ ਵਿਸ਼ਵ ਦਾ ਉਹ ਪਹਿਲਾਂ ਖਿਡਾਰੀ ਹੈ। ਕ੍ਰਿਕਟ ਜਗਤ ਤੋਂ ਬਾਹਰਲੀ ਦੁਨੀਆ ਵਿਚ ਵੀ ਉਹ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਸ ਨੂੰ ਵਿਸ਼ਵ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਮਹਾਨ ਖਿਡਾਰੀਆਂ 'ਚ ਗਿਣਿਆ ਜਾ ਰਿਹੈ। ਉਸ ਦੀਆਂ ਖੇਡ ਪ੍ਰਾਪਤੀਆਂ ਸਦਕਾ ਭਾਰਤ ਸਰਕਾਰ ਵੱਲੋਂ ਉਸ ਨੂੰ ਅਰਜੁਨ ਅਵਾਰਡ, ਖੇਲ ਰਤਨ ਅਵਾਰਡ ਤੇ ਪਦਮ ਸ਼੍ਰੀ ਪੁਰਸਕਾਰ ਦਿੱਤੇ ਜਾ ਚੁੱਕੇ ਨੇ। ਸਚਿਨ ਤੇਂਦੂਲਕਰ ਵਾਂਗ ਭਾਰਤ ਰਤਨ ਮਿਲਣਾ ਹੀ ਬਾਕੀ ਹੈ। ਓਲੰਪਿਕ ਖੇਡਾਂ 'ਚ ਗੋਲਡ ਮੈਡਲਾਂ ਦੇ ਗੋਲਡਨ ਹੈਟ ਟ੍ਰਿਕ ਮਾਰਨ ਵਾਲੇ ਹਾਕੀ ਦੇ ਕਿਸੇ ਭਾਰਤੀ ਖਿਡਾਰੀ ਨੂੰ ਤਾਂ ਭਾਵੇਂ ਭਾਰਤ ਰਤਨ ਨਹੀਂ ਮਿਲਿਆ ਪਰ ਕਾਰਪੋਰੇਟਾਂ ਦੀ ਮੁਨਾਫ਼ਾ ਬਖ਼ਸ਼ ਖੇਡ ਕ੍ਰਿਕਟ ਦੇ ਖਿਡਾਰੀ ਕੋਹਲੀ ਨੂੰ ਮਿਲਣ ਦੀ ਪੂਰੀ ਸੰਭਾਵਨਾ ਹੈ।

ਕੋਹਲੀ ਵਿਰਾਟਾਂ ਦਾ ਵਿਰਾਟ ਹੈ ਤੇ ਕੋਹਲੀਆਂ ਦਾ ਕੋਹਲੀ। ਪੁਰਖਿਆਂ ਦੀ ਬੰਸਾਵਲੀ ਵੱਲੋਂ ਉਹ ਪੰਜਾਬੀ ਮੂਲ ਦਾ ਖਿਡਾਰੀ ਹੈ। ਉਹਦੀ ਉਸਤਤ ਵਿਚ ਲੱਖਾਂ ਲਫ਼ਜ਼ ਲਿਖੇ ਗਏ ਨੇ ਤੇ ਬਿਜਲਈ ਮੀਡੀਏ ਤੋਂ ਲੱਖਾਂ ਵਾਰ ਉਹਦਾ ਨਾਂ ਉਚਾਰਿਆ ਜਾ ਚੁੱਕੈ। ਉਸ ਨੇ ਟੈੱਸਟ ਮੈਚਾਂ ਤੋਂ ਲੈ ਕੇ 20 ਤੇ 50 ਓਵਰਾਂ ਦੇ ਇਕ ਰੋਜ਼ਾ ਮੈਚਾਂ, ਵਰਲਡ ਕੱਪਾਂ, ਚੈਂਪੀਅਨਜ਼ ਟਰਾਫੀਆਂ, ਕ੍ਰਿਕਟ ਲੀਗਾਂ, ਗੱਲ ਕੀ ਹਰ ਤਰਾਂ ਦੇ ਕ੍ਰਿਕਟ ਮੁਕਾਬਲਿਆਂ 'ਚ ਭਾਗ ਲਿਆ ਹੈ। ਉਹਨੇ ਐਨੀਆਂ ਟੀਮਾਂ ਦੀ ਕਪਤਾਨੀ ਕੀਤੀ ਹੈ ਕਿ ਉਸ ਨੂੰ ਕ੍ਰਿਕਟ ਦੇ ਕਪਤਾਨਾਂ ਦਾ ਕਪਤਾਨ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ।

ਉਹ ਦਿੱਲੀ ਦਾ ਜੰਮਪਲ ਹੈ। 1947 'ਚ ਦੇਸ਼ ਦੀ ਵੰਡ ਵੇਲੇ ਲੱਖਾਂ ਪੰਜਾਬੀ, ਪੱਛਮੀ ਪੰਜਾਬ 'ਚੋਂ ਉੱਜੜ ਕੇ ਪੂਰਬੀ ਪੰਜਾਬ, ਪੈਪਸੂ ਤੇ ਦਿੱਲੀ ਆਣ ਵਸੇ ਸਨ। ਉਦੋਂ ਰੋਹਤਕ, ਗੁੜਗਾਵਾਂ ਤੇ ਮਹਿੰਦਰਗੜ੍ਹ ਪੂਰਬੀ ਪੰਜਾਬ ਦੇ ਜ਼ਿਲ੍ਹੇ ਸਨ। ਪੱਛਮੀ ਪੰਜਾਬ ਦੇ ਬਸ਼ਿੰਦਿਆਂ ਨਾਲ ਦਿੱਲੀ ਨੂੰ ਪੰਜਾਬੀਆਂ ਦਾ ਸ਼ਹਿਰ ਹੀ ਮੰਨਿਆ ਜਾਣ ਲੱਗ ਪਿਆ ਸੀ ਤੇ ਦਿੱਲੀ ਦਾ ਮਾਹੌਲ ਲਾਹੌਰ ਵਰਗਾ ਬਣ ਗਿਆ ਸੀ। ਉਦੋਂ ਦਿੱਲੀ ਦੇ ਅੱਧੋਂ ਵੱਧ ਵਾਸੀਆਂ ਦੀ ਮਾਤ ਭਾਸ਼ਾ ਪੰਜਾਬੀ ਸੀ। 1947-48 ਦੌਰਾਨ ਦਿੱਲੀ ਦਾ ਡਿਪਟੀ ਕਮਿਸ਼ਨਰ ਡਾ. ਮਹਿੰਦਰ ਸਿੰਘ ਰੰਧਾਵਾ ਸੀ ਜਿਸ ਨੇ ਪੰਜਾਬੀ ਸ਼ਰਨਾਰਥੀਆਂ ਨੂੰ ਦਿੱਲੀ ਵਸਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਉਨ੍ਹਾਂ ਪੋਠੋਹਾਰੀਆਂ ਵਿਚ ਹੀ ਵਿਰਾਟ ਕੋਹਲੀ ਦੇ ਵੱਡਵਡੇਰੇ ਦਿੱਲੀ ਪਹੁੰਚੇ ਸਨ।

ਜਿਵੇਂ ਵਿਰਾਟ ਕੋਹਲੀ ਦਾ ਪਿਛੋਕੜ ਰਾਵਲਪਿੰਡੀ ਵੱਲ ਦਾ ਹੈ ਉਵੇਂ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਹਲੀ ਦਾ ਜਨਮ ਸਥਾਨ ਵੀ ਪਿੰਡ ਗਾਹ ਜ਼ਿਲ੍ਹਾ ਚਕਵਾਲ ਦਾ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੇ ਫਿਲਮੀ ਅਦਾਕਾਰ ਬਲਰਾਜ ਸਾਹਨੀ ਵੀ ਪੋਠੋਹਾਰ ਦੇ ਜੰਮਪਲ ਸਨ। ਉਹਨਾਂ ਸਭਨਾਂ ਦੀ ਸ਼ੋਭਾ ਦਾ ਕੋਈ ਸਿਰਾ ਨਹੀਂ। ਪੱਛਮੀ ਪੰਜਾਬ ਦੇ ਜਾਏ ਮਿਲਖਾ ਸਿੰਘ ਤੇ ਜਰਨੈਲ ਸਿੰਘ ਵਰਗੇ ਖਿਡਾਰੀ ਅਤੇ ਬਾਲੀਵੁੱਡ ਦੇ ਸਿਤਾਰੇ ਦਲੀਪ ਕੁਮਾਰ ਤੇ ਪ੍ਰਿਥਵੀ ਰਾਜ ਕਪੂਰ ਦਾ ਖਾਨਦਾਨ ਸਭ ਓਧਰੋਂ ਏਧਰ ਆਏ ਸਨ। ਕੋਹਲੀ ਪ੍ਰਾਕ੍ਰਿਤ ਦੇ ਸ਼ਬਦ 'ਕੋਹ ਦਾ ਵਧਵਾਂ ਰੂਪ ਹੈ। ਕੋਹ ਦਾ ਅਰਥ ਹੈ ਪਹਾੜ। ਪੋਠੋਹਾਰ ਦੇ ਨੀਮ ਪਹਾੜੀ ਇਲਾਕਿਆਂ 'ਚ ਵਸਦੇ ਲੋਕ ਕੋਹਲੀ ਅਖਵਾਏ। ਚੜ੍ਹਾਈਆਂ ਚੜ੍ਹਨਾ ਕੋਹਲੀਆਂ ਦਾ ਵਿਰਸਾ ਹੈ। ਵਿਰਾਟ ਕੋਹਲੀ ਨੇ ਕ੍ਰਿਕਟ ਦੇ ਨੀਵੇਂ ਉੱਚੇ ਸਾਰੇ ਪਹਾੜ ਸਰ ਕਰ ਲਏ ਹਨ।

2025 ਵਿਚ ਉਹਦੀ ਟੀਮ ਰੌਇਲ ਚੈਲਿੰਜਰਜ਼ ਬੰਗਲੂਰੂ ਨੇ ਇੰਡੀਅਨ ਪ੍ਰੀਮੀਅਰ ਲੀਗ ਦੀ ਜਿੱਤ ਨਾਲ ਕ੍ਰਿਕਟ ਦਾ ਪਹਾੜ ਸਰ ਕਰ ਕੇ ਉਹਦੀ ਸਾਰੀ ਦੁਨੀਆਂ 'ਚ ਧੰਨ-ਧੰਨ ਕਰਵਾ ਦਿੱਤੀ ਹੈ। ਆਮ ਲੋਕ ਇਸ ਨੂੰ ਵਿਰਾਟ ਕੋਹਲੀ ਦੀ ਸੰਪੂਰਨ ਜਿੱਤ ਤੇ ਉਹਦੀ ਖੇਡ ਦੀ ਸਫਲ ਯਾਤਰਾ ਮੰਨਦੇ ਹਨ। ਵਿਰਾਟ ਕੋਹਲੀ ਦੀ ਸਫਲਤਾ ਸਿਰਫ਼ ਦੌੜਾਂ ਬਣਾਉਣ ਤਕ ਹੀ ਸੀਮਤ ਨਹੀਂ ਬਲਕਿ ਇਕ ਜਾਂਬਾਜ਼ ਖਿਡਾਰੀ ਦੇ ਸਾਲਾਂ-ਬੱਧੀ ਜੂਝਦੇ ਰਹਿਣ ਦੀ ਦਿਲਚਸਪ ਗਾਥਾ ਹੈ। ਪੂਰਾ ਲੇਖ ਕਦੇ ਫੇਰ।

principalsarwansingh@gmail.com


## ਯੁੱਗ ਬਦਲ ਗਿਆ !

ਕੋਈ ਫੋਟੋ ਖਿਚਾਵੇ ਕੋਈ ਲਵੇ 'ਸੈਲਫੀ'
'ਡੀਪੀ' ਲਾਉਣ ਲਈ ਸਜਦੇ ਫੱਬਦੇ ਨੇ।
'ਐਕਟਰ' ਬਣਨ ਦੀ ਲੱਗੀ ਏ ਹੋੜ ਦੇਖੋ
ਸਾਰੇ 'ਰੀਲ੍ਹਾਂ' ਬਣਾਉਣ ਲਈ ਭੱਜਦੇ ਨੇ।
ਨਵਾਂ ਪੋਚ ਮੋਬਾਈਲਾਂ ਵਿਗਾੜਿਆ ਏ
ਪੈ ਗਏ ਭੋਗ ਹੁਣ 'ਸੰਗਾਂ ਤੇ ਲੱਜ' ਦੇ ਨੇ।
ਫਿਕਰ ਪਿਆ ਭਵਿੱਖ ਦਾ ਮਾਪਿਆਂ ਨੂੰ
ਕਰਦੇ ਦੁਖੀ ਵਰਤਾਰੇ ਹੀ 'ਅੱਜ ਦੇ' ਨੇ।
ਪੱਤਰਕਾਰਾਂ ਵੀ ਲਿਖਣ ਦੀ ਕਾਰ ਛੱਡੀ
ਹੁਣ ਉਹ ਚੈਨਲਾਂ ਉੱਤੇ ਹੀ 'ਗੱਜਦੇ' ਨੇ।
ਕਲਮਾਂ ਗਾਇਬ ਤੇ ਪੈੱਨ ਵੀ 'ਲੋਪ ਹੋਏ
'ਕੀਅ-ਬੋਰਡ' 'ਤੇ ਠੂੰਗੇ ਹੁਣ ਵੱਜਦੇ ਨੇ !



ਤਰਲੋਚਨ ਸਿੰਘ ਦੁਪਾਲ ਪੁਰ
78146-92724

## ਕਵੀ 'ਤੇ ਕਵਿਤਾ



ਕਦੀ ਕਹਿਣ ਤੇ ਕਵਿਤਾ ਜੇਕਰ,
ਕਵੀ ਆਈ 'ਤੇ ਆ ਹੀ ਜਾਵੇ,
ਰੋਕਣਾ ਉਸ ਨੂੰ ਬੜਾ ਹੀ ਔਖਾ,
ਕਿਸੇ ਵੀ ਕੀਮਤ ਕਿਸੇ ਵੀ ਦਾਅਵੇ।

ਉੱਤਰੀ ਇੱਕ ਦਿਨ ਮੈਨੂੰ ਵੀ ਜਦ,
ਐਸੀ ਕਾਹਲੀ ਜਿਹੀ ਇੱਕ ਕਵਿਤਾ,
ਬੰਦਾ ਇੱਕ ਅੜਿੱਕੇ ਆ ਗਿਆ,
ਜਿਸ 'ਤੇ ਜਾ ਦਾਗੀ ਮੈਂ ਕਵਿਤਾ।

ਚਲੇ ਜਾ ਰਹੇ ਸੀ ਕਿਸੇ ਰਸਤੇ,
ਜਦੋਂ ਇਹ ਵਾਕਿਆ ਸੀ ਹੋਇਆ,
ਜਦੋਂ ਮੈਂ ਪਹਿਲਾ ਮਿਸਰਾ ਉਸ ਨੂੰ,
ਝੱਟ ਸੁਣਾਉਣ ਲਈ ਸੀ ਛੋਹਿਆ।

ਮਿਸਰੇ 'ਤੇ ਉਸਦੀ ਵਾਹ ਵਾਹ ਨਾਲ,
ਮੇਰਾ ਹੌਸਲਾ ਹੋਰ ਵੀ ਵਧਿਆ,
ਕਵਿਤਾ ਦਾ ਅਗਲਾ ਸ਼ਿਅਰ ਮੈਂ,
ਪਹਿਲੇ ਦੇ ਨਾਲ ਹੀ ਝੱਟ ਜੜਿਆ।

ਸੁਣਨੇ ਵਾਲਾ ਐਨੇ ਚਿਰ ਵਿੱਚ,
ਦੋ ਕੁ ਕਦਮ ਪਿੱਛੇ ਰਹਿ ਗਿਆ,
ਮੈਂ ਖ਼ੂਬ ਵੇਗ ਵਿੱਚ ਆਕੇ,
ਸਾਰੀ ਆਪਣੀ ਕਵਿਤਾ ਕਹਿ ਗਿਆ।

ਪਰ ਕੋਈ ਦਾਦ ਵਾਲਾ ਹੋਰ ਜੁਮਲਾ,
ਨਾ ਸੁਣ ਮੈਨੂੰ ਹੋਈ ਹੈਰਾਨੀ,
ਪਿੱਛੇ ਮੁੜ ਕੇ ਜਦ ਮੈਂ ਦੇਖਿਆ,
ਗਾਇਬ ਸੀ ਮੇਰੇ ਰਾਹ ਦਾ ਜਾਨੀ।

ਅੱਗੇ ਪਿੱਛੇ ਦੇਖਣ 'ਤੇ ਵੀ,
ਜਦ ਉਹ ਮੈਨੂੰ ਮੁੜ ਨਾ ਲੱਭਿਆ,
ਹੈਰਾਨੀ ਜਿਹੀ ਦੇ ਆਲਮ ਵਿੱਚ,
ਮੈਂ ਇਕੱਲਾ ਹੀ ਅੱਗੇ ਨੂੰ ਵਧਿਆ।

ਪਹੁੰਚਿਆ ਇੱਕ ਪੰਡਾਲ ਦੇ ਵਿੱਚ,
ਜਿੱਥੇ ਕਵੀ ਦਰਬਾਰ ਸੀ ਲੱਗਿਆ,
ਖਚਾ ਖਚ ਭਰੇ ਇਸ ਪੰਡਾਲ ਵਿੱਚ,
ਬੈਠਣ ਨੂੰ ਥਾਂ ਮਸੀਂ ਸੀ ਲੱਭਿਆ।

ਸਟੇਜ ਤੋਂ ਇੱਕ ਨਾਮਵਰ ਕਵੀ,
ਕਵਿਤਾ ਆਪਣੀ ਸੁਣਾ ਰਿਹਾ ਸੀ,
ਨਾਲ ਨਾਲ ਆਪਣੇ ਉਹ ਸੋਹਲੇ,
ਖ਼ੁਦ ਹੀ ਉੱਚੀ ਗਾ ਰਿਹਾ ਸੀ।

ਬਹੁਤੀ ਦੇਰ ਉਸ ਦੀ ਇਹ ਨੀਤੀ,
ਮੈਂ ਸਹਿਣ ਨਾ ਕਰ ਸਕਿਆ,
ਖੜ੍ਹਾ ਹੋ ਕੇ ਮੈਂ ਉਸ ਦੇ ਅੱਗੇ,
ਕੁੱਛ ਕਹਿਣ ਲਈ ਅੱਗੇ ਵਧਿਆ।

ਬੇਨਤੀ ਕੀਤੀ ਭਾਈ ਸਾਹਿਬ ਜੀ,
ਆਪਣੇ ਸੋਹਲੇ ਹੀ ਨਾ ਗਾਵੋ,
ਤੁਹਾਡੀ ਧਾਕ ਖ਼ੁਦ ਹੀ ਬੱਝੇਗੀ,
ਸਿਰਫ ਆਪਣੀ ਕਵਿਤਾ ਹੀ ਸੁਣਾਵੋ।

ਤੱਤਾ ਜਿਹਾ ਕੁੱਛ ਹੋ ਕੇ ਉਸਨੇ,
ਮੇਰੇ ਵੱਲ ਕੁੱਝ ਇਵੇਂ ਸੀ ਤੱਕਿਆ,
ਜਿਵੇਂ ਕਿਸੇ ਕੰਡਿਆਲੀ ਵਾੜ 'ਚ,
ਬਿੱਲਾ ਹੋਵੇ ਕਸੂਤਾ ਫਸਿਆ।

ਕਹਿਣ ਲੱਗਾ ਤੈਨੂੰ ਕੀ ਪਤਾ ਹੈ,
ਕਿੰਨੀ ਬੜੀ ਮਸ਼ਹੂਰੀ ਹੈ ਮੇਰੀ,
ਮੈਨੂੰ ਬੜੇ ਇਨਾਮ ਮਿਲੇ ਹਨ,
ਹਰ ਪਾਸੇ ਚਰਚਾ ਹੈ ਮੇਰੀ।

ਮੇਰੀਆਂ 'ਤੇ ਕਵਿਤਾਵਾਂ ਲੋਕੀਂ,
ਥਾਂ ਥਾਂ ਉੱਤੇ ਗਾਉਂਦੇ ਫਿਰਦੇ,
ਮੇਰੇ ਸਿਰ 'ਤੇ ਕਈ ਲੋਕਾਂ ਦੇ,
ਕਾਰੋਬਾਰ ਵੀ ਬੜੇ ਨੇ ਗਿੜਦੇ।

ਇੰਨਾ ਸੁਣ ਕੇ ਮਹਿਫਲ ਦੇ ਵਿੱਚ,
ਐਸਾ ਹੜ੍ਹ ਹਾਸੇ ਦਾ ਆਇਆ,
ਕਵੀਆਂ ਵਿੱਚ ਕਵੀਆਂ ਨੂੰ ਦੇਖ ਕੇ,
ਮੇਰਾ ਦਿਲ ਹੋਰ ਵੀ ਘਬਰਾਇਆ।

ਇੰਨੇ ਕਵੀ ਇੰਨੀਆਂ ਕਵਿਤਾਵਾਂ,
ਹਰ ਇੱਕ ਦੇ ਪਿੱਛੇ ਢੇਰ ਕਿਤਾਬਾਂ,
ਕੌਣ ਪੜ੍ਹੇਗਾ ਦੂਜੇ ਦੇ ਕਿੱਸੇ,
ਜਿਸ ਦੇ ਖ਼ੁਦ ਨੇ ਬੇ ਹਿਸਾਬਾਂ।

ਤਰਸ ਆਇਆ ਮੈਨੂੰ ਉਨ੍ਹਾਂ ਉੱਤੇ,
ਜੋ ਦਿਨ ਰਾਤ ਨੇ ਲਿਖਦੇ ਜਾਂਦੇ,
ਫੇਰ ਆਪਣੀਆਂ ਕਿਤਾਬਾਂ ਵੇਚਣ ਲਈ,
ਲੋਕਾਂ ਅੱਗੇ ਤਰਲੇ ਨੇ ਪਾਂਦੇ।

ਨਾ ਜਾਣੇ ਇਸ ਦੁਨੀਆ ਉੱਤੇ,
ਕਿੰਨੇ ਵਾਹ ਵਾਹ ਲੱਭਦੇ ਲੱਭਦੇ,
ਸੁਪਨਿਆਂ ਵਾਂਗੂੰ ਸੁਪਨੇ ਹੋ ਗਏ,
ਅਣਜਾਣ ਰਾਹਾਂ ਦੇ ਘੱਟੇ ਫੱਕਦੇ।

ਕਈ ਸੁਪਨੇ ਵੀ ਹਕੀਕਤ ਲੱਗਦੇ,
ਕਈ ਹਕੀਕਤਾਂ ਸੁਪਨਿਆਂ ਵਰਗੀਆਂ,
ਸਮਝ ਤੋਂ ਬਾਹਰ ਨੇ ਕਈ ਕਹਾਣੀਆਂ,
ਜੋ ਕਈ ਨਦੀਆਂ ਵਾਂਗ ਨੇ ਵਗਦੀਆਂ।

ਰਵਿੰਦਰ ਸਿੰਘ ਕੁੰਦਰਾ ਕੌਵੈਂਟਰੀ ਯੂ ਕੇ

# Members in Parliament are not under contesting groups

**TAIL PIECE**
**Advocate**
**Dalip Singh Wasan,**
**E mail : dalipsinghwassan@yahoo.c.in**



It iws true that all the members in our Parliament had their nominations from the sie of contesting groups and they had selected tyhem as their own supporters. But still there is no provision in our Constitution that these contesting groups may be alive in our Parliament. The path of appointing government is based on group getting chance to form government is left with the majority and that is all. After formation of government, the Prime minister chooses some members as ministers ane this batch is to run the government as per directions of the Parliament. All the remaining members are one class representatives of the people and are free even from those who nominated their names.

Even the status of ministers is not higher, but this batch too is working undewr the Parliament and Parliament does not loses its dignity and even members are not bound to follow their nominators, but still are bound to maintain their dignity and work with their own conscience, will, sisdom, discretion and are not bound to follow wven whips. Actually there are no provisions in our Constitution for maintaining two groups rulers nd the oppositions.

This big house has been established to work as House of People and actually this House governs the nation because its directions areto be carried out by the government and even this House has got the power to dismiss the government by order undert No Confidence Motion.

Name of Prime Minister or of party governing the country coming in history of the country is also misleading and actually the name of the Parliament must come in all entries in history.

The members in Parliament are free and are there is no provision in our Constitution that they should follow their nominators and divide the House of the People. Let us maintain the dignity of the House and must ensure equality to all members in the House, no rulers and no oppositions where only leaders speak and all others with the group are to follow without application of their conscience, will, wisdom and discretion. Let this point come under discussion in the country and even in those other countries who are working on this set of democracy in the world.

## ਹਾਇਕੂ

1) ਸੁਨੇਹਾ ਘੱਲ
ਰੱਬ ਬੰਦਾ ਬੁਲਾਏ
ਸਭ ਨੇ ਜਾਣਾ

2) ਲੱਭਦੇ ਨਹੀਂ
ਹੁਣ ਹੱਲ ਪੰਜਾਲੀ
ਟੱਲੀ ਨਾ ਵੱਜੇ

3) ਖਾਣਾ ਨਾ ਖਾਂਦੇ
ਮਹਿੰਗੀਆਂ ਸ਼ਰਾਬਾਂ
ਅੱਜ ਦਾ ਖਾਣਾ

4) ਵਿਕੀ ਫ਼ਸਲ
ਕੁੜੀ ਦੀ ਸ਼ਾਦੀ ਲਈ
ਪੈਸੇ ਨਾ ਜੁੜੇ

5) ਖੁਸ਼ ਵਿਹੜਾ
ਜਦ ਭੈਣ ਤੇ ਭਰਾ
ਇਕੱਠੇ ਹੋਏ


6) ਘਰ ਭਰਿਆ
ਜਦ ਫਿਰ ਮਾਂ ਤੇ ਧੀ
ਫਿਰ ਮਿਲੀਆਂ

7) ਸੇਵਾ ਨਾ ਕਰੇ
ਯਾਰ ਯਾਰ ਕਰਦੀ
ਅੱਜ ਦੀ ਪੀੜ੍ਹੀ

8) ਕਿਸਾਨ ਮਿੱਧੇ
ਸੱਪਾਂ ਦੀਆਂ ਸਿਰੀਆਂ
ਲਾਉਂਦਾ ਪਾਣੀ

9) ਝੜਿਆ ਫੁੱਲ
ਕੰਨ ਚਿ ਕਹਿ ਗਿਆ
ਬੀ ਦੇ ਚਲਿਆ

10) ਆਲਣੇ ਵਿਚ
ਜੋ ਆਂਡਾ ਪਿਆ ਦਿੱਸੇ
ਜ਼ਰਾ ਸੰਭਾਲੋ



**ਕਸ਼ਮੀਰੀ ਲਾਲ ਚਾਵਲਾ**
**ਸੰਪਾਦਕ ਅਦਬੀ ਪਰਿਕਰਮਾ**
**ਮੁਕਤਸਰ 152026**
**9814814791**

# ਪੰਜਾਬੀ ਲਘੂ ਫਿਲਮਾਂ ਤੇ ਵੀਡਿਓ ਗੀਤਾਂ ਦੀ ਮੁਟਿਆਰ ਨਿਰਦੇਸ਼ਕ ਸਿੰਮੀ ਪ੍ਰੀਤ ਕੌਰ




ਸਿੰਮੀਪ੍ਰੀਤ ਕੌਰ ਬਾਬਤ ਲਿਖਣਾ ਤਾਂ ਕਲਮ ਕਈ ਸਲਾਹਾਂ ਕਰਦੀ ਹੈ, ਕੇਹੰਦੀ ਹੈ ਕਿ ਜਵਾਨੀ ਦੀ ਓਹ ਉਮਰ ਜਿਸ ਵਿੱਚ ਜਜ਼ਬਾਤ ਹੀ ਉਭਰਦੇ ਨੇ, ਰੀਝਾਂ ਪੈਦਾ ਹੁੰਦੀਆਂ ਨੇ ਸਿੰਮੀ ਲੇਖਕਾ ਬਣ ਗਈ ਤੇ ਸਾਹਿਤਕ ਸਫ਼ਰ ਐਸਾ ਕਿ ਬਿੰਬ ਪ੍ਰਤੀ ਬਿੰਬ ਲੱਗੇ ਜਿਵੇਂ ਮਾਂ ਨੇ ਗੁੜ੍ਹਤੀ ਵਿੱਚ ਦਿੱਤੇ ਹੋਣ। ਦੂਜੇ ਪਾਸੇ ਕਲਮ ਆਖਦੀ ਕਿ ਸਾਹਿਤਕ ਦੇ ਨਾਲ ਨਾਲ ਓਹ ਡਾਇਰੈਕਟਰ ਬਣ ਕਿਵੇਂ ਕਿਸੇ ਅੰਦਰਲੇ ਕਲਾਕਾਰ ਨੂੰ ਪਹਿਚਾਣ ਓਸ ਦਾ ਫਿਲਮਾਕਣ ਕਰਦੀ ਜਿਵੇਂ ਕੋਈ ਤਜ਼ਰਬੇਕਾਰ ਪੰਜਾਹ ਸਾਲਾਂ ਦੀ ਔਰਤ ਹੋਏ। ਚਲੋ ਹੋਰ ਕੀ ਸਲਾਹ ਕਲਮ ਦੀ ਬਾਅਦ ਵਿੱਚ ਪਹਿਲਾਂ ਇਹ ਜਾਣਕਾਰੀ ਲਵੋ ਕਿ ਸਿੰਮੀਪ੍ਰੀਤ ਕੌਰ ਸਾਹਿਤਕ ਸਰਗਰਮੀਆਂ, ਕਹਾਣੀਆਂ ਅਖ਼ਬਾਰਾਂ ਵਿੱਚ ਛਪਦੀ ਅੱਜ ਟੌਪ ਦੀ ਡਾਇਰੈਕਟਰ ਹੈ। ਦਰਜ਼ਨ ਦੇ ਕਰੀਬ ਵੀਡਿਓ ਗੀਤ ਓਹ ਡਾਇਰੈਕਟ ਕਰ ਚੁੱਕੀ ਹੈ ਤੇ ਗਾਇਕ ਪੰਮਾ ਸਾਹਿਰ ਆਖਦਾ ਮੇਰੇ ਗੀਤਾਂ ਦੀ ਉਮਰ ਸਿੰਮੀ ਨੇ ਵੀਡਿਓ ਬਣਾ ਵਧਾਈ ਹੈ। ਲਘੂ ਫ਼ਿਲਮ "ਤਰੇੜਾਂ" ਓਸ ਦੀ ਡਾਇਰੈਕਸ਼ਨ ਨੂੰ ਸਲਾਮ ਹੈ। ਕਿਤੇ ਓਹ ਕਾਰਜਕਾਰੀ ਨਿਰਮਾਤਾ ਬਣ ਤੇ ਕਿਤੇ ਕਹਾਣੀ ਤੇ ਸਕ੍ਰੀਨ ਪਲੇ ਗ਼ਜ਼ਬ ਦਾ ਲਿਆ ਮੂਵੀ ਜਾਨਦਾਰ ਦਿੰਦੀ ਰਹੀ ਹੈ। "ਭਤਕਨ" ਕਮਾਲ ਓਸ ਨੇ ਲਿਖੀ ਤੇ ਪੀਟੀਸੀ ਪੰਜਾਬੀ ਤੇ ਚੌਪਾਲ, ਪਿਟਾਰਾ ਹਰ ਥਾਂ ਸਿੰਮੀ ਪ੍ਰੀਤ ਕੌਰ ਛਾਈ ਰਹੀ ਹੈ। ਕਿਸ ਕਿਸ ਫ਼ਿਲਮ ਦਾ, ਵੈੱਬ ਫ਼ਿਲਮ ਦਾ ਜ਼ਿਕਰ ਕਰੀਏ ਕੁੱਲ ਮਿਲਾ ਕਿ ਸਿੰਮੀਪ੍ਰੀਤ ਕੌਰ ਨੇ ਬਹੁਤ ਲਘੂ ਫਿਲਮਾਂ ਦਿੱਤੀਆਂ ਹਨ। ਹੁਣ ਅਸਲੀ ਸਫ਼ਰ ਓਸ ਦਾ ਸ਼ੁਰੂ ਜਦ ਓਹ ਵੱਡੀ ਫ਼ਿਲਮ ਸਿਨੇਮਾ ਲਈ ਡਾਇਰੈਕਟ ਕਰੇਗੀ। ਜਦ ਓਹ ਵੱਡੇ ਨਾਮਵਰ ਗਾਇਕਾਂ ਦੇ ਵੀਡਿਓ ਕਰੇਗੀ ਤੇ ਸਿੰਮੀਪ੍ਰੀਤ ਤਦ ਇੱਕ ਨਵੀਂ ਸਿੰਮੀ ਬਣ ਨਜ਼ਰ ਆਏਗੀ। ਯੂਟਿਊਬ ਤੇ ਨਾਮ ਬਣਿਆ ਹੈ ਪਰ ਵਿਸ਼ਵ ਵਿਆਪੀ ਬਣਾਉਣ ਲਈ ਸਿੰਮੀ ਨੂੰ ਉੱਚ ਬੇਨਰ, ਕਲਾਕਾਰ ਸਟਾਰ ਨਾਲ ਕੰਮ ਕਰਨਾ ਹੈ। ਕੰਮ ਬਹੁਤ ਰ ਓਸ ਕੋਲ ਪਰ ਸਾਡੀ ਨਜ਼ਰੀਂ ਸਿੰਮੀ ਪ੍ਰੀਤ ਨੂੰ ਹੁਣ ਵੱਡੇ ਪ੍ਰੌਜੈਕਟ ਕਰਨੇ ਹਨ। ਤੇ ਹਾਂ ਹੁਣ ਕਲਮ ਸੰਗ ਰਹੀ ਏ ਤੇ ਇਸ਼ਾਰੇ ਕਰਦੀ ਏ ਕਿ ਹੀਰੋਇਨ ਹੀ ਲੱਗਦੀ ਹੈ ਸਿੰਮੀ, ਕੱਦ ਕਾਠ, ਉਚਾਈ ਲੰਬਾਈ, ਸਰੀਰਕ ਭਾਸ਼ਾ ਤੇ ਨਕਸ਼ ਨੈਣ ਸਭ ਫੁੱਲ ਪੱਤੀਆਂ ਗੁਲਾਬ ਦੀਆਂ ਹਨ, ਹਾਸਾ ਬੁੱਲ੍ਹੀਆਂ ਦੇ ਦਾਂਦਾਸੇ ਨੂੰ ਸੁਰਖ਼ ਕਰੇਂਦਾ ਹੈ ਤੇ ਕੁਲ ਮਿਲਾ ਕਿ ਇੱਕ ਫਿਲਮੀ ਨਾਇਕਾ ਜਿਹੀ ਸਿੰਮੀ ਦੀ ਪ੍ਰੀਤ ਫ਼ਿਲਮ ਨਿਰਦੇਸ਼ਨ ਤੇ ਲਿਖਣ ਨਾਲ ਹੈ ਕਿਤੇ ਕੰਮ ਕਾਰ ਤਜ਼ਰਬੇ ਬਾਬਤ ਵਾਧ ਘਾਟ ਤਾਂ ਸਿੰਮੀ ਕੋਈ ਨਹੀਂ ਚਲਦਾ ਹੈ ਪਰ ਆਖਰੀ ਗੱਲ ਕਿ ਪਤਲੀ ਪਤੰਗ ਜੱਟੀ ਰੰਗ ਰੂਪ ਦੀ ਹੱਟੀ, ਕਦੇ ਕਦੇ ਦਿਲ ਕਰਦਾ ਹੀਰੋਇਨ ਬਣ ਜਾਂਦੀ ਜਾਂ ਬਣ ਜਾਏ ਤਾਂ ਦੂਰ ਨਹੀਂ ਦਿੱਲੀ ਤੇ ਯਾਰਾਂ ਦੀ ਬੱਲੇ ਬੱਲੇ ਸਿਮੀਏ ਸਿੰਮੀ ਏ ਸੁੰਦਰ , ਸੁਸ਼ੀਲ ਤੇ ਕੰਮ ਦੀ ਤਜ਼ਰਬੇਕਾਰ ਡਾਇਰੈਕਟਰ ਲੇਖਿਕਾ ਖੁਸਬੂ ਲਾ ਕਿ ਇਹ ਸਿੰਮੀ ਪ੍ਰੀਤ ਇੰਜ ਹੀ ਵਧਦੀ ਫੁੱਲਦੀ ਰਹੇ ਰੱਬ ਰਾਖਾ ਅੱਲਾ ਬੇਲੀ।

**-ਅੰਮ੍ਰਿਤ ਪਵਾਰ।**

ਸ੍ਰੀ ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ ਦੇ ਸਹਿਯੋਗ ਨਾਲ ਜੀ.ਐਨ.ਡੀ.ਜੀ. ਕਬੱਡੀ ਕਲੱਬ ਵੱਲੋਂ

## ਇੰਗਲੈਂਡ ਕਬੱਡੀ ਫੈਡਰੇਸ਼ਨ ਯੂ.ਕੇ. ਦੀ ਸਰਪ੍ਰਸਤੀ ਹੇਠ

# ਕਬੱਡੀ ਟੂਰਨਾਮੈਂਟ 2025

## 15 ਜੂਨ 2025 ਦਿਨ ਐਤਵਾਰ ਨੂੰ


ਜੀਤਾ ਜੌਹਲ

**ADDRESS: Gurdwara Grounds, Parrock Street, Gravesend, DA12 1EZ**

**ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਵਿੱਚ ਪੈਰਕ ਸਟ੍ਰੀਟ, ਗ੍ਰੇਵਜ਼ੈਂਡ ਵਿਖੇ ਸਵੇਰੇ 9:30 ਤੋਂ ਸ਼ਾਮ 6:00 ਵਜੇ ਤੱਕ ਕਰਵਾਇਆ ਜਾ ਰਿਹਾ ਹੈ**

ਇਹ ਟੂਰਨਾਮੈਂਟ ਗ੍ਰੇਵਜ਼ੈਂਡ ਕਬੱਡੀ ਕਲੱਬ ਦੇ ਸਾਬਕਾ ਖਿਡਾਰੀ ਜੀਤਾ ਜੌਹਲ ਨੂੰ ਸਮਰਪਿਤ ਹੋਵੇਗਾ

ਪਿਆਰੇ ਦਰਸ਼ਕ ਵੀਰੋ ਤੇ ਖੇਡ ਪ੍ਰੇਮੀਓ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥ ਸ੍ਰੀ ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ ਦੇ ਪ੍ਰਬੰਧਕ ਸੇਵਾਦਾਰਾਂ ਵੱਲੋਂ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਵਿੱਚ ਸਮੂਹ ਗਰੇਵਜ਼ੈਂਡ ਵਾਸੀਆਂ ਦੇ ਸਹਿਯੋਗ ਨਾਲ ਟੂਰਨਮੈਂਟ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਟਾਊਨ ਸੈਂਟਰ ਦੇ ਵਿਚਕਾਰ ਹੋਣ ਕਰਕੇ ਕੁਝ ਖਾਸਾ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਗਰਾਊਂਡਾਂ ਦੇ ਆਲੇ ਦੁਆਲੇ ਦਾ ਇਲਾਕਾ ਅਦਾਲਤ ਵੱਲੋਂ ਕਾਨੂੰਨ ਮੁਤਾਬਕ ਨਸ਼ਾ ਮੁਕਤ Alcohal Free Zone ਐਲਾਨਿਆ ਹੋਇਆ ਹੈ। ਇਸ ਲਈ ਸ਼ਰਾਬ ਪੀ ਕੇ ਜਾਂ ਨਾਲ ਲੈ ਕੇ ਆਉਣ ਦੀ ਸਖਤ ਮਨਾਹੀ ਹੈ। ਹਰ ਕਾਰ ਜਾਂ ਵੈਨ ਦੀ ਤਲਾਸ਼ੀ ਲਈ ਜਾਵੇਗੀ। ਸ਼ਰਾਬ ਪੀ ਕੇ ਖੌਰੂ ਪਾਉਣ ਵਾਲਿਆਂ ਨੂੰ ਰਾਤ ਪੁਲਿਸ ਸਟੇਸ਼ਨ ਤੇ ਕੱਟਣੀ ਪੈ ਸਕਦੀ ਹੈ ਅਤੇ 80 ਪੌਂਡ ਜੁਰਮਾਨਾ ਵੀ ਹੋਵੇਗਾ। ਇਸ ਵਿੱਚ ਅਸੀਂ ਚੰਗੇ ਅਨੁਸਾਸ਼ਨ ਦਾ ਸਬੂਤ ਦੇਈਏ ਤਾਂ ਕਿ ਬਾਕੀ ਰਹਿੰਦੇ ਟੂਰਨਮੈਂਟਾਂ ਨੂੰ ਵੀ ਇਨ੍ਹਾਂ ਲੀਹਾਂ 'ਤੇ ਚਲਾ ਕੇ ਕਾਮਯਾਬੀ ਦੀ ਸਿਖਰ ਤੇ ਪਹੁੰਚਾਇਆ ਜਾ ਸਕੇ। ਅਸੀਂ ਆਪ ਸਭ ਦੇ ਅਤੀ ਧੰਨਵਾਦੀ ਹੋਵਾਂਗੇ। ਗੁਰੂ ਕਾ ਅਤੁੱਟ ਲੰਗਰ ਵਰਤੇਗਾ।

### ਦਵਿੰਦਰ ਸਿੰਘ ਪਤਾਰਾ ਦਾ ਗੋਲਡ ਮੈਡਲ ਨਾਲ ਸਨਮਾਨ

ਗ੍ਰੇਵਜ਼ੈਂਡ ਕਬੱਡੀ ਕਲੱਬ ਅਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਲਈ 60 ਸਾਲ ਤੋਂ ਵੱਧ ਸਮਾਂ ਸੇਵਾ ਕਰਨ ਵਾਲੇ ਦਵਿੰਦਰ ਸਿੰਘ ਪਤਾਰਾ ਦਾ ਗੋਲਡ ਮੈਡਲ ਨਾਲ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।


ਦਵਿੰਦਰ ਸਿੰਘ ਪਤਾਰਾ

### ਦਾਖਲਾ ਟਿਕਟ– £15 Entry Ticket - £15

### GROUP-A — 2025 ਟੂਰਨਾਮੈਂਟ ਦੀਆਂ ਟਾਈਆਂ

**Pool - A**
- BARKING / GRAVESEND KC vs SOUTHALL / ERITH / WOOLWICH KC — 4th Match 12:15pm
- TELFORD Kabaddi Club vs BIRMINGHAM / COVENTRY KC — 6th Match 13:25pm
- 8th Match 14:45pm

**Pool - B**
- HAYES / DERBY KC vs LEICESTER / BRADFORD KC — 3rd Match 11:40pm
- SLOUGH / ICKENHAM KC vs ST WOLVERHAMPTON / MEDWAY KC — 5th Match 12:50pm
- 7th Match 14:00pm

10th Match Final 17:00 PM

### GROUP - B

- LONDON TIGERS (B TEAM) vs MIDLAND TIGERS (B TEAM) — 1st Match 10:30am
- BABA DEEP SINGH JI (B TEAM) vs MAUR CLUB (B TEAM) — 2nd Match 11:05am
- 9th Match 15:30pm B TEAM Final

**ਕਾਰ ਪਾਰਕਿੰਗ ਮੁਫਤ – CAR Parking FREE**

### ਗ੍ਰੇਵਜ਼ੈਂਡ ਕਬੱਡੀ ਕਲੱਬ ਦੇ ਸਹਿਯੋਗੀ ਮੈਂਬਰ:

ਸਵਰਨਾ ਕਬੱਡੀ ਪਲੇਅਰ
ਪਾਲੀ ਕਬੱਡੀ ਪਲੇਅਰ
ਕੁਲਵੰਤ ਸਿੰਘ ਸੰਧਵਾਂ
ਜਸਵੰਤ ਪੁਆਧੜਾ
ਅਮਰੀਕ ਸਿੰਘ ਜਵੰਦਾ
ਜੂਨੀਅਰ ਚੀਮਾ
ਤਾਰੀ ਪੱਤੜ
ਸਟੀਵ ਬਾਸੀ
ਜਸਵਿੰਦਰ ਸਿੰਘ ਬਿੱਟੂ ਭਰੋਲੀ
ਢੇਸੀ ਕੰਸਟਰੱਕਸ਼ਨ ਲਿਮਟਿਡ (ਜਸਪਾਲ ਸਿੰਘ)
ਲਾਹੌਰਾ ਸਿੰਘ (C.C.U Ltd.)
ਮਨਜੀਤ ਸਿੰਘ (Milestone Civil Eng. Ltd.)
ਬਖਸ਼ੀਸ਼ ਸਿੰਘ ਸੋਢੀ
ਮੁਖਤਿਆਰ ਸਿੰਘ ਲੱਖੀ

ਛਿੰਦਾ ਬੈਂਸ
ਚਾਰਲਸ ਸਿਮਨਜ਼
ਗੁਰਪਾਲ ਉੱਪਲ
ਅਮਰੀਕ ਸਿੰਘ ਬੈਨੀ ਜੰਡਾਲੀ
ਬਿੱਲਾ ਭੁੱਲਰ
ਟਹਿਲ ਸਿੰਘ ਟਹਿਲਾ
ਬਲਦੇਵ ਬੁਲੱਟ
ਹਰਜਿੰਦਰ ਸਿੰਘ ਚੀਮਾ
ਗੁਰਮੇਜ ਸਿੰਘ ਜੰਡਾਲੀ
ਅਵਤਾਰ ਸਿੰਘ ਮੋਰਾਂਵਾਲੀ
ਕਰਮਜੀਤ ਸਿੰਘ ਕੈਂਟਰਬਰੀ
ਭਿੰਦਾ ਪੰਜਾਬ ਮੀਟ ਸ਼ਾਪ
ਬਲਵੀਰ ਸਿੰਘ ਕੈਲੀ
ਪਲਵਿੰਦਰ ਢੰਡਾ
ਅਮਰੀਕ ਸਿੰਘ ਮੀਕਾ
ਸੁਰਿੰਦਰ ਸਿੰਘ ਜੱਜਾ

ਗੋਪੀ ਦੁਸਾਂਝ
ਛੋਟਾ ਜੀਤੀ
ਸਮੀਰ ਜੱਸਲ
ਇੰਦਰਜੀਤ ਮੱਲੀ (NAB Construction)
ਅਮਨ ਬਾਗੜੀ
ਸੁੱਖੀ ਪੁਆਰ
ਜੈਲਾ ਸਪਰਾ
ਬਲਜੀਤ ਬਾਜਵਾ
ਪਵਿੱਤਰ ਮੁਠੱਡਾ
ਬੂਟਾ ਮੁਠੱਡਾ, ਦੀਪਾ ਤੂਰ
ਜਸਵਿੰਦਰ ਸਿੰਘ ਗਿੱਲ
ਪਰਜੀਤ ਬਰਾੜ
ਸੈਮ, ਗਗਨ, ਗੋਲਡੀ
ਰਾਜ ਚੀਮਾ

ਬਿੱਲਾ ਗਿੱਲ ਦੀਨੇਵਾਲ
ਚਮਕੌਰ ਘੁੰਮਣ
ਜਗਤਾਰ ਕਵੇਰਾ
ਨਰਿੰਦਰ
ਮਲਵਿੰਦਰ ਅਟਵਾਲ
ਕੁਲਦੀਪ ਝਾਗੜ (ਅਪੋਲੋ ਟੈਕਸੀ)
ਸੁੱਖਾ ਯੂਰੋ ਸ਼ੇਪ ਫਿਟਰਸ
ਦਵਿੰਦਰ ਇਲੀਟ ਵੈਨਿਊ
ਮੱਘਰ ਮੀਤ ਸ਼ੇਰੇ ਪੰਜਾਬ
ਚੰਨਾ ਬਿਲਡਰ
ਸੁਧੀਰ ਹੈਨਰੀ
ਅਵਨੀਤ ਅਕਾਊਂਟੈਂਟ
ਪੀਟਰ ਜੀਤਾ ਹੇਅਰ
ਸਤਵਿੰਦਰ ਔਜਲਾ
ਲਾਡੀ ਗੋਤਰਾ

ਕਰਨੈਲ ਬਾੜ ਮਜਾਰਾ
ਗੁਰਜੰਟ ਸਿੰਘ ਰਾਏਕੋਟ
ਸਤਨਾਮ ਸਿੰਘ
ਬਲਵਿੰਦਰ ਸਿੰਘ
ਜੋਗਿੰਦਰ ਸਿੰਘ ਦੋਸਾਂਝ
ਦੀਪ ਜਵੰਦਾ, ਰੰਕਾ, ਸੱਤਾ, ਬਿੱਲਾ ਕੋਲਗੜ੍ਹ
ਹਰਦੀਪ ਹੇੜੀਆਂ
ਅਮਨ ਜੌਹਲ, (ਜੀਤਾ ਜੌਹਲ)
ਬਲਜੀਤ ਦੁਸਾਂਝ
ਗੋਪੀ ਰੰਧਾਵਾ
ਨਛੱਤਰ ਕਲਸੀ
ਇਸ਼ਟਮੀਤ ਸਿੰਘ
ਅੰਮ੍ਰਿਤ ਬਰਮੀ
ਮਨਜੀਤ ਸਿੰਘ
ਇੰਦਰਜੀਤ ਮੱਲੀ

ਦੀਪਾ ਸਰਗੂੰਦੀ
ਅਮਨ ਸੰਧੂ
ਬਰਾੜ ਸਾਊਥਾਲ
ਸੰਦੀਪ ਕੁਮਾਰ, ਲੱਕੀ ਰਾਏ
ਗਗਨਦੀਪ ਸਿੰਘ
ਹਰਦੀਪ ਸਿੰਘ ਹੈਰੀ
ਅਮਨ ਸਿੰਘ
ਜਰਨੈਲ ਸਿੰਘ
ਗੁਰਪ੍ਰੀਤ ਸਿੰਘ
ਕੁਲਦੀਪ ਸਿੰਘ ਖਾਲਸਾ
ਵਿੱਕੀ ਵੜੈਚ
ਮੱਖਣ ਸਲੋਹ
ਹਰਪਾਲ ਪਾਲਾ
ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗ੍ਰੇਵਜ਼ੈਂਡ ਨਿਵਾਸੀ

**ਵਧੇਰੇ ਜਾਣਕਾਰੀ: ਸਤਨਾਮ ਸਿੰਘ ਸੱਤਾ ਮੁਠੱਡਾ–07984 151006 ਰਸ਼ਪਾਲ ਸਿੰਘ ਸਹੋਤਾ–07930 266048**


ਪ੍ਰਬੰਧਕ

ਪ੍ਰਧਾਨ ਕੁਲਵਿੰਦਰ ਸਿੰਘ ਸਹੋਤਾ–07966 147229, ਚੇਅਰਮੈਨ ਮੰਗਾ ਢਿੱਲੋਂ– 07946 471884, ਸੁੱਖਾ ਚੱਕਾਂ ਵਾਲਾ–07429 818291, ਬਾਗੀ ਅਟਵਾਲ – 07922 922332 ਲਛਮਣ ਸਿੰਘ ਦੁਸਾਂਝ, ਜਰਨੈਲ ਸਿੰਘ ਬਾੜ ਮਜਾਰਾ, ਜਸਵੰਤ ਸਿੰਘ ਚੀਮਾ, ਦਵਿੰਦਰ ਸਿੰਘ ਸ਼ਿੰਦੀ ਏ ਵੰਨ, ਲੈਹਿੰਬਰ ਸਿੰਘ ਬੈਂਸ, ਸ਼ੀਰਾ ਪੁਆਦੜਾ, ਬੇਅੰਤ ਬਰਾੜ, ਦਵਿੰਦਰ ਸਿੰਘ ਪਤਾਰਾ, ਵਰਿੰਦਰ ਹੁੰਦਲ, ਬਲਕਾਰ ਸੁੰਮਨ, ਸਨੀ ਸੰਧਰ, ਸਾਬੀ ਮਿਡਵੇਅ, ਮੰਗਾ ਮਿੱਠਾਪੁਰ

## ਜਾਰੀ ਕਰਤਾ – ਸ੍ਰੀ ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ

ਪ੍ਰਧਾਨ: ਅਜੈਬ ਸਿੰਘ ਚੀਮਾ, ਜਨਰਲ ਸੈਕਟਰੀ: ਦਵਿੰਦਰ ਸਿੰਘ ਭਿੰਦਾ ਮੁਠੱਡਾ 07877 184974, ਜਨਰਲ ਸੈਕਟਰੀ: ਸਵਰਨ ਸਿੰਘ 07731 961129
ਖੇਡ ਸੈਕਟਰੀ: ਬਲਵਿੰਦਰ ਸਿੰਘ ਚੀਮਾ – 07387 158361, ਖੇਡ ਸੈਕਟਰੀ: ਅਜੀਤ ਸਿੰਘ ਖੈਰ੍ਹਾ – 07944 787726

ਲੜੀਵਾਰ ਨਾਵਲ



ਕਮਲ ਗਿੱਲ

Mob : +44 07454 394684

# ਗੰਧਲੇ ਰਿਸ਼ਤੇ

ਵਾਪਸ ਆਈ ਕੰਮ 'ਚ ਬਿਜ਼ੀ ਹੋ ਗਈ। ਹੁਣ ਤੱਕ ਮੈਂ ਲਿੱਖਣਾ ਟੋਟਲੀ ਬੰਦ ਕਰ ਚੁੱਕੀ ਸੀ ਤੇ ਨਾ ਕੁਝ ਨਵਾਂ ਪੜ੍ਹਦੀ ਹੀ । ਬਸ ਕੰਮ 'ਤੇ ਜਾਂਦੀ ਸੀ । ਬਾਕੀ ਆਪਣੇ ਫੀਲਡ 'ਚ ਅਲੋਪ ਹੋਣਾ ਸ਼ੁਰੂ ਹੋ ਗਈ ਸੀ ਉਸ ਦੀ ਵਜ੍ਹਾ ਕਰਕੇ। ਕੀ ਹੋ ਰਿਹਾ ਸੀ ਕੁਝ ਵੀ ਸਮਝ ਨਹੀਂ ਆ ਰਹੀ ਸੀ ਪਰ ਕਿਸੇ ਨਾਲ ਗੱਲ ਕਰਨ ਦਾ ਮਨ ਨਹੀ ਸੀ। ਨਾ ਕੋਈ ਈ-ਮੇਲ ਦੇਖਦੀ, ਫੂਨ ਤਾਂ ਆਉਣਾ ਹੀ ਨਹੀਂ ਸੀ ਕਿਸੇ ਦਾ ਕਰ ਕੇ ਨੰਬਰ ਨਵਾਂ ਸੀ। ਇੱਕ ਕਿਸਮ ਦਾ ਆਪਣੇ ਫੀਲਡ 'ਚ ਮੈਂ ਡੈੱਡ ਹੀ ਸੀ। ਮੈਨੂੰ ਲੱਭਣਾ ਵੀ ਕਿਹਨੇ ਸੀ ਮੇਰੇ ਕਰੀਬੀ ਇਹ ਜਾਣਦੇ ਸਨ ਕਿ ਕੈਲਾਸ਼ ਦੂਜਾ ਵਿਆਹ ਕਰਾ ਨਵੀਂ ਲਾਈਫ 'ਚ ਸੈੱਟ ਹੋ ਗਈ ਸੀ।''




## ਕਿਸ਼ਤ-28

ਇਹ ਡਰਾਮੇ ਮੈਂ ਬਹੁਤ ਦੇਖੇ ਆ ਮੇਰੀ ਪਹਿਲੀ ਜਨਾਨੀ ਦੇ ਉਹ ਵੀ 'ਭੈਣ..ਚੋ' (ਗਾਲ) ਇਹੀ ਹਰਕਤਾਂ ਕਰਦੀ ਹੁੰਦੀ ਸੀ, ਮੈਂ ਜਿੱਦਾਂ ਦਾ ਹੈਗਾਂ ਉਦਾਂ ਦਾ ਹੀ ਰਹਿਣਾ, ਮੈਂ ਉਹ ਬੰਦਾ ਨਹੀਂ ਜੋ ਤੀਵੀਂ ਥੱਲੇ ਲੱਗਾ ਰਹੇ ਤੇ ਜੋ ਤੀਵੀਂ ਕਹੇ ਉਹੀ ਸੁਣੀ ਜਾਏ, ਤੈਨੂੰ ਮੇਰਾ ਸੁਭਾਅ ਬਦਲਣ ਦੀ ਲੋੜ ਨਹੀਂ। ਜੇ ਮੇਰੇ ਨਾਲ ਰਹਿਣਾ ਤਾਂ ਮੇਰਾ ਸੁਭਾਅ ਅਪਣਾ, ਨਾਲੇ ਤੀਵੀਂ ਦਾ ਫਰਜ਼ ਆ ਆਪਣੇ ਬੰਦੇ ਨੂੰ ਪੜ੍ਹੇ ਨਾ ਕੀ ਬੰਦਾ ਤੀਵੀਂ ਦੀ ਪੂੰਛ ਬਣੇ। ਰੌਣ-ਰੂਣ ਦਾ ਕੋਈ ਕੰਮ ਨਹੀਂ ਮੇਰੇ ਅੱਗੇ। ਪੁੱਗਦਾ ਤਾਂ 'ਭੈਣ...' (ਗਾਲ) ਰਹਿ, ਨਹੀਂ ਪੁੱਗਦਾ ਤਾਂ ਤੂੰ ਆਪਣਾ ਦੇਖ ਲਾ।'' ਇਹ ਉਸ ਦੇ ਸ਼ਬਦ ਸਨ।

''ਹਾਏ ਉਸ ਨੇ ਤੁਹਾਨੂੰ 'ਭੈਣ..ਚੋ' (ਗਾਲ) ਵੀ ਕਿਹਾ ਇੰਨਾ ਗੱਲਾਂ 'ਚ?''

''ਹਾਂ, ਮੈਂ ਖੁਦ ਹੈਰਾਨ ਸੀ, ਹੁਣ ਤੱਕ ਦੋ ਦਿਨਾਂ 'ਚ ਉਹ ਮੈਨੂੰ ਦੋ ਵਾਰ ਕਹਿ ਹਟਿਆ ਸੀ ਨਹੀਂ ਪੁੱਗਦਾ ਤਾਂ ਆਪ ਦਾ ਦੇਖ ਲਾ।''

ਤੇ 'ਭੈਣ..ਚੋ.' (ਗਾਲ) ਲਫਜ਼ ਸੁਣ ਕੇ ਤਾਂ ਮੈਂ ਹੋਰ ਹੈਰਾਨ ਸੀ ਕਿ ਹਾਲੇ ਇਹ ਬੰਦਾ ਦੋ ਡਿਗਰੀਆਂ ਵਾਲਾ ਆ ਜੋ ਆਪਣੀ ਜਨਾਨੀ ਨੂੰ 'ਭੈਣ..ਚੋ.' (ਗਾਲ) ਬੋਲ ਰਿਹਾ ਹੈ।

ਉਸ ਦੇ ਮੂੰਹੋਂ 'ਭੈਣ..ਚੋ.' (ਗਾਲ) ਸ਼ਬਦ ਸੁਣ ਕੇ ਮੈਨੂੰ ਉਸ ਦੇ ਦਿਮਾਗ ਦਾ ਅੰਦਾਜ਼ਾ ਲੱਗਣਾ ਸ਼ੁਰੂ ਹੋ ਗਿਆ ਸੀ। ਮੈਨੂੰ ਇਹ ਵੀ ਸਮਝ ਆ ਗਈ ਸੀ ਕਿ ਇਸ ਨੂੰ ਐਂਗਰ ਈਸ਼ੂ ਹੈ। ਜੋ ਮਿੰਟ ਵਿਚ ਹੀ ਇੰਨਾਂ ਤੱਤਾਂ ਹੋ ਜਾਂਦਾ ਹੈ।

''ਫਿਰ ਵਾਪਸ ਆ ਕੇ ਤੁਸੀਂ ਕਿਸੇ ਨਾਲ ਗੱਲ ਕੀਤੀ?''

''ਨਹੀਂ ਕਰਨੀ ਵੀ ਕਿਸ ਨਾਲ ਸੀ, ਮਾਂ ਇੰਡੀਆ ਸੀ, ਬੇਟੇ ਅਤੇ ਬਾਕੀ ਰਿਸ਼ਤੇਦਾਰਾਂ ਦੀਆਂ ਨਜ਼ਰਾਂ 'ਚ ਮੈਂ ਬਹੁਤ ਖੁਸ਼ ਸਾਂ।''

ਵਾਪਸ ਆਈ ਕੰਮ 'ਚ ਬਿਜ਼ੀ ਹੋ ਗਈ। ਹੁਣ ਤੱਕ ਮੈਂ ਲਿੱਖਣਾ ਟੋਟਲੀ ਬੰਦ ਕਰ ਚੁੱਕੀ ਸੀ ਤੇ ਨਾ ਕੁਝ ਨਵਾਂ ਪੜ੍ਹਦੀ ਹੀ । ਬਸ ਕੰਮ 'ਤੇ ਜਾਂਦੀ ਸੀ । ਬਾਕੀ ਆਪਣੇ ਫੀਲਡ 'ਚ ਅਲੋਪ ਹੋਣਾ ਸ਼ੁਰੂ ਹੋ ਗਈ ਸੀ ਉਸ ਦੀ ਵਜ੍ਹਾ ਕਰਕੇ। ਕੀ ਹੋ ਰਿਹਾ ਸੀ ਕੁਝ ਵੀ ਸਮਝ ਨਹੀਂ ਆ ਰਹੀ ਸੀ ਪਰ ਕਿਸੇ ਨਾਲ ਗੱਲ ਕਰਨ ਦਾ ਮਨ ਨਹੀ ਸੀ। ਨਾ ਕੋਈ ਈ-ਮੇਲ ਦੇਖਦੀ, ਫੂਨ ਤਾਂ ਆਉਣਾ ਹੀ ਨਹੀਂ ਸੀ ਕਿਸੇ ਦਾ ਕਰ ਕੇ ਨੰਬਰ ਨਵਾਂ ਸੀ। ਇੱਕ ਕਿਸਮ ਦਾ ਆਪਣੇ ਫੀਲਡ 'ਚ ਮੈਂ ਡੈੱਡ ਹੀ ਸੀ। ਮੈਨੂੰ ਲੱਭਣਾ ਵੀ ਕਿਹਨੇ ਸੀ ਮੇਰੇ ਕਰੀਬੀ ਇਹ ਜਾਣਦੇ ਸਨ ਕਿ ਕੈਲਾਸ਼ ਦੂਜਾ ਵਿਆਹ ਕਰਾ ਨਵੀਂ ਲਾਈਫ 'ਚ ਸੈੱਟ ਹੋ ਗਈ ਸੀ।''

ਉਸ ਦਾ ਫੂਨ ਸਵੇਰੇ ਕੰਮ 'ਤੇ ਜਾਣ ਲੱਗਿਆਂ 30 ਮਿੰਟ ਲਈ ਰੋਜ਼-ਰੋਜ਼ ਆਉਂਦਾ। ਸ਼ਾਮ ਨੂੰ ਕੰਮ ਤੋਂ ਹੱਟ ਕੇ ਜਿੰਨੀ ਦੇਰ ਘਰ ਦਾ ਰਾਹ ਓਨੀ ਦੇਰ। ਘਰ ਪਹੁੰਚਦਿਆਂ ਹੀ ਉਹ ਆਖ ਦਿੰਦਾ ਚੰਗਾ ਮੈਂ ਪਹੁੰਚ ਗਿਆ। ਅੰਦਰ ਚੱਲਾ ਬਾਏ ਫਿਰ। ਹੌਲੀ-ਹੌਲੀ ਰਾਤ ਵਾਲੇ ਫੂਨ ਵਿਚ ਵੀ ਕਟੌਤੀ ਹੋ ਗਈ। ਸ਼ਾਮ ਨੂੰ ਟੈਕਸ ਕਰ ਦਿੰਦਾ- ਮੈਂ ਟੀਵੀ ਦੇਖਣਾ ਮੇਰਾ ਮੈਚ ਆ ਅੱਜ ਸਵੇਰੇ ਕਰਾਂਗਾ ਗੱਲ। ਮੈਂ ਉਦਾਸ ਹੋ ਜਾਂਦੀ ਇਹ ਕੀ ਹੋ ਰਿਹਾ ਇੰਨਾ ਕੁਝ ਕਿਵੇਂ ਬਦਲ ਰਿਹਾ ਇੰਨੀ ਛੇਤੀ। ਕੋਈ ਸਮਝ ਨਾ ਆਉਂਦੀ।

ਉਹੀ ਰੂਟੀਨ ਚੱਲ ਰਿਹਾ ਸੀ ਸਵੇਰੇ 8 ਤੋਂ 8:30, ਸ਼ਾਮ ਨੂੰ 6 ਤੋਂ 6:30 ਘਰੋਂ ਬਾਹਰ ਕੰਮ 'ਤੇ ਜਾਣ ਵੇਲੇ ਕਾਲ ਤੇ ਕੰਮ ਤੋਂ ਘਰ ਤੱਕ ਦੇ ਸਫਰ ਵੇਲੇ ਕਾਲ ਉਸ ਤੋਂ ਬਾਅਦ ਇਕ-ਅੱਧਾ ਟੈਕਸ ਬੱਸ। ਸ਼ਨੀਵਾਰ ਨੂੰ ਸ਼ਾਮ ਤੱਕ ਕੋਈ ਫੂਨ ਨਾ ਆਉਂਦਾ। ਜੇ ਮੈਂ ਕਰਦੀ ਤਾਂ ਚੁੱਕਦਾ ਹੀ ਨਹੀਂ ਜੇ ਦੂਜੀ ਵਾਰ ਕਰ ਦਿੰਦੀ ਤਾਂ ਚੁੱਕਦਾ ਤੇ ਆਖਦਾ ਕੀ ਗੱਲ ਵਾਰ-ਵਾਰ ਫੂਨ ਕਰੀ ਜਾਂਦੀ ਕੋਈ ਜ਼ਰੂਰੀ ਗੱਲ ਸੀ, ਬੋਲ ਕੀ ਗੱਲ ਆ।

ਜੇ ਮੈਂ ਆਖਦੀ ਉਦਾਂ ਹੀ ਕੀਤਾ ਸੋਚਿਆ ਪੁੱਛਾਂ ਠੀਕ ਹੋ ਤਾਂ ਆਖਦਾ ਆਹੋ ਠੀਕ ਹੀ ਆਂ ਮਾਮ-ਡੈਡ ਕੋਲ ਬੈਠਾ।

ਮੈਂ ਹੈਰਾਨ ਹੋ ਜਾਂਦੀ ਕਿ ਜੇ ਮਾਤਾ-ਪਿਤਾ ਕੋਲ ਹੀ ਬੈਠਾ ਹੈ ਤਾਂ ਫੂਨ ਕਿਉਂ ਨਹੀਂ ਚੁੱਕਦਾ। ਇਸ ਤਰ੍ਹਾਂ ਦੀ ਕੀ ਗੱਲ। ਮੈਂ ਵੀ ਤਾਂ ਤੇਰੀ ਹਾਂ। ਤੇਰੀ ਫੈਮਲੀ ਦਾ ਹੀ ਪਾਰਟ ਹਾਂ। ਹਰ ਵਾਰ ਇਸੇ ਤਰ੍ਹਾਂ ਹੋਣਾ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਕੋਈ ਵਲਕੀਨੋ ਆਉਣ ਵਾਲਾ ਆ। ਤੇ ਹਾਲੇ ਜਵਾਲਾ ਮੁਖੀ ਅੰਦਰੋਂ-ਅੰਦਰ ਰਿੱਝ ਰਿਹਾ ਹੈ।

ਮੈਨੂੰ ਅਜੀਬ ਜਿਹਾ ਡਰ ਲੱਗਣ ਲੱਗ ਗਿਆ ਸੀ। ਕੀ ਕੁਝ ਨਾ ਕੁਝ ਗਲਤ ਹੋ ਰਿਹਾ ਆ। ਪਰ ਸਮਝ ਨਹੀਂ ਆ ਰਹੀ ਸੀ ਕਿ ਕੀ ਹੋ ਰਿਹਾ ਹੈ। ਉਸ ਦਾ ਮੇਰੇ ਪ੍ਰਤੀ ਸੁਭਾਅ ਬਦਲ ਰਿਹਾ ਸੀ। ਸਭ ਬਦਲ ਰਿਹਾ ਸੀ।

ਫੈਮਲੀ ਵਿੱਚ ਕੋਈ ਪ੍ਰੋਗ੍ਰਾਮ ਹੋਣਾ ਕੋਈ ਬਿਮਾਰ ਠਮਾਰ ਹੋਣਾ ਮੈਨੂੰ ਕਿਸੇ ਕੁਝ ਨਾ ਦੱਸਣਾ। ਸਮ੍ਹਾਂ ਪਾ ਕੇ ਜਦ ਮੈਨੂੰ ਪਤਾ ਲੱਗਣਾ ਮੈਂ ਬਿਲਕ ਜਾਣਾ ਕਿ ਇਹ ਕਿਉਂ ਹੋ ਰਿਹਾ।

''ਉਸ ਨਾਲ ਕਦੀ ਗੱਲ ਨਹੀਂ ਕਰਦੇ ਸੀ ਤੁਸੀ ਇਸ ਬਾਰੇ?''

''ਹਾ ਕਰਦੀ , ਬਿਲੱਕੁਲ ਕਰਦੀ, ਉਹ ਇੱਕ ਹੀ ਜਵਾਬ ਦੇ ਦਿੰਦਾਂ, ਸੋ ਵੱਟ, ਵੱਟਸ ਬਿੱਗ ਈਸ਼ੂ, ਮਾਮ ਨੂੰ ਨਹੀਂ ਯਾਦ ਰਿਹਾ ਹੋਣਾ.... ਨਹੀ ਦੱਸਿਆ ਇਸ ਵਿਚ ਕੀ ਵੱਡੀ ਗਲ ਹੈ?''

ਰਿਸ਼ਤੇਦਾਰਾਂ ਅੱਗੇ ਮੈਂ ਝੂਠਾ ਪੈਣ ਲੱਗ ਗਈ। ਉਸ ਦੇ ਕਰੀਬੀ ਰਿਸ਼ਤੇਦਾਰ ਦਾ ਫੂਨ ਆਉਣਾ ਉਨ੍ਹਾਂ ਸਾਫ ਆਖ ਦੇਣਾ, ਹੈਂ! ਕੁੜੇ ਮੈ ਵੀਕ ਹੋਸਪਿਟਲ ਰਹਿ ਕੇ ਆਈ ਤੂੰ ਖਬਰ ਵੀ ਨਾ ਪੁੱਛੀ।

ਜਦ ਮੈਂ ਆਖਣਾ ਕਿ ਸੌਰੀ ਮੈਨੂੰ ਪਤਾ ਹੀ ਨਹੀਂ ਸੀ, ਉਨ੍ਹਾਂ ਆਖ ਦੇਣਾ ਅੱਛਾ ਤੇਰੀ ਸੱਸ ਨੇ ਨਹੀਂ ਦੱਸਿਆ ਉਹ ਆਪ ਤਾਂ ਇੱਥੋਂ ਗਈ ਸਾਡੇ ਵੱਲੋਂ, ਪਰਮ ਵੀ ਨਾਲ ਸੀ ਉਸ ਨੇ ਵੀ ਨਹੀਂ ਦੱਸਿਆ ।''

ਮੈ ਹੋਰ ਝੂਠੀ ਹੋ ਜਾਣਾ। ਇਹ ਇੱਕ ਵਾਰ ਨਹੀਂ.... ਵਾਰ-ਵਾਰ ਹੋਣ ਲੱਗ ਗਿਆ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਹੋ ਕੀ ਰਿਹਾ। ਇਹ ਮੈਂਟਲੀ ਟੋਰਚਰ ਹੀ ਸੀ ਬੀਰਾ। ਮੈਂ ਰਿਸ਼ਤੇਦਾਰਾਂ, ਦੋਸਤਾਂ ਅਤੇ ਹੋਰ ਸਾਰੇ ਮੇਰੇ ਪਾਠਕਾਂ ਦੇ ਫੂਨ ਚੁੱਕਣੇ ਟੋਟਲੀ ਬੰਦ ਕਰ ਚੁੱਕੀ ਸੀ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇ ਦਿਨ-ਬ-ਦਿਨ ਮੈਂ ਗੁੰਮਨਾਮ ਹੁੰਦੀ ਜਾਂ ਰਹੀ ਹਾਂ- ਮੇਰੀ ਪਹਿਚਾਣ, ਮੇਰਾ ਵਜੂਦ ਸਭ ਖਤਮ ਹੋ ਰਿਹਾ ਸੀ ।''ਇਹ ਮੇਰੀ ਜ਼ਿੰਦਗੀ ਨਹੀਂ ਸੀ। ਇਸ ਦੇ ਸੁਫਨੇ ਮੈਂ ਨਹੀਂ ਦੇਖੇ ਸਨ। ਇਹ ਸਭ ਤਾਂ ਕੋਈ ਹੋਰ ਹੀ ਦੁਨੀਆਂ ਦਾ ਹਿੱਸਾ ਸੀ।

ਇੰਨਾਂ ਆਖ ਉਹ ਰੋ ਪਈ..... ਮੇਰੇ ਤੋਂ ਉਸ ਦਾ ਰੌਣਾ ਝੱਲ ਨਹੀਂ ਹੋ ਰਿਹਾ ਸੀ। ਉਸ ਨੂੰ ਵਰਾਉਣ ਦੀ ਕੋਸ਼ਿਸ਼ ਕਰਦੀ ਤਾਂ ਆਪ ਵੀ ਉਸ ਦੇ ਗਲ ਲੱਗ ਰੋਣ ਲੱਗ ਜਾਂਦੀ। ਮੇਰਾ ਮਨ ਕਹਿ ਰਿਹਾ ਸੀ ਕਿ ਪਿਛਲੀ ਵਾਰ ਦੀ ਤਰ੍ਹਾ ਇਸ ਵਾਰ ਵੀ ਉਸ ਨੂੰ ਰੱਜ ਕੇ ਰੌਣ ਦੇਵਾਂ ਤਾਂ ਕਿ ਉਹ ਆਪਣਾ ਮਨ ਹਲਕਾ ਕਰ ਲਵੇ ।

ਹਾਲੇ ਅਸੀ ਉੱਪਰ ਬੈਠੇ ਗੱਲਾਂ ਕਰ ਰਹੇ ਸਾਂ ਕਿ ਕੈਲਾਸ਼ ਦੇ ਬੇਟੇ ਤਾਜ਼ ਦਾ ਫੂਨ ਆ ਜਾਂਦਾ ਹੈ। ਉਹ ਆਪਣੇ ਆਪ ਨੂੰ ਸਮੇਟ ਬਹੁਤ ਹੀ ਸਹਿਜਤਾ ਨਾਲ ਬੇਟੇ ਨਾਲ ਗੱਲ ਕਰਦੀ ਹੈ। ਗੱਲਾਂ- ਗੱਲਾਂ ਵਿਚ ਤਾਜ ਨੂੰ ਮੇਰੇ ਬਾਰੇ ਦੱਸਦੀ ਹੈ ਤਾਂ ਉਹ ਝੱਟ ਮੈਨੂੰ ਪਹਿਚਾਣ ਜਾਂਦਾ ਹੈ ਸ਼ਇਦ ਮੇਰੀ ਪੁਰਾਣੀ ਮੁਲਾਕਾਤ ਤੋਂ ਉਹ ਜਾਣੂੰ ਸੀ। ਕੈਲਾਸ਼ ਮੈਨੂੰ ਵੀ ਤਾਜ ਨਾਲ ਗੱਲ ਕਰਨ ਲਈ ਆਖਦੀ ਹੈ।

ਮੈਂ ਤਾਜ ਦੇ ਨਾਲ ਗੱਲ ਕੀਤੀ ਤੇ ਹੱਸਦਿਆਂ ਉਸ ਨੂੰ ਕਿਹਾ, ''ਤਾਜ ਮੈਨੂੰ ਆਪਣਾ ਨੰਬਰ ਲਿਖਾ ਮੇਰਾ ਛੋਟਾ ਵੀਰ, ਤੇਰੀ ਮੋਮ ਦਾ ਕੋਈ ਪਤਾ ਨਹੀਂ ਫਿਰ ਕਦ ਗਾਇਬ ਹੋ ਜਾਣ।''

ਅਸਲ ਵਿਚ ਇਸ ਵਾਰ ਮੈਂ ਕਿਸੇ ਵੀ ਹਾਲ 'ਚ ਕੈਲਾਸ਼ ਜੀ ਤੋਂ ਨਿਖੜਨਾ ਨਹੀਂ ਚਾਹੁੰਦੀ ਸੀ।

''ਹਾਂਜੀ ਦੀਦੀ, ਲਿੱਖੋ ਮੇਰਾ ਨੰਬਰ ਆਪਣੇ ਫੂਨ 'ਚ ਤੇ ਮੈਨੂੰ ਵੀ ਮਿਸ ਕੋਲ ਮਾਰ ਦਿਓ। ਹਾਲੇ ਕਿੰਨੇ ਕੁ ਦਿਨ ਹੋ ਤੁਸੀ ਲੈਜ਼ਰੋਟੀ 'ਚ?''

''ਹਾਲੇ ਨੌ ਦਿਨ ਹਨ ਤਾਜ।''

''ਅਸੀ ਵੀ ਤਿੰਨ ਹਫਤਿਆਂ ਤੱਕ ਆ ਰਹੇ ਹਾਂ ਤਿੰਨ ਵੀਕ ਲਈ ਮੈ ਤੇ ਨਿਮਰਤ। ਮੈਂ ਸੋਚਿਆ ਆਪਾਂ ਮਿਲਾਂਗੇ।''

''ਨਹੀ ਨਹੀ ਕੋਈ ਗੱਲ ਨਹੀ ਤਾਜ , ਲਵਲੀ ਟੂ ਟਾਕ ਟੂ ਯੂ, ਜ਼ਰੂਰ ਆਪਾਂ ਯੂਕੇ ਮਿਲਾਂਗੇ ਹੁਣ ਸਾਰੇ ਤੁਸੀਂ ਮੇਰੇ ਘਰੇ ਆਉਣਾ- ਆਪਣੀ ਵਾਈਫ ਅਤੇ ਆਪਣੇ ਮੋਮ ਨਾਲ ।''

ਮੈਂ ਹੱਸ ਕੇ ਤਾਜ ਨੂੰ ਆਖਿਆ ।

''ਹਾਂਜੀ ਮੈ ਤਾਂ ਮਾਂ ਨੂੰ ਬਹੁਤ ਆਖਦਾ ਹਾਂ ਕਿ ਇੱਥੇ ਆਓ ਤੁਹਾਡਾ ਘਰ ਹੈ ਇਹ ਵੀ। ਇੱਥੇ ਵੀ ਰਹੋ ਪਰ ਪਤਾ ਨਹੀਂ ਕੀ ਜ਼ਿੱਦ ਹੈ ਮਾਂ ਦੀ, ਪੰਜ ਸਾਲ ਲੰਘ ਗਏ ਮੁੜ ਆਏ ਨਹੀਂ ਅਸੀ ਤਾਂ ਮਿੰਨਤਾਂ ਕਰ ਕਰ ਥੱਕ ਗਏ, ਹੁਣ ਤੁਸੀਂ ਗਏ ਹੋ, ਤੁਸੀਂ ਮਾਂ ਨੂੰ ਨਾਲ ਲੈ ਕੇ ਆਓ।''

''ਕੋਈ ਨਾ ਤੂੰ ਫਿਕਰ ਨਾ ਕਰ ਹੁਣ ਤੇਰੀ ਮਾਂ ਨੂੰ ਮੈਂ ਮਨ੍ਹਾ ਲੈਣਾ ਹੈ। ਜਦ ਤੁਸੀਂ ਆਏ, ਤੁਹਾਡੇ ਐਂਡ ਵਾਲੀ ਵੀਕ ਮੈਂ ਵਾਪਸ ਆਵਾਂਗੀ ਆਪਣੇ ਪਤੀ ਦੇਵ ਨੂੰ ਨਾਲ ਲੈ ਕੇ ਫਿਰ ਆਪਾਂ ਚਾਰੇ ਜਣੇ ਇਹਨਾਂ ਨੂੰ ਨਾਲ ਲੈ ਕੇ ਜਾਂਵਾਗੇ- ਜੇ ਪਿਆਰ ਨਾਲ ਨਹੀਂ ਤੁਰੇ ਨਾਲ ਤਾਂ ਆਪਾਂ ਜਬਰੀ ਬੋਕਸ 'ਚ ਪੈਕ ਕਰ ਕੇ ਬਾਹਰੋਂ ਜਿੰਦਾ ਲਾ ਕੇ ਕਿਡਨੈਪ ਕਰ ਕੇ ਲੈ ਜਾਣਾ ਇਹਨਾਂ ਨੂੰ ਨੀਦ ਦੀਆਂ ਗੋਲੀਆਂ ਦੇ ਕੇ। ਪਰ ਵਾਪਸ ਲੈ ਕੇ ਜ਼ਰੂਰ ਜਾਣਾ ਇੰਗਲੈਂਡ।''

ਮੇਰੀ ਗੱਲ ਸੁਣ ਕੇ ਤਾਜ ਦੇ ਨਾਲ-ਨਾਲ ਕੈਲਾਸ਼ ਵੀ ਹੱਸ ਪਈ।

ਚਲਦਾ....

# ਬਹੁ ਪੱਖੀ ਸਖਸ਼ੀਅਤ ਦਵਿੰਦਰ ਸਿੰਘ ਪਤਾਰਾ ਦਾ ਗ੍ਰੇਵਜ਼ੈਂਡ ਕਬੱਡੀ ਟੂਰਨਾਮੈਂਟ ਤੇ ਹੋਵੇਗਾ ਸੋਨੇ ਦੇ ਤਗਮੇਂ ਨਾਲ ਸਨਮਾਨ

ਲੇਖਕ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੱਧ ਯੂ ਕੇ
ਫੋਨ: +447899798363
ਈ ਮੇਲ: msbadhni@yahoo.co.uk



ਜਦੋਂ ਪੰਜਾਬੀਆਂ ਦੇ ਇੰਗਲੈਂਡ ਵਿੱਚ ਆਉਣ ਅਤੇ ਉਹਨਾਂ ਵੱਲੋਂ ਕੀਤੇ ਕੰਮਾਂ ਦੀ ਗੱਲ ਹੋਵੇਗੀ ਤਾਂ ਗ੍ਰੇਵਜ਼ੈਂਡ ਨੂੰ ਉਹਨਾਂ ਸ਼ਹਿਰਾਂ 'ਚੋਂ ਗਿਣਿਆ ਜਾਵੇਗਾ। ਜਿਸ ਨੇ ਕਈ ਇਤਿਹਾਸਕ ਮੱਲਾਂ ਮਾਰੀਆਂ ਹਨ। ਗ੍ਰੇਵਜ਼ੈਂਡ ਦਾ ਖਾਸ ਜਿਕਰ ਸਥਾਨਿਕ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਦੀ ਆਲੀਸ਼ਾਨ ਇਮਾਰਤ ਨੂੰ ਲੈ ਕੇ ਹਮੇਸ਼ਾਂ ਹੁੰਦਾ ਹੈ। ਜਦ ਇਤਿਹਾਸ ਦੇ ਪੰਨਿਆਂ ਨੂੰ ਫਰੋਲਦੇ ਹਾਂ ਤਾਂ ਦੂਜੀ ਵਿਸ਼ਵ ਯੁੱਧ ਵਿੱਚ ਹਿੱਸਾ ਲੈਣ ਵਾਲੇ ਮਹਿੰਦਰ ਸਿੰਘ ਪੂਜੀ, ਪਹਿਲੇ ਸਿੱਖ ਮੇਅਰ ਮੱਖਣ ਸਿੰਘ ਅਤੇ ਐਮ ਪੀ ਤਨਮਨਜੀਤ ਸਿੰਘ ਢੇਸੀ ਨੂੰ ਸੰਸਦ ਤੱਕ ਪਹੁੰਚਾਉਣ ਲਈ ਇਸ ਸ਼ਹਿਰ ਦਾ ਵੱਡਾ ਯੋਗਦਾਨ ਰਿਹਾ ਹੈ।

ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੀ ਜਦੋਂ ਗੱਲ ਤੁਰਦੀ ਹੈ ਤਾਂ ਇਹ ਸ਼ਹਿਰ ਵੀ ਮੂਹਰਲੀਆਂ ਸਫ਼ਾਂ ਵਿੱਚ ਗਿਣਿਆ ਜਾਂਦਾ ਹੈ। ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਪ੍ਰਧਾਨਗੀ ਵੀ ਇਸ ਸ਼ਹਿਰ ਦੇ ਸਤਨਾਮ ਸਿੰਘ ਸੱਤਾ ਮੁਠੱਡਾ ਕਰ ਚੁੱਕੇ ਹਨ। ਇਥੇ ਹੀ ਬੱਸ ਨਹੀਂ ਗ੍ਰੇਵਜ਼ੈਂਡ ਦਾ ਅਤੇ ਇੰਗਲੈਂਡ ਦੀ ਕਬੱਡੀ ਦਾ ਬੜਾ ਗੂੜਾ ਨਾਤਾ ਹੈ।

ਹੁਣ ਗੱਲ ਕਰਦੇ ਹਾਂ ਇਸ ਹਫਤੇ ਸੋਨੇ ਦੇ ਤਗਮੇਂ ਨਾਲ ਸਨਮਾਨਿਤ ਹੋਣ ਜਾ ਰਹੇ ਦਵਿੰਦਰ ਸਿੰਘ ਪਤਾਰਾ ਦੀ। ਦਵਿੰਦਰ ਸਿੰਘ ਦਾ ਪਿੰਡ ਪਤਾਰਾ ਜਿਲ੍ਹਾ ਜਲੰਧਰ ਵਿੱਚ ਹੈ, ਉਹਨਾਂ ਆਪਣੇ ਪਿੰਡ ਨੂੰ ਵਿਦੇਸ਼ੀ ਧਰਤੀ ਤੇ ਆਪਣੀ ਪਹਿਚਾਣ ਵਜੋਂ ਨਾਲ ਹੀ ਰੱਖਿਆ। ਰੋਜ਼ੀ ਰੋਟੀ ਕਮਾਉਣ ਆਏ ਪੰਜਾਬੀਆਂ ਵਿੱਚੋਂ ਉਹ ਵੀ ਇੱਕ ਹਨ। ਪੰਜਾਬ ਵਿੱਚ ਪਿੰਡ ਪੱਧਰ ਤੇ ਕਬੱਡੀ ਖੇਡਣ ਦਾ ਸ਼ੌਕ ਰੱਖਣ ਵਾਲਾ ਨੌਜਵਾਨ 1963 ਵਿੱਚ ਯੂ ਕੇ ਆਇਆ ਅਤੇ ਇਥੇ ਆ ਕੇ ਕੰਮ ਕਾਰ ਦੇ ਨਾਲ ਨਾਲ ਖੇਡਾਂ ਵਿੱਚ ਦਿਲਚਸਪੀ ਵਿਖਾਈ। 1965 ਵਿੱਚ ਗ੍ਰੇਵਜ਼ੈਂਡ ਵਿੱਚ ਫੁੱਟਬਾਲ ਦੀ ਟੀਮ ਬਣੀ ਅਤੇ ਬ੍ਰਮਿੰਘਮ ਵਿੱਚ ਹੋਏ ਕਬੱਡੀ ਟੂਰਨਾਮੈਂਟ ਤੋਂ ਬਾਅਦ 1966-67 ਵਿੱਚ ਮੀਤਾ ਢੇਸੀ ਅਤੇ ਸਾਥੀਆਂ ਨਾਲ ਮਿਲ ਕੇ ਗ੍ਰੇਵਜ਼ੈਂਡ ਦੀ ਕਬੱਡੀ ਟੀਮ ਤਿਆਰ ਕੀਤੀ। ਸ: ਪਤਾਰਾ ਦੱਸਦੇ ਹਨ ਕਿ ਉਹ ਬਤੌਰ ਜਾਫੀ ਅਤੇ ਧਾਵੀ ਖੇਡਦੇ ਰਹੇ ਹਨ।

1970 ਵਿੱਚ ਇੰਗਲੈਂਡ ਕਬੱਡੀ ਫੈਡਰੇਸ਼ਨ ਬਣਨ ਤੋਂ ਲੈ ਕੇ ਹੁਣ ਤੱਕ ਉਹ ਗ੍ਰੇਵਜ਼ੈਂਡ ਕਬੱਡੀ ਕੱਲਬ ਅਤੇ ਫੈਡਰੇਸ਼ਨ ਨਾਲ ਜੁੜੇ ਹੋਏ ਹਨ। ਇਸ ਸਮੇਂ ਦੌਰਾਨ ਉਹਨਾਂ ਗ੍ਰੇਵਜ਼ੈਂਡ ਕਬੱਡੀ ਕਲੱਬ ਲਈ ਬਤੌਰ ਚੇਅਰਮੈਨ ਅਤੇ ਕਬੱਡੀ ਫੈਡਰੇਸ਼ਨ ਦੀਆਂ ਬਤੌਰ ਜਨਰਲ



ਸਕੱਤਰ ਦੇ ਸੇਵਾਵਾਂ ਵੀ ਨਿਭਾਈਆਂ। ਇਸੇ ਦੌਰਾਨ ਹੀ ਕੈਨੇਡਾ, ਨਿਊਯਾਰਕ, ਯੂਰਪ, ਭਾਰਤ ਅਤੇ ਹੋਰ ਦੇਸ਼ਾਂ ਵਿੱਚ ਗਈ ਇੰਗਲੈਂਡ ਦੀ ਕਬੱਡੀ ਟੀਮ ਨਾਲ ਉਹਨਾਂ ਨੇ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਨੁਮਾਇੰਦੇ ਵਜੋਂ ਸ਼ਮੂਲੀਅਤ ਕੀਤੀ।

1969 ਵਿੱਚ ਗ੍ਰੇਵਜ਼ੈਂਡ ਵਿੱਚ ਕਰਵਾਏ ਗਏ ਪਹਿਲੇ ਕਬੱਡੀ ਟੂਰਨਾਮੈਂਟ ਵਿੱਚ ਉਹਨਾਂ ਦਾ ਅਹਿਮ ਯੋਗਦਾਨ ਰਿਹਾ। ਇਸ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਦੀ ਪ੍ਰਬੰਧਕ ਕਮੇਟੀ ਦੇ ਵੀ ਮੈਂਬਰ ਰਹੇ। ਜਦ ਕਿ ਹੁਣ ਤੱਕ ਉਹ ਜੁੜੇ ਹੋਏ ਹਨ। ਪੰਜਾਬੀ ਸੱਭਿਆਚਾਰ ਦੀ ਪ੍ਰਫੁਲਤਾ ਲਈ ਜੁਗਨੂੰ ਭੰਗੜਾ ਗਰੁੱਪ ਗ੍ਰੇਵਜ਼ੈਂਡ ਦਾ ਵੀ ਉਹ ਹਿੱਸਾ ਰਹੇ ਅਤੇ ਉਹਨਾਂ 1974-75 ਵਿੱਚ ਐਲਬਰਟ ਹਾਲ ਲੰਡਨ ਵਿੱਚ ਭੰਗੜਾ ਪੇਸ਼ਕਾਰੀਆਂ ਕੀਤੀਆਂ।

ਇਥੇ ਹੀ ਬੱਸ ਨਹੀਂ ਉਹ ਬਤੌਰ ਕੁਮੈਂਟੇਟਰ ਵੀ ਕਬੱਡੀ ਅਤੇ ਗੱਤਕਾ ਚੈਂਪੀਅਨਸ਼ਿਪ ਵਿੱਚ ਆਪਣੀ ਹਾਜ਼ਰੀ ਲਵਾਉਂਦੇ ਰਹਿੰਦੇ ਹਨ। ਇਸ ਤੋਂ ਇਲਾਵਾ ਸ: ਦਵਿੰਦਰ ਸਿੰਘ ਪਤਾਰਾ ਨੂੰ ਲਿਖਣ ਦਾ ਵੀ ਸ਼ੌਂਕ ਹੈ। ਉਹਨਾਂ ਦੇ ਵੱਖ ਵੱਖ ਸਮਿਆਂ ਤੇ ਪੰਜਾਬ ਟਾਈਮਜ਼ ਅਤੇ ਹੋਰ ਅਖਬਾਰਾਂ ਵਿੱਚ ਉਹਨਾਂ ਦੇ ਆਰਟੀਕਲ ਅਤੇ ਰਿਪੋਰਟਾਂ ਛਪਦੀਆਂ ਰਹੀਆਂ ਹਨ।

ਭਾਈਚਾਰਕ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ ਵਾਲੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਸ: ਦਵਿੰਦਰ ਸਿੰਘ ਪਤਾਰਾ ਦੀਆਂ ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਗ੍ਰੇਵਜ਼ੈਂਡ ਕਬੱਡੀ ਕਲੱਬ ਨੂੰ 60 ਸਾਲ ਤੋਂ ਵੱਧ ਸਮੇਂ ਤੱਕ ਦਿੱਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਗ੍ਰੇਵਜ਼ੈਂਡ ਕਬੱਡੀ ਕਲੱਬ ਵੱਲੋਂ 15 ਜੂਨ 2025 ਨੂੰ ਗ੍ਰੇਵਜ਼ੈਂਡ ਟੂਰਨਾਮੈਂਟ ਮੌਕੇ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਦੀਆਂ ਗਰਾਉਂਡਾਂ ਵਿੱਚ ਸੋਨੇ ਦੇ ਤਗਮੇਂ ਨਾਲ ਸਨਮਾਨਿਤ ਕੀਤਾ ਜਾਵੇਗਾ।


## ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, 106 ਈਸਟ ਪਾਰਕ ਰੋਡ, ਲੈਸਟਰ ਵਿਖੇ

## ਢਾਡੀ ਜਥਾ (4 ਸਿੰਘ), ਕੀਰਤਨੀ ਜਥਾ (3 ਸਿੰਘ) ਅਤੇ ਇਕ ਗ੍ਰੰਥੀ ਸਿੰਘ ਦੀ ਲੋੜ ਹੈ

**ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, ਈਸਟ ਪਾਰਕ ਰੋਡ, ਲੈਸਟਰ, ਯੂ ਕੇ ਵਿਖੇ (4 ਸਿੰਘਾਂ ਦਾ) ਢਾਡੀ ਜਥਾ, ਅਤੇ (3 ਸਿੰਘਾਂ ਦਾ) ਕੀਰਤਨੀ ਜਥਾ ਅਤੇ ਇੱਕ ਗ੍ਰੰਥੀ ਸਿੰਘ ਸਣੇ (8 ਧਾਰਮਿਕ ਸੇਵਾਦਾਰਾਂ) ਦੀ ਤੁਰੰਤ ਲੋੜ ਹੈ। ਉਹ ਗੁਰਬਾਣੀ ਦਾ ਸ਼ੁੱਧ ਪਾਠ, ਗੁਰਬਾਣੀ ਕੀਰਤਨ ਅਤੇ ਸਿੱਖ ਮਰਯਾਦਾ ਅਨੁਸਾਰ ਗੁਰੂ ਘਰ ਵਿਖੇ ਸੇਵਾਵਾਂ ਨਿਭਾਉਣ ਵਿੱਚ ਨਿਪੁੰਨ ਹੋਣੇ ਚਾਹੀਦੇ ਹਨ। ਰਿਹਾਇਸ਼ ਦਾ ਪ੍ਰਬੰਧ ਗੁਰੂ ਘਰ ਵੱਲੋਂ ਹੋਵੇਗਾ। ਤਨਖਾਹ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਦੇ ਅਨੁਸਾਰ ਹੋਵੇਗੀ। ਚਾਹਵਾਨ ਸੱਜਣ ਪੂਰੇ ਵੇਰਵੇ ਸਮੇਤ ਆਪਣੀਆਂ ਅਰਜ਼ੀਆਂ ਹੇਠ ਲਿਖੇ ਈਮੇਲ ਐਡਰੈਸ 'ਤੇ ਭੇਜ ਸਕਦੇ ਹਨ। ਉਹਨਾਂ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।**

**ਕ੍ਰਿਪਾ ਕਰਕੇ ਆਪਣੀਆਂ ਅਰਜ਼ੀਆਂ 4 ਹਫਤਿਆਂ ਦੇ ਅੰਦਰ 27 ਜੂਨ 2025 ਤੋਂ ਪਹਿਲਾਂ ਹੇਠਾਂ ਦਿੱਤੇ ਪਤੇ ਤੇ ਭੇਜੋ ਜੀ ਜਾਂ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਜਨਰਲ ਸੈਕਟਰੀ ਸਤਵਿੰਦਰ ਸਿੰਘ ਦਿਓਲ ਨਾਲ ਸੰਪਰਕ ਕਰੋ: 44+(0)7877 889115**

### (8 Religious Workers) Dhadi Jatha of 4, Kirtani Jatha of 3 including 1 Granthi Singh Required at

## GURU TEGH BAHADUR GURDWARA, EAST PARK ROAD, LEICESTER

**The Guru Tegh Bahadur Gurdwara, in Leicester requires 8 Religious workers including 1 Granthi Singh, one Dhadi Jatha of (4 Singhs) and a Kirtani Jatha of (3 Singhs) to undertake duties and responsibilities for the Sikh Temple at 106 East Park Road Leicester. Successful candidates must be prepared to represent the GTB Gurdwara at Religious workshops, Kirtan darbars, as and when required. Job related accommodation and amenities would be provided. Wages starts from minimum rate as employment law in U.K. They must have right to work in U.K. according to law.** ***Closing date 27th June 2025***

**Please forward your application with CV via Email to:gtb_Gurdwara@hotmail.co.uk**
**or Contact: General Secretary Satwinder Singh Deol Mob: 44+(0)7877 889115**

**Please forward your applications with your CV to (General Secretary)**
**Gurdwara Siri Guru Tegh Bahadur 106, EASTPARK ROAD, LEICESTER, LE5 4QB, UK.**

# SHRI HARMANDIR SAHIB JI THE PATH TO GOD

Siri Harmandir Sahib ji or Darbar sahib ji (also known as The golden temple) a Gudwara located in the city of Amritsar, Punjab India. It is the preeminent spiritual site in sikhism, alongside the Gudwara Nankana sahib ji. The pool on the site of the temple was completed by the fourth Guru ji, Guru Ram Das ji, in 1577. In 1604 Guru Arjun Dev ji, the fifth Guru, placed a copy of the Adi granth ji in Harmander sahib ji and is the prominent figure in the development of the Gudwara who built it in the 16th century. The golden temple is spiritually the most significant shrine in sikhism. It became the centre of the Singh Sabha movement between 1883 and thr 1920 and the punjabi suba movement between 1947 and 1966.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

The golden temple is open to all to worship for all people, from all walks of life and faiths. It has a square plan with four entrances, and a path around the pool. The four entrances to the gudwara symbolises the sikh belief in equality and the sikh view that all people are welcome into the holy place. The complex is a collection of buildings around the temple and the pool. One of these is the Akhal Takht, the centre of religious authority in sikhism.



Additional building includes a clock tower, the offices of the Gudwara committee, a museum and a langar a free sikh community run kitchen that offers vegetarian meals to all visitors without discrimination. Over 150,000 people visit the holy shrine everyday for worship.

## THERE ARE 5 GOLDEN LEARNING LESSONS

**EMBRACING UNITY-**

A visit to the golden temple in Amritsar reminds us that, just like God is one we are all one, our common fate symbolises by our shared final resting place, underscores the importance of unity.

**THE POWER OF COLLECTIVE ACTION-**

Stepping into the golden temple, you will immediately sense of profound human bond that transcends words. Its a experience of 360 degree of pure harmonious peace. In this unity there is peace and purpose.

**SEVA-**

The concept of seva invites us to serve selflessly recognising that both the giver and receiver are one. By living a life of true seva in all our actions finding, inner peace.

**THE GIFT OF PATIENCE-**

Admist the crowd at the golden temple you will witness a beautiful display of patience. The patience journey is a reminder that life pace is not always about rushing, its about being in the moment.

**THE MAGICAL JOURNEY-**

A visit to the golden temple is not just a physical journey, its a journey of the soul. It teaches us to embrace unity, selflessness, and patience. It invites us to let go the burdens that divide us and instead find purpose in our shared humanity. The golden temple reminds us all of the beauty of the human spirit when it comes with a common in intent.

**From : LAMBARDAR DHARMVEER SINGH CLAIRE COVENTRY**

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**



ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, BRIDLE GATE LANE, DERBY, DE24 0QW
Email: panjabtimes@gmail.com, www.panjabtimes.uk
WhatsApp No. 07966 388 388


## ਆਓ ਚੌਥੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...



ਪਾਠ 10

ਤ ਥ ਦ ਧ ਨ

Exercise 1 : Draw the above letters on paper and cut & paste in your notebook.
(Material needed: Card stock, Scissors, glue)

Exercise 2 : Write the Gurmukhi Akhars 3 times for English sounds given below.

Thathaa ........ ........ ........
Dhadaa ........ ........ ........
Tattaa ........ ........ ........
Dadda ........ ........ ........
Nannaa ........ ........ ........

Page 21 Level I

# ਸਿੱਖ ਟੈਂਪਲਜ਼ (ਛਿੰਦਾ ਅਮਲੀ) ਕਬੱਡੀ ਕਲੱਬ ਵੁਲਵਰਹੈਂਪਟਨ ਵੱਲੋਂ ਕਰਵਾਏ ਸ਼ਾਨਦਾਰ ਕਬੱਡੀ ਟੂਰਨਾਮੈਂਟ ਮੌਕੇ ਰਿਕਾਰਡ ਤੋੜ ਇਕੱਠ

## *ਟੈਲਫੋਰਡ ਨੇ ਜਿੱਤਿਆ ਕੱਪ, ਈਰਥ ਵੂਲਿਚ ਸਾਊਥਾਲ ਉੱਪ ਜੇਤੂ ਬਣੀ, ਬੂਰੀਆ ਅਤੇ ਫੂਲਾ ਸੂਸ਼ਕ ਸਰਬੋਤਮ ਖਿਡਾਰੀ ਬਣੇ
## *ਸ਼ੀਰਾ ਔਲਖ ਅਤੇ ਸੁਖਜਿੰਦਰ ਸਿੰਘ ਸਮਰਾ ਦਾ ਗੈਵਨ ਬਾਠ ਵੱਲੋਂ ਸੋਨ ਤਗਮਿਆਂ ਨਾਲ ਸਨਮਾਨ





ਵੁਲਵਰਹੈਂਪਟਨ ਕਬੱਡੀ ਟੂਰਨਾਮੈਂਟ ਦੀਆਂ ਝਲਕੀਆਂ *ਤਸਵੀਰਾਂ: ਮਨਪ੍ਰੀਤ ਸਿੰਘ ਬੱਧਨੀ ਕਲਾਂ*

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੰਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk



ਸਿੱਖ ਟੈਂਪਲਜ਼ ਵੁਲਵਰਹੈਂਪਟਨ ਕਬੱਡੀ ਕਲੱਬ ਨੂੰ ਖੜ੍ਹਾ ਕਰਨ ਲਈ ਛਿੰਦਾ ਅਮਲੀ ਦਾ ਵੱਡਾ ਯਤਨ ਰਿਹਾ ਹੈ, ਜਿਸ ਨੂੰ ਬਾਅਦ ਵਿੱਚ ਸ਼ੀਰਾ ਔਲਖ ਅਤੇ ਸਾਥੀਆਂ ਨੇ ਮਿਲ ਕੇ ਹੁਣ ਤੱਕ ਬੁਲੰਦੀਆਂ ਤੇ ਰੱਖਿਆ। ਸੁਖਜਿੰਦਰ ਸਿੰਘ ਸਮਰਾ ਅਤੇ ਉਹਨਾਂ ਦੀ ਸਾਰੀ ਟੀਮ ਵਧਾਈ ਦੀ ਪਾਤਰ ਹੈ ਜੋ ਵਧੀਆ ਟੀਮ ਬਣਾਉਣ ਦੇ ਨਾਲ ਨਾਲ ਵਧੀਆ ਟੂਰਨਾਮੈਂਟ ਕਰਵਾਉਣ ਲਈ ਯਤਨਸ਼ੀਲ ਰਹਿੰਦੇ ਹਨ। ਸ਼ੀਰਾ ਔਲਖ ਅਤੇ ਸੁਖਜਿੰਦਰ ਸਿੰਘ ਸਮਰਾ ਦੀਆਂ ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਕਲੱਬ ਨੂੰ ਦਿੱਤੀਆਂ ਸੇਵਾਵਾਂ ਲਈ ਜਸਵਿੰਦਰ ਸਿੰਘ ਬਾਠ ਛਿੰਦਾ ਅਮਲੀ ਦੇ ਬੇਟੇ ਗੈਵਨ ਬਾਠ ਵੱਲੋਂ ਸੋਨੇ ਦੇ ਤਗਮਿਆਂ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।

ਵੁਲਵਰਹੈਂਪਟਨ ਦੀਆਂ ਗਰਾਊਂਡਾਂ ਵਿੱਚ ਪਹੁੰਚੇ ਤਾਂ ਖਾਲਸਾ ਸਪੋਰਟਸ ਦੀ ਸ਼ਿੰਗਾਰੀ ਗਰਾਊਂਡ ਵਿੱਚ ਅਜ਼ਾਦ ਕਲੱਬ ਵਾਲੇ ਗੱਭਰੂਆਂ ਨੇ ਪਰਾਉਂਠੇ ਦਹੀ, ਅਚਾਰ, ਛੋਲੇ, ਪੂਰੀਆਂ, ਚਾਹ-ਪਾਣੀ ਅਤੇ ਮਠਿਆਈ ਦੇ ਲੰਗਰ ਲਗਾਏ ਹੋਏ ਸੀ। ਵਾਟ ਦੂਰ ਦੀ ਕਰਕੇ ਸਭ ਤੋਂ ਪਹਿਲਾ ਕੰਮ ਪੇਟ ਪੂਜਾ ਦੀ ਹੀ ਕੀਤਾ। ਸਭ ਤੋਂ ਪਹਿਲਾਂ ਅੰਮ੍ਰਿਤ ਬਰਮੀ ਨੇ ਸਵਗਾਤ ਕੀਤਾ ਫਿਰ ਸੋਨਾ ਹੋਠੀਆਂ, ਸੋਨੀ ਡਾਂਸੀਵਾਲ ਅਤੇ ਸਾਥੀ ਧਰਤੀ 'ਤੇ ਪੈਰ ਨਹੀਂ ਸੀ ਲਾ ਰਹੇ।

ਸਮਾਂ ਲੰਗਿਆ ਰੌਣਕਾਂ ਹੋਈਆਂ, ਟੀਮਾਂ ਪਹੁੰਚੀਆਂ ਤਾਂ ਕੇਸਰ ਸਿੰਘ ਧਾਲੀਵਾਲ ਨੇ ਗਲ ਪੱਲਾ ਪਾ ਕੇ ਵਾਹਿਗੁਰੂ ਅੱਗੇ ਟੂਰਨਾਮੈਂਟ ਸੁੱਖ ਸਵੀਲੀ ਨਾਲ ਹੋਣ ਦੀ ਅਰਦਾਸ ਕੀਤੀ। ਪ੍ਰਸ਼ਾਦ ਵੰਡੇ ਗਏ ਅਤੇ ਖੁਸ਼ੀ ਵਿੱਚ ਝੂਮਦੇ ਪ੍ਰਬੰਧਕਾਂ ਦੇ ਨਾਲ ਸਟੇਡੀਅਮ ਦੀਆਂ ਕੁਰਸੀਆਂ ਭਰਨੀਆਂ ਸ਼ੁਰੂ ਹੋ ਗਈਆਂ। ਲਾਰਡ ਕੁਲਦੀਪ ਸਿੰਘ ਸਹੋਤਾ ਅਤੇ ਹੋਰ ਸਥਾਨਿਕ ਕੌਂਸਲਰ ਅਤੇ ਕੌਂਸਲ ਦੇ ਆਗੂ ਵਿਸ਼ੇਸ਼ ਤੌਰ ਤੇ ਪਹੁੰਚੇ। ਫੈਡਰੇਸ਼ਨ ਦੇ ਪ੍ਰਧਾਨ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ ਦੇ ਨਾਲ ਸੱਤਾ ਮੁਠੱਡਾ, ਗੋਲਡੀ ਸੰਧੂ, ਕੇਵਲ ਰਣਦੇਵਾ, ਸ਼ੀਰਾ ਸੰਮੀਪੁਰ, ਰਾਣਾ ਪੱਡਾ, ਨੇਕਾ ਮੈਰੀਪੁਰ, ਬਲਵਿੰਦਰ, ਦੂਲੇ, ਹਰਜਿੰਦਰ ਬੋਈ, ਜੋਗਿੰਦਰ ਸਿੰਘ ਦੁਸਾਂਝ, ਸੁੱਖਾ ਚੱਕਾਂਵਾਲਾ, ਬਲਜਿੰਦਰ ਭਿੰਡਰ ਆਦਿ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਸਨ। ਲੇਕਨ ਕਾਨੂੰਨੀ ਸਲਾਹਕਾਰ ਸੁਰਿੰਦਰ ਸਿੰਘ ਮਾਣਕ ਪ੍ਰੀਵਾਰ ਰੁਝੇਵਿਆਂ ਕਾਰਨ ਕਾਫੀ ਦੇਰ ਨਾਲ ਪਹੁੰਚ ਕੇ ਰਨਰ ਅੱਪ ਦਾ ਕੱਪ ਲੈ ਗਏ। ਪਹਿਲਾ ਮੈਚ ਵਿੱਚ ਬੀ ਟੀਮ ਦੀ ਟੀਮ ਬਾਬਾ ਦੀਪ ਸਿੰਘ ਕਲੱਬ ਨੇ ਮਿਡਲੈਂਡ ਟਾਈਗਰ ਨੂੰ 35/23.5 ਅੰਕਾਂ ਨਾਲ ਹਰਾਇਆ ਅਤੇ ਦੂਜੇ ਮੈਚ ਵਿੱਚ ਲੰਡਨ ਟਾਈਗਰ ਨੂੰ ਮੌੜ ਕਬੱਡੀ ਕਲੱਬ ਨੇ ਹਰਾਇਆ।

ਏ ਗਰੁੱਪ ਦੀਆਂ ਟੀਮਾਂ ਦੇ ਸ਼ੁਰੂ ਹੋਏ ਮੁਕਾ-ਬਲੇ ਬੜੇ ਜਬਰਦਸਤ ਸੀ, ਦਰਸ਼ਕਾਂ ਦੀਆਂ ਚੀਕਾਂ ਅਤੇ ਤਾੜੀਆਂ ਗਵਾਹ ਸਨ ਕਿ ਕਬੱਡੀ ਸਿਖਰਾਂ ਤੇ ਹੋ ਰਹੀ ਹੈ। ਇਸ ਵਾਰ ਦੇ ਮੁਕਾਬਲੇ ਬੜੇ ਜ਼ਬਰਦਸਤ ਹਨ, ਹਰ ਟੀਮ ਆਪਣਾ ਜ਼ੋਰ ਲਾ ਕੇ ਫਾਈਨਲ ਖੇਡਣ ਦੀ ਵਾਹ ਲਾ ਰਹੀ ਹੈ। ਏ ਤੀਜੇ ਮੈਚ ਵਿੱਚ ਹੇਜ਼/ਡਰਬੀ ਤੋਂ ਕਵੈਂਟਰੀ/ਬ੍ਰਮਿੰਘਮ ਅੱਧੇ ਸਮੇਂ ਤੱਕ ਇੱਕ ਅੰਕ ਨਾਲ ਅੱਗੇ ਚੱਲ ਰਹੀ ਸੀ, ਦੋਵੇਂ ਟੀਮਾਂ ਕਮਾਲ ਦੀ ਖੇਡ ਵਿਖਾ ਰਹੀਆਂ ਸਨ, ਨੇਕੇ, ਦੂਲੇ, ਸੁਖਦੇਵ ਦੇ ਨਾਲ ਸਤਨਾਮ ਗਿੱਲ, ਭਜਨ ਸਮਰਾ, ਮਨਜੀਤ, ਅਮਰਜੀਤ ਖੰਗੂੜਾ, ਸੁੱਖੀ, ਬਲਜਿੰਦਰਾ ਭਿੰਡਰ, ਬੋਈ ਅਤੇ ਸਾਥੀ ਟੀਮਾਂ ਨੂੰ ਹੱਲਾਸ਼ੇਰੀ ਦੇ ਰਹੇ ਸੀ। ਪਰ ਪਾਸਾ ਪਲਟਿਆ ਬਿੱਲੇ ਨੇ ਹਿੰਦਾ ਖੀਰਾਂਵਾਲੀ ਡੱਕਿਆ, ਲੱਖੇ ਸਵਰਾਵਾਂ ਨੇ ਵਿਕਾਰ ਢਿਲੋਂ ਨੂੰ ਹਿੱਕ ਨਾਲ ਲਾਇਆ ਹਰਮਨ ਘੋਲੀਆ, ਇੰਦਰ ਦੇ ਨਾਲ ਲੱਡਾ ਬਾਬਾ ਕਮਾਲਾਂ ਕਰਦਾ ਰਿਹਾ, ਸੁਖਵੀਰ ਗੁਰੂਸਰ, ਇੰਦੂ ਰੁੜਕੇ ਵਾਲੇ ਨੇ ਉਡੂੰ ਉਡੂੰ ਕਰਦਿਆਂ ਅਮਨ ਖੱਤਰੀ, ਮਾਲੀ, ਸਦੀਕ, ਯੋਧਾ, ਪ੍ਰਦੀਪ ਅਤੇ ਸਾਥੀਆਂ ਨੂੰ 37/33.5 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤ ਦਰਜ਼ ਕੀਤੀ।

ਸ਼ੀਰਾ ਔਲਖ ਬਾਗੋ ਬਾਗ ਹੋ ਰਿਹਾ ਸੀ ਕਿ ਗਰਾਉਂਡ ਦੀਆਂ ਸੀਟਾਂ ਭਰਦੀਆਂ ਜਾ ਰਹੀਆਂ ਸਨ। ਗੈਵਨ ਦੀ ਸਕਿਊਰਿਟੀ ਪੂਰੀ ਟਾਈਟ ਸੀ। ਅੰਮ੍ਰਿਤ ਬਰਮੀ, ਸੋਨਾ ਹੋਠੀਆਂ, ਜਸ ਮੇਤਲਾ, ਮਾਨਾਂ ਚੱਠਾ, ਬਿੱਲਾ ਰਾਂਗੜਾ, ਸ਼ੀਰਾ ਬੱਲ, ਡਾਂਸੀਵਾਲ ਵਾਲਾ, ਲੰਬੜ ਮੋਹਨਵਾਲ, ਜੋਤੀ ਰੈਪਾ ਪੱਬ ਧਰਤੀ ਤੇ ਨਹੀਂ ਸੀ ਲਾ ਰਹੇ। ਮਨਜਿੰਦਰ ਔਲਖ ਵੀ ਬਾਪੂ ਨਾਲ ਸਾਰਾ ਦਿਨ ਭੱਜ ਦੌੜ ਕਰਦਾ ਨਜ਼ਰ ਆਇਆ।

ਗ੍ਰੇਵਜ਼ੈਂਡ/ਬਾਰਕਿੰਗ ਅਤੇ ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਦੀਆਂ ਟੀਮਾਂ ਵਿਚਕਾਰ ਵੀ ਅਗਲਾ ਮੈਚ ਪੂਰਾ ਗਹਿ ਗੱਡਵਾਂ ਸੀ। ਘਰ ਦਾ ਟੂਰਨਾਮੈਂਟ ਹੋਣ ਕਰਦੇ ਵੁਲਵਰਹੈਂਪਟਨ ਵਾਲੀ ਟੀਮ ਪੂਰੀ ਜੋਸ਼ ਵਿੱਚ ਰਹੀ, ਨੋਟਾਂ ਦਾ ਮੀਂਹ ਵਰ੍ਹਨ ਲੱਗਾ। ਸੱਤਾ ਮੁਠੱਡਾ ਫੈਡਰੇਸ਼ਨ ਦੀ ਜ਼ਿੰਮੇਂਵਾਰੀ ਨਿਭਾਉਣ ਦੇ ਨਾਲ ਨਾਲ ਟੀਮ ਵੱਲ ਵੀ ਧਿਆਨ ਦਿੰਦਾ ਸੀ, ਰਾਣਾ ਪੱਡਾ, ਬਿੰਦਰ ਭਰੋਲੀ ਦੀਪਕ ਕਾਸ਼ੀਪੁਰੀਏ, ਸਾਜ਼ੀ, ਮਾਹਲਾ ਗੋਬਿੰਦਪੁਰੀਏ ਦੇ ਨਾਲ ਜਾਫੀਆਂ ਰਾਜਾ ਪੱਧਰੀ, ਸੋਹਣ ਚੱਕ ਸਾਬੂ, ਹਸ਼ਿਆਰਾ ਬੋਪਰ ਅਤੇ ਬੂਟੇ ਨੂੰ ਲਲਕਾਰੇ ਮਾਰਦੇ ਸੀ। ਪਰ ਅੱਜ ਛੋਟੇ ਦੁੱਲੇ, ਮੇਸ਼ੀ ਆਲਮਗੀਰ, ਨਾਥ ਦੇ ਨਾਲ ਏਕਮ ਮੀਰਪੁਰੀਏ, ਸ਼ਾਕਾ, ਕੁਲਬੀਰ ਜਟਾਣਾ, ਪ੍ਰਤਾਪ ਕੰਡਿਆਣਾ ਪੂਰੀ ਤੈਸ਼ ਨਾਲ ਖੇਡਦੇ ਸੀ। ਦਰਸ਼ਕ ਜਦੋਂ ਕਲੀਮ ਦਾ ਹਵਾ ਵਿੱਚ ਉੱਡਣਾ ਅਤੇ ਜਸ਼ਨ ਦੀ ਹੰਦਿਆਂ ਤੇ ਆ ਕੇ ਉਂਗਲ ਖੜ੍ਹੀ ਕਰਕੇ ਥਾਪੀ ਮਾਰਨ ਦਾ ਜਲਵਾ ਵੇਖਦੇ ਤਾਂ ਭਰਪੂਰ ਅਨੰਦ ਮਾਣਦੇ। ਸਾਬੀ ਸੰਧੂ, ਸੋਨਾ ਹੋਠੀਆਂ, ਸੋਨਾ ਡਾਂਸੀਵਾਲ, ਜੋਗਿੰਦਰ ਦੁਸਾਂਝ ਅਤੇ ਸਾਥੀ ਟੀਮ ਤੋਂ ਬਾਗੋ ਬਾਗ ਸੀ। ਜਿੱਤ ਦਾ ਸਿਹਰਾ ਵੁਲਵਰਹੈਂਪਟਨ ਮਿਡਵੇ ਨੇ 37/31.5 ਅੰਕਾਂ ਦੇ ਫਰਕ ਨਾਲ ਗ੍ਰੇਵਜ਼ੈਂਡ/ਬਾਰਕਿੰਗ ਨੂੰ ਹਰਾ ਕੇ ਆਪਣੇ ਸਿਰ ਬੰਨਿਆ।

ਈਰਥ ਵੂਲਿਚ/ਸਾਊਥਾਲ ਨੇ ਅਗਲੇ ਮੈਚ ਵਿੱਚ ਸਲੋਹ/ਇਕਨਹਮ ਨੂੰ 36.5/26 ਅੰਕਾਂ ਦੇ ਫਰਕ ਨਾਲ ਸਹਿਜੇ ਹੀ ਹਰਾ ਦਿੱਤਾ। ਚੱਲੀ ਰਾਮਦਾਸ, ਧਾਕੜ, ਅਮਨ ਲੁਹਾਰਾ, ਕਾਕੇ ਦੀ ਜਾਫ ਗੋਲੇ ਸੰਧਵਾਂ, ਫਰਿਆਦ, ਬਿੱਲਾ, ਸ਼ੀਰਾ ਧੂੜਕੋਟੀਏ ਤੋਂ ਤਕੜੀ ਰਹੀ, ਜਦ ਕਿ ਢੀਲਾ ਜਾਂਗਲੀ, ਰੇਸ਼ਮ ਸਲੀਨਾ, ਪੰਕਜ ਨਾਲੋਂ ਬਾਗੀ ਪ੍ਰਮਜੀਤਪੁਰੀਆ, ਸੁਨੀਲ, ਗਗਨ ਜੋਗੇਵਾਲ, ਬਿੱਕਾ ਵਧੀਆ ਖੇਡੇ। ਜੱਗਾ ਮੂਲੇਵਾਲ ਖਹਿਰਾ ਨੇ ਪੰਕਜ ਨੂੰ ਜੱਫਾ ਲਾ ਕੇ ਦੱਸਿਆ ਕਿ ਹੁਨਰ ਬੋਲਦੈ! ਕੰਮਾ ਔਜਲਾ, ਪਾਲਾ, ਸੁਰਿੰਦਰ ਮਾਣਕ, ਜ਼ੈਲਾ, ਲਾਲਾ ਨੇ ਐਵੇਂ ਨਹੀਂ ਟੀਮ ਵਿੱਚ ਸ਼ਾਮਿਲ ਕੀਤਾ।

ਟੈਲਫੋਰਡ ਅਤੇ ਲੈਸਟਰ/ਬਰੈਡਫੋਰਡ ਵਿਚਕਾਰ ਖੇਡੇ ਗਏ ਛੇਵੇਂ ਮੈਚ ਟੈਲਫੋਰਡ ਨੇ 38/32.5 ਅੰਕਾਂ ਦੇ ਫਰਕ ਨਾਲ ਜਿੱਤ ਦਰਜ਼ ਕੀਤੀ। ਅੱਧੇ ਸਮੇਂ ਤੱਕ ਕੁਲਵੰਤ ਸੰਘਾ, ਕੁਲਬੀਰ ਖੱਖ, ਪਿਆਰਾ ਰੰਧਾਵਾ, ਦਲਬੀਰ ਸੈਂਹਬੀ, ਸੁਰਿੰਦਰ ਅਟਵਾਲ, ਦਵਿੰਦਰ ਖਹਿਰਾ, ਹਰਜਿੰਦਰ ਹੁਰਾਂ ਦੀ ਟੀਮ ਅੱਧੇ ਸਮੇਂ ਤੱਕ ਤਾਂ ਚੰਗਿਆੜੇ ਛੱਡਦੀ ਰਹੀ। ਪਰ ਅੱਧ ਤੋਂ ਬਾਅਦ ਸੁੱਖੀ ਬੈਂਸ, ਗੁਰਜੀਤ ਸੰਧੂ, ਟੋਨੀ ਕੂਨਰ ਅਤੇ ਬਲਵਿੰਦਰ ਚੱਠੇ ਦੇ ਗੱਭਰੂਆਂ ਨੇ ਹਟ ਪਿੱਛੇ ਫੇਰ ਮਿਲਾਂਗੇ ਆਖ ਦਿੱਤਾ। ਇਸ ਮੈਚ ਵਿੱਚ ਸੋਨੀ ਫੱਕਰਝੰਡੇ ਨੇ ਜਾਂਗਪੁਰੀਏ ਵਿੱਕੀ ਨੂੰ ਕਮਾਲ ਦਾ ਜੱਫਾ ਲਾਇਆ। ਖੁਸ਼ੀ ਦੁੱਗਾ ਦੀ ਖੜਕਾ ਦੜਕਾ ਕਰਦਾ ਸੀ। ਆਤੀ, ਸ਼ੀਰੇ, ਮਨੀ ਦਿਆਲਪੁਰੀਏ, ਹਰਪਾਲ ਕਾਹਲਵਾਂ ਅਤੇ ਸਾਥੀਆਂ ਨੂੰ ਸਬਰ ਦਾ ਘੁੱਟ ਭਰਨਾ ਪਿਆ।

ਹੇਜ਼/ਡਰਬੀ ਨੂੰ ਭਾਵੇਂ ਈਰਥ ਵੂਲਿਚ ਸਾਊਥਾਲ ਨੇ 44/40.5 ਅੰਕਾਂ ਦੇ ਫਰਕ ਨਾਲ ਭਾਵੇਂ ਪਹਿਲੇ ਸੈਮੀਫਾਈਨਲ ਮੈਚ ਵਿੱਚ ਹਰਾ ਦਿੱਤਾ, ਪਰ ਮੈਚ ਨੇ ਵੁਲਵਰਹੈਂਪਟਨ ਦੇ ਦਰਸ਼ਕਾਂ ਨੂੰ ਇੱਕ ਵਾਰ ਮੁੜਕੋ ਮੁੜਕੀ ਕਰ ਦਿੱਤਾ ਸੀ। ਇੰਦਰ ਤਲਵੰਡੀ ਨੇ ਬਾਗੀ, ਗਗਨ ਨੂੰ ਜਬਰਦਸਤ ਜੱਫੇ ਲਾਏ, ਬਿੱਲਾ ਘੁਰ ੜਨੇ ਬਿੱਕਾ ਰੋਕਿਆ, ਪਰ ਚੱਕੀ ਰਾਮਦਾਸ ਨੇ ਲੱਡਾ ਬਾਬਾ, ਅਮਨ ਲੁਹਾਰਾ ਨੇ ਇੰਦੂ ਥੰਮਿਆ, ਜੱਗਾ, ਕਾਕਾ, ਧਾਕੜ ਦੀ ਜਬਰਦਸਤ ਜਾਫ ਅਤੇ ਗਗਨ ਜੋਗੇਵਾਲ, ਬਾਗੀ, ਬਿੱਕਾ, ਸੁਨੀਲ ਦੀਆਂ ਕੌਢੀਆਂ ਤੋਂ ਮਾਣਕ, ਕੰਮਾਂ, ਪਾਲਾ, ਲਾਲਾ ਨਿਹਾਲੋ ਨਿਹਾਲ ਕੀਤੇ ਜਸਪਾਲ ਜੱਸੀ ਅੱਜ ਇੱਕ ਇੱਕ ਜੱਫੇ ਤੋਂ 50-50 ਦੇ ਨੋਟ ਵਾਰਦਾ ਸੀ। **ਬਾਕੀ ਹਿਸਾ ਸਫਾ 42 'ਤੇ ਪੜ੍ਹੋ** →

## ਵੂਲਵਰਹੈਂਪਟਨ ਕਬੱਡੀ ਟੂਰਨਾਮੈਂਟ

41 ਸਫੇ ਦੀ ਬਾਕੀ

ਸ਼ੀਪਾ ਚਕਰ, ਬੋਈ, ਬਲਜਿੰਦਰ ਭਿੰਡਰ, ਕੱਥੂ ਨੇ ਖਿਡਾਰੀਆਂ ਤੋਂ ਵੱਧ ਜ਼ੋਰ ਲਾ ਰਹੇ ਸੀ, ਪਰ ਆਖਿਰ ਥੋੜੇ ਜਿਹੇ ਫਰਕ ਨਾਲ ਟੀਮ ਮੁਕਾਬਲੇ 'ਚੋਂ ਬਾਹਰ ਹੋ ਗਈ।

ਦੂਜੇ ਸੈਮੀਫਾਈਨਲ ਵਿੱਚ ਟੈਲਫੋਰਡ ਨੇ ਸਿੱਖ ਟੈਂਪਲ ਵੂਲਵਰਹੈਂਪਟਨ/ਮਿਡਵੇ ਨੂੰ ਕਾਂਟੇ ਦੀ ਟੱਕਰ ਦਿੰਦਿਆਂ 46.5/43 ਅੰਕਾਂ ਨਾਲ ਹਰਾਇਆ। ਪਰ ਮੈਚ ਫਾਈਨਲ ਵਰਗਾ ਸੀ। ਜਿਧਰ ਵੀ ਜੱਫਾ ਲੱਗਦਾ ਦਰਸ਼ਕਾਂ ਦੇ ਲਲਕਰੇ ਪੈਂਦੇ। ਘਰਦਾ ਟੂਰਨਾਮੈਂਟ ਹੋਣ ਕਰਕੇ ਗੈਵਨ ਨੇ ਤਾਂ ਜੱਫੇ ਤੇ 200 ਪੌਂਡ ਤੱਕ ਐਲਾਨ ਦਿੱਤਾ। ਰਮਨ ਮੱਲੀਆਂ ਅੱਜ ਅੱਤ ਕਰੀ ਜਾਂਦਾ ਸੀ ਜਿਸ ਦਾ ਤੇਜ ਤਰਾਰ ਰੱਥ ਪ੍ਰਤਾਪ ਕੰਡਿਆਣੇ ਨੇ ਰੋਕਿਆ, ਏਕਮ ਮੀਰਪੁਰੀਆ ਨੇ ਬੂਰੀਆ ਰੋਕਿਆ, ਦੂਜੇ ਪਾਸੇ ਸੋਨੀ ਫੱਕਰਝੰਡੇ ਨੇ ਦੂੱਲਾ, ਲੰਬੜ ਨੇ ਮੇਸ਼ੀ, ਨਾਥ ਰੋਕੇ, ਖੁਸ਼ੀ ਦੁੱਗਾ, ਕੁਲਵਿੰਦਰ ਦੀ ਟੀਮ ਜਬਰਦਸਤ ਮੁਕਾਬਲੇ 'ਚੋਂ ਜਿੱਤ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤੀ। ਹਰ ਕੋਈ ਅੱਜ ਦਾ ਕੱਪ ਜਿੱਤਣ ਲਈ ਖਾਸ ਹੀ ਇੱਛਾ ਰੱਖ ਕੇ ਪਹੁੰਚਿਆ ਸੀ ਸ਼ਾਇਦ ਇਸੇ ਕਰਕੇ ਅੱਜ ਦੇ ਸਾਰੇ ਮੈਚ ਇੱਕ ਤੋਂ ਇੱਕ ਚੜ੍ਹਦੇ ਹੋਏ। ਬਾਗੀ ਅਟਵਾਲ ਅਤੇ ਕੁਲਵੰਤ ਚੱਠਾ ਕਹਿੰਦੇ ਹਾਰ ਜਿੱਤ ਨਾ ਵੇਖ ਬੱਧਨੀ ਪਰ ਅੱਜ ਕਬੱਡੀ ਨੇ ਨਜ਼ਾਰਾ ਲਿਆਂਦਾ ਹੋਇਆ ਐ। ਦਰਸ਼ਕਾਂ ਦਾ ਠਾਠਾਂ ਮਾਰਦਾ ਇਕੱਠ ਵੇਖ ਕੇ ਪ੍ਰਬੰਧਕ ਕਮੇਟੀ ਤਾਂ ਫੁੱਲੀ ਨਹੀਂ ਸੀ ਸਮਾਂ ਰਹੀ। ਵੂਲਵਰਹੈਂਪਟਨ ਦੇ ਸਾਰੇ ਗੁਰੂ ਘਰਾਂ ਦੇ ਨੁਮਾਇੰਦੇ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਸੀ, ਜਿਹਨਾਂ ਵੱਲੋਂ ਦਿੱਤੇ ਗਏ ਸਹਿਯੋਗ ਨੂੰ ਲੈ ਕੇ ਪ੍ਰਬੰਧਕਾਂ ਨੇ ਵਿਸ਼ੇਸ਼ ਸਨਮਾਨ ਦਿੱਤਾ। ਮੋਹਣ ਸਿੰਘ ਕੰਦੋਲਾ, ਮੇਜਰ ਗਾਖ਼ਲ, ਬਹਾਦਰ ਸ਼ੇਰਗਿੱਲ, ਪਿਆਰਾ ਗੁਮਟਾਲਾ, ਸੁਖਦੇਵ ਪੁਰੇਵਾਲ ਆਦਿ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਬੀ ਟੀਮ ਦੇ ਮੁਕਾਬਲਿਆਂ 'ਚੋਂ ਇੱਕ ਵਾਰ ਫਿਰ ਬਾਬਾ ਦੀਪ ਸਿੰਘ ਕਬੱਡੀ ਕਲੱਬ ਜੇਤੂ ਅਤੇ ਮੌੜ ਕਲੱਬ ਦੂਜੇ ਨੰਬਰ ਤੇ ਰਹੀ।

ਟੈਲਫੋਰਡ ਅਤੇ ਈਰਥ ਵੂਲਿਚ/ਸਾਊਥਾਲ ਵਿਚਕਾਰ ਹੋਣ ਵਾਲਾ ਅੱਜ ਦਾ ਫੈਸਲਾਕੁੰਨ ਮੈਚ ਵੇਖਣ ਲਈ ਦਰਸ਼ਕ ਕੁਰਸੀਆਂ ਛੱਡ ਕੇ ਗਰਾਊਂਡ ਦੀ ਪਿੱਚ ਤੇ ਆ ਬੈਠੇ, ਜਿਵੇਂ ਕਿਸੇ ਪੰਜਾਬ ਦੇ ਪਿੰਡ ਵਿੱਚ ਮੁਕਾਬਲੇ ਹੋਣ ਵਾਲਾ ਦ੍ਰਿਸ਼ ਬਣ ਗਿਆ ਸੀ। ਭਿੰਦਾ ਮੁਠੱਡਾ ਕੁਮੈਂਟਰੀ ਨਾਲੋਂ ਵੱਧ ਇਨਾਮਾਂ ਦੇ ਹਿਸਾਬ ਕਿਤਾਬ ਵਿੱਚ ਰੁੱਝ ਗਿਆ। ਕੱਲਾ ਕੱਲਾ ਪੈਸਾ ਨਾਲੋਂ ਨਾਲ ਨਕਦ ਹੀ ਹਿਸਾਬ ਕਰੀ ਗਿਆ। ਸੁੱਖੀ ਬੈਂਸ ਨੇ 100 ਪੌਂਡ ਦਾ ਜੱਫਾ ਟੈਲਫੋਰਡ ਲਈ ਲਾਇਆ ਤਾਂ ਸ਼ੀਪਾ ਚਕਰ ਨੇ ਸਾਊਥਾਲ/ਈਰਥ ਵੂਲਿਚ ਲਈ 50 ਪੌਂਡ ਦਾ ਜੱਫਾ ਐਲਾਨ ਦਿੱਤਾ, ਬੱਸ ਇਹ ਤਾਂ ਸ਼ੁਰੂਆਤ ਸੀ, ਫਿਰ ਪੌਂਡ ਉੱਡਦੇ ਸੀ। ਮਾਣਕ, ਕੰਮਾ, ਪਾਲਾ, ਸੁੱਖਾ ਚੱਕਾਂਵਾਲ, ਜ਼ੈਲਾ, ਜੱਸੀ, ਲਵਲੀ ਰੰਧਾਵਾ, ਲਾਲਾ ਸਭ ਇੱਕ ਦੂਜੇ ਵੱਧ ਉਲਰ ਉਲਰ ਪੈਂਦੇ। ਬਲਵਿੰਦਰ ਚੱਠਾ ਤਾਂ ਕੱਪ ਆਪਣਾ ਹੀ ਮੰਨੀ ਬੈਠਾ ਸੀ, ਪਰ ਅੱਧੇ ਸਮੇਂ ਤੱਕ ਈਰਥ ਸਾਊਥਾਲ ਵਾਲਿਆਂ ਨੇ ਹਨੇਰੀ ਲਿਆਂਦੀ ਹੋਈ ਸੀ ਧਾਕੜ, ਅਮਨ ਲੁਹਾਰਾ, ਜੱਗਾ, ਚੱਕੀ, ਕਾਕਾ ਨੇ ਟੈਲਫੋਰਡ ਦੇ ਰੇਡਰਾਂ ਨੂੰ ਵਖ਼ਤ ਪਾਈ ਰੱਖਿਆ। ਖੁੱਸ਼ੀ ਦੁੱਗਾ ਨੇ ਗਗਨ ਨੂੰ, ਲੰਬੜ ਨੇ ਬਾਗੀ ਨੂੰ ਜੱਫਾ ਲਾਇਆ, ਸੋਨੀ ਫੱਕਰ ਝੰਡੇ ਨੇ ਦੋ ਹੱਥ ਕੀਤੇ ਪਰ ਅੱਜ ਦਿਨ ਫੂਲੇ ਦਾ ਸੀ ਮਾਂ ਦੇ ਪੁੱਤ ਨੇ ਗਗਨ ਨੂੰ ਜੱਫਾ ਲਾਇਆ, ਪਰ ਬਾਗੀ ਨੂੰ ਉੱਡਣੇ ਸੱਪ ਵਾਂਗ ਡੰਗ ਮਾਰਦਾ ਸੀ। ਕੁਲਵਿੰਦਰ ਠੰਡੇ ਸੁਬਾਹ ਵਾਲਾ ਗਰਮ ਖਿਡਾਰੀ ਬਣ ਕੇ ਖੇਡਦਾ, ਬੂਰੀਆ, ਰਮਨ ਦੀ ਕਮਾਲ ਦੀ ਪਾਰੀ ਨੇ ਅੱਜ ਦਾ ਫਾਈਨਲ ਮੈਚ 45/39.5 ਅੰਕਾਂ ਨਾਲ ਜਿੱਤਿਆ। ਫੂਲਾ ਸ਼ੂਸ਼ਕ 8 ਟੱਚ ਕਰਕੇ 6 ਜੱਫੇ ਲਾ ਕੇ ਸਰਬੋਤਮ ਜਾਫੀ ਅਤੇ ਬੂਰੀਆ ਸ਼ੇਸ਼ਰ 16 ਕੌਡੀਆਂ ਪਾ ਕੇ 15 ਅੰਕ ਲੈ ਕੇ ਸਰਬੋਤਮ ਧਾਵੀ ਬਣਿਆ।



ਆਖਿਰ ਵਿੱਚ ਜੇਤੂ ਟੀਮਾਂ, ਸਹਿਯੋਗੀ ਸੱਜਣਾ, ਫੈਡਰੇਸ਼ਨ ਅਤੇ ਕਲੱਬਾਂ ਦੇ ਨੁਮਾਇੰਦਿਆਂ ਦਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਕੁੱਲ ਮਿਲਾ ਕੇ ਖੇਡ ਮੇਲਾ ਬੇਹੱਦ ਕਾਮਯਾਬ ਰਿਹਾ, ਜਿਸ ਲਈ ਸਮੁੱਚੀ ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ।

* * * * * * * *

## ਪਿਛਲੇ ਸਾਲ ਗੈਰ-ਕਾਨੂੰਨੀ ਪ੍ਰਵਾਸੀ ਕਾਮਿਆਂ ਦੀ ਕਾਰਵਾਈ ਵਿੱਚ 6,000 ਤੋਂ ਵੱਧ ਲੋਕਾਂ ਨੂੰ ਕੀਤਾ ਗਿਆ ਗ੍ਰਿਫ਼ਤਾਰ : ਗ੍ਰਹਿ ਦਫ਼ਤਰ

**ਬਰਮਿੰਘਮ – ਗ੍ਰਹਿ ਦਫ਼ਤਰ ਦੇ ਅਨੁਸਾਰ, ਪਿਛਲੇ ਸਾਲ ਬ੍ਰਿਟੇਨ ਵਿੱਚ ਗੈਰ-ਕਾਨੂੰਨੀ ਕੰਮ ਕਰਨ ਵਾਲਿਆਂ 'ਤੇ ਇੱਕ ਵੱਡੀ ਕਾਰਵਾਈ ਦੇ ਹਿੱਸੇ ਵਜੋਂ 6,000 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਨੀਵਾਰ ਨੂੰ ਜਾਰੀ ਕੀਤੇ ਗਏ ਵੀਡੀਓ, ਪੂਰਬੀ ਲੰਡਨ ਅਤੇ ਸਰੀ ਸਮੇਤ ਪੂਰੇ ਯੂਕੇ ਵਿੱਚ ਨੇਲ ਬਾਰਾਂ, ਰੈਸਟੋਰੈਂਟਾਂ ਅਤੇ ਕਾਰਵਾਂ ਪਾਰਕਾਂ 'ਤੇ ਛਾਪੇ ਦਿਖਾਉਂਦੇ ਹਨ। ਸਰਕਾਰ ਨੇ ਕਿਹਾ ਕਿ ਪਿਛਲੇ ਜੁਲਾਈ ਤੋਂ ਬਾਅਦ ਲਾਗੂ ਕਰਨ ਵਾਲੇ ਦੌਰਿਆਂ ਵਿੱਚ ਵਾਧੇ ਕਾਰਨ ਪਿਛਲੇ ਸਾਲ ਦੇ ਮੁਕਾਬਲੇ ਗ੍ਰਿਫ਼ਤਾਰੀਆਂ ਦੀ ਗਿਣਤੀ ਵਿੱਚ 51% ਵਾਧਾ ਹੋਇਆ ਹੈ। ਪੂਰੇ ਬ੍ਰਿਟੇਨ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ 9,000 ਛਾਪੇਮਾਰੀ ਕੀਤੀ ਗਈ ਹੈ, ਜਿਸ ਦੇ ਨਤੀਜੇ ਵਜੋਂ 6,410 ਗ੍ਰਿਫ਼ਤਾਰੀਆਂ ਹੋਈਆਂ ਹਨ। ਹਾਲਾਂਕਿ, ਸਰਕਾਰ ਨੇ ਇਸ ਬਾਰੇ ਡੇਟਾ ਪ੍ਰਦਾਨ ਨਹੀਂ ਕੀਤਾ ਕਿ ਕਿੰਨੇ ਲੋਕਾਂ 'ਤੇ ਦੋਸ਼, ਸਜ਼ਾ ਜਾਂ ਦੇਸ਼ ਨਿਕਾਲਾ ਹੋਇਆ।**

## ਡੰਗ ਮਨਚੰਦੇ ਦੇ

rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ




**VACANCY - Religious Worker Langari (non-pastoral role)**

**NANAKSAR GURDWARA GURSIKH TEMPLE**

**224-226 FOLESHILL ROAD, COVENTRY, WEST MIDLANDS CV1 4HW, U.K.**

**An opportunity has arisen for the posts of Religious Workers at Nanaksar Gurdwara Gursikh Temple, Coventry.**

**We need religious workers to do the following duties:**

**Job Purpose:** Perform and Understand Duties include: Preparing Langar (food) 3 times a day for Blessings and Performing Nitnem, Sukhmani Sahib Path, Sehaj Patth Rohles, Ardaas and Sukhasan duties, alongside other general Gurdwara duties. Daily Vegatarian Food preparations for Blessing and for the congregation in accordance with Sikh Maryada.

Recite the daily Sikh prayer from Sri Guru Granth Sahib Ji, conduct weekly Diwan and preach Sikh Religion to congregation. Home visitation. To work collaboratively with all internal teams, departments and external agencies.

**Any other job as directed by the Gurdwara Committee.**

The Workers will be responsible for locking and unlocking the Gurdwara premises. The workers would only be assisting the Head Priest and would not be involved in leading the congregation.

**Personnel Specification:** Working Flexible Hours: **20-30 hours** per week

**Salary**: National Minimum Wage per working hour.

**Benefits**: Accommodation and food is provided free of charge.

**Requirements**: Must be able to read and speak Gurmukhi. Must be able to cook for large congregation on special occasions. Must have sufficient experience and Amritdhari (Baptised). Good communicational and interpersonal skills.

**Other details:** Applicants have to be a UK resident or have the right to work in the UK.

***Please apply with your C.V., and send your details on Emial below.***

***Closing date: 7th July 2025***

**For information please Contact:**

**S. Bulraj Singh Johal– 07899 937663 or info@nanaksarglobal.com**

**NANAKSAR GURDWARA GURSIKH TEMPLE**

***UK Registered Charity No. 512089***

**224-226 FOLESHILL ROAD, COVENTRY, WEST MIDLANDS CV1 4HW, U.K.**

# ਮਾਨਵੀ ਗੁਣਾਂ ਦਾ ਮੁਜੱਸਮਾ – ਦਸਮ ਪਿਤਾ ਦਾ ਲਾਡਲਾ ਪੀਰ ਬੁੱਧੂ ਸ਼ਾਹ

(13 ਜੂਨ ਲਈ)
ਜਨਮ ਦਿਨ 'ਤੇ ਵਿਸ਼ੇਸ਼





– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com


ਧਰਮ ਦੀਆਂ ਪੱਕੀਆਂ ਤੇ ਤੰਗ ਸੀਮਾਵਾਂ ਤੋਂ ਉੱਪਰ ਦੀ ਸੋਚ ਦੇ ਧਾਰਨੀ ਅਤੇ ਮਾਨਵੀ ਗੁਣਾਂ ਦੇ ਮੁਜੱਸਮੇ ਪੀਰ ਬੁੱਧੂ ਸ਼ਾਹ ਨੂੰ ਹਰ ਸਿੱਖ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦਾ ਹੈ। ਭੰਗਾਣੀ ਦੇ ਯੁੱਧ ਤੋਂ ਉਪਰੰਤ ਪੀਰ ਜੀ ਨੇ ਆਪਣੇ ਚਾਰ ਪੁੱਤਰਾਂ ਵਿੱਚੋਂ ਦੋ ਪੁੱਤਰ ਸੱਯਦ ਅਸ਼ਰਫ ਸ਼ਾਹ ਅਤੇ ਸੱਯਦ ਮੁਹੰਮਦ ਸ਼ਾਹ ਅਤੇ ਸਕੇ ਭਾਈ ਭੂਰੇ ਸ਼ਾਹ ਨੂੰ ਅਤੇ ਸੱਤ ਸੌ ਮੁਰੀਦਾਂ ਵਿੱਚੋਂ ਅਨੇਕਾਂ ਮੁਰੀਦ ਸ਼ਹੀਦ ਕਰਵਾ ਕੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ। ਇਤਿਹਾਸਕ ਹਵਾਲਿਆਂ ਮੁਤਾਬਿਕ ਪੀਰ ਬੁੱਧੂ ਸ਼ਾਹ ਦਾ ਜਨਮ 13 ਜੂਨ, 1647 ਈ: ਨੂੰ ਸੱਯਦ ਗੁਲਾਮ ਸ਼ਾਹ ਦੇ ਘਰ ਅੰਬਾਲਾ ਜ਼ਿਲ੍ਹੇ ਦੇ ਸਢੌਰਾ ਕਸਬੇ ਵਿੱਚ ਹੋਇਆ। ਪੀਰ ਜੀ ਦਾ ਪੂਰਾ ਨਾਂਅ ਸੱਯਦ ਬਦਰੁੱਦੀਨ ਸ਼ਾਹ ਸੀ। ਪੀਰ ਜੀ ਬਚਪਨ ਤੋਂ ਹੀ ਘੱਟ ਬੋਲਣ ਵਾਲੇ, ਗੰਭੀਰ ਅਤੇ ਸਾਦੇ ਸੁਭਾਅ ਵਾਲੇ ਸਨ। ਇਸੇ ਕਰਕੇ ਲੋਕਾਂ ਨੇ ਪੀਰ ਜੀ ਨੂੰ ਬੁੱਧੂ ਕਹਿਣਾ ਸ਼ੁਰੂ ਕਰ ਦਿੱਤਾ। ਇਹ ਨਾਂਅ ਪੀਰ ਜੀ ਦੇ ਸੁਭਾਅ ਕਰਕੇ ਪੱਕੇ ਤੌਰ 'ਤੇ ਉਨ੍ਹਾਂ ਨਾਲ ਜੁੜ ਗਿਆ। ਪੀਰ ਜੀ ਦੇ ਵੱਡੇ-ਵਡੇਰੇ ਪਹਿਲਾਂ ਸਮਾਣੇ ਰਹਿੰਦੇ ਸਨ, ਪਰ ਇਸ ਤੋਂ ਪਿੱਛੋਂ ਸਢੌਰੇ ਆ ਵੱਸੇ। ਜਿਸ ਮੁਹੱਲੇ ਵਿੱਚ ਇਹ ਪਰਿਵਾਰ ਆ ਕੇ ਵੱਸਿਆ, ਉਹ ਬਾਅਦ ਵਿੱਚ ਸੱਯਦਾਂ ਵਾਲਾ ਮੁਹੱਲਾ ਕਰਕੇ ਪ੍ਰਸਿੱਧ ਹੋਇਆ।

ਪੀਰ ਜੀ ਦੀ ਸ਼ਾਦੀ ਮੁਗਲ ਸੈਨਾ ਦੇ ਇਕ ਵੱਡੇ ਜਰਨੈਲ ਸੈਦ ਖਾਨ ਦੀ ਭੈਣ ਨਸੀਰਾਂ ਨਾਲ ਹੋਈ। ਜਦੋਂ ਬਾਲ ਗੁਰੂ ਗੋਬਿੰਦ ਰਾਏ (ਸਿੰਘ) ਸ੍ਰੀ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਸਮੇਂ ਕੁਝ ਸਮਾਂ ਲਖਨੌਰ ਰੁਕੇ ਤਾਂ ਪੀਰ ਭੀਖਣ ਸ਼ਾਹ ਜਦੋਂ ਬਾਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਤਾਂ ਉਸ ਸਮੇਂ ਪੀਰ ਬੁੱਧੂ ਸ਼ਾਹ ਨੇ ਵੀ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਇਸ ਤੋਂ ਪਿੱਛੋਂ ਪੀਰ ਜੀ ਦਿੱਲੀ ਵਿਖੇ ਗੈਸ਼ਾ-ਨਸ਼ੀਨ ਰਹਿਣ ਤੋਂ ਉਪਰੰਤ ਜਦੋਂ ਵਾਪਸ ਸਢੌਰਾ ਆਏ ਤਾਂ ਪੀਰ ਜੀ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਾਉਂਟਾ ਸਾਹਿਬ ਦੀ ਆਮਦ ਬਾਰੇ ਪਤਾ ਲੱਗਾ। ਪਿਆਰ ਵਿੱਚ ਬਿਹਬਲ ਪੀਰ ਜੀ ਨੇ ਗੁਰੂ ਨਾਨਕ ਸਾਹਿਬ ਦੇ ਦੱਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਵਿਖੇ ਦਰਸ਼ਨ ਕੀਤੇ। ਆਪ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਤੋਂ ਅਜਿਹੇ ਪ੍ਰਭਾਵਿਤ ਹੋਏ ਕਿ ਰੱਬੀ ਗੁਣਾਂ ਦੇ ਮੁਜੱਸਮੇ ਦਸਮ ਪਿਤਾ ਜੀ ਹਮੇਸ਼ਾ ਅੰਗ-ਸੰਗ ਰਹਿਣ ਲਈ ਬੇਨਤੀ ਕਰਨ ਲਈ ਹੱਥ ਜੁੜ ਗਏ।

ਇਕ ਵਾਰ ਅਜਿਹਾ ਸਮਾਂ ਆਇਆ, ਜਦੋਂ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੇ ਆਪਣੀ ਫੌਜ ਦੇ ਬਹੁਤ ਸਾਰੇ ਪਠਾਣਾਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਉਹ ਸਾਰੇ ਪਠਾਣ ਪੀਰ ਜੀ ਕੋਲ ਆਪਣੇ ਦੁੱਖੜੇ ਰੋਣ ਲਈ ਪਹੁੰਚੇ। ਪੀਰ ਜੀ ਨੇ ਉਨ੍ਹਾਂ ਪਠਾਣਾਂ ਨੂੰ ਨੌਕਰੀ ਦਿਵਾਉਣ ਲਈ ਪਾਉਂਟਾ ਸਾਹਿਬ ਜਾ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ ਪੀਰ ਜੀ ਦੀ ਬੇਨਤੀ ਮੰਨਦਿਆਂ ਸਾਰੇ ਪਠਾਣਾਂ ਨੂੰ ਆਪਣੇ ਪਾਸ ਰੱਖ ਲਿਆ। ਪਰ ਜਦੋਂ ਪਹਾੜੀ ਰਾਜਿਆਂ ਵੱਲੋਂ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੂੰ ਮਜ਼ਬੂਰ ਕਰਕੇ ਲੜਾਈ ਛੇੜ ਦਿੱਤੀ ਗਈ ਤਾਂ ਇਨ੍ਹਾਂ ਪਠਾਣਾਂ ਵਿੱਚੋਂ ਇਕ ਪਠਾਣ ਜਰਨੈਲ ਕਾਲੇ ਖਾਨ ਤੋਂ ਬਿਨਾਂ ਬਾਕੀ ਤਿੰਨ ਜਰਨੈਲ ਤੀਖਨ ਖਾਨ, ਨਜ਼ਾਬਤ ਖਾਨ ਅਤੇ ਹਯਾਤ ਖਾਨ ਨਮਕ-ਹਰਾਮੀ ਕਰਕੇ ਗੁਰੂ ਸਾਹਿਬ ਨੂੰ ਛੱਡ ਕੇ ਚਲੇ ਗਏ। ਕੇਵਲ ਛੱਡਿਆ ਹੀ ਨਹੀਂ, ਸਗੋਂ ਪਹਾੜੀ ਰਾਜਿਆਂ ਦੀ ਫੌਜ ਨਾਲ ਜਾ ਰਲੇ। ਜਦੋਂ ਪੀਰ ਜੀ ਨੂੰ ਇਹ ਖਬਰ ਮਿਲੀ ਤਾਂ ਪੀਰ ਜੀ ਆਪਣੇ ਸੱਤ ਸੌ ਮੁਰੀਦਾਂ, ਚਾਰ ਪੁੱਤਰਾਂ ਅਤੇ ਇਕ ਭਰਾ ਸਮੇਤ ਭੰਗਾਣੀ ਦੇ ਮੈਦਾਨ ਵਿੱਚ ਪੁੱਜੇ ਅਤੇ ਇਸ ਗਹਿਗੱਚ ਯੁੱਧ ਵਿੱਚ ਆਪਣਾ ਯੋਗਦਾਨ ਪਾਇਆ। ਇਸ ਯੁੱਧ ਵਿੱਚ ਪੀਰ ਜੀ ਦੇ ਅਨੇਕਾਂ ਮੁਰੀਦਾਂ, ਦੋ ਪੁੱਤਰਾਂ ਅਤੇ ਇਕ ਭਰਾ ਨੇ ਸ਼ਹਾਦਤ ਦਾ ਜਾਮ ਪੀਤਾ।

ਇਤਿਹਾਸਕ ਤੱਥ ਇਸ ਗੱਲ ਨੂੰ ਬਿਆਨ ਕਰਦੇ ਹਨ, ਜਦੋਂ ਕਲਗੀਧਰ ਪਾਤਸ਼ਾਹ ਨੇ ਯੁੱਧ ਤੋਂ ਉਪਰੰਤ ਬੇਸ਼ਕੀਮਤੀ ਵਸਤੂਆਂ, ਧਨ ਦੌਲਤ ਪੀਰ ਜੀ ਨੂੰ ਬਖ਼ਸ਼ਿਸ ਵਜੋਂ ਲੈਣ ਲਈ ਕਿਹਾ ਤਾਂ ਪੀਰ ਜੀ ਨਿਮਾਣੇ ਸਿੱਖ ਸ਼ਰਧਾਲੂ ਵਜੋਂ ਹੱਥ ਜੋੜ ਕੇ ਗੁਰੂ ਸਾਹਿਬ ਦੇ ਸਨਮੁੱਖ ਖਲੋ ਗਏ, ਇਹ ਵਸਤਾਂ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਗੁਰੂ ਸਾਹਿਬ ਕੇਸਾਂ ਨੂੰ ਕੰਘੇ ਨਾਲ ਸੰਵਾਰ ਕੇ ਦਸਤਾਰ ਸਜਾਉਣ ਦੀ ਤਿਆਰੀ ਵਿੱਚ ਸਨ। ਪੀਰ ਜੀ ਨੇ ਬੜੀ ਅਧੀਨਗੀ ਨਾਲ ਕੰਘੇ ਵਿੱਚ ਫਸੇ ਗੁਰੂ ਸਾਹਿਬ ਦੇ ਰੋਮਾਂ (ਕੇਸਾਂ) ਨੂੰ ਆਪਣੀ ਝੋਲੀ ਫੈਲਾਅ ਕੇ ਪ੍ਰਵਾਨ ਕੀਤਾ। ਕੰਘੇ ਸਮੇਤ ਕੇਸਾਂ ਨੂੰ ਪ੍ਰਾਪਤ ਕਰਕੇ ਇਸ ਵੱਡਮੁੱਲੇ ਤੋਹਫ਼ੇ ਨੂੰ ਆਪਣੇ ਜੀਵਨ ਦੌਰਾਨ ਸੰਭਾਲ ਕੇ ਰੱਖਣ ਅਤੇ ਦਰਸ਼ਨ-ਦੀਦਾਰੇ ਕਰਨ ਦਾ ਸੁਭਾਗ ਜੀਵਨ ਭਰ ਨਿਭਾਇਆ। ਗੁਰੂ ਸਾਹਿਬ ਨੇ ਭਰੇ ਦੀਵਾਨ ਵਿੱਚ ਪਾਉਂਟਾ ਸਾਹਿਬ ਦੀ ਪਾਵਨ ਧਰਤੀ ਤੋਂ ਇਸ ਵੱਡਮੁੱਲੇ ਤੋਹਫ਼ੇ ਤੋਂ ਇਲਾਵਾ ਇਕ ਛੋਟੀ ਕਿਰਪਾਨ, ਦਸਤਾਰ ਅਤੇ ਹੁਕਮਨਾਮਾ ਵੀ ਪੀਰ ਜੀ ਨੂੰ ਬਖ਼ਸ਼ਿਆ, ਜੋ ਸਮਾਂ ਪੈ ਕੇ ਪੀਰ ਜੀ ਦੇ ਵਾਰਸਾਂ ਨੂੰ ਜਗੀਰ ਪ੍ਰਦਾਨ ਕਰਕੇ ਮਹਾਰਾਜਾ ਨਾਭਾ ਸ. ਭਰਪੂਰ ਸਿੰਘ ਨੇ ਸ਼ਰਧਾ ਸਹਿਤ ਆਪਣੇ ਮਹਿਲਾਂ ਵਿੱਚ ਇਨ੍ਹਾਂ ਵਸਤਾਂ ਨੂੰ ਸੁਸ਼ੋਭਿਤ ਕੀਤਾ। ਪਰ ਭਰੋਸੇਯੋਗ ਗਵਾਹੀ ਤੋਂ ਪਤਾ ਲੱਗਾ ਹੈ ਕਿ ਇਹ ਛੋਟੀ ਕਿਰਪਾਨ ਪੀਰ ਜੀ ਦੇ ਮੌਜੂਦਾ ਵਾਰਸਾਂ ਪਾਸ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿੱਚ ਸਤਿਕਾਰ ਨਾਲ ਸਾਂਭੀ ਹੋਈ ਹੈ।



ਪੀਰ ਜੀ ਵੱਲੋਂ ਗੁਰੂ ਸਾਹਿਬ ਦੀ ਭੰਗਾਣੀ ਦੇ ਯੁੱਧ ਵਿੱਚ ਕੀਤੀ ਸਹਾਇਤਾ ਕਰਕੇ ਬਾਦਸ਼ਾਹ ਔਰੰਗਜ਼ੇਬ ਦੇ ਕੰਨ ਭਰੇ ਗਏ। ਔਰੰਗਜ਼ੇਬ ਨੇ ਸਢੌਰੇ ਦੇ ਹਾਕਮ ਉਸਮਾਨ ਖਾਨ ਨੂੰ ਪੀਰ ਜੀ ਨੂੰ ਕਤਲ ਕਰਨ ਦਾ ਆਦੇਸ਼ ਦਿੱਤਾ। ਸਰਹਿੰਦ ਦੇ ਫੌਜਦਾਨ ਨੇ ਬਾਦਸ਼ਾਹ ਦੇ ਹੁਕਮ ਨੂੰ ਉਸਮਾਨ ਖਾਨ ਤੱਕ ਪਹੁੰਚਾਇਆ। ਪੀਰ ਜੀ ਨੂੰ ਇਹ ਖਬਰ ਪਹਿਲਾਂ ਹੀ ਮਿਲ ਚੁੱਕੀ ਸੀ, ਉਨ੍ਹਾਂ ਆਪਣਾ ਪਰਿਵਾਰ ਨਾਹਨ ਅਤੇ ਸਮਾਣਾ ਭੇਜ ਦਿੱਤਾ। ਸਢੌਰੇ ਦੇ ਹਾਕਮ ਉਸਮਾਨ ਖਾਨ ਨੇ 21 ਮਾਰਚ, 1704 ਨੂੰ ਪੀਰ ਬੁੱਧੂ ਸ਼ਾਹ ਨੂੰ ਬੜੀ ਬੇਦਰਦੀ ਨਾਲ ਟੋਟੇ-ਟੋਟੇ ਕਰਕੇ ਸ਼ਹੀਦ ਕੀਤਾ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵੱਲ ਵਧਿਆ ਤਾਂ ਸਭ ਤੋਂ ਪਹਿਲਾਂ ਉਸ ਨੇ ਸਢੌਰੇ ਦੀ ਇੱਟ ਨਾਲ ਇੱਟ ਖੜਕਾਈ ਅਤੇ ਉਸਮਾਨ ਖਾਨ ਨੂੰ ਮੌਤ ਦੇ ਘਾਟ ਉਤਾਰਿਆ। ਇਤਿਹਾਸ ਦੇ ਖੋਜੀ ਤੱਥਾਂ ਮੁਤਾਬਿਕ ਪੀਰ ਜੀ ਦੀ ਅੰਸ਼-ਵੰਸ਼ ਦੇ ਪਰਿਵਾਰ 1947 ਈ: ਵਿੱਚ ਦੇਸ਼ ਦੀ ਵੰਡ ਸਮੇਂ ਪੱਛਮੀ ਪੰਜਾਬ (ਪਾਕਿਸਤਾਨ) ਦੇ ਝੰਗ ਜ਼ਿਲ੍ਹੇ ਜਾ ਵੱਸੇ। ਪੀਰ ਜੀ ਦੇ ਜੱਦੀ ਘਰ ਦੀ ਖੋਜ ਕਰਕੇ ਹੁਣ ਇਸ ਅਸਥਾਨ ਨੂੰ ਗੁਰਦੁਆਰਾ ਸਾਹਿਬ ਵਿੱਚ ਬਦਲ ਦਿੱਤਾ ਗਿਆ ਹੈ। ਸਮੁੱਚਾ ਸਿੱਖ ਜਗਤ ਅੱਜ ਪੀਰ ਜੀ ਦੇ ਜਨਮ ਦਿਨ 'ਤੇ ਪੀਰ ਜੀ ਦੀ ਕੁਰਬਾਨੀ, ਸ਼ਰਧਾ, ਗੁਰੂ ਪਿਆਰ ਪ੍ਰਤੀ ਨਤਮਸਤਕ ਹੋ ਰਿਹਾ ਹੈ।


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ।
ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME...........................................................................................
ADDRESS.......................................................................................
..................................................POST CODE.............................
TEL..............................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*



## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: 01332 372 851 M: 07966 388 388

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-4

ਡਾ: ਕਿਰਨਪ੍ਰੀਤ ਕੌਰ ਬਾਠ

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ

## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਅੱਜ ਤੋਂ ਪੰਜ ਸਦੀਆਂ ਪਹਿਲਾਂ ਜਦੋਂ ਤਾਕਤ ਅਤੇ ਤਲਵਾਰ ਹੀ ਸਹੀ ਹੁੰਦੀ ਸੀ, ਜਦੋਂ ਕਿਸੇ ਰਾਜੇ ਦੇ ਖ਼ਿਲਾਫ਼ ਕੋਈ ਸੁਣਵਾਈ ਨਹੀਂ ਸੀ ਹੁੰਦੀ, ਉਸ ਵੇਲੇ ਗੁਰੂ ਨਾਨਕ ਸਾਹਿਬ ਨੇ ਹਕੂਮਤ ਦੀ ਅੱਖ ਵਿੱਚ ਅੱਖ ਪਾ ਕੇ ਉਸ ਨੂੰ ਵੰਗਾਰਿਆ ਅਤੇ ਬਾਬਰ ਨੂੰ ਅਸਲੀਅਤ ਦੱਸਦੇ ਕਿਹਾ "ਤੂੰ ਜਾਬਰ ਹੈਂ!" ਇਹ ਗੁਰੂ ਨਾਨਕ ਸਾਹਿਬ ਦਾ ਆਪਣੇ ਸਿੱਖਾਂ ਲਈ ਦਿਸ਼ਾ-ਨਿਰਦੇਸ਼ ਸੀ ਕਿ ਓਹਨਾਂ ਦੀ ਰਾਜਨੀਤੀ ਕੈਸੀ ਹੋਵੇਗੀ। ਗੁਰੂ ਨਾਨਕ ਸਾਹਿਬ ਦਾ ਸਿੱਖ ਕਿਸੇ ਡਰ ਜਾਂ ਲਾਲਚਵਸ ਪੈ ਦੁਨਿਆਵੀ ਤਾਕਤ ਦੇ ਅੱਗੇ ਸਿਰ ਨਹੀਂ ਨਿਵਾਏਗਾ**



ਬੇਸ਼ਕ ਕੁੱਲ ਲੋਕਾਈ ਉਸ ਸਮੇਂ ਦੇ ਹੁਕਮਰਾਨ, ਓਹਨਾਂ ਦੇ ਵਜ਼ੀਰਾਂ ਅਤੇ ਜਨਤਕ ਅਧਿਕਾਰੀਆਂ ਹੱਥੋਂ ਦੁੱਖੀ ਸੀ, ਪਰ ਗੁਰੂ ਨਾਨਕ ਸਾਹਿਬ ਨੇ ਇਸ ਸੰਤਾਪ ਨੂੰ ਸ਼ਬਦੀ ਰੂਪ ਦੇ ਕੇ ਦੁਨਿਆਵੀ ਤਖ਼ਤ ਨੂੰ ਸ਼ੀਸ਼ਾ ਵਿਖਾਇਆ। ਗੁਰੂ ਨਾਨਕ ਸਾਹਿਬ ਜੀ ਸਮੇਂ ਦੇ ਰਾਜਿਆਂ ਨੂੰ ਆਦਮਖ਼ੋਰ 'ਸ਼ੀਂਹ' ਬਰਾਬਰ ਦੱਸਦੇ ਹਨ ਅਤੇ ਓਹਨਾਂ ਦੇ ਵਜ਼ੀਰ ਨੂੰ ਕੁੱਤੇ ਬਰਾਬਰ; ਜੋ ਬਾਹਰ ਨਿਕਲਦੇ ਨੇ ਸਿਰਫ਼ ਸੁੱਤੇ ਹੋਏ ਲੋਕਾਂ ਨੂੰ ਜਗ੍ਹਾ ਕੇ ਓਹਨਾਂ ਉੱਤੇ ਹਮਲਾ ਕਰਨ ਲਈ। ਇਹਨਾਂ ਰਾਜਿਆਂ ਦੇ ਅਧਿਕਾਰੀ ਲੋਕਾਈ ਨੂੰ ਆਪਣੇ ਨੋਹਾਂ ਨਾਲ ਹੀ ਜ਼ਖ਼ਮ ਦਿੰਦੀ ਹੈ ਅਤੇ ਲੋਕਾਈ ਦਾ ਖ਼ੂਨ ਕੁੱਤੇ ਚੱਟ ਰਹੇ ਹੁੰਦੇ ਹਨ। ਭਾਵ ਰਾਜੇ, ਵਜ਼ੀਰ ਅਤੇ ਅਧਿਕਾਰੀ ਆਪਣੇ ਲਾਲਚ ਅਤੇ ਹੰਕਾਰ ਵੱਸ ਪੈ ਕੇ ਐਸੇ ਹੋ ਗਏ ਸਨ ਕਿ ਓਹਨਾਂ ਦੇ ਜ਼ੁਲਮਾਂ ਨੇ ਆਮ ਇਨਸਾਨ ਦੀ ਮੌਤ, ਉਸ ਦੇ ਜ਼ਖ਼ਮ ਅਤੇ ਦਰਦ ਵੀ ਮਨੁੱਖੀ ਹੱਕਾਂ ਤੋਂ ਵਾਂਝੇ ਕਰ ਦਿੱਤੇ ਸਨ। ਅਜੋਕੇ ਯੁੱਗ ਵਿੱਚ ਜਿੱਥੇ ਮਨੁੱਖੀ ਹੱਕਾਂ ਦੀ ਸੁਰੱਖਿਆ ਲਈ ਤਰ੍ਹਾਂ-ਤਰ੍ਹਾਂ ਦੀਆਂ ਅੰਤਰਰਾਸ਼ਟਰੀ ਜਥੇਬੰਦੀਆਂ ਬਣ ਗਈਆਂ ਹਨ, ਓਥੇ ਲੋਕਤੰਤਰ ਤਹਿਤ ਆਪੋਂ ਬਣੇ ਰਾਜੇ ਥੋੜੇ-ਬਹੁਤ ਭੈਅ ਵਿੱਚ ਰਹਿੰਦੇ ਹਨ ਕਿ ਓਹਨਾਂ ਦਾ ਰਾਜ ਭਾਗ ਜਾ ਸਕਦਾ ਹੈ। ਅਜੋਕੇ ਸਮੇਂ ਵਿੱਚ ਦੁਨੀਆ ਏਨੀ ਛੋਟੀ ਹੋ ਗਈ ਹੈ ਕਿ ਇੱਕ ਕੋਨੇ 'ਤੇ ਹੋਈ ਗੱਲ ਦੂਜੇ ਕੋਨੇ ਵਿੱਚ ਸੁਣਾਈ ਦਿੰਦੀ ਹੈ, ਇਸ ਵੇਲੇ ਵੀ ਬਹੁਤੇ ਲੋਕ ਤਾਕਤਵਰ ਨਾਲ ਹੱਥ ਮਿਲਾ ਲੈਂਦੇ ਹਨ ਜਾਂ ਜ਼ੁਲਮ ਨੂੰ ਚੁੱਪ-ਚਾਪ ਸਹਿ ਰਹੇ ਹਨ ਪਰ ਜ਼ੁਲਮ ਅਤੇ ਜ਼ਾਲਮ ਖ਼ਿਲਾਫ਼ ਅਵਾਜ਼ ਚੁੱਕਣ ਤੋਂ ਡਰਦੇ ਹਨ। ਓਥੇ ਅੱਜ ਤੋਂ ਪੰਜ ਸਦੀਆਂ ਪਹਿਲਾਂ ਜਦੋਂ ਤਾਕਤ ਅਤੇ ਤਲਵਾਰ ਹੀ ਸਹੀ ਹੁੰਦੀ ਸੀ, ਜਦੋਂ ਕਿਸੇ ਰਾਜੇ ਦੇ ਖ਼ਿਲਾਫ਼ ਕੋਈ ਸੁਣਵਾਈ ਨਹੀਂ ਸੀ ਹੁੰਦੀ, ਉਸ ਵੇਲੇ ਗੁਰੂ ਨਾਨਕ ਸਾਹਿਬ ਨੇ ਹਕੂਮਤ ਦੀ ਅੱਖ ਵਿੱਚ ਅੱਖ ਪਾ ਕੇ ਉਸ ਨੂੰ ਵੰਗਾਰਿਆ ਅਤੇ ਬਾਬਰ ਨੂੰ ਅਸਲੀਅਤ ਦੱਸਦੇ ਕਿਹਾ "ਤੂੰ ਜਾਬਰ ਹੈਂ!" ਇਹ ਗੁਰੂ ਨਾਨਕ ਸਾਹਿਬ ਦਾ ਆਪਣੇ ਸਿੱਖਾਂ ਲਈ ਦਿਸ਼ਾ-ਨਿਰਦੇਸ਼ ਸੀ ਕਿ ਓਹਨਾਂ ਦੀ ਰਾਜਨੀਤੀ ਕੈਸੀ ਹੋਵੇਗੀ। ਗੁਰੂ ਨਾਨਕ ਸਾਹਿਬ ਦਾ ਸਿੱਖ ਕਿਸੇ ਡਰ ਜਾਂ ਲਾਲਚਵਸ ਪੈ ਦੁਨਿਆਵੀ ਤਾਕਤ ਦੇ ਅੱਗੇ ਸਿਰ ਨਹੀਂ ਨਿਵਾਏਗਾ, ਸਗੋਂ ਹਮੇਸ਼ਾਂ ਮਨੁੱਖੀ ਹੱਕਾਂ ਲਈ ਜ਼ੁਲਮ ਦੇ ਅੱਗੇ ਨਿਰਭਉ ਹੋ ਆਪਣੀ ਅਵਾਜ਼ ਬੁਲੰਦ ਕਰੇਗਾ।

ਅੱਜ ਜਦੋਂ ਸਾਡੇ ਵਿੱਚੋਂ ਕੁਝ ਆਪਣੇ ਨਿੱਜੀ ਸਵਾਰਥਾਂ ਕਾਰਨ ਜ਼ੁਲਮ ਅਤੇ ਜ਼ਾਲਮ ਦੇ ਹੱਕ ਵਿੱਚ ਭੁਗਤਦੇ ਹਨ ਤਾਂ ਉਹ ਇਹ ਜਾਣ ਲੈਣ ਕਿ ਓਹਨਾਂ ਨੇ ਗੁਰੂ ਨਾਨਕ ਸਾਹਿਬ ਦੇ ਮੁੱਢਲੇ ਸਿਧਾਂਤ ਤੋਂ ਹੀ ਮੂੰਹ ਮੋੜਿਆ ਹੋਇਆ ਹੈ। ਐਸੇ ਲੋਕ ਗੁਰੂ ਨਾਨਕ ਸਾਹਿਬ ਦੀ ਸਿੱਖੀ ਵਿੱਚ ਸ਼ਾਮਿਲ ਨਹੀਂ ਹਨ।

ਅਸਲ ਰਾਜ ਅਤੇ ਰਾਜੇ ਦੀ ਪਰਿਭਾਸ਼ਾ ਦਿੱਤੀ : ਰਾਜੇ ਅਤੇ ਓਹਨਾਂ ਦੇ ਵਜ਼ੀਰਾਂ ਤੋਂ ਡਰੀ ਹੋਈ ਲੋਕਾਈ ਨੂੰ ਓਹਨੇ ਨੇ ਭੈਅ ਵਿੱਚੋਂ ਕੱਢਣ ਲਈ ਅਤਿ-ਜ਼ਰੂਰੀ ਸੀ ਕਿ ਓਹਨਾਂ ਨੂੰ ਸਮਝਾਇਆ ਜਾਵੇ ਕਿ ਹੰਕਾਰ ਵਿੱਚ ਗ੍ਰਸਤ ਇਹ ਰਾਜੇ ਸਥਾਈ ਅਤੇ ਸੱਚੇ ਨਹੀਂ ਹਨ, ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ :

ਹਉਮੈ ਕਰਿ ਰਾਜੇ ਬਹੁ ਧਾਵਹਿ ॥
ਹਉਮੈ ਖਪਹਿ ਜਨਮਿ ਮਰਿ ਆਵਹਿ ॥2॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥
(ਅੰਗ 226)

ਇਹ ਰਾਜੇ ਜੋ ਹਉਮੈ-ਵੱਸ ਪੈ ਕੇ ਕਰਮ ਕਮਾਵਂਦੇ ਹਨ, ਆਪਣੀ ਹਉਮੈ ਵਿੱਚ ਹੀ ਗ਼ਰਕ ਹੋ ਜਾਣਗੇ। ਸੋ ਜੋ ਆਪ ਕਾਲ-ਵੱਸ ਪਏ ਡਰੇ ਹੋਏ ਹੋਣ, ਓਹਨਾਂ ਕੋਲੋਂ ਡਰ ਕਿਸ ਗੱਲ ਦਾ ਅਤੇ ਓਹਨਾਂ ਨਾਲ ਕਿਸੇ ਆਸ-ਵੱਸ ਪਾਈ ਹੋਈ ਪ੍ਰੀਤ ਕਿਸ ਗੱਲ ਦੀ :

ਕਬੀਰ ਤਾ ਸਿਉ ਪ੍ਰੀਤਿ ਕਰਿ
ਜਾ ਕੋ ਠਾਕੁਰੁ ਰਾਮੁ ॥
ਪੰਡਿਤ ਰਾਜੇ ਭੂਪਤੀ
ਆਵਹਿ ਕਉਨੇ ਕਾਮ ॥24॥
(ਅੰਗ 1365)

### ਅਸਲ ਰਾਜਾ ਕੌਣ ਹੈ

ਇਤਿਹਾਸ ਇਸ ਗੱਲ ਦੀ ਗਵਾਹੀ ਭਰੇਗਾ ਕਿ ਜਿੰਨੇ ਵੀ ਜ਼ਾਲਮ ਰਾਜੇ ਹੋਏ ਹਨ, ਓਹਨਾਂ ਨੇ ਆਪਣੀ ਪਰਜਾ ਉੱਤੇ ਜ਼ੁਲਮ ਇਸ ਲਈ ਕੀਤਾ ਕਿ ਓਹਨਾਂ ਨੂੰ ਇਹ ਭੈਅ ਸੀ ਕਿ ਕੋਈ ਓਹਨਾਂ ਦੇ ਖ਼ਿਲਾਫ਼ ਬਗ਼ਾਵਤ ਨਾ ਕਰ ਦੇਵੇ, ਕੋਈ ਅਵਾਜ਼ ਉੱਠਣ ਤੋਂ ਪਹਿਲਾਂ ਹੀ ਉਹ ਜ਼ੁਲਮ ਨਾਲ ਲੋਕਾਈ ਵਿੱਚ ਭੈਅ ਪੈਦਾ ਕਰਦੇ ਰਹੇ ਹਨ। ਜੇਕਰ ਓਹਨਾਂ ਨੇ ਬਾਹਰ ਲੜਾਈ ਲੜੀ ਤਾਂ ਉਹ ਵੀ ਇਸੇ ਭੈਅ ਕਾਰਨ ਕਿ ਕੋਈ ਬਾਹਰੀ ਹਮਲਾਵਰ ਓਹਨਾਂ ਦਾ ਰਾਜ ਖੋਹ ਨਾ ਲਵੇ। ਇਹਨਾਂ ਰਾਜਿਆਂ ਦੇ ਵਜ਼ੀਰ ਵੀ ਭੈਅ-ਵੱਸ ਲੋਕਾਈ ਉੱਤੇ ਜ਼ੁਲਮ ਕਰਦੇ ਰਹੇ ਕਿ ਕਿਸੇ ਤਰ੍ਹਾਂ ਉਹ ਰਾਜੇ ਦੇ ਨਜਦੀਕ ਹੋ ਸਕਣ ਅਤੇ ਆਪਣੇ ਆਪ ਨੂੰ ਰਾਜੇ ਦਾ ਵਫ਼ਾਦਾਰ ਸਿੱਧ ਕਰ ਸਕਣ। ਇਹੀ ਵਰਤਾਰਾ ਅੱਜ ਵੀ ਤੁਸੀਂ ਆਪਣੇ ਆਸ-ਪਾਸ ਵੇਖ ਸਕਦੇ ਹੋ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਭੈਅ-ਵੱਸ ਪਏ ਇਹਨਾਂ ਤਖ਼ਤਾਂ 'ਤੇ ਕਾਬਜ਼ ਲੋਕਾਂ ਨੂੰ ਰਾਜੇ ਮੰਨਣ ਤੋਂ ਇਨਕਾਰ ਕੀਤਾ :

ਰਾਜੇ ਉਇ ਨ ਆਖੀਅਹਿ
ਭਿੜਿ ਮਰਹਿ ਫਿਰਿ ਜੂਨੀ ਪਾਹਿ ॥
(ਅੰਗ 590)

ਨਿਰਭਉ-ਨਿਰਵੈਰ ਹੋਣ ਲਈ ਜ਼ਰੂਰੀ ਹੈ ਕਿ ਤੁਸੀਂ ਅਧੀਨਗੀ ਵੀ ਉਸੇ ਦੀ ਸਵੀਕਾਰ ਕਰੋ, ਜੋ ਆਪ ਨਿਰਵੈਰ ਹੈ ਨਿਰਭਉ ਹੈ। ਇਸ ਲਈ ਗੁਰੂ ਨਾਨਕ ਸਾਹਿਬ ਅਸਲ ਰਾਜੇ ਦੀ ਪਰਿਭਾਸ਼ਾ ਦਿੰਦੇ ਹਨ ਕਿ : ਅਸਲ ਰਾਜੇ ਉਹ ਨੇ ਜੋ ਸਿਰਫ਼ ਉਸ ਇੱਕ, ਜੋ ਰਾਜਿਆਂ ਦਾ ਵੀ ਰਾਜਾ ਹੈ, ਦਾ ਭੈਅ ਮੰਨਦੇ ਹਨ, ਓਸੇ ਨਾਲ ਪ੍ਰੀਤ ਰੱਖਦੇ ਹਨ ਅਤੇ ਓਸੇ ਤੋਂ ਮੰਗਦੇ ਹਨ। ਅਸਲ ਰਾਜੇ ਓਹੀ ਹਨ ਜੋ ਓਸ ਇੱਕ ਅਕਾਲ ਪੁਰਖ ਨੂੰ, ਜੋ ਆਪ ਨਿਰਵੈਰ ਅਤੇ ਨਿਰਭਉ ਹੈ, ਆਪਣੇ ਮਨ ਅੰਦਰ ਵਸਾ ਨਿਰੰਤਰ ਸਿਮਰਦੇ ਹਨ।

ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥
(ਅੰਗ 263)


### ਹਲੇਮੀ ਰਾਜ ਦਾ ਸੁਪਨਾ ਦਿੱਤਾ

ਗੁਰੂ ਨਾਨਕ ਸਾਹਿਬ ਨੇ ਇਹ ਬਹੁਤ ਸਪਸ਼ਟ ਸਮਝਾ ਦਿੱਤਾ ਸੀ ਕਿ ਜੋ ਕੋਈ ਵੀ ਕਿਸੇ ਤਰ੍ਹਾਂ ਦੇ ਭੈਅ ਵਿੱਚ ਹੋਵੇਗਾ, ਉਹ ਕਦੇ ਵੀ ਨਿਰਵੈਰ ਨਹੀਂ ਹੋ ਸਕਦਾ ਅਤੇ ਵੈਰ ਰੱਖਣ ਵਾਲਾ ਕਦੇ ਵੀ ਭੈਅ ਮੁਕਤ ਨਹੀਂ ਹੋ ਸਕਦਾ। ਜਦੋਂ ਰਾਜਾ ਐਸਾ ਹੋਵੇਗਾ ਜੋ ਸਿਰਫ਼ ਇੱਕ ਨਿਰਵੈਰ ਨਿਰਭਉ ਅਕਾਲ ਮੂਰਤ ਦੇ ਹੀ ਅਧੀਨ ਹੋਵੇਗਾ ਤਾਂ ਉਹ ਨਾ ਤਾਂ ਕਦੇ ਕਿਸੇ ਭੈਅ ਵਿੱਚ ਕਿਸੇ ਉੱਤੇ ਕੋਈ ਜ਼ੁਲਮ ਕਰੇਗਾ ਅਤੇ ਨਾ ਹੀ ਕਿਸੇ ਨਾਲ ਕੋਈ ਵੈਰ ਰੱਖੇਗਾ। ਉਹ 'ਸਭੇ ਸਾਂਝੀਵਾਲ ਸਦਾਇਨ ਤੂੰ ਕਿਸੈ ਨ ਦੀਸਹਿ ਬਾਹਰਾ ਜੀਉ' (ਅੰਗ 97) ਦੇ ਬਚਨਾਂ ਉੱਪਰ ਪਹਿਰਾ ਦੇਵੇਗਾ। ਐਸੇ ਹੀ ਲੋਕ ਰਾਜੇ ਬਣ ਤਖ਼ਤ ਬੈਠਣ ਦੇ ਲਾਇਕ ਹੋਣਗੇ ਅਤੇ ਇਹੀ ਹਲੇਮੀ ਰਾਜ ਦੇ ਸੰਕਲਪ ਨੂੰ ਪੂਰਾ ਕਰ ਸਕਣਗੇ। ਜਿਸ ਵਿੱਚ ਨਾ ਕੋਈ ਕਿਸੈ ਨੂੰ ਭੈਅ ਦੇਵੇਗਾ ਅਤੇ ਨਾ ਹੀ ਕੋਈ ਰੋਵੇਗਾ, ਸਗੋਂ ਸਭ ਸੁਖੀ ਵੱਸਣਗੇ

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ ॥13॥
(ਅੰਗ 73)

### ਗੁਰੂ ਨਾਨਕ ਰਾਜ ਦਾ ਪਹਿਲਾ ਨਗਰ

ਸਿੱਖਾਂ ਨੂੰ ਰਾਜ ਦੇ ਸੰਕਲਪ ਵੱਲ ਤੋਰਦੇ ਹੋਏ ਕਰਤਾਰਪੁਰ ਸਾਹਿਬ ਦਾ ਨਗਰ ਵਸਾਇਆ। ਇਸ ਲਈ ਜੋ ਗੁਰੂ ਨਾਨਕ ਸਾਹਿਬ ਨੂੰ ਸਿਰਫ਼ ਇੱਕ ਸੰਤ, ਸਮਾਜ ਸੁਧਾਰਕ, ਧਾਰਮਿਕ ਗੁਰੂ ਹੀ ਮੰਨਦੇ ਹਨ, ਜਾਂ ਕਈ ਤਾਂ 'ਨਾਨਕ ਸ਼ਾਹ ਫ਼ਕੀਰ' ਕਹਿਣ ਦੀ ਹਿਮਾਕਤ ਵੀ ਕਰ ਜਾਂਦੇ ਹਨ, ਓਹਨਾਂ ਨੂੰ ਇਸ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਕਿ ਫ਼ਕੀਰ, ਸੰਤ, ਸਮਾਜ ਸੁਧਾਰਕ ਨਗਰ ਨਹੀਂ ਵਸਾਇਆ ਕਰਦੇ, ਨਗਰ ਹਮੇਸ਼ਾਂ ਰਾਜੇ ਵਸਾਇਆ ਕਰਦੇ ਹਨ। ਇਸ ਦੇ ਨਾਲ ਹੀ ਇਹ ਵੀ ਜ਼ਿਕਰਯੋਗ ਹੈ ਕਿ ਹਲੇਮੀ ਰਾਜ ਦੀ ਪਹਿਲੀ ਰਾਜਧਾਨੀ ਸ੍ਰੀ ਅੰਮ੍ਰਿਤਸਰ ਸਾਹਿਬ ਵਸਾਉਣ ਲਈ ਵੀ ਸਥਾਨ ਦੀ ਨਿਸ਼ਾਨਦੇਹੀ ਆਪ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਅਤੇ ਭਾਈ ਲਹਿਣੇ ਨੂੰ ਨਾਲ਼ ਲੈ ਜਾ ਕੇ ਕੀਤੀ ਸੀ। ਇਸ ਦਾ ਹਵਾਲਾ 'ਮੁਹੰਮਦ ਲਤੀਫ਼' ਵੱਲੋਂ ਲਿਖੀ ਕਿਤਾਬ 'ਹਿਸਟਰੀ ਆਫ਼ ਦ ਪੰਜਾਬ' (ਪੰਨਾ ਨੰਬਰ 247 ) ਵਿੱਚ ਮਿਲ ਜਾਂਦਾ ਹੈ। ਜਿਸ ਵਿੱਚ ਉਹ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਜਦੋਂ ਪਿੰਡ ਤੁੰਗ ਲਾਗੇ ਠਹਿਰੇ ਸਨ ਤਾਂ ਬਾਬਾ ਬੁੱਢਾ ਜੀ ਨੂੰ ਕਿਹਾ ਸੀ ਕਿ ਲਾਗੇ ਹੀ ਦਰਖ਼ਤਾਂ ਦੇ ਝੁੰਡ ਤੇ ਬੇਰੀ ਲਾਗੇ ਇੱਕ ਤਲਾਬ ਹੈ, ਓਥੋਂ ਜਲ਼ ਲੈ ਆਵੋ! ਬੁੱਢਾ ਜੀ ਇਲਾਕੇ ਦੇ ਜਾਣਕਾਰ ਹੋਣ ਕਾਰਨ ਕਹਿੰਦੇ ਹਨ ਕਿ ਤਾਲਾਬ ਤਾਂ ਸੁੱਕਾ ਹੈ ਪਰ ਗੁਰੂ ਨਾਨਕ ਸਾਹਿਬ ਦੇ ਕਹਿਣ ਉੱਤੇ ਜਦ ਜਾ ਕੇ ਵੇਖਿਆ ਤਾਂ ਤਲਾਬ ਭਰਿਆ ਹੋਇਆ ਸੀ। ਗੁਰੂ ਸਾਹਿਬ ਜੀ ਨੇ ਬਚਨ ਕੀਤੇ ਕਿ ਇੱਥੇ ਇੱਕ ਵੱਡਾ ਨਗਰ ਵੱਸੇਗਾ ਜੋ ਮੁਕਤੀ ਦਾ ਦਰ ਵੀ ਹੋਵੇਗਾ ਅਤੇ ਭਗਤੀ ਦਾ ਕੇਂਦਰ ਵੀ।




### ਗ੍ਰੰਥ

ਹਲੇਮੀ ਰਾਜ ਦੀ ਵਿਲੱਖਣਤਾ ਇਹ ਵੀ ਹੈ ਕਿ ਜਿਸ ਸਮੇਂ ਰਾਜੇ ਸਿਰਫ਼ ਜੰਗਾਂ-ਯੁੱਧਾਂ ਵਿੱਚ ਰਹਿੰਦੇ ਅਤੇ ਧਰਮ ਨੂੰ ਪਰਿਭਾਸ਼ਿਤ ਰਾਜ ਪੁਰੋਹਿਤ, ਸ਼ਾਹੀ ਇਮਾਮ ਜਾਂ ਸ਼ਾਹੀ ਕਾਜ਼ੀ ਕਰਿਆ ਕਰਦੇ ਸਨ, ਗੁਰੂ ਨਾਨਕ ਸਾਹਿਬ ਨੇ 'ਸੰਤ-ਸਿਪਾਹੀ' ਦੇ ਸਿਧਾਂਤ ਦਾ ਪੂਰਨਾ ਪਾਉਂਦੇ ਹੋਏ ਰਾਜ ਸੰਕਲਪ ਦੇ ਨਾਲ਼-ਨਾਲ਼ ਲੋਕਾਈ ਨੂੰ 'ਧੁਰ ਕੀ ਬਾਣੀ' ਨਾਲ਼ ਵੀ ਜੋੜਿਆ। ਉਹਨਾਂ ਸੰਤਾਂ, ਭਗਤਾਂ ਅਤੇ ਮਹਾਪੁਰਖਾਂ ਦੀ ਬਾਣੀ ਇਕੱਠੀ ਕੀਤੀ। ਅਕਸਰ ਇਹ ਕਹਿ ਦਿੱਤਾ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੂ ਅਤੇ ਮੁਸਲਮਾਨ ਸੰਤਾਂ ਦੀ ਬਾਣੀ ਵੀ ਦਰਜ ਹੈ, ਜੋ ਕਿ ਤਕਨੀਕੀ ਤੌਰ 'ਤੇ ਸਹੀ ਵੀ ਹੈ। ਪਰ ਅਸੀਂ ਮਾਰ ਓਦੋਂ ਖਾਂਦੇ ਹਾਂ ਜਦੋਂ ਅਸੀਂ ਗੁਰੂ ਨਾਨਕ ਸਾਹਿਬ ਨੂੰ ਵੀ ਆਪਣੇ ਵਰਗਾ ਹੀ ਸਮਝਣ ਦੀ ਭੁੱਲ ਕਰਦੇ ਹਾਂ। ਇਹ ਅਸੀਂ ਹਾਂ ਜੋ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਹੀ ਦੁਹਰਾਉਂਦੇ ਰਹਿੰਦੇ ਹਾਂ। ਗੁਰੂ ਨਾਨਕ ਸਾਹਿਬ ਉਹ ਨੇ ਜਿਨ੍ਹਾਂ ਨੇ ਪਾਂਧੇ ਨੂੰ ਸਵਾਲ ਪੁੱਛਿਆ ਸੀ ਕਿ ਅਲਫ਼ ਤਾਂ ਫੱਟੀ ਉੱਪਰ ਵਾਹ ਦਿੰਦਾ ਹਾਂ ਪਰ ਅਲਫ਼ ਦਾ ਮਤਲਬ ਕੀ ਹੈ।

ਚਲਦਾ.....

**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**




**ਫੋਨ : 07853 317 891**

Email: jaggikussa@yahoo.de


# ਇੱਕ ਮੇਰੀ ਅੱਖ ਕਾਸ਼ਣੀ...


**ਪ੍ਰੇਮ ਸਿਉਂ ਦੀ ਜ਼ਿੰਦਗੀ ਹੁਣ ਢਲਦੇ ਪ੍ਰਛਾਂਵਿਆਂ ਵੱਲ ਨੂੰ ਜਾ ਰਹੀ ਸੀ, ਜਦ ਕਿ ਦਰਵੇਸ਼ ਆਪਣੀ ਜੁਆਨੀ ਵੱਲ ਨੂੰ ਵਧ ਰਿਹਾ ਸੀ। ਪਰ ਜਦ ਉਹ ਸੈਰ ਨੂੰ ਜਾਂਦੇ ਤਾਂ ਦਰਵੇਸ਼ ਵੀ ਆਪਣੀ ਚਾਲ ਪ੍ਰੇਮ ਸਿਉਂ ਜਿੰਨੀ ਹੀ ਕਰ ਲੈਂਦਾ। ਸਿਆਣਾ ਜਾਨਵਰ ਸੀ, ਪ੍ਰੇਮ ਸਿਉਂ ਦੀ ਉਮਰ ਅਵੱਸਥਾ ਬਾਰੇ ਸ਼ਾਇਦ ਸਮਝਦਾ ਸੀ। ਰੋਟੀ ਖਾਂਦਾ ਪ੍ਰੇਮ ਸਿਉਂ ਇੱਕ ਬੁਰਕੀ ਆਪਣੇ ਮੂੰਹ ਵਿੱਚ ਪਾਉਂਦਾ ਅਤੇ ਦੂਜੀ ਬੁਰਕੀ ਦਰਵੇਸ਼ ਦੇ ਕੌਲੇ ਵਿੱਚ ਰੱਖਦਾ। ਉਹ ਇੱਕ ਤਰ੍ਹਾਂ ਨਾਲ਼ ਰਲ਼ ਮਿਲ਼ ਕੇ ਖਾਂਦੇ ਸਨ। ਜਦ ਆਥਣੇ ਪ੍ਰੇਮ ਸਿਉਂ ਟੈਲੀਵਿਯਨ 'ਤੇ ਖ਼ਬਰਾਂ ਦੇਖਦਾ ਤਾਂ ਦਰਵੇਸ਼ ਨਾਲ਼ ਲੱਗ ਕੇ ਟੈਲੀਵਿਯਨ ਵੱਲ ਝਾਕੀ ਜਾਂਦਾ। ਜਦ ਪ੍ਰੇਮ ਸਿਉਂ ਸਵੇਰੇ ਪਾਠ ਜਾਂ ਕੀਰਤਨ ਸੁਣਦਾ ਤਾਂ ਦਰਵੇਸ਼ ਨਾਲ਼ ਬੈਠ ਕੇ ਸੁਣਦਾ ਅਤੇ ਦੇਖਦਾ। ਜਦ ਸਵੇਰੇ ਅਖ਼ਬਾਰ ਵਾਲ਼ਾ ਅਖ਼ਬਾਰ ਸੁੱਟ ਕੇ ਜਾਂਦਾ ਤਾਂ ਦਰਵੇਸ਼ ਸਭ ਤੋਂ ਪਹਿਲਾਂ ਅਖ਼ਬਾਰ ਚੁੱਕ ਕੇ ਪ੍ਰੇਮ ਸਿਉਂ ਕੋਲ਼ ਲਿਆ ਰੱਖਦਾ।**


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 28**

## ਕਾਂਡ 14

ਉਹ ਅੱਗੇ ਵਾਂਗ ਸਵੇਰੇ ਸਾਝਰੇ ਉਠਦਾ ਅਤੇ ਲੋੜੀਂਦਾ ਤੋਰਾ ਫ਼ੇਰਾ ਕਰ ਕੇ ਰਾਤ ਨੂੰ ਦਸ ਕੁ ਵਜੇ ਸੌਂ ਜਾਂਦਾ।

ਇੱਕ ਦਿਨ ਪ੍ਰੇਮ ਸਿਉਂ ਨੂੰ ਸਿਹਤ ਪੱਖੋਂ ਮਾਮੂਲੀ ਤਕਲੀਫ਼ ਹੋਈ ਤਾਂ ਦੁਆਈ ਦੁਆਉਣ ਤੋਂ ਪਹਿਲਾਂ ਦੋਨਾਂ ਮੁੰਡਿਆਂ ਨੇ ਉਸ ਦਾ ਦੋ ਬੀਮਾਂ ਕੰਪਨੀਆਂ ਵਿੱਚ "ਜੀਵਨ ਬੀਮਾਂ" ਕਰਵਾ ਦਿੱਤਾ ਕਿ ਕਿਤੇ "ਬਾਪੂ ਜੀ" ਦੇ ਮਰਨ ਤੋਂ ਬਾਅਦ ਇਹ ਬੀਮੇ ਵਾਲ਼ਾ "ਲਾਹਾ" ਨਾ ਰਹਿ ਜਾਵੇ।

ਅੱਗੜ ਪਿੱਛੜ ਰੂਪ ਅਤੇ ਮਹੇਸ਼ੀ ਦਾ ਵਿਆਹ ਹੋ ਗਿਆ।

ਨੂੰਹਾਂ ਘਰ ਆ ਗਈਆਂ।

ਵਿਆਹ ਦੋਵਾਂ ਭਰਾਵਾਂ ਦਾ ਚੰਗੇ ਅਮੀਰ ਘਰਾਣਿਆਂ ਵਿੱਚ ਹੋਇਆ ਸੀ। ਰੂਪ ਅਤੇ ਮਹੇਸ਼ੀ ਦੇ ਸਹੁਰਿਆਂ ਵੱਲੋਂ ਲੈਣ ਦੇਣ ਵਾਲ਼ੀ ਕੋਈ ਕਸਰ ਨਹੀਂ ਛੱਡੀ ਸੀ। ਕਾਰਾਂ ਜੀਪਾਂ ਤੋਂ ਲੈ ਕੇ ਕਰੀਬ ਦੋ-ਦੋ ਕਿੱਲੋ ਸੋਨਾ ਵੀ ਪਾਇਆ ਗਿਆ ਸੀ। ਮੁੰਡਿਆਂ ਦੇ ਵਿਆਹ ਤੋਂ ਬਾਅਦ ਪ੍ਰੇਮ ਸਿਉਂ ਨੇ ਜ਼ਿਆਦਾਤਰ ਘਰ ਹੀ ਰਹਿਣਾ ਸ਼ੁਰੂ ਕਰ ਦਿੱਤਾ। ਉਸ ਨੇ ਕੋਠੀ ਦੇ ਇੱਕ ਕੋਨੇ ਵਾਲ਼ੇ ਕਮਰੇ ਵਿੱਚ ਤਖ਼ਤਪੋਸ਼ ਫ਼ਿੱਟ ਕਰਵਾ ਕੇ ਓਥੇ ਹੀ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਲੱਗਦੇ ਹੱਥ ਸ਼ਹਿਰੋਂ ਇੱਕ ਕਤੂਰਾ ਲੈ ਆਂਦਾ। ਕਤੂਰਾ ਬੜੀ ਚੰਗੀ ਨਸਲ ਦਾ ਅਤੇ ਬੜਾ ਸੋਹਣਾ ਸੀ।

ਨਵੀਆਂ ਨਵੇਲੀਆਂ ਆਈਆਂ ਨੂੰਹਾਂ ਤਾਂ ਚੁੱਪ ਰਹੀਆਂ। ਪਰ ਪ੍ਰੇਮ ਸਿਉਂ ਦੇ ਘਰਵਾਲ਼ੀ ਤਾਰੋ ਨੇ ਕਤੂਰੇ ਨੂੰ ਦੇਖ ਕੇ ਨੱਕ ਬੁੱਲ੍ਹ ਕੱਢੇ, "ਪਤਾ ਨੀ ਕਿੱਥੋਂ ਕਤੀੜ੍ਹ ਜੀ ਫ਼ੜ ਲਿਆਇਆ ਸੜੇਹਾਣ...! ਬੁੱਢੇ ਵਾਰੇ ਹੋਰ ਇਹਨੂੰ ਕੁਛ ਸੁੱਝਿਆ ਈ ਨੀ..! ਇਹਨੂੰ ਨਾ ਬਲੱਜ ਨੂੰ ਸਾਰੀ ਉਮਰ ਅਕਲ ਆਈ....!" ਸੱਸ ਦਾ ਬਰੜਾਹਟ ਸੁਣ ਕੇ ਨੂੰਹਾਂ ਗੁੱਝਾ ਹੱਸੀਆਂ। ਅਸਲ ਵਿੱਚ ਕਤੂਰਾ ਪ੍ਰੇਮ ਸਿਉਂ ਨੇ ਆਪਣੇ ਇਕਲਾਪੇ ਤੋਂ ਬਚਣ ਲਈ ਲਿਆਂਦਾ ਸੀ। ਕਿਉਂਕਿ ਵਿਆਹ ਤੋਂ ਬਾਅਦ ਨਾ ਤਾਂ ਉਸ ਨੂੰ ਚੱਜ ਨਾਲ਼ ਮੁੰਡੇ ਬੁਲਾਉਂਦੇ ਸੀ ਅਤੇ ਨਾ ਹੀ ਨੂੰਹਾਂ! ਉਸ ਦੇ ਘਰਵਾਲ਼ੀ ਤਾਰੋ ਤਾਂ ਸ਼ੁਰੂ ਤੋਂ ਹੀ ਨਿਰਮੋਹੀ, ਨਿਘੋਚੀ ਅਤੇ ਅਣਭਿੱਜ ਸੀ।

-"ਇਹਨੂੰ ਨੀ ਸਾਰੀ ਉਮਰ ਅਕਲ ਆਉਣੀ..!" ਤਾਰੋ ਨੇ ਫ਼ਿਰ ਬੁੱਲ੍ਹ ਟੇਰੇ।

ਉਹ ਨੂੰਹਾਂ ਕੋਲ਼ੋਂ ਉਠ ਕੇ ਪ੍ਰੇਮ ਸਿਉਂ ਕੋਲ਼ ਆ ਗਈ। ਪ੍ਰੇਮ ਸਿਉਂ ਤਖ਼ਤਪੋਸ਼ 'ਤੇ ਬਿਰਾਜਮਾਨ ਸੀ। ਇੱਕ ਪਾਸੇ ਮਖ਼ਮਲੀ ਦਰੀ ਉਪਰ ਕਤੂਰਾ ਸੁੱਤਾ ਪਿਆ ਸੀ। ਤਾਰੋ ਅੰਦਰ ਆਈ ਦੇਖ ਕੇ ਕਤੂਰੇ ਨੇ ਕੰਨ ਜਿਹੇ ਚੁੱਕੇ ਅਤੇ ਮੁੜ ਅੱਖਾਂ ਮੀਟ ਕੇ ਪੈ ਗਿਆ।

-"ਆਹ ਕਤੀੜ੍ਹ ਬਿਨਾ ਕੀ ਥੁੜਿਆ ਪਿਆ ਸੀ...? ਇਹ ਕਾਹਦੇ ਵਾਸਤੇ ਦੱਦ ਲਿਆ ਲਾਇਆ..?"

-"ਮੇਰੇ ਯਾਰ ਨੂੰ ਮੰਦਾ ਨਾ ਬੋਲੀਂ, ਮੇਰੀ ਭਾਵੇਂ ਜਿੰਦ ਕੱਢ ਲੈ...!"

-"..........।" ਤਾਰੋ ਨੇ ਮੂੰਹ ਫ਼ੇਰ ਲਿਆ।

-"ਇਹ ਤਾਂ ਦਰਵੇਸ਼ ਐ..! ਇਹਨਾਂ ਦਰਵੇਸ਼ਾਂ ਦੀ ਤਾਂ ਪੀਰ ਫ਼ਕੀਰ ਉਸਤਤ ਕਰ ਕੇ ਗਏ ਆ, ਬੜੇ ਵਫ਼ਾਦਾਰ ਹੁੰਦੇ ਆ ਇਹੇ ਰੱਬ ਦੇ ਜੀਅ...!" ਪ੍ਰੇਮ ਸਿਉਂ ਨੇ ਪੂਰਾ ਤਾਣ ਲਾ ਕੇ ਦੱਸਿਆ।

-"ਅਖੇ ਬਾਬੇ ਦੇ ਯਾਰ, ਗਿੱਦੜ ਤੇ ਬਘਿਆੜ..! ਜੇ ਚਾਰ ਪੈਸੇ ਕੋਲ਼ੇ ਐ, ਤਾਂ ਇਹਨਾਂ ਕਤੀੜ੍ਹਾਂ ਨੂੰ ਤਾਂ ਨੀ ਖੁਆਈ ਜਾਣੇ...?"

-"ਪਤਾ ਨੀ ਕੀਹਦੇ ਕਰਮਾਂ ਦਾ ਖਾਨੇ ਆਂ...? ਜੀਓ ਜੀਅ ਆਪਣੀ ਕਿਸਮਤ ਉਪਰੋਂ ਲਿਖਵਾ ਕੇ ਲਿਆਉਂਦੈ...! ਨਾ ਕਿਸੇ 'ਤੇ ਕਚੀਰ੍ਹਾ ਕਰਿਆ ਕਰ...!"

-"ਅਸੀਂ ਨੀ ਇਸ ਕਤੀੜ੍ਹ ਵਾਸਤੇ ਲੰਗਰ ਪਕਾਉਣਾ...!" ਉਹ ਉਠ ਕੇ ਤੁਰ ਗਈ। ਤੁਰਦੀ ਤਾਰੋ ਨੇ ਪ੍ਰੇਮ ਸਿਉਂ ਨੂੰ ਤਿਰਛਾ ਦੇਖ ਘੋੜੇ ਵਾਂਗ ਫ਼ੂੰਕਾਰਾ ਮਾਰਿਆ ਸੀ।

-"ਇਹ ਵਿਚਾਰਾ ਖਾਊ ਕਿੰਨਾਂ ਕੁ...? ਤੂੰ ਨਾ ਲਾਹੀਂ, ਮੈਂ ਆਪਦੀ ਰੋਟੀ 'ਚੋਂ ਖੁਆ ਦਿਆ ਕਰੂੰਗਾ ਇਹਨੂੰ..! ਪਰ ਹਾੜ੍ਹੇ, ਦੁਹਾਈ ਐ ਮੇਰੀ, ਤੂੰ ਇਹਦੇ 'ਤੇ ਕਚੀਰ੍ਹਾ ਨਾ ਕਰ...! ਇਹ ਵੀ ਰੱਬ ਦਾ ਜੀਅ ਐ..!" ਪ੍ਰੇਮ ਸਿਉਂ ਨੇ ਹਾਉਕੇ ਵਰਗਾ ਲੰਮਾਂ ਸਾਹ ਲਿਆ ਅਤੇ ਪਏ ਕਤੂਰੇ ਨੂੰ ਜਾ ਚੁੱਕਿਆ। ਕਤੂਰਾ ਉਸ ਦੇ ਹੱਥ ਚੱਟਣ ਲੱਗ ਪਿਆ।

-"ਦੇਖ ਕਿਵੇਂ ਕਤੀੜ੍ਹ ਦੀਆਂ ਲਾਅਲ਼ਾਂ ਚੱਟਦੈ, ਚੌਰਾ...!" ਦੂਰੋਂ ਦੇਖ ਕੇ ਤਾਰੋ ਨੇ ਮੁੜ ਸੁਣ-ਾਇਆ। ਪਰ ਪ੍ਰੇਮ ਸਿਉਂ ਨੇ ਕੋਈ ਗੱਲ ਦਿਲ 'ਤੇ ਨਾ ਲਾਈ। ਉਹ ਤਾਰੋ ਦੇ ਕਲੇਸ਼ੀ ਸੁਭਾਅ ਤੋਂ ਜਾਣੂੰ ਸੀ। ਉਹ ਕਿਹੜਾ ਅੱਜ ਪਹਿਲੀ ਵਾਰ ਝੱਜੂ ਪਾ ਰਹੀ ਸੀ...? ਉਸ ਦਾ ਤਾਂ ਨਿੱਤ ਦਾ ਹੀ ਕੰਮ ਸੀ। ਪ੍ਰੇਮ ਸਿਉਂ ਉਠ ਕੇ ਕਤੂਰੇ ਨੂੰ ਦੁੱਧ ਪਾਉਣ ਲੱਗ ਪਿਆ।

-"ਲੈ ਬਈ ਮਿੱਤਰਾ...! ਤੇਰਾ ਅੱਜ ਤੋਂ ਨਾਂ ਰੱਖਿਆ, ਦਰਵੇਸ਼...!" ਪ੍ਰੇਮ ਸਿਉਂ ਦੇ ਕਹਿਣ 'ਤੇ ਦੁੱਧ ਪੀਂਦੇ ਕਤੂਰੇ ਨੇ "ਚੂੰ-ਚੂੰ" ਜਿਹੀ ਕਰ ਕੇ ਜਿਵੇਂ ਹਾਂਮ੍ਹੀਂ ਭਰੀ ਸੀ।

ਹੁਣ ਪ੍ਰੇਮ ਸਿਉਂ ਅਤੇ ਦਰਵੇਸ਼ ਦਾ ਜਿਵੇਂ ਸਿਰਫ਼ ਦੋ ਜੀਆਂ ਦਾ ਹੀ ਪ੍ਰੀਵਾਰ ਰਹਿ ਗਿਆ ਸੀ। ਆਥਣ ਸਵੇਰ ਸਿਰਫ਼ ਨੌਕਰ ਹੀ ਰੋਟੀ ਦੇਣ ਆਉਂਦਾ ਸੀ। ਨਹੀਂ ਤਾਂ ਪ੍ਰੇਮ ਸਿਉਂ ਅਤੇ 'ਦਰਵੇਸ਼' ਦੋਨੋਂ ਹੀ ਇੱਕ ਦੂਜੇ ਦੇ ਪੂਰਕ ਬਣਦੇ ਸਨ। ਪ੍ਰੇਮ ਸਿਉਂ ਦਰਵੇਸ਼ ਨੂੰ ਪਟਾ ਪਾ ਕੇ ਬਜ਼ਾਰ ਲੈ ਜਾਂਦਾ, ਜਾਂ ਇਕੱਠੇ ਪਾਰਕ ਵਿੱਚ ਤੁਰਨ ਫ਼ਿਰਨ ਲਈ ਚਲੇ ਜਾਂਦੇ। ਪ੍ਰੇਮ ਸਿਉਂ ਨੂੰ ਨਾਰੀਅਲ ਦਾ ਪਾਣੀ ਪੀਣ ਦਾ ਸ਼ੌਕ ਸੀ। ਹੁਣ ਦਰਵੇਸ਼ ਵਾਸਤੇ ਵੀ ਨਾਰੀਅਲ ਦਾ ਪਾਣੀ ਨਾਲ਼ ਆਉਣ ਲੱਗ ਪਿਆ।

ਇੱਕ ਸਾਲ ਬੀਤ ਗਿਆ।

ਦਰਵੇਸ਼ ਹੁਣ ਪੂਰਾ ਭੱਜਣ ਨੱਠਣ ਲੱਗ ਪਿਆ ਸੀ। ਜਿੱਥੇ ਪ੍ਰੇਮ ਸਿਉਂ ਜਾਂਦਾ, ਦਰਵੇਸ਼ ਨਾਲ਼ ਹੀ ਜਾਂਦਾ।

-"ਕਿਵੇਂ ਸੱਗੀ ਨਾਲ਼ ਪਰਾਂਦਾ ਬੰਨ੍ਹੀਂ ਫ਼ਿਰਦੈ, ਜੂਠ...!" ਤਾਰੋ ਬੋਲ ਕਬੋਲ ਕਰਦੀ। ਪਰ ਰੱਬ ਦਾ ਬੰਦਾ ਪ੍ਰੇਮ ਸਿਉਂ ਕਦੇ ਮੋੜਵਾਂ ਉੱਤਰ ਨਾ ਦਿੰਦਾ। ਦਰਵੇਸ਼ ਵੀ ਪ੍ਰੇਮ ਸਿਉਂ ਨਾਲ਼ ਸਵੇਰੇ ਅੰਮ੍ਰਿਤ ਵੇਲ਼ੇ ਜਾਗਦਾ। ਉਹ ਸਵੇਰ ਦੀ ਸੈਰ ਲਈ ਨਿਕਲ਼ ਜਾਂਦੇ। ਦੋਨੋਂ ਇੱਕ ਦੂਜੇ ਦਾ ਵਿਸਾਹ ਨਾ ਕਰਦੇ। ਹੁਣ ਪ੍ਰੇਮ ਸਿਉਂ ਕਿਸੇ ਕਾਰਖਾਨੇ ਨਹੀਂ ਜਾਂਦਾ ਸੀ, ਕਿਸੇ ਨੂੰ ਮਿਲ਼ਦਾ ਨਹੀਂ ਸੀ। ਉਹ ਆਪਣੇ ਦੋਸਤ "ਦਰਵੇਸ਼" ਨਾਲ਼ ਹੀ ਮਸਤ ਸੀ ਅਤੇ ਦਰਵੇਸ਼ ਪ੍ਰੇਮ ਸਿਉਂ ਨਾਲ਼ ਮਸਤ ਸੀ। ਉਮਰ ਦੀ ਢਲ਼ਦੀ ਅਵੱਸਥਾ ਵਿੱਚ ਅਗਰ ਪ੍ਰੇਮ ਸਿਉਂ ਦੀ ਸਵੇਰੇ ਜਾਗ ਨਾ ਖੁੱਲ੍ਹਣੀ ਤਾਂ ਦਰਵੇਸ਼ ਨੇ ਉਸ ਦੀ ਰਜਾਈ ਜਾਂ ਕੰਬਲ਼ ਖਿੱਚ ਕੇ ਉਸ ਨੂੰ ਉਠਾ ਲੈਣਾ। ਪ੍ਰੇਮ ਸਿਉਂ ਨੇ ਵੀ ਧੁਰਲ਼ੀ ਜਿਹੀ ਮਾਰ ਕੇ ਉਠਣਾ ਅਤੇ ਮੂੰਹ ਹੱਥ ਧੋ ਕੇ ਦਰਵੇਸ਼ ਨਾਲ਼ ਸੈਰ ਨੂੰ ਨਿਕਲ਼ ਪੈਣਾ।

ਪ੍ਰੇਮ ਸਿਉਂ ਦੀ ਜ਼ਿੰਦਗੀ ਹੁਣ ਢਲ਼ਦੇ ਪ੍ਰਛਾਂਵਿਆਂ ਵੱਲ ਨੂੰ ਜਾ ਰਹੀ ਸੀ, ਜਦ ਕਿ ਦਰਵੇਸ਼ ਆਪਣੀ ਜੁਆਨੀ ਵੱਲ ਨੂੰ ਵਧ ਰਿਹਾ ਸੀ। ਪਰ ਜਦ ਉਹ ਸੈਰ ਨੂੰ ਜਾਂਦੇ ਤਾਂ ਦਰਵੇਸ਼ ਵੀ ਆਪਣੀ ਚਾਲ ਪ੍ਰੇਮ ਸਿਉਂ ਜਿੰਨੀ ਹੀ ਕਰ ਲੈਂਦਾ। ਸਿਆਣਾ ਜਾਨਵਰ ਸੀ, ਪ੍ਰੇਮ ਸਿਉਂ ਦੀ ਉਮਰ ਅਵੱਸਥਾ ਬਾਰੇ ਸ਼ਾਇਦ ਸਮਝਦਾ ਸੀ। ਰੋਟੀ ਖਾਂਦਾ ਪ੍ਰੇਮ ਸਿਉਂ ਇੱਕ ਬੁਰਕੀ ਆਪਣੇ ਮੂੰਹ ਵਿੱਚ ਪਾਉਂਦਾ ਅਤੇ ਦੂਜੀ ਬੁਰਕੀ ਦਰਵੇਸ਼ ਦੇ ਕੌਲੇ ਵਿੱਚ ਰੱਖਦਾ। ਉਹ ਇੱਕ ਤਰ੍ਹਾਂ ਨਾਲ਼ ਰਲ਼ ਮਿਲ਼ ਕੇ ਖਾਂਦੇ ਸਨ। ਜਦ ਆਥਣੇ ਪ੍ਰੇਮ ਸਿਉਂ ਟੈਲੀਵਿਯਨ 'ਤੇ ਖ਼ਬਰਾਂ ਦੇਖਦਾ ਤਾਂ ਦਰਵੇਸ਼ ਨਾਲ਼ ਲੱਗ ਕੇ ਟੈਲੀਵਿਯਨ ਵੱਲ ਝਾਕੀ ਜਾਂਦਾ। ਜਦ ਪ੍ਰੇਮ ਸਿਉਂ ਸਵੇਰੇ ਪਾਠ ਜਾਂ ਕੀਰਤਨ ਸੁਣਦਾ ਤਾਂ ਦਰਵੇਸ਼ ਨਾਲ਼ ਬੈਠ ਕੇ ਸੁਣਦਾ ਅਤੇ ਦੇਖਦਾ। ਜਦ ਸਵੇਰੇ ਅਖ਼ਬਾਰ ਵਾਲ਼ਾ ਅਖ਼ਬਾਰ ਸੁੱਟ ਕੇ ਜਾਂਦਾ ਤਾਂ ਦਰਵੇਸ਼ ਸਭ ਤੋਂ ਪਹਿਲਾਂ ਅਖ਼ਬਾਰ ਚੁੱਕ ਕੇ ਪ੍ਰੇਮ ਸਿਉਂ ਕੋਲ਼ ਲਿਆ ਰੱਖਦਾ।

-"ਦਰਵੇਸ਼ ਬਾਬੂ, ਜੇ ਮੇਰੇ ਪੁੱਤ ਤੇਰੇ ਵਰਗੇ ਹੁੰਦੇ, ਮੈਂ ਤਾਂ ਸਵਰਗ ਮਾਣਦਾ ਹੁੰਦਾ...! ਪਰ ਇਨਸਾਨ ਜਾਨਵਰ ਨਾਲੋਂ ਕਿਤੇ ਖ਼ੁਦਗਰਜ਼ ਤੇ ਮਤਲਬੀ ਹੈ..!" ਆਖਦਿਆਂ ਪ੍ਰੇਮ ਸਿਉਂ ਦਾ ਮਨ ਭਰ ਆਇਆ। ਦਰਵੇਸ਼ ਨੂੰ ਉਸ ਦੀ ਗੱਲ ਕੀ ਸਮਝ ਲੱਗਣੀ ਸੀ...? ਪਰ ਉਸ ਨੇ ਆਪਣਾ ਪੌਂਚਾ ਚੁੱਕ ਕੇ ਪ੍ਰੇਮ ਸਿਉਂ ਦੇ ਹੱਥ 'ਤੇ ਰੱਖ ਦਿੱਤਾ। ਪ੍ਰੇਮ ਸਿਉਂ ਦੀਆਂ ਅੱਖਾਂ ਨੇ ਵੈਰਾਗ ਦੀ ਝੜੀ ਲਾ ਦਿੱਤੀ ਅਤੇ ਉਸ ਨੇ ਦਰਵੇਸ਼ ਨੂੰ ਜੱਫੀ ਪਾ ਲਈ। ਦਰਵੇਸ਼ ਜੱਫੀ ਦਾ ਨਿੱਘ ਮਾਣਦਾ ਹੋਇਆ ਮੋਹ ਨਾਲ਼ "ਚੂੰ-ਚੂੰ" ਕਰ ਰਿਹਾ ਸੀ।

ਹੁਣ ਅਚਨਚੇਤ ਦੁਨੀਆਂ 'ਤੇ ਇੱਕ ਆਫ਼ਤ ਆ ਡਿੱਗੀ, ਜਿਸ ਨੂੰ "ਕੋਵਿਡ-19" ਦਾ ਨਾਂ ਦਿੱਤਾ ਗਿਆ ਸੀ ਅਤੇ ਸਾਡੇ ਲੋਕਾਂ ਨੇ ਉਸ ਨੂੰ "ਕੋਰੋਨਾ" ਦੇ ਨਾਮ ਨਾਲ਼ ਮਸ਼ਹੂਰ ਕੀਤਾ। ਜਿਹੜੀ ਦੁਨੀਆਂ ਇੱਕ ਦੂਜੇ ਨੂੰ ਜੱਫੀਆਂ ਪਾਉਂਦੀ ਨਹੀਂ ਸੀ ਥੱਕਦੀ, ਹੁਣ ਕੋਰੋਨਾ ਦੀ ਬਿਮਾਰੀ ਤੋਂ ਡਰਦੀ ਕੀੜਿਆਂ ਵਾਲ਼ੇ ਕੁੱਤੇ ਵਾਂਗ ਅੰਦਰ ਵੜ ਗਈ। ਜਿਹੜੀਆਂ ਆਂਢਣਾਂ ਗੁਆਂਢਣਾਂ ਨੂੰ ਸੱਸ ਜਾਂ ਨੂੰਹ ਦੀ ਚੁਗਲੀ ਕੀਤੀ ਬਿਨਾ ਅਫ਼ਰੇਂਵਾਂ ਨਹੀਂ ਹਟਦਾ ਸੀ, ਉਹ ਵੀ ਦੜ ਵੱਟ ਕੇ ਚਾਰ ਦੀਵਾਰੀ ਵਿੱਚ ਬੰਦ ਹੋ ਗਈਆਂ। ਜਿਹੜੇ ਬੰਦੇ ਨੇ ਜ਼ਿੰਦਗੀ ਵਿੱਚ ਰੋਟੀ ਖਾਣ ਵੇਲ਼ੇ ਕਦੇ ਹੱਥ ਨਹੀਂ ਧੋਤੇ ਸਨ, ਉਹ ਹੁਣ ਮੰਦਰ ਦੇ ਪੁਜਾਰੀ ਵਾਂਗ ਹੱਥ ਵਾਰ-ਵਾਰ "ਸੁੱਚੇ" ਕਰਦਾ ਸੀ। ਦਸਤਾਨੇ, ਮੂੰਹ ਵਾਸਤੇ 'ਛਿੱਕਲ਼ੀ' ਅਤੇ ਹੱਥ ਧੋਣ ਵਾਸਤੇ ਭਾਂਤ-ਭਾਂਤ ਦੇ ਲੋਸ਼ਨ! ਡਰਦਾ ਬੰਦਾ ਇੱਕ ਦੂਜੇ ਦੇ ਨੇੜੇ ਆਉਣ ਤੋਂ ਭੈਅ ਮੰਨਣ ਲੱਗ ਪਿਆ ਸੀ। ਮੀਡੀਆ ਨੇ ਬੜਾ ਧੂੰਆਂਧਾਰ ਪ੍ਰਚਾਰ ਕੀਤਾ ਸੀ। ਲੋਕਾਂ ਨੂੰ ਇਹ ਨਹੀਂ ਸਮਝ ਲੱਗ ਰਹੀ ਸੀ ਕਿ ਕੋਰੋਨਾ ਸੱਚ ਹੀ ਕੋਈ ਬਿਮਾਰੀ ਸੀ..? ਜਾਂ ਇਹ ਵਿਸ਼ਵ ਪੱਧਰ 'ਤੇ ਪੂੰਜੀਪਤੀਆਂ ਦਾ ਸਿਰਜਿਆ ਇੱਕ 'ਹਊਆ' ਅਤੇ 'ਸਾਜ਼ਿਸ਼' ਸੀ..? ਪਰ ਉਪਰੋਥਲ਼ੀ ਹੁੰਦੀਆਂ ਮੌਤਾਂ ਨੇ ਦੁਨੀਆਂ ਦੇ ਸਾਹ ਸੁਕਾ ਦਿੱਤੇ ਸਨ।

**ਚਲਦਾ...**


**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**


**-ਸੰਪਾਦਕ**

- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੂ ਅੰਗਦ ਗੁਰ ਅੰਗੁ ਤੇ

## ਕਿਸ਼ਤ 37



ਅਗੇ ਦਰਵਾਜ਼ਾ ਖੋਲ੍ਹ ਕੇ ਖੜੇ ਹਜ਼ੂਰ ਪਾਤਸ਼ਾਹ ਇਨ੍ਹਾਂ ਦੀ ਇੰਤਜ਼ਾਰ ਕਰ ਰਹੇ ਸਨ। ਬਾਬਾ ਜੀ ਨੇ ਸ਼ਨਾਨ ਕਰਵਾਇਆ ਅਰ ਗੁਰੂ ਪਾਤਸ਼ਾਹ ਪ੍ਰਭੂ-ਸਿਮਰਨ ਵਿਚ ਸਮਾਧੀ ਇਸਥਿਤ ਹੋ ਗਏ। ਦਿਨ ਦੇ ਚੜ੍ਹਾਅ ਨਾਲ ਕੀਰਤਨ ਸ਼ੁਰੂ ਹੋ ਗਿਆ, ਸੰਗਤ ਆਉਣ ਲੱਗ ਪਈ, ਗੁਰੂ ਸਾਹਿਬ ਵੀ ਆ ਕੇ ਸਿੰਘਾਸਣ 'ਤੇ ਸ਼ਸ਼ੋਭਿਤ ਹੋ ਗਏ। ਬਾਬਾ ਜੀ ਵੀ ਬੈਠੇ ਹੋਏ ਸਨ। ਕੀਰਤਨ ਸਮਾਪਤ ਹੋਣ 'ਤੇ ਗੁਰੂ ਸਾਹਿਬ ਨੇ ਬਾਬਾ ਜੀ ਨੂੰ ਪੁੱਛਿਆ, 'ਅਜ ਪ੍ਰਭਾਤੇ ਜਲ ਲੈ ਕੇ ਆਉਂਦਿਆਂ ਜੁਲਾਹਿਆਂ ਨੂੰ ਕੀਹ ਕਹਿ ਰਹਿ ਸਓ'? ਸੁਣ ਕੇ ਬਾਬਾ ਜੀ ਨੂੰ ਸਮਝਦਿਆਂ ਦੇਰ ਨਾ ਲੱਗੀ, ਸੀਸ ਨਿਵਾ ਕੇ ਉੱਠ ਖੜੇ ਹੋਏ ਅਰ ਕਹਿਣ ਲੱਗੇ,

'ਸਤਿਗੁਰੂ ਜੀ! ਮੈਂ ਕੀਹ ਕਹਿਣਾ ਸੀ, ਬੱਸ, ਜੁਲਾਹੀ ਕੁਝ ਬੋਲੀ ਸੀ ਜੋ ਚੰਗਾ ਨ ਲੱਗਾ, ਤਾਂ ਉੱਤਰ ਦਿੱਤਾ ਸੀ। ਅੱਗੇ ਆਪ ਜਾਣੀ ਜਾਣ ਹੋ, ਕੁਝ ਕਿਹਾ ਨਹੀਂ ਜਾਂਦਾ'।

ਇਹ ਸੁਣ ਕੇ ਹਜ਼ੂਰ ਨੇ ਇਕ ਸਿੱਖ ਨੂੰ ਭੇਜਿਆ ਕਿ ਉਹ ਗੁਆਂਢੀ ਜੁਲਾਹੀ-ਜੁਲਾਹੇ ਨੂੰ ਸੱਦ ਲਿਆਵੇ। ਕੁਝ ਛਿਨਾਂ ਵਿਚ ਹੀ ਦੋਵੇਂ ਦਰਬਾਰ ਵਿਚ ਪਹੁੰਚ ਗਏ। ਸੰਗਤਾਂ ਬੈਠੀਆਂ ਦੇਖ ਰਹੀਆਂ ਸਨ। ਜੁਲਾਹੇ ਨੂੰ ਹਜ਼ੂਰ ਨੇ ਕਿਹਾ,

'ਅੱਜ ਸਵੇਰੇ ਹਨ੍ਹੇਰੇ ਤੁਸੀਂ ਸ੍ਰੀ ਅਮਰਦਾਸ ਨੂੰ ਕੀਹ ਬੋਲ ਰਹੇ ਸੀ'? ਜੁਲਾਹੇ ਨੇ ਹੱਥ ਜੋੜੇ ਝਿਜਕਦਿਆਂ ਕਿਹਾ,

'ਗੁਰੂ ਜੀ! ਮੈਂ ਨਿਮਾਣਾ ਭਲਾ ਕੀਹ ਕਹਿ ਸਕਦਾ ਹਾਂ, ਸਾਨੂੰ ਮੁਆਫ਼ ਕਰ ਦਿਉ ਜੀ'? ਗੁਰਦੇਵ ਜੀ ਨੇ ਕਿਹਾ,

'ਫ਼ਿਕਰ ਨ ਕਰੋ, ਜੋ ਹੋਇਆ ਸਾਨੂੰ ਓਵੇਂ ਦੱਸ ਦਿਉ'।

'ਪਾਤਸ਼ਾਹ ਜੀ! ਅਸੀਂ ਸੁੱਤੇ ਪਏ ਸਾਂ ਜਦੋਂ ਤੁਹਾਡੇ ਸੇਵਾਦਾਰ ਦਾ ਪੈਰ ਕੁੰਭਲ ਦੇ ਕਿੱਲੇ ਨਾਲ ਵੱਜਿਆ। ਖੜਕਾ ਹੋਣ 'ਤੇ ਮੇਰੀ ਜਾਗ ਖੁਲ੍ਹ ਗਈ। ਮੈਂ ਬੋਲਿਆ ਕਿ ਕੌਣ ਹੈ ਬਈ ਇਸ ਵੇਲੇ? ਜੁਲਾਹੀ ਕੋਲੋਂ ਬੋਲੀ,

'ਪੈਂਦੇ ਮੀਂਹ ਵਿਚ ਹੋਰ ਕਿਨ੍ਹੇ ਹੋਣਾ, ਨਿਥਾਵਾਂ ਅਮਰੂ ਹੋਣੈ ਜਿਹੜਾ ਇਸ ਵੇਲੇ ਗੁਰੂ ਲਈ ਪਾਣੀ ਲੈ ਕੇ ਆਇਆ ਹੋਇਗਾ'।

ਤੁਹਾਡੇ ਸੇਵਕ ਨੇ ਇਹ ਸੁਣ ਲਿਆ ਹੋਵੇਗਾ। ਕੋਲੋਂ ਲੰਘਦਿਆਂ ਇਸ ਨੇ ਕਿਹਾ,

'ਕਮਲੀਏ! ਤੂੰ ਕੀਹ ਜਾਣੇਂ, ਗੁਰੂ-ਘਰ ਰਹਿ ਕੇ ਸੇਵਾ ਕਰਦਾ ਮੈਂ ਭਲਾ ਨਿਥਾਵਾਂ ਕਿਵੇਂ ਰਿਹਾ'?

'ਬੋਲੀ ਸੁਣਿ ਮਨ ਪਰਖ ਕੈ -ਇਹ ਅਮਰੁ ਨਿਥਾਵਾਂ-।('ਇਸ ਨੇ ਕਿਹਾ -ਇਹ ਨਿਥਾਵਾਂ ਅਮਰੂ ਹੋਇਗਾ-)

ਦਾਸ ਤੁਮਾਰੇ -ਬਾਵਰੀ- ਤਬਿ ਬਾਕ ਅਲਾਵਾ।(ਤੁਹਾਡੇ ਦਾਸ ਨੇ ਇਸ ਨੂੰ-ਕਮਲੀ- ਕਹਿ ਦਿੱਤਾ)

ਇੰਨੀ ਗੱਲ ਸੁਣਦਿਆਂ ਹੀ ਜੁਲਾਹੀ ਨੂੰ ਕੁਝ ਹੋ ਗਿਆ, ਉਸੇ ਵੇਲੇ ਦੀ ਇਹ ਕਮਲੀ ਜਿਹੀ ਹੋਈ ਕੁਝ ਨ ਕੁਝ ਬੋਲੀ ਜਾਂਦੀ ਸੀ। ਮੈਂ ਹੈਰਾਨ ਸਾਂ ਇਹ ਕੀਹ ਹੋ ਗਿਆ? ਮੈਂ ਕੀਹ ਕਰਾਂ? ਤੁਹਾਡਾ ਸੁਨੇਹਾ ਮਿਲਦਿਆਂ ਹੀ ਮੈਂ ਇਸ ਨੂੰ ਹੱਥ ਫੜ ਕੇ ਨਾਲ ਲੈ ਆਇਆ। ਹੁਣੇ ਜਿਉਂ ਹੀ ਆਪ ਦੇ ਦਰਸ਼ਨ ਕੀਤੇ ਹਨ, ਇਹ ਸ਼ਾਂਤ ਹੋ ਗਈ ਹੈ'।

ਦਰਸ਼ਨ ਦੇਖੇ ਸੁਧਿ ਭਈ ਅਬ ਰਾਵਰਿ ਪਾਸੀ।(ਤੁਹਾਡੇ ਦਰਸ਼ਨ ਕਰ ਕੇ ਹੁਣ ਠੀਕ ਹੋ ਗਈ ਹੈ)

ਬਚਨ ਫੁਰਹਿ ਸਭ ਕਹੈ ਜਿਮ ਸੁਨ ਹਮ ਮਤ ਤ੍ਰਾਸੀ'।19॥ (ਅਸੀਂ ਡਰਦੇ ਹਾਂ ਇਹ ਜੋ ਬੋਲਦਾ ਹੈ, ਹੋ ਜਾਂਦਾ ਹੈ')

ਹੁਣ ਸਤਿਗੁਰਾਂ ਬਾਬਾ ਜੀ ਨੂੰ ਪੁੱਛਿਆ,

'ਪੁਰਖਾ! ਜਿਵੇਂ ਇਨ੍ਹਾਂ ਦੱਸਿਆ ਏਵੇਂ ਹੀ ਹੋਈ'? ਉਨ੍ਹਾਂ ਕਿਹਾ,

'ਜੀ ਪਾਤਸ਼ਾਹ! ਜਦੋਂ ਜੁਲਾਹੀ ਮੈਨੂੰ ਸੇਵਕ ਨੂੰ ਨਿਥਾਵਾਂ ਕਿਹਾ ਤਾਂ ਮੈਥੋਂ ਜਰਿਆ ਨ ਗਿਆ ਕਿ ਇਸ ਦਰ 'ਤੇ ਆਪ ਦਾ ਸੇਵਕ ਹੋ ਕੇ ਮੈਂ ਨਿਥਾਵਾਂ ਕਿਵੇਂ ਹੋਇਆ'।

'ਜਬ ਤੁਮ੍ਹਰੀ ਸੇਵਾ ਰੁਚਿਰ ਕਿਯ ਤਰਕ ਜੁਲਾਹੀ।('ਜਦੋਂ ਆਪ ਦੀ ਉੱਤਮ ਸੇਵਾ ਤੇ ਜੁਲਾਹੀ ਨੇ ਤਰਕ ਕੀਤੀ)

ਸਹੀ ਗਈ ਨਹੀਂ ਮੋਹਿ ਤੇ -ਬੌਰੀ- ਤਬ ਪ੍ਰਾਹੀ।21॥ (ਮੇਰੇ ਕੋਲੋਂ ਇਹ ਸਹੀ ਨ ਗਈ ਤਾਂ -ਕਮਲੀ- ਆਖਿਆ')

ਪ੍ਰੇਮ ਭਿੱਜੇ ਬਚਨ ਸੁਣ ਕੇ ਪਾਤਸ਼ਾਹ ਜੀ ਨਿਹਾਲ ਹੋ ਗਏ ਅਰ ਸ੍ਰੀ ਅਮਰਦਾਸ ਜੀ ਨੂੰ ਸੀਨੇ ਨਾਲ ਲਾ ਲਿਆ ਅਰ ਮਹਾਂਕਵੀ ਜੀ ਅਨੁਸਾਰ ਸਾਹਿਬ ਜੀ ਨੇ ਬਚਨ ਕੀਤਾ:

ਤੋਮਰ ਛੰਦ॥ 'ਤੁਮ ਹੋ ਨਿਥਾਵਨ ਥਾਨ।
('ਤੁਸੀਂ ਨਿਥਾਵਿਆਂ ਦੇ ਥਾਂ ਹੋ)
ਕਰਿ ਹੋ ਨਿਮਾਨਨ ਮਾਨ॥
(ਨਿਮਾਣਿਆਂ ਦਾ ਮਾਨ ਹੋ)
ਬਿਨ ਓਟ ਕੀ ਤੁਮ ਓਟ।
(ਨਿਓਟਿਆਂ ਦੀ ਓਟ ਹੋ)
ਨਿਧਰੇਨ ਕੀ ਧਿਰ ਕੋਟ॥23॥
(ਨਿਆਸਰਿਆਂ ਦੇ ਆਸਰਾ ਹੋ)
ਬਿਨ ਜੋਰ ਕੇ ਤੁਮ ਜੋਰ।(ਕਮਜ਼ੋਰਾਂ ਦੇ ਜ਼ੋਰ ਹੋ)
ਸਮ ਕੋ ਨ ਹੈ ਤੁਮ ਹੋਰ।
(ਤੁਹਾਡੇ ਵਰਗਾ ਹੋਰ ਕੋਈ ਨਹੀਂ)
ਬਿਨ ਧੀਰ ਕੋ ਬਰ ਧੀਰ।
(ਬੇ-ਹੌਸਲਿਆਂ ਦੇ ਹੌਸਲਾ ਹੋ)
ਸਭ ਪੀਰ ਕੇ ਬਡ ਪੀਰ।24॥
(ਸਭ ਪੀਰਾਂ ਦੇ ਪੀਰ ਹੋ)
ਤੁਮ ਹੋ ਸੁ ਗਈ ਬਹੋੜ।
(ਲੰਘ ਗਈ ਨੂੰ ਮੋੜਨ ਵਾਲੇ ਹੋ)
ਨਰ ਬੰਧ ਕੋ ਤਿਹ ਛੋੜ।(ਬੰਦੀ ਛੋੜ ਹੋ)
ਘੜ ਭੰਨਬੇ ਸਮਰਥ।(ਘੜਨ ਭੰਨਣ ਵਾਲੇ ਹੋ)
ਜਗ ਜੀਵਕਾ ਤੁਮ ਹਥ।25॥ (ਜਗਤ ਦੇ ਰੋਜ਼ੀ ਦਾਤਾ ਹੋ)

ਅਜਿਹੀਆਂ ਬਖ਼ਸ਼ਿਸ਼ਾਂ ਕਰਦਿਆਂ ਸਾਰੀ ਸੰਗਤ ਸਨਮੁਖ ਸ੍ਰੀ ਅਮਰਦਾਸ ਜੀ ਨੂੰ ਕਿਹਾ:

ਮਮ ਰੂਪ ਭੇ ਮਿਲਿ ਅੰਗ।
(ਸਾਨੂੰ ਮਿਲ ਕੇ ਤੁਸੀਂ ਹੁਣ ਅਭੇਦ ਹੋ ਗਏ ਹੋ)
ਸਲਿਤਾ ਮਿਲੇ ਜਿਮ ਗੰਗ।
(ਜਿਵੇਂ ਨਦੀ ਵਿਚ ਨਦੀ ਮਿਲ ਜਾਂਦੀ ਹੈ)
ਜਿਮਿ ਬੂੰਦ ਸਿੰਧ ਮਝਾਰ।
(ਜਿਵੇਂ ਬੂੰਦ ਸਾਗਰ ਵਿਚ ਮਿਲ ਜਾਂਦੀ ਹੈ)
ਤਿਮ ਏਕ ਰੂਪ ਹਮਾਰ'।27॥
(ਇਵੇਂ ਤੁਸੀਂ ਸਾਡਾ ਰੂਪ ਹੋ ਗਏ ਹੋ')

ਅਰ ਸ੍ਰੀ ਗੁਰ ਅਮਰ ਜੀ ਕੋ ਬਚਨ ਹੂਆ-ਪੁਰਖਾ ਜੀ ਤੁਸੀ ਨਿਮਾਨਿਆ ਕੇ ਮਾਨ ਹੋ। ਨਿਥਾਵਿਆਂ ਕੇ ਥਾਉ ਹੋ। ਨਿਵੋਟਿਆ ਕੀ ਵੋਟ (ਓਟ) ਹਉ। ਨਿਧਿਰਿਆਂ ਕੀ ਧਿਰ ਹਉ। ਗਈ ਬਹੋੜ ਹਉ। ਬੰਦੀ ਛੋੜ ਹੋ। ਭਨਨ ਘੜਨ ਸਮਰਥ ਹੋ। ਰਿਜਕ ਦੀ ਕੁੰਜੀ ਤੁਮਾਰੇ ਹਥ ਹੈ। ਪੁਰਖਾ ਜੀ ਤੁਮ ਧੰਨ ਹੋ।ਪੰਨਾ 66 ਮ.ਪ. ਵਾਰਤਕ

ਸਤਿਗੁਰਾਂ ਨੇ ਸ੍ਰੀ ਅਮਰਦਾਸ ਜੀ ਨੂੰ ਸ਼ਨਾਨ ਕਰਵਾ ਕੇ ਨਵੇਂ ਬਸਤ੍ਰ ਪਹਿਨਾ ਕੇ ਸੁੰਦਰ ਦਸਤਾਰ ਸਜਾਈ ਅਰ ਕਿਹਾ,

'ਪੁਰਖਾ ਜੀ! ਤੁਹਾਡੀ ਘਾਲ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਥਾਇ ਪਈ। ਤੁਸੀਂ ਹੁਣ ਬਾਸਰ ਕੇ ਚਲੇ ਜਾਉ ਅਰ ਇਲਾਕੇ ਵਿਚ ਨਾਮ-ਬਾਣੀ ਦਾ ਪ੍ਰਚਾਰ ਕਰੋ'।

ਇਸ ਸਮੇਂ ਜੋ ਕੁਝ ਹੋਇਆ ਉਹ ਬਾਬਾ ਜੀ ਲਈ ਬਿਲਕੁਲ ਅਣ-ਕਿਆਸਿਆ ਸੀ ਅਰ ਆਪ ਜੀ ਗੁਰੂ ਸਾਹਿਬ ਦੇ ਇਸ ਅਸਚਰਜ ਵਰਤਾਰੇ 'ਤੇ ਬਿਸਮਾਦ ਦੀ ਅਵਸਥਾ ਵਿਚ ਸਨ।

ਅਗਲੀ ਭਲਕ ਸਵੇਰੇ ਹੀ ਹੁਕਮ ਅਨੁਸਾਰ ਆਪ ਜੀ ਬਾਸਰ ਕੇ ਤੁਰ ਪਏ।

### ਦਾਸ ਅਤੇ ਦਾਤਾ ਦੀ ਭੁੱਲ

ਸਾਡੀਆਂ ਪੁਰਾਤਨ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਅੰਗਦ ਸਾਹਿਬ ਜੀ ਦੇ ਇਸ ਵਰਤਾਰੇ ਤੋਂ ਇਨ੍ਹਾਂ ਦੇ ਦੋਵੇਂ ਸਾਹਿਬਜ਼ਾਦੇ ਨਾਖ਼ੁਸ਼ ਸਨ। ਜਦੋਂ ਬਾਬਾ ਜੀ ਨੂੰ ਖਡੂਰ ਤੋਂ ਗਿਆਂ ਝੱਟ ਹੋ ਗਿਆ ਤਾਂ ਇਹ ਵੀ ਦੋਵੇਂ ਘੋੜਿਆਂ 'ਤੇ ਚੜ੍ਹ ਕੇ ਪਿੱਛੇ ਚਲੇ ਗਏ। ਥੋੜੇ ਪਲਾਂ ਵਿਚ ਹੀ ਨੇੜੇ ਜਾ ਪਹੁੰਚੇ। ਜਦੋਂ ਉਨ੍ਹਾਂ ਨੇੜੇ ਆਇਆਂ ਘੋੜਿਆਂ ਦੇ ਸੁੰਮਾਂ ਦੀ ਆਵਾਜ਼ ਸੁਣੀ ਤਾਂ ਪਿੱਛੇ ਪਰਤ ਕੇ ਦੇਖਿਆ। ਜਦੋਂ ਉਨ੍ਹਾਂ ਦੀ ਇਨ੍ਹਾਂ 'ਤੇ ਦ੍ਰਿਸ਼ਟੀ ਪਈ ਤਾਂ ਇਨ੍ਹਾਂ ਦੇ ਹੱਥ ਬੇ-ਹਰਕਤ ਹੋ ਚੁੱਕੇ ਸਨ। ਉਨ੍ਹਾਂ ਦੇ ਵੇਖਦਿਆਂ ਵੇਖਦਿਆਂ ਹੀ ਬਿਨਾਂ ਕੁਝ ਕਹੇ ਜਿਵੇਂ ਕਿਵੇਂ ਇਨ੍ਹਾਂ ਘੋੜੇ ਮੋੜ ਲਏ ਅਰ ਵਾਪਸ ਆ ਗਏ। ਬਾਬਾ ਜੀ ਫਿਰ ਬਾਸਰ ਕੇ ਨੂੰ ਚੱਲ ਪਏ।

ਜਦੋਂ ਸਾਹਿਬਜ਼ਾਦੇ ਖਡੂਰ ਪਹੁੰਚੇ ਤਾਂ ਉਨ੍ਹਾਂ ਦੇ ਹੱਥ ਆਕੜੇ ਹੋਏ ਬੇ-ਹਰਕਤ ਸਨ। ਆਖ਼ਰ ਇਨ੍ਹਾਂ ਨੂੰ ਮਾਤਾ ਜੀ ਨੂੰ ਦੱਸਣਾ ਪਿਆ ਕਿ ਉਹ ਬਾਬਾ ਅਮਰਦਾਸ ਜੀ ਨੂੰ ਘੇਰਨ ਗਏ ਸਨ ਪਰ ਜਦੋਂ ਨੇੜੇ ਪਹੁੰਚੇ ਤਾਂ ਉਸ ਦੇ ਵੇਖਦਿਆਂ ਹੀ ਹੱਥ ਜੂੜੇ ਗਏ। ਮਾਤਾ ਜੀ ਨੇ ਸਿਰ ਧੁਨਿਆ ਅਰ ਨਾਲ ਲੈ ਕੇ ਆਪਣੇ ਸੁਆਮੀ ਸਤਿਗੁਰੂ ਪਾਸ ਆਏ। ਸਤਿਗੁਰੂ ਜੀ ਨੇ ਸੁਣ ਕੇ ਸਮਝਾਇਆ, 'ਪੁੱਤਰੋ! ਜ਼ਿੰਮੇਵਾਰੀ ਦੀ ਜਿਹੜੀ ਪੰਡ ਪਾਵਨ ਸ੍ਰੀ ਅਮਰਦਾਸ ਜੀ ਨੂੰ ਚੁਕਾਉਣ ਦਾ ਨਿਰਨਾ ਲਿਆ ਗਿਆ ਹੈ ਇਹ ਕੇਵਲ ਉਹ ਹੀ ਚੁੱਕ ਸਕਦੇ ਹਨ। ਇਹ ਦਰਗਾਹੀ ਹੁੰਡੀ ਹੈ ਜੋ ਸਾਨੂੰ ਗੁਰੂ-ਬਾਬਾ ਜੀ ਨੇ ਸੌਂਪੀ ਸੀ ਅਸੀਂ ਅਗੇ ਤਾਰਨ ਲਈ ਦਰਗਾਹੀ ਬਖ਼ਸ਼ਿਸ਼ ਵਾਲੇ ਪੁਰਖ ਦੀ ਇੰਤਜ਼ਾਰ ਵਿਚ ਸਾਂ। ਭਲਾ ਹੋਇਆ ਜੁ ਇਹ ਆ ਗਏ ਅਰ ਅਸੀਂ ਕਰਤਾਰ ਦੇ ਸ਼ੁਕਰ ਗੁਜ਼ਾਰ ਹਾਂ। ਤੁਸੀਂ ਉਨ੍ਹਾਂ ਵੱਲ ਜਾਣ ਤੋਂ ਪਹਿਲਾਂ ਸਾਡੇ ਨਾਲ ਬਚਨ ਕਰਦੇ ਤਾਂ ਤੁਹਾਡੀ ਇਹ ਹਾਲਤ ਨਾ ਹੋਂਦੀ, ਉਨ੍ਹਾਂ ਦੀ ਰੱਖਿਆ ਕਰਨਹਾਰ ਕਰਤਾਰ ਆਪ ਹੈ'।

ਬਚਨ ਕੀਤਾ ਭਾਈ ਤੁਸੀਂ ਹੋ ਸਚੈ
ਪਰਿ ਪੰਡ ਹੈ ਭਾਰੀ।
ਤੁਸਾਡੇ ਚੁਕੀ ਨਹੀ ਜਾਸੀ
ਏਹੁ ਚੁਕੇਗਾ ਸਾਰੀ।125॥
ਤੁਸੀ ਹੋ ਮੇਰੀ ਅੰਸ ਅਉਲਾਦਿ।
ਤੁਸੀ ਹਮੇਸਾ ਮਨੀਉਗੇ ਆਦਿ ਜੁਗਾਦਿ।126॥

**ਬੰਸਾਵਲੀਨਾਮਾ**

'ਅਸੀਂ ਹੁਣ ਕੁਝ ਨਹੀਂ ਕਰ ਸਕਦੇ, ਜੇ ਰਾਜ਼ੀ ਹੋਣਾ ਹੈ ਤਾਂ ਉਨ੍ਹਾਂ ਕੋਲੋਂ ਜਾ ਕੇ ਭੁੱਲ ਬਖ਼ਸ਼ਾ ਲਵੋ'। ਨਿੰਮੋਝੂਣੇ ਹੋਏ ਇਹ ਉੱਠ ਗਏ।

ਅਗਲੇ ਦਿਨ ਦੋਹਾਂ ਪੁੱਤਰਾਂ ਨੂੰ ਨਾਲ ਲੈ ਕੇ ਮਾਤਾ ਖੀਵੀ ਜੀ ਬਾਸਰ ਕੇ ਬੀਬੀ ਅਮਰੋ ਘਰ ਜਾ ਪਹੁੰਚੇ। ਰਾਤ ਰਹਿ ਕੇ ਸਵੇਰੇ ਬਾਬਾ ਜੀ ਨੂੰ ਜਾ ਮਿਲੇ। ਮਾਤਾ ਜੀ ਨੂੰ ਆਇਆਂ ਵੇਖ ਕੇ ਆਪ ਜੀ ਝੱਟ ਉੱਠ ਕੇ ਸੀਸ ਨਿਵਾਉਂਦਿਆਂ ਜੀ ਆਇਆਂ ਕਿਹਾ। ਬੈਠਣ ਉਪਰੰਤ ਜਦੋਂ ਬਾਬਾ ਜੀ ਨੇ ਮਾਤਾ ਜੀ ਨੂੰ ਅਚਾਨਕ ਆਉਣ ਦਾ ਸਬੱਬ ਪੁੱਛਿਆ ਤਾਂ ਸ੍ਰੀ ਮਾਤਾ ਖੀਵੀ ਜੀ ਨੇ ਕਿਹਾ,

'ਬਾਬਾ ਜੀ! ਸਾਨੂੰ ਸਤਿਗੁਰਾਂ ਨੇ ਤੁਹਾਡੇ ਕੋਲ ਭੇਜਿਆ ਹੈ'। ਬਾਬਾ ਜੀ ਝੱਟ ਕਿਹਾ,

'ਹੁਕਮ? ਮਾਤਾ ਜੀ'! ਮਾਤਾ ਜੀ ਕਿਹਾ,

'ਤੁਹਾਡੇ ਖਡੂਰੋਂ ਆਉਣ ਤੋਂ ਬਾਦ ਸਾਨੂੰ ਬਿਨਾਂ ਪੁੱਛਿਆਂ ਇਹ ਦੋਵੇਂ ਭਰਾ ਗੁੱਸੇ ਨਾਲ ਤੁਹਾਡੇ ਪਿੱਛੇ ਆ ਗਏ ਸਨ ਜੋ ਕਿ ਇਨ੍ਹਾਂ ਦੀ ਬਹੁਤ ਵੱਡੀ ਭੁੱਲ ਹੈ। ਇਨ੍ਹਾਂ ਨੇ ਅਜਿਹਾ ਕਰ ਕੇ ਆਪਣੇ ਪਿਤਾ ਜੀ ਦੀ ਇੱਛਾ ਦੀ ਉਲੰਘਣਾ ਵੀ ਕੀਤੀ ਹੈ।ਇਸ ਦਾ ਫ਼ਲ ਇਨ੍ਹਾਂ ਨੂੰ ਇਹ ਮਿਲਿਆ ਹੈ ਕਿ ਇਨ੍ਹਾਂ ਦੇ ਹੱਥ ਜੂੜੇ ਗਏ ਹਨ। ਮੈਂ ਇਨ੍ਹਾਂ ਨੂੰ ਤੁਹਾਡੇ ਕੋਲੋਂ ਭੁੱਲ ਬਖ਼ਸ਼ਾਉਣ ਲਈ ਲੈ ਕੇ ਆਈ ਹਾਂ, ਕਿਰਪਾ ਕਰ ਕੇ ਇਨ੍ਹਾਂ ਨੂੰ ਰਾਜ਼ੀ ਕਰ ਦਿਉ'।

ਇੰਨਾ ਆਖਦਿਆਂ ਮਾਤਾ ਜੀ ਨੇ ਦੋਹਾਂ ਨੂੰ ਬਾਬਾ ਜੀ ਨੂੰ ਮੱਥਾ ਟੇਕ ਕੇ ਮੁਆਫ਼ੀ ਮੰਗਣ ਲਈ ਕਿਹਾ। ਬਾਬਾ ਜੀ ਕਹਿਣ ਲਗੇ,


'ਮਾਤਾ ਜੀ! ਤੁਸਾਂ ਗੁਰੂ ਸਾਹਿਬ ਨੂੰ ਆਖਣਾ ਸੀ, ਬਖ਼ਸ਼ ਦੇਂਦੇ'। ਮਾਤਾ ਜੀ ਨੇ ਕਿਹਾ,

'ਅਸੀਂ ਆਖਿਆ ਸੀ ਪਰ ਉਨ੍ਹਾਂ ਨੇ ਹੁਕਮ ਕੀਤਾ ਕਿ ਇਨ੍ਹਾਂ ਨੂੰ ਹੁਣ ਤੁਸੀਂ ਹੀ ਰਾਜ਼ੀ ਕਰ ਸਕਦੇ ਹੋ'। ਮਾਤਾ ਜੀ ਨਿੰਮਰਤਾ ਨਾਲ ਕਿਹਾ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਜੂਨ 84 ਘੱਲੂਘਾਰੇ ਦੇ ਸ਼ਹੀਦਾਂ ਦੀ ਅਰਦਾਸ ਅਕਾਲ ਤਖਤ ਦੇ ਜਥੇਦਾਰ ਨੇ ਨਿਭਾਈ

**✪ ਜਥੇਦਾਰ ਦੀ ਅਰਦਾਸ ਦੀ ਚਮਤਕਾਰੀ ਪੰਥਕ ਸ਼ਬਦਾਵਲੀ ਨੇ ਸਿੱਖ ਜਗਤ ਦੇ ਹਿਰਦੇ ਨੂੰ ਛੂਹਿਆ ✪ ਸੰਪਰਦਾਈ ਸਿਆਸਤ ਵਿਚ ਉਲਝਿਆ ਸ਼ਹੀਦੀ ਸਮਾਗਮ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹਿਆ ✪ ਵਿਵਾਦ ਕਾਰਣ ਜਥੇਦਾਰ ਨੂੰ ਸ਼ਹੀਦ ਪਰਿਵਾਰਾਂ ਨੂੰ ਸਿਰਪਾਓ ਨਾ ਦੇਣ ਦਿਤੇ, ਨਾ ਸੰਦੇਸ਼ ਜਾਰੀ ਹੋਣ ਦਿੱਤਾ ✪ ਧਾਮੀ ਨੇ ਬੜੀ ਦੂਰਅੰਦੇਸ਼ੀ ਨਾਲ ਤਕਰਾਰ ਨੂੰ ਰੋਕਿਆ-ਬਾਬਾ ਹਰਨਾਮ ਸਿੰਘ ਖ਼ਾਲਸਾ**












ਸ੍ਰੀ ਅਕਾਲ ਤਖਤ ਸਾਹਿਬ, ਸਿੱਖ ਪੰਥ ਦੇ ਮੀਰੀ ਪੀਰੀ ਦੇ ਸੰਕਲਪ ਦਾ ਧੁਰਾ, ਜਿਸ ਦੁਆਲੇ ਸਦੀਆਂ ਤੋਂ ਸਿੱਖ ਧਰਮ ਅਤੇ ਰਾਜਨੀਤੀ ਘੁੰਮਦੀ ਹੈ। 2025 ਦੇ ਜੂਨ ਮਹੀਨੇ ਵਿੱਚ ਜੂਨ 84 ਦੇ ਘਲਘਾਰੇ ਦੀ ਇਕਤਾਲਵੀਂ ਬਰਸੀ ਦੌਰਾਨ ਇੱਕ ਵਾਰ ਫਿਰ ਸਿੱਖ ਸੰਗਤ ਦੇ ਸਮੂਹਿਕ ਸੰਘਰਸ਼ ਅਤੇ ਸ਼ਰਧਾ ਦਾ ਕੇਂਦਰ ਬਣਿਆ ਹੋਇਆ ਸੀ। ਸ਼ਹੀਦਾਂ ਦੀ ਯਾਦ ਵਿੱਚ ਜਦੋਂ ਸਿੱਖ ਸੰਗਤ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੀ ਹੋਈ, ਤਾਂ ਅਕਾਲ ਤਖਤ ਦੀ ਧਰਤੀ ਇੱਕ ਵਾਰ ਫਿਰ ਸਿੱਖ ਜਗਤ ਦੀ ਰੂਹਾਨੀ ਤਾਕਤ ਦਾ ਸਮੁੰਦਰ ਬਣ ਗਈ। ਜੂਨ 1984 ਦਾ ਘੱਲੂਘਾਰਾ, ਜਦੋਂ ਭਾਰਤੀ ਸਰਕਾਰ ਦੀ ਫ਼ੌਜ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ’ਤੇ ਟੈਂਕਾਂ ਤੇ ਤੋਪਾਂ ਨਾਲ ਹਮਲਾ ਕੀਤਾ ਸੀ ਤਾਂ ਸਿੱਖ ਪੰਥ ਦੇ ਹਿਰਦੇ ’ਤੇ ਅਜਿਹਾ ਜ਼ਖਮ ਲੱਗਿਆ, ਜੋ ਸਦੀਆਂ ਤੱਕ ਰਿਸਦਾ ਰਹੇਗਾ।

ਇਸ ਸ਼ਹੀਦੀ ਸਮਾਗਮ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਰਦਾਸ ਨੇ ਸਿੱਖ ਜਗਤ ਦੇ ਹਿਰਦਿਆਂ ਨੂੰ ਛੂਹ ਲਿਆ, ਪਰ ਸੰਪਰਦਾਈ ਸਿਆਸਤ ਅਤੇ ਆਪਸੀ ਮੱਤਭੇਦਾਂ ਨੇ ਇਸ ਸਮਾਗਮ ਨੂੰ ਵਿਵਾਦਾਂ ਦੇ ਘੇਰੇ ਵਿੱਚ ਵੀ ਲਿਆਂਦਾ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ “ਪੰਥ ਪ੍ਰਵਾਨਿਤ ਜਥੇਦਾਰ” ਨਾ ਮੰਨਦਿਆਂ, ਉਨ੍ਹਾਂ ਦੇ ਸੰਦੇਸ਼ ਅਤੇ ਸਿਰਪਾਓ ਦੇਣ ਦੀ ਪਰੰਪਰਾ ’ਤੇ ਰੋਕ ਲਗਾਈ। ਦਮਦਮੀ ਟਕਸਾਲ ਦੀ ਸ਼ਰਤ ਅਨੁਸਾਰ, ਸ਼੍ਰੋਮਣੀ ਕਮੇਟੀ ਵਲੋਂ ਜਥੇਦਾਰ ਨੂੰ ਸ਼ਹੀਦ ਪਰਿਵਾਰਾਂ ਨੂੰ ਸਿਰਪਾਓ ਦੇਣ ਅਤੇ ਫਸੀਲ ਤੋਂ ਸੰਦੇਸ਼ ਜਾਰੀ ਕਰਨ ਤੋਂ ਰੋਕਿਆ ਗਿਆ।

ਇਹ ਪਰੰਪਰਾ, ਜੋ ਸ੍ਰੀ ਅਕਾਲ ਤਖਤ ਦੀ ਮਰਿਆਦਾ ਦਾ ਅਟੁੱਟ ਹਿੱਸਾ ਸੀ, ਜੋ ਪਹਿਲੀ ਵਾਰ ਟੁੱਟੀ। ਇਹ ਕਾਰਵਾਈ ਸਿਰਫ਼ ਜਥੇਦਾਰ ਦੀ ਅਥਾਰਟੀ ’ਤੇ ਹੀ ਸੱਟ ਨਹੀਂ ਸੀ, ਸਗੋਂ ਸ੍ਰੀ ਅਕਾਲ ਤਖਤ ਦੀ ਸਰਬਉੱਚਤਾ ’ਤੇ ਵੀ ਸਵਾਲੀਆ ਨਿਸ਼ਾਨ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਿਰਪਾਓ ਦੇਣ ਦੀ ਜ਼ਿੰਮੇਵਾਰੀ ਸੰਭਾਲੀ। ਸਮਾਗਮ ਵਾਲੀ ਥਾਂ ’ਤੇ ਸੰਪਰਦਾਈਆਂ ਦਾ ਘੇਰਾ ਇੰਨਾ ਸੰਘਣਾ ਸੀ ਕਿ ਸੰਗਤ ਨੂੰ ਮੱਥਾ ਟੇਕਣ ਵਿੱਚ ਵੀ ਮੁਸ਼ਕਿਲ ਪੇਸ਼ ਆਈ। ਸਮਾਗਮ ਦੇ ਪ੍ਰਬੰਧ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਕੋਲ ਸਨ, ਪਰ ਪੁਲਸੀਆ ਅਤੇ ਸੂਹੀ ਤੰਤਰ ਦੀ ਭੀੜ ਨੇ ਸੰਗਤ ਦੀ ਆਜ਼ਾਦੀ ਨੂੰ ਸੀਮਤ ਕਰ ਦਿੱਤਾ। ਰੋਕ ਟੋਕ ਕੀਤੀ ਗਈ।

ਜਥੇਦਾਰ ਅਕਾਲ ਤਖਤ ਸਾਹਿਬ ਨੇ ਟਕਰਾਅ ਵਿਚ ਨਾ ਪੈਂਦਿਆਂ ਅਰਦਾਸ ਰਾਹੀਂ ਆਪਣਾ ਸੰਦੇਸ਼ ਦੇ ਦਿਤਾ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਰਦਾਸ, ਜਿਸ ਵਿੱਚ ਸਿੱਖ ਪੰਥ ਵਿਰੁੱਧ ਜ਼ੁਲਮਾਂ ਦਾ ਜ਼ਿਕਰ, ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ, ਪੰਜਾਬ ਨੂੰ ਯੁੱਧ ਦਾ ਅਖਾੜਾ ਨਾ ਬਣਾਉਣ ਦੀ ਅਪੀਲ ਅਤੇ ਸ਼ਹੀਦਾਂ ਪ੍ਰਤੀ ਸ਼ਰਧਾ ਸਮਰਪਿਤ ਸੀ, ਨੇ ਸੰਗਤ ਦੇ ਹਿਰਦਿਆਂ ਨੂੰ ਝੰਜੋੜ ਦਿੱਤਾ। ਉਹਨਾਂ ਕਿਹਾ ਕਿ ਸਿੱਖ ਪੰਥ ਅੱਜ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।

1984 ਦੇ ਘੱਲੂਘਾਰੇ ਦੀ ਸੱਚਾਈ ਨੂੰ ਜਨਤਕ ਕਰਨ ਦੀ ਮੰਗ, ਸਿੱਖ ਕੈਦੀਆਂ ਦੀ ਰਿਹਾਈ, ਧਰਮ ਪਰਿਵਰਤਨ ਦੀ ਰੋਕਥਾਮ, ਨਸ਼ਿਆਂ ਦੀ ਮਹਾਂਮਾਰੀ ਨੂੰ ਠੱਲ੍ਹ ਪਾਉਣਾ, ਅਤੇ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ ਅਤੇ ਸਿੱਖੀ ਸਿਧਾਂਤਾਂ ਨਾਲ ਜੋੜਨ ਦੀ ਜ਼ਰੂਰਤ-ਇਹ ਸਾਰੇ ਮੁੱਦੇ ਸਿੱਖ ਪੰਥ ਦੀ ਸਮੂਹਿਕ ਚੇਤਨਾ ਦੇ ਕੇਂਦਰ ਵਿੱਚ ਹਨ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਪਣੀ ਅਰਦਾਸ ਵਿੱਚ ਇਨ੍ਹਾਂ ਮੁੱਦਿਆਂ ਨੂੰ ਉਠਾਇਆ ਅਤੇ ਸਮੁੱਚੇ ਸਿੱਖ ਪੰਥ ਨੂੰ ਖਾਲਸਾਈ ਨਿਸ਼ਾਨ ਹੇਠ ਇਕਜੁੱਟ ਹੋਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਸਾਡੀ ਲੜਾਈ ਬਾਹਰੀ ਤਾਕਤਾਂ ਨਾਲ ਹੈ, ਪਰ ਅਸੀਂ ਆਪਣਿਆਂ ਨਾਲ ਟਕਰਾਅ ਨਹੀਂ ਚਾਹੁੰਦੇ। ਇਸੇ ਸੰਦਰਭ ਵਿੱਚ, ਉਨ੍ਹਾਂ ਨੇ ਬਟਾਲਾ ਸ਼ਹਿਰ ਵਿੱਚ ਧਰਮ ਪਰਿਵਰਤਨ ਦੇ ਮਾਮਲੇ ’ਤੇ ਸਖ਼ਤ ਇਤਰਾਜ਼ ਜਤਾਇਆ, ਕਹਿੰਦਿਆਂ ਕਿ “ਪੰਜਾਬ, ਜੋ ਗੁਰੂ ਸਾਹਿਬਾਨ ਦੀ ਧਰਤੀ ਹੈ, ਨੂੰ ਨਫ਼ਰਤ ਦੇ ਬੀਜਾਂ ਤੋਂ ਮੁਕਤ ਰੱਖਣਾ ਸਾਡੀ ਜ਼ਿੰਮੇਵਾਰੀ ਹੈ।”

ਬਾਕੀ ਹਿਸਾ ਸਫਾ 48 ਤੇ ਪੜ੍ਹੋ

47 ਸਫ਼ੇ ਦੀ ਬਾਕੀ

ਇਸ ਅਰਦਾਸ ਦੇ ਸ਼ਬਦ ਸੰਗਤ ਦੇ ਹਿਰਦਿਆਂ ਵਿੱਚ ਗੂੰਜੇ, ਜਿਵੇਂ ਸੱਚ ਦਾ ਸੰਗੀਤ ਰੂਹ ਨੂੰ ਜਗਾਉਂਦਾ ਹੈ।

ਸੰਦੇਸ਼ ਜਾਰੀ ਨਾ ਕਰਨ ਸੰਬੰਧੀ ਪੱਤਰਕਾਰਾਂ ਵਲੋਂ ਪੁਛਣ ਉਪਰੰਤ ਜਥੇਦਾਰ ਨੇ ਆਪਣੇ ਵਲੋਂ ਕੀਤੀ ਅਰਦਾਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਇਕ ਤਰ੍ਹਾਂ ਅਰਦਾਸ ਵਿਚ ਆਪਣੇ ਵਿਚਾਰ ਅੰਕਿਤ ਕਰ ਦਿੱਤੇ ਹਨ। ਪਰ ਸਿੱਖ ਪੰਥ ਦੇ ਅਸਲ ਮੁੱਦੇ-1984 ਦੀ ਅਧਿਕਾਰਤ ਰਿਪੋਰਟ ਜਨਤਕ ਕਰਨ ਦੀ ਮੰਗ, ਸਿੱਖ ਫ਼ੌਜੀਆਂ ਨੂੰ ਮੁਆਫੀ ਅਤੇ ਸਨਮਾਨ ਬਹਾਲ ਕਰਨ ਦੀ ਮੰਗ, ਅਤੇ ਅੰਮ੍ਰਿਤਸਰ ਨੂੰ ਨੋ-ਵਾਰ ਜ਼ੋਨ ਐਲਾਨਣ ਦੀ ਮੰਗ-ਇਨ੍ਹਾਂ ਨੂੰ ਇਸ ਸ਼ਹੀਦੀ ਸਮਾਗਮ ਵਿਚ ਛੂਹਿਆ ਨਹੀਂ ਗਿਆ। ਸਮਾਗਮ ਦੌਰਾਨ ਖਾਲਸਤਾਨੀ ਨਾਰਿਆਂ ਦੀ ਗੂੰਜ ਵੀ ਸੁਣਾਈ ਦਿੱਤੀ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਅਤੇ ਸ੍ਰੀ ਦਰਬਾਰ ਸਾਹਿਬ ਬਹੁਤ ਸਤਿਕਾਰਤ ਅਸਥਾਨ ਹਨ। ਉਨ੍ਹਾਂ ਸ਼ਹੀਦੀ ਸਮਾਗਮ ਨੂੰ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਬੜੀ ਸਿਆਣਪ ਅਤੇ ਦੂਰ ਅੰਦੇਸ਼ੀ ਨਾਲ ਟਕਰਾਅ ਨੂੰ ਰੋਕਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਸਮਾਗਮ ਵਿਚ ਕਦੇ ਵੀ ਤਕਰਾਰ ਨਹੀਂ ਹੋਣਾ ਚਾਹੀਦਾ।

ਸਮਾਗਮ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਦੋਂ ਤੱਕ ਦੁਨੀਆ ਰਹੇਗੀ ਭਾਰਤੀ ਹਕੂਮਤ ਵਲੋਂ ਜੂਨ 1984 ਵਿਚ ਸਿੱਖ ਕੌਮ 'ਤੇ ਵਰ੍ਹਾਇਆ ਕਹਿਰ ਯਾਦ ਕੀਤਾ ਜਾਂਦਾ ਰਹੇਗਾ। ਉਨ੍ਹਾਂ ਸਿੱਖ ਮਸਲਿਆਂ ਦੇ ਹੱਲ ਲਈ ਕੌਮ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ ਅਤੇ ਸ਼ਹੀਦੀ ਸਮਾਗਮ ਵਿਚ ਪਹੁੰਚੇ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਸਿੱਖ ਸੰਪਰਦਾਵਾਂ, ਸਿੱਖ ਜਥੇਬੰਦੀਆਂ ਦੇ ਆਗੂਆਂ ਤੇ ਸੰਗਤਾਂ ਦਾ ਧੰਨਵਾਦ ਕੀਤਾ।

### ਸ਼ਹੀਦ ਪਰਿਵਾਰਾਂ ਦਾ ਸਨਮਾਨ

ਸ਼ਹੀਦੀ ਸਮਾਗਮ ਦੌਰਾਨ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸ਼ਹੀਦ ਪਰਿਵਾਰਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ। ਸਨਮਾਨਿਤ ਪਰਿਵਾਰਾਂ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਅਤੇ ਭਰਾਤਾ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਭਲਵਾਨ, ਜਨਰਲ ਸੁਬੇਗ ਸਿੰਘ ਦੇ ਭਰਾ ਬੇਅੰਤ ਸਿੰਘ ਖਿਆਲਾ, ਮਾਤਾ ਗੁਰਜੀਤ ਕੌਰ, ਸ਼ਹੀਦ ਭਾਈ ਦਇਆ ਸਿੰਘ ਦੇ ਭਰਾਤਾ ਭਾਈ ਕਰਤਾਰ ਸਿੰਘ, ਸ਼ਹੀਦ ਭਾਈ ਸਰਵਣ ਸਿੰਘ ਵਾੜਾ, ਸ਼ਹੀਦ ਭਾਈ ਜੋਗਾ ਸਿੰਘ, ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ, ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਬੇਅੰਤ ਸਿੰਘ ਅਤੇ ਸ਼ਹੀਦ ਭਾਈ ਛਿੰਦਾ ਸਿੰਘ ਵਰਪਾਲ ਦੇ ਪਰਿਵਾਰਕ ਮੈਂਬਰ ਸ਼ਾਮਲ ਸਨ।

ਸਮਾਗਮ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਨਿਹੰਗ ਸਿੰਘ ਦਲਾਂ, ਸਿੱਖ ਸੰਪਰਦਾਵਾਂ, ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਦਲ ਖਾਲਸਾ ਦੇ ਕੰਵਰਪਾਲ ਸਿੰਘ, ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਅਤੇ ਹੋਰ ਪੰਥਕ ਸ਼ਖਸੀਅਤਾਂ ਸ਼ਾਮਲ ਸਨ। ਪਰ ਸਰਬੱਤ ਖਾਲਸਾ ਵੱਲੋਂ ਥਾਪੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਰੋਕਣ ਨੇ ਪੰਥਕ ਏਕਤਾ 'ਤੇ ਸਵਾਲ ਖੜੇ ਕੀਤੇ। ਭਾਈ ਧਿਆਨ ਸਿੰਘ ਮੰਡ ਨੇ ਅਕਾਲ ਤਖਤ ਦੇ ਸਕੱਤਰੇਤ ਨੇੜੇ ਸੰਦੇਸ਼ ਪੜ੍ਹਿਆ, ਜਿਸ ਵਿੱਚ ਉਨ੍ਹਾਂ ਨੇ 1984 ਦੇ ਹਮਲੇ ਨੂੰ ਸਿੱਖ ਕੌਮ 'ਤੇ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਘਟਨਾ ਕਰਾਰ ਦਿੱਤਾ।

*** ***

# ਕੀ ਜਥੇਦਾਰ ਸੇਵਾ ਮੁਕਤ ਹੋਣਗੇ

ਬੁਧੀਜੀਵੀਆਂ ਅਤੇ ਪੰਥਕ ਧਿਰਾਂ ਦਾ ਮੰਨਣਾ ਹੈ ਕਿ ਇਸ ਵਿਵਾਦ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਅਤੇ ਮਰਿਆਦਾ 'ਤੇ ਗੰਭੀਰ ਸਵਾਲ ਖੜੇ ਕੀਤੇ ਹਨ। ਸੰਪਰਦਾਈਆਂ ਦੀ ਸਿਆਸਤ ਅਤੇ ਸ਼੍ਰੋਮਣੀ ਕਮੇਟੀ ਦੀ ਕਮਜ਼ੋਰੀ ਨੇ ਜਥੇਦਾਰ ਦੀ ਅਥਾਰਟੀ ਨੂੰ ਫਿਰ ਚੁਣੌਤੀ ਦਿੱਤੀ। ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਖ਼ਾਲਸਾ ਨੇ ਸ਼੍ਰੋਮਣੀ ਕਮੇਟੀ ਅਤੇ ਸੁਖਬੀਰ ਸਿੰਘ ਬਾਦਲ ਨੂੰ ਇਸ ਵਿਵਾਦ ਦਾ ਜ਼ਿੰਮੇਵਾਰ ਠਹਿਰਾਇਆ, ਜਦਕਿ ਸਿਮਰਨਜੀਤ ਸਿੰਘ ਮਾਨ ਤੇ ਅਐਮ ਪੀ ਸਰਬਜੀਤ ਸਿੰਘ ਖਾਲਸਾ ਨੇ ਜਥੇਦਾਰ ਗੜਗੱਜ ਦੀ ਸੂਝਵਾਨ ਸਖਸ਼ੀਅਤ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਅਕਾਲ ਤਖਤ ਦਾ ਜਥੇਦਾਰ ਸਹੀ ਰੋਲ ਨਿਭਾ ਰਿਹਾ ਹੈ। ਇਸ ਉਪਰ ਕਿੰਤੂ ਪ੍ਰੰਤੂ ਨਹੀਂ ਹੋਣਾ ਚਾਹੀਦਾ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਸੇਵਾ ਮੁਕਤੀ ਦੀ ਸੰਭਾਵਨਾ ਫਿਲਹਾਲ ਦੂਰ ਦੀ ਘੜੀ ਜਾਪਦੀ ਹੈ, ਕਿਉਂਕਿ ਉਨ੍ਹਾਂ ਦੀ ਅਰਦਾਸ ਨੇ ਸੰਗਤ ਦੇ ਹਿਰਦਿਆਂ ਵਿੱਚ ਥਾਂ ਬਣਾਈ ਹੈ। ਸਿੱਖ ਸੋਸ਼ਲ ਮੀਡੀਆ 'ਤੇ ਲੋਕਾਂ ਦੇ ਹੁੰਗਾਰੇ ਦੱਸਦੇ ਹਨ ਕਿ ਬਾਬਾ ਧੁੰਮੇ ਦੀ ਇਹ ਜਿੱਤ ਲੋਕਾਂ ਦੀ ਨਜ਼ਰ ਵਿੱਚ ਉੱਨੀ ਚਮਕ ਨਹੀਂ ਰੱਖਦੀ ਜਿੰਨੀ, ਜਥੇਦਾਰ ਗੜਗਜ ਨੇ ਇੱਕ ਕਦਮ ਪਿੱਛੇ ਹਟਦਿਆਂ ਅਰਦਾਸ ਰਾਹੀਂ ਆਪਣਾ ਸੁਨੇਹਾ ਦਿੱਤਾ ਅਤੇ ਟਕਰਾਅ ਟਾਲਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਉਨ੍ਹਾਂ ਨੂੰ ਸਿੱਖ ਪੰਥ ਦੀ ਹਮਦਰਦੀ ਮਿਲੀ। ਸਿੱਖ ਆਗੂਆਂ ਦੇ ਇਕ ਵਰਗ, ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਦੇ ਆਲੋਚਕ ਵੀ ਸ਼ਾਮਲ ਹਨ, ਨੇ ਜਥੇਦਾਰ ਗੜਗਜ ਪ੍ਰਤੀ ਨਰਮੀ ਵਿਖਾਈ।

> ਪੰਜਾਬ ਟਾਈਮਜ਼ ਅਨੁਸਾਰ ਇਸ ਦੌਰ ਵਿਚ ਪੰਥਕ ਜਥੇਬੰਦੀਆਂ ਤੇ ਸ੍ਰੋਮਣੀ ਕਮੇਟੀ ਨੂੰ ਬੜੀ ਸੂਝ ਨਾਲ ਅਗਾਂਹ ਵਧਣ ਲਈ, ਸਿੱਖ ਪੰਥ ਨੂੰ ਆਪਸੀ ਮੱਤਭੇਦ ਪਾਸੇ ਰੱਖ ਕੇ, ਗੁਰਬਾਣੀ ਦੀ ਰੌਸ਼ਨੀ ਵਿੱਚ ਇਕਜੁੱਟ ਹੋਣ ਦੀ ਲੋੜ ਹੈ ਤੇ ਅਕਾਲ ਤਖਤ ਦੇ ਜਥੇਦਾਰ ਬਾਰੇ ਪੰਥਕ ਢਾਂਚਾ ਸਿਰਜਕੇ ਨਿਯਮਾਵਲੀ ਬਣਾਉਣੀ ਚਾਹੀਦੀ ਹੈ। ਸੱਚ ਦੀ ਖੋਜ, ਸ਼ਹੀਦਾਂ ਪ੍ਰਤੀ ਸ਼ਰਧਾ, ਅਤੇ ਅਕਾਲ ਤਖਤ ਦੀ ਮਰਿਆਦਾ ਨੂੰ ਸੰਗਤ ਦੀ ਏਕਤਾ ਹੀ ਬਚਾਅ ਸਕਦੀ ਹੈ।

ਇਹ ਵੀ ਸਾਫ਼ ਹੈ ਕਿ ਤਿੰਨ ਮਹੀਨੇ ਪਹਿਲਾਂ ਸ੍ਰੋਮਣੀ ਕਮੇਟੀ ਵੱਲੋਂ ਸੁਖਬੀਰ ਦੇ ਇਸ਼ਾਰੇ 'ਤੇ ਅਕਾਲ ਤਖਤ ਦੇ ਦੋ ਜਥੇਦਾਰਾਂ ਨੂੰ ਬਰਖਾਸਤ ਕਰਨ ਦੇ ਫੈਸਲੇ ਨੂੰ ਲੈ ਕੇ ਸਿੱਖ ਜਗਤ ਵਿੱਚ ਭਾਰੀ ਨਾਰਾਜ਼ਗੀ ਹੈ। ਪਰ ਜਥੇਦਾਰ ਗੜਗਜ ਪ੍ਰਤੀ ਇਹ ਨਾਰਾਜ਼ਗੀ ਨਹੀਂ। ਸਗੋਂ ਦਿਨ ਚੜ੍ਹਦਿਆਂ ਉਨ੍ਹਾਂ ਨੂੰ ਮਿਲੀ ਹਮਦਰਦੀ ਨੇ ਉਨ੍ਹਾਂ ਲੋਕਾਂ ਲਈ ਚਿੰਤਾ ਵਧਾ ਦਿੱਤੀ ਹੈ, ਜੋ ਉਨ੍ਹਾਂ ਨੂੰ ਅਕਾਲ ਤਖਤ ਦੇ ਜਥੇਦਾਰ ਦੇ ਅਹੁਦੇ ਤੋਂ ਹਟਾਉਣਾ ਚਾਹੁੰਦੇ ਹਨ। ਸੂਤਰਾਂ ਮੁਤਾਬਕ, ਵੀਰਵਾਰ ਰਾਤ ਤੱਕ ਜਥੇਦਾਰ ਤੇ ਸੰਪਰਦਾਈਆਂ ਵਿਚਾਲੇ ਟਕਰਾਅ ਟਾਲਣ ਲਈ ਚੋਰੀ-ਛੁਪੇ ਗੱਲਬਾਤ ਦੇ ਕਈ ਦੌਰ ਚੱਲੇ। ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਤੇ ਸੁਖਬੀਰ ਦੇ ਇੱਕ ਵਿਸ਼ਵਾਸਪਾਤਰ ਸਾਥੀ ਨੇ ਦੋਵਾਂ ਧਿਰਾਂ ਨਾਲ ਗੱਲਬਾਤ ਕੀਤੀ। ਸ਼ੁਰੂ ਵਿੱਚ ਜਥੇਦਾਰ ਗੜਗਜ ਨੇ ਆਪਣੀ ਗੱਲ 'ਤੇ ਅੜੀ ਰੱਖੀ, ਪਰ ਸ੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਜੋ ਟਕਸਾਲ ਨਾਲ ਨੇੜਤਾ ਲਈ ਜਾਣੇ ਜਾਂਦੇ ਹਨ, ਨੇ ਟਕਰਾਅ ਰੋਕਣ ਅਤੇ ਟਕਸਾਲ ਮੁਖੀ ਦੀ ਇੱਜ਼ਤ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਆਖਰਕਾਰ, ਬਾਬਾ ਧੁੰਮੇ ਦੀ ਗੱਲ ਮੰਨੀ ਗਈ।

ਦੂਜੇ ਪਾਸੇ, ਸੁਖਬੀਰ ਨੇ ਧਾਮੀ ਦੇ ਕਹਿਣ ਉਪਰ ਬਾਬਾ ਧੁੰਮੇ ਦੀ ਸ਼ਰਤ ਮੰਨੀ, ਪਰ ਉਨ੍ਹਾਂ ਦੀ ਪਾਰਟੀ ਦੇ ਕਈ ਆਗੂਆਂ ਨੇ ਬਾਬੇ ਧੁੰਮੇ 'ਤੇ ਕੇਂਦਰੀ ਏਜੰਸੀਆਂ ਦੇ ਇਸ਼ਾਰੇ 'ਤੇ ਕੰਮ ਕਰਨ ਦੇ ਇਲਜ਼ਾਮ ਲਾਏ। ਯਾਦ ਰਹੇ ਕਿ ਬਾਬਾ ਧੁੰਮੇ ਨੇ ਵੀ ਸੁਖਬੀਰ ਸਿੰਘ ਬਾਦਲ ਦੇ ਘਰ ਅੱਗੇ ਹਰ ਮਹੀਨੇ ਧਰਨਾ ਦੇਣ ਦੀ ਗੱਲ ਕਹੀ ਸੀ, ਜੋ ਸੁਖਬੀਰ ਲਈ ਹੋਰ ਸਿਰਦਰਦੀ ਵਧਾਏਗੀ। ਅਕਾਲੀ ਦਲ ਵਿੱਚ ਫੁੱਟ ਪੈਣ ਤੋਂ ਬਾਅਦ ਸੁਖਬੀਰ ਨੂੰ ਇੱਕ ਹੋਰ ਸੰਪਰਦਾਈਆ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਹੈ। ਟਕਸਾਲ ਅਤੇ ਅਕਾਲੀ ਦਲ ਨਾਲ ਦੋਹਰੀ ਵਫ਼ਾਦਾਰੀ ਰੱਖਣ ਵਾਲੇ ਕਈ ਅਕਾਲੀ ਆਗੂਆਂ ਨੇ ਸਾਫ਼ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਪਹਿਲੀ ਵਫ਼ਾਦਾਰੀ ਟਕਸਾਲ ਨਾਲ ਹੈ। ਉਨ੍ਹਾਂ ਨੇ ਖੁੱਲ੍ਹ ਕੇ ਜਥੇਦਾਰ ਗੜਗਜ ਦਾ ਵਿਰੋਧ ਕੀਤਾ। ਇਸ ਨਾਲ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਦੂਜੇ ਪਾਸੇ, ਅਕਾਲੀ ਦਲ ਦੇ ਅਸੰਤੁਸ਼ਟ ਆਗੂ, ਜੋ ਸੁਖਬੀਰ ਸਿੰਘ ਬਾਦਲ ਦੀ ਸਭ ਤੋਂ ਵੱਡੀ ਚੁਣੌਤੀ ਹਨ, ਇਸ ਸਾਰੇ ਵਿਵਾਦ ਦੌਰਾਨ ਚੁੱਪ ਰਹੇ ਅਤੇ ਕਿਸੇ ਦਾ ਪੱਖ ਨਹੀਂ ਲਿਆ। ਇਸ ਸਾਰੇ ਮਾਮਲੇ ਨੇ ਸਿੱਖ ਪੰਥ ਦੀ ਸਿਆਸਤ ਅਤੇ ਧਾਰਮਿਕ ਅਗਵਾਈ ਵਿੱਚ ਚੱਲ ਰਹੇ ਖਿੱਚੋਤਾਣ ਨੂੰ ਸਾਹਮਣੇ ਲਿਆਂਦਾ ਹੈ। ਸ਼ਾਂਤੀ ਦਾ ਇਹ ਫਾਰਮੂਲਾ ਭਾਵੇਂ ਫਿਲਹਾਲ ਕਾਮਯਾਬ ਰਿਹਾ, ਪਰ ਆਉਣ ਵਾਲੇ ਦਿਨਾਂ ਵਿੱਚ ਇਸ ਦੇ ਅਸਰ ਅਤੇ ਸਿਆਸੀ ਖੇਡ ਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ।


# THE SECOND EDITION OF THE MUCH-LOVED BOOK "SANGHARSH DA DAUR" RELEASED IN SIKH CIRCLES

## *"SIMRANJIT SINGH MANN LAUNCHES THE BOOK EDITED BY RASHPINDER KAUR"*



Amritsar- During the Sikh struggle, Sikh youth were martyred on a large scale in fake police encounters by Punjab Police officers in the interest of financial gains and promotions, the exact number of which is difficult to count. Every bridge, canal and drain in Punjab or the intersections were stained with the blood of Sikh youth. The second edition of the book "Sangharsh Da Daur" has been published and is ready, exposing the blacklist of those cruel police officers, exposing the police cats, sharing the glorious actions during the struggle, portraying the invisible contribution of Sikh elders and testifying to the love and affection of Sikh fighters in Sikh families. Which was dedicated to the public on June 7th in Amritsar by Shiromani Akali Dal Amritsar President Mr. Simranjit Singh Mann.

# ਸਿਹਤ ਤੇ ਸੁੰਦਰਤਾ



## ਫੈਟੀ ਲਿਵਰ ਤੋਂ ਬਚਣ ਲਈ ਇਨ੍ਹਾਂ 3 ਚੀਜ਼ਾਂ ਨੂੰ ਖੁਰਾਕ ਵਿਚੋਂ ਹਟਾਓ

ਨਵੀਂ ਦਿੱਲੀ-ਹਾਰਵਰਡ ਗੈਸਟ੍ਰੋਐਂਟਰੌਲੋਜਿਸਟ ਡਾ. ਸੌਰਭ ਸੇਠੀ ਅਨੁਸਾਰ ਕੁਝ ਭੋਜਨ ਜਿਗਰ ਨੂੰ ਤੁਰੰਤ ਨੁਕਸਾਨ ਪਹੁੰਚਾਉਂਦੇ ਹਨ, ਜਿਸ ਨਾਲ ਫੈਟੀ ਲਿਵਰ ਦੀ ਸਮੱਸਿਆ ਵਧਦੀ ਹੈ।

ਇਨ੍ਹਾਂ ਵਿੱਚ ਸ਼ਾਮਲ ਫਰੂਟੋਜ਼ ਵਾਲੇ ਭੋਜਨ : ਕੋਲਡ ਡਰਿੰਕਸ, ਪੈਕਡ ਜੂਸ ਅਤੇ ਪ੍ਰੋਸੈਸਡ ਭੋਜਨ ਵਿੱਚ ਹਾਈ ਫਰੂਟੋਜ਼ ਕੌਰਨ ਸੀਰਪ ਅਤੇ ਰਿਫਾਇੰਡ ਖੰਡ ਹੁੰਦੀ ਹੈ, ਜੋ ਜਿਗਰ ਵਿੱਚ ਚਰਬੀ ਜਮ੍ਹਾ ਕਰਕੇ ਸੋਜ ਵਧਾਉਂਦੀ ਅਤੇ ਇਨਸੁਲਿਨ ਦਾ ਕੰਮ ਵਿਗਾੜਦੀ ਹੈ

ਓਮੇਗਾ-6 ਫੈਟੀ ਐਸਿਡ ਵਾਲੇ ਤੇਲ: ਸੋਇਆਬੀਨ, ਮੱਕੀ ਅਤੇ ਸੂਰਜਮੁਖੀ ਦੇ ਤੇਲ ਵਿੱਚ ਜ਼ਿਆਦਾ ਓਮੇਗਾ-6 ਹੁੰਦਾ ਹੈ, ਜੋ ਜਿਗਰ ਵਿੱਚ ਸੋਜਸ਼ ਅਤੇ ਆਕਸੀਡੇਟਿਵ ਦਬਾਅ ਵਧਾ ਕੇ ਫੈਟੀ ਲਿਵਰ ਦਾ ਖਤਰਾ ਵਧਾਉਂਦਾ ਹੈ।

ਫਲਾਂ ਦਾ ਜੂਸ: ਸ਼ੁੱਧ ਫਲਾਂ ਦਾ ਜੂਸ ਵੀ ਜ਼ਿਆਦਾ ਫਰੂਟੋਜ਼ ਅਤੇ ਘੱਟ ਫਾਈਬਰ ਕਾਰਨ ਜਿਗਰ ’ਤੇ ਦਬਾਅ ਪਾਉਂਦਾ ਹੈ, ਜੋ ਫੈਟੀ ਲਿਵਰ ਦਾ ਕਾਰਨ ਬਣ ਸਕਦਾ ਹੈ ਡਾ. ਸੇਠੀ ਸਲਾਹ ਦਿੰਦੇ ਹਨ ਕਿ ਜਿਗਰ ਨੂੰ ਸਿਹਤਮੰਦ ਰੱਖਣ ਲਈ ਇਨ੍ਹਾਂ ਚੀਜ਼ਾਂ ਨੂੰ ਤੁਰੰਤ ਖੁਰਾਕ ਵਿਚੋਂ ਹਟਾਓ।

## ਸਿਹਤਮੰਦ ਜੀਵਨ ਸ਼ੈਲੀ ਨਾਲ ਮੋਟਾਪੇ ’ਤੇ ਕਾਬੂ ਪਾਓ

ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਚਰਬੀ ਯੁਕਤ ਖਾਣ-ਪੀਣ ਅਤੇ ਗੈਰ-ਸਿਹਤਮੰਦ ਜੀਵਨ ਸ਼ੈਲੀ ਕਾਰਨ ਮੋਟਾਪਾ ਵਧ ਰਿਹਾ ਹੈ। ਭਾਰ ਘਟਾਉਣ ਲਈ ਸਹੀ ਖੁਰਾਕ ਦੇ ਨਾਲ ਜੀਵਨ ਸ਼ੈਲੀ ਵਿਚ ਬਦਲਾਅ ਜ਼ਰੂਰੀ ਹਨ। ਪਹਿਲੀ ਆਦਤ ਹੈ ਖੰਡ ਘਟਾਉਣਾ; ਮਿਠਾਈ ਦੀ ਥਾਂ ਫਲ ਖਾਓ। ਦੂਜਾ, ਪ੍ਰੋਟੀਨ ਵਧਾਓ, ਜਿਵੇਂ ਅੰਡੇ, ਪਨੀਰ ਜਾਂ ਸਪਾਉਟ, ਜੋ ਮੈਟਾਬੋਲਿਜ਼ਮ ਵਧਾਉਂਦੇ ਹਨ। ਤੀਜਾ, ਰੋਜ਼ਾਨਾ 40 ਮਿੰਟ ਸੈਰ ਕਰੋ, ਜੋ ਚਰਬੀ ਘਟਾਉਂਦੀ ਹੈ। ਚੌਥਾ, 4-5 ਲੀਟਰ ਪਾਣੀ ਪੀਓ, ਜੋ ਪਾਚਨ ਸੁਧਾਰਦਾ ਹੈ। ਪੰਜਵਾਂ, 7-8 ਘੰਟੇ ਨੀਂਦ ਲਓ, ਜੋ ਮੂਡ ਅਤੇ ਸਿਹਤ ਲਈ ਜ਼ਰੂਰੀ ਹੈ।



ਨਹੁੰਆਂ ਵਿਚ ਕੁਝ ਬਦਲਾਅ ਜਿਗਰ ਦੀ ਬਿਮਾਰੀ ਵੱਲ ਕਰਦੇ ਨੇ ਇਸ਼ਾਰਾ-ਸਿਹਤਮੰਦ ਖੁਰਾਕ ਕਾਰਨ ਜਿਗਰ ਦੀਆਂ ਸਮੱਸਿਆਵਾਂ ਵਧ ਰਹੀਆਂ ਹਨ। ਨਹੁੰਆਂ ਵਿਚ ਕੁਝ ਬਦਲਾਅ ਜਿਗਰ ਦੀ ਬਿਮਾਰੀ ਵੱਲ ਇਸ਼ਾਰਾ ਕਰਦੇ ਹਨ। ਪਹਿਲਾ, ਨਹੁੰਆਂ ਦਾ ਰੰਗ ਫਿੱਕਾ ਜਾਂ ਪੀਲਾ ਹੋਣਾ। ਦੂਜਾ, ਨਹੁੰਆਂ ’ਤੇ ਪੀਲੀਆਂ ਜਾਂ ਲਾਲ ਲਾਈਨਾਂ ਬਣਨਾ। ਤੀਜਾ, ਚਿੱਟੇ ਧੱਬੇ ਦਿਖਣਾ, ਜੋ ਪ੍ਰੋਟੀਨ ਦੀ ਕਮੀ ਜਾਂ ਜਿਗਰ ਦੀ ਸਮੱਸਿਆ ਦੱਸਦੇ ਹਨ। ਚੌਥਾ, ਨਹੁੰਆਂ ਦਾ ਵਾਰ-ਵਾਰ ਟੁੱਟਣਾ। ਪੰਜਵਾਂ, ਨਹੁੰਆਂ ਦਾ ਆਕਾਰ ਬਦਲਣਾ, ਜਿਵੇਂ ਅਗਲਾ ਹਿੱਸਾ ਉੱਪਰ ਜਾਂ ਹੇਠਾਂ ਝੁਕਣਾ। ਅਜਿਹੇ ਲੱਛਣ ਦਿਖਣ ’ਤੇ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

## ਕਬਜ਼ ਤੋਂ ਛੁਟਕਾਰਾ ਪਾਉਣ ਲਈ ਅਪਨਾਓ ਇਹ ਦੇਸੀ ਨੁਸਖੇ



ਜੇਕਰ ਤੁਸੀਂ ਵੀ ਕਬਜ਼ ਤੋਂ ਤੰਗ ਹੋ ਚੁੱਕੇ ਹੋ ਤਾਂ ਇਨ੍ਹਾਂ ਕੁਝ ਆਸਾਨ ਤੇ ਪ੍ਰਭਾਵਸ਼ਾਲੀ ਦੇਸੀ ਨੁਸਖਿਆਂ ਨੂੰ ਆਪਣਾ ਕੇ ਆਪਣੇ ਪੇਟ ਨੂੰ ਸੁਥਰਾ ਅਤੇ ਸਿਹਤਮੰਦ ਰੱਖ ਸਕਦੇ ਹੋ। ਆਓ ਜਾਣੀਏ ਕੁਝ ਘਰੇਲੂ ਨੁਸਖਿਆਂ ਦੇ ਬਾਰੇ ਜੋ ਤੁਹਾਡੇ ਸਿਹਤ ਲਈ ਲਾਭਕਾਰੀ ਹੋ ਸਕਦੇ ਹਨ। ਰੋਜ਼ ਸਵੇਰੇ ਖਾਲੀ ਪੇਟ ਗੁਣਗੁਣਾ ਪਾਣੀ ਪੀਣ ਨਾਲ ਹਾਜਮਾ ਵਧੀਆ ਬਣਦਾ ਹੈ ਅਤੇ ਅੰਤੜੀਆਂ ਸਾਫ ਹੁੰਦੀਆਂ ਹਨ। ਇਕ ਚਮਚ ਇਸਬਗੋਲ ਦਾ ਛਿੱਲਕਾ ਕੋਸੇ ਦੁੱਧ ਜਾਂ ਪਾਣੀ ਨਾਲ ਰਾਤ ਨੂੰ ਸੋਣ ਤੋਂ ਪਹਿਲਾਂ ਲੈਣਾ ਕਬਜ਼ ਦੂਰ ਕਰਨ ਲਈ ਬਹੁਤ ਫਾਇਦਾਮੰਦ ਹੈ। ਇਕ ਚਮਚ ਤਿਲ ਜਾਂ ਅਲਸੀ ਦਾ ਤੇਲ ਰੋਜ਼ ਸਵੇਰੇ ਖਾਲੀ ਪੇਟ ਲੈਣ ਨਾਲ ਅੰਤੜੀਆਂ ਨੂੰ ਚੀਕਣਾਪਨ ਮਿਲਦਾ ਹੈ ਅਤੇ ਪਾਖਾਨਾ ਆਸਾਨੀ ਨਾਲ ਨਿਕਲ ਜਾਂਦਾ ਹੈ। ਰਾਤ ਨੂੰ 2-3 ਅੰਜੀਰ ਅਤੇ 5-6 ਕਿਸ਼ਮਿਸ਼ ਪਾਣੀ ਵਿਚ ਭਿਓਂ ਕੇ ਰੱਖੋ ਤੇ ਸਵੇਰੇ ਖਾਲੀ ਪੇਟ ਖਾਓ। ਇਹ ਪੇਟ ਸਾ.ਫ ਕਰਨ ’ਚ ਮਦਦ ਕਰਦੇ ਹਨ ਖਾਣ ਤੋਂ ਬਾਅਦ ਗੁੜ ਨਾਲ ਸੌਂਫ ਚਬਾਣਾ ਹਾਜ਼ਮੇ ਨੂੰ ਬਿਹਤਰ ਕਰਦਾ ਹੈ ਅਤੇ ਕਬਜ਼ ਤੋਂ ਰਾਹਤ ਦਿੰਦਾ ਹੈ। ਲੌਕੀ ਦਾ ਤਾਜ਼ਾ ਜੂਸ ਰੋਜ਼ ਸਵੇਰੇ ਪੀਣਾ ਵੀ ਕਬਜ਼ ਦੇ ਇਲਾਜ ਲਈ ਲਾਭਕਾਰੀ ਹੁੰਦਾ ਹੈ।

## * ਚੂੰਢਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



***ਧਰਮੀ ਫੌਜੀਆਂ ਦੀ ਸ਼੍ਰੋਮਣੀ ਕਮੇਟੀ ਨੇ ਨਹੀਂ ਲਈ ਸਾਰ- ਇਕ ਖ਼ਬਰ**
-ਇਕ ਟੱਬਰ ਦੀ ਸਾਰ ਤੋਂ ਹੀ ਵਿਹਲ ਨਹੀਂ ਵਿਚਾਰੀ ਨੂੰ, ਕੀਹਦੀ ਕੀਹਦੀ ਸਾਰ ਲਵੇ!

***ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਤਮਾਕੂ ਖ਼ਰੀਦਦਾ ਫੜਿਆ ਗਿਆ- ਇਕ ਖ਼ਬਰ**
-ਇਥੇ ਇਕ ਸੀਨੀਅਰ ਅਧਿਕਾਰੀ ਬੇਰ ਜਿਤਨਾ ਨਾਗਣੀ ਦਾ ਗੋ.ਲਾ ਛਕਦੈ, ਉਹ ਵੀ ਮਾਤਹਿਤਾਂ ਦੇ ਸਿਰੋਂ।



***ਜਥੇਦਾਰ ਗੜਗੱਜ ਨੇ ਭਾਈ ਰਾਜੋਆਣਾ ਨਾਲ ਕੀਤੀ ਮੁਲਾਕਾਤ- ਇਕ ਖ਼ਬਰ**
-ਐ ਮੇਰੇ ਮੁਸ਼ਕਿਲਕੁਸ਼ਾ ਫ਼ਰਿਆਦ ਹੈ, ਫ਼ਰਿਆਦ ਹੈ।



***ਪੰਜਾਬ ਕਾਂਗਰਸ ਅੰਦਰ ਸਭ ਕੁਝ ਠੀਕ-ਠਾਕ ਹੈ- ਰਾਜਾ ਵੜਿੰਗ**
-ਰਾਜਾ ਜੀ ਦੱਸਣ ਦੀ ਕੀ ਲੋੜ ਐ, ਸਭ ਨੂੰ ਪਤੈ ਕਿ ਅੰਦਰ ‘ਠੀਕ-ਠਾਕ’ ਐ।

***ਕਾਂਗਰਸ ਨੇ ਲੋਕਲ ਆਗੂਆਂ ਨੂੰ ਨਕਾਰ ਕੇ ਹਾਈਕਮਾਂਡ ਨੇ ਬਾਹਰਲਿਆਂ ‘ਤੇ ਕੀਤਾ ਭਰੋਸਾ- ਇਕ ਖ਼ਬਰ**
-ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ।



***ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਨੇ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣੀਆਂ- ਇਕ ਖ਼ਬਰ**
-ਜਿਹੜਾ ਕਿਹੜਾ ਮੁਸ਼ਕਿਲਾਂ ਸੁਣਦਾ ਈ ਐ, ਹੱਲ ਕੋਈ ਨਹੀਂ ਕੱਢਦਾ।



***ਭਾਰਤ ਨੂੰ ਕਿਸੇ ਦੀ ਵਿਚੋਲਗੀ ਦੀ ਲੋੜ ਨਹੀਂ- ਸ਼ਸ਼ੀ ਥਰੂਰ**
-ਘੜਾ ਚੁੱਕ ਲਊਂ ਪੱਟਾਂ ‘ਤੇ ਹੱਥ ਧਰ ਕੇ, ਖਸਮਾਂ ਨੂੰ ਖਾਣ ਕੁੜੀਆਂ।



***ਬਾਦਲ- ਧੁੰਮਾ ਦੀ ਬੰਦ ਕਮਰਾ ਮੀਟਿੰਗ ਅਫ਼ਵਾਹ ਸਾਬਤ ਹੋਈ- ਇਕ ਖ਼ਬਰ**
-ਐਵੇਂ ਰੌ.ਲਾ ਪੈ ਗਿਆ, ਬਈ ਐਵੇਂ ਰੌ.ਲਾ ਪੈ ਗਿਆ।

***ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਸੁਖਬੀਰ ਬਾਦਲ ਨੂੰ ਮੁੜ ਕੀਤਾ ਤਲਬ- ਇਕ ਖ਼ਬਰ**
-ਕਰ ਲੈ ਬੰਦਗੀ ਤੂੰ ਸੁਤਾ ਜਾਗ ਬੇਟਾ, ਹੱਥ ਭਲਕ ਨੂੰ ਆਵਣਾ ਅੱਜ ਨਹੀਂ।



***ਪੰਥ ਵਿਚ ਮੌਜੂਦਾ ਦੁਬਿਧਾ ਲਈ ਧਾਮੀ ਅਤੇ ਸੁਖਬੀਰ ਬਾਦਲ ਜ਼ਿੰਮੇਵਾਰ- ਸੁੱਚਾ ਸਿੰਘ ਛੋਟੇਪੁਰ**
-ਪਵੇ ਹਾਸ਼ਮਾਂ ਗ਼ੈਬ ਦੀ ਧਾੜ ਏਹਨਾਂ, ਨਿੱਤ ਮਾਸ ਬੇਗਾਨੜਾ ਖਾਂਵਦੇ ਨੇ।



***ਰਾਜੇਵਾਲ ਤੇ ਡੱਲੇਵਾਲ ਨੇ ਮੁੱਖ ਮੰਤਰੀ ਮਾਨ ਨਾਲ਼ ਬਹਿਸ ਦੀ ਚੁਣੌਤੀ ਕੀਤੀ ਪਰਵਾਨ- ਇਕ ਖ਼ਬਰ**
-ਸਾਡੇ ਨਾਲ ਕੀ ਪਾਇਆ ਈ ਵੈਰ ਕਾਕਾ, ਮੱਥਾ ਸੌਂਕਣਾ ਵਾਂਗ ਕੀ ਡਾਹਿਆ ਈ।




***ਟਰੰਪ ਨੇ ਨਾਸਾ ਦੀ ਅਗਵਾਈ ਲਈ ਮਸਕ ਦੇ ਸਹਿਯੋਗੀ ਦਾ ਨਾਮ ਵਾਪਸ ਲਿਆ- ਇਕ ਖ਼ਬਰ**
-ਯਾਰੀ ਲੱਗੀ ‘ਤੇ ਲੁਆ ‘ਤੇ ਤਖ਼ਤੇ, ਟੁੱਟੀ ‘ਤੇ ਚੁਗਾਠ ਪੁੱਟ ਲਈ।


***ਸੰਸਦ ਦੇ ਵਿਸ਼ੇਸ਼ ਇਜਲਾਸ ਦੀ ਮੰਗ ਨੂੰ ਲੈ ਕੇ ਵਿਰੋਧੀ ਪਾਰਟੀਆਂ ਹੋਈਆਂ ਇਕਜੁੱਟ- ਇਕ ਖ਼ਬਰ**
-ਦਾਰੂ ਪੀ ਕੇ ਮਿੱਤਰਾਂ ਨੇ, ਤੇਰੇ ਬੂਹੇ ਅੱਗੇ ਡਾਂਗ ਖੜਕਾਉਣੀ।

***ਭਾਜਪਾ ਨੇ ਰਾਤ ਦੇ ਹਨ੍ਹੇਰੇ ‘ਚ ਬਣਾਏ ਮੰਡਲ ਪ੍ਰਧਾਨ, ਵਰਕਰਾਂ ‘ਚ ਰੋਸ- ਇਕ ਖ਼ਬਰ**
-ਲਗਦੈ ਸ਼੍ਰੋਮਣੀ ਕਮੇਟੀ ਦੀ ਨਕਲ ਕੀਤੀ ਐ ਭਾਜਪਾ ਨੇ।

***ਅਕਾਲ ਤਖ਼ਤ ਦਾ ਅਸਲ ਜਥੇਦਾਰ ਕੌਣ?- ਇਕ ਸਵਾਲ**
-ਜਿਹੜੇ ‘ਮਾਲਕ’ ਦਾ ਹੁਕਮ ਚਲਦੈ ਉਹੀ ਜਥੇਦਾਰ।



***ਭਾਖੜਾ ਦੇ ਪਾਣੀਆਂ ਦੇ ਵਿਵਾਦ ਵਾਲੀ ਪੰਜਾਬ ਦੀ ਪਟੀਸ਼ਨ ਹਾਈ ਕੋਰਟ ਨੇ ਕੀਤੀ ਰੱਦ- ਇਕ ਖ਼ਬਰ**
-ਛੜਿਆਂ ਦੇ ਗਈ ਅੱਗ ਨੂੰ, ਉਨ੍ਹੀਂ ਚੱਪਣੀ ਵਗਾਹ ਕੇ ਮਾਰੀ।



***ਕਿਸਾਨਾਂ ਦੀ ਭਲਾਈ ਲਈ ਯਤਨ ਹੋਰ ਜੋਸ਼ ਨਾਲ ਜਾਰੀ ਰਹਿਣਗੇ- ਮੋਦੀ**
ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਹੇਗਾ।

# ਸਿੱਧੂ ਮੂਸੇਵਾਲਾ ਦੀ ਬੀਬੀਸੀ ਦਸਤਾਵੇਜ਼ੀ ਨੂੰ ਲੈ ਕੇ ਵਿਵਾਦ

# ਬੀਬੀਸੀ ਨੇ ਸਿੱਧੂ ਮੂਸੇਵਾਲਾ ਦੀ ਦਸਤਾਵੇਜ਼ੀ ਯੂਟਿਊਬ 'ਤੇ ਜਾਰੀ ਕੀਤੀ

## ✪ ਅਦਾਲਤ ਨੇ ਬੀਬੀਸੀ ਲੰਡਨ ਸਮੇਤ ਸਬੰਧਤ ਵਿਅਕਤੀਆਂ ਨੋਟਿਸ ਜਾਰੀ, ਸੁਣਵਾਈ 12 ਜੂਨ ਨੂੰ

ਮੋਗਾ-ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਜ਼ਿੰਦਗੀ ਅਤੇ ਮੌਤ 'ਤੇ ਬਣੀ ਬੀਬੀਸੀ ਵਰਲਡ ਸਰਵਿਸ ਦੀ ਦਸਤਾਵੇਜ਼ੀ ਦੇ ਦੋ ਐਪੀਸੋਡ 11 ਜੂਨ, 2025 ਨੂੰ ਯੂਟਿਊਬ 'ਤੇ ਰਿਲੀਜ਼ ਕੀਤੇ ਗਏ। ਇਹ ਦਸਤਾਵੇਜ਼ੀ ਮੂਸੇਵਾਲਾ ਦੇ ਜਨਮ ਦਿਨ ਮੌਕੇ ਜਾਰੀ ਕੀਤੀ ਗਈ, ਜੋ ਪਹਿਲਾਂ ਮੁੰਬਈ ਵਿੱਚ ਸਕਰੀਨ ਕੀਤੀ ਜਾਣੀ ਸੀ। ਪਰ ਇਸ ਦੀ ਅਚਾਨਕ ਆਨਲਾਈਨ ਰਿਲੀਜ਼ ਨੇ ਵਿਵਾਦ ਖੜ੍ਹਾ ਕਰ ਦਿੱਤਾ। ਦਸਤਾਵੇਜ਼ੀ ਵਿੱਚ ਮੂਸੇਵਾਲਾ ਦੀ ਸੰਗੀਤਕ ਸਫਰ, ਵਿਵਾਦਾਂ ਅਤੇ 29 ਮਈ, 2022 ਨੂੰ ਮਾਨਸਾ ਦੇ ਜਵਾਹਰਕੇ ਪਿੰਡ ਵਿੱਚ ਹੋਈ ਉਸ ਦੀ ਹੱਤਿਆ ਨੂੰ ਦਿਖਾਇਆ ਗਿਆ ਹੈ।

ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦਸਤਾਵੇਜ਼ੀ ਦੀ ਸਕਰੀਨਿੰਗ 'ਤੇ ਰੋਕ ਲਗਾਉਣ ਲਈ 10 ਜੂਨ, 2025 ਨੂੰ ਮਾਨਸਾ ਦੀ ਸਿਵਲ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ਦਸਤਾਵੇਜ਼ੀ ਵਿੱਚ ਅਜਿਹੀ ਜਾਣਕਾਰੀ ਹੈ ਜੋ ਪਰਿਵਾਰ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਸਕਦੀ ਹੈ। ਉਨ੍ਹਾਂ ਨੂੰ ਇਤਰਾਜ਼ ਹੈ ਕਿ ਬੀਬੀਸੀ ਨੇ ਦਸਤਾਵੇਜ਼ੀ ਬਣਾਉਣ ਤੋਂ ਪਹਿਲਾਂ ਪਰਿਵਾਰ ਨਾਲ ਸਲਾਹ ਨਹੀਂ ਕੀਤੀ। ਕੋਰਟ ਨੇ ਮਾਮਲੇ ਦੀ ਸੁਣਵਾਈ 12 ਜੂਨ ਤੱਕ ਮੁਲਤਵੀ ਕਰ ਦਿੱਤੀ ਹੈ। ਬੀਬੀਸੀ ਦੀ ਦਸਤਾਵੇਜ਼ੀ ਵਿੱਚ ਗੈਂਗਸਟਰ ਗੋਲਡੀ ਬਰਾੜ ਨਾਲ ਇੱਕ ਆਡੀਓ ਇੰਟਰਵਿਊ ਸ਼ਾਮਲ ਹੈ, ਜਿਸ 'ਤੇ ਮੂਸੇਵਾਲਾ ਦੀ ਹੱਤਿਆ ਦੀ ਸਾਜ਼ਿਸ਼ ਰਚਨ ਦਾ ਦੋਸ਼ ਹੈ। ਇਸ ਤੋਂ ਇਲਾਵਾ, ਮੂਸੇਵਾਲਾ ਦੇ ਪੁਰਾਣੇ ਦੋਸਤਾਂ, ਪੱਤਰਕਾਰਾਂ ਅਤੇ ਪੰਜਾਬ ਤੇ ਦਿੱਲੀ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਦੀਆਂ ਗੱਲਾਂ ਵੀ ਦਸਤਾਵੇਜ਼ੀ ਦਾ ਹਿੱਸਾ ਹਨ। ਗੋਲਡੀ ਬਰਾੜ ਦੀ ਇੰਟਰਵਿਊ ਨੂੰ ਲੈ ਕੇ ਪਰਿਵਾਰ ਅਤੇ ਪ੍ਰਸ਼ੰਸਕਾਂ ਵਿੱਚ ਭਾਰੀ ਨਾਰਾਜ਼ਗੀ ਹੈ, ਕਿਉਂਕਿ ਇਸ ਨੂੰ ਸੰਵੇਦਨਸ਼ੀਲ ਮੁੱਦੇ ਨੂੰ ਸਨਸਨੀਖੇਜ਼ ਬਣਾਉਣ ਦੀ ਕੋਸ਼ਿਸ਼ ਮੰਨਿਆ ਜਾ ਰਿਹਾ ਹੈ।



ਵਿਵਾਦ ਦੇ ਵਿਚਕਾਰ ਮੂਸੇਵਾਲਾ ਦੇ ਪਰਿਵਾਰ ਵੱਲੋਂ ਉਸ ਦੇ ਜਨਮ ਦਿਨ ਮੌਕੇ ਉਸ ਦੇ ਗੀਤਾਂ ਦਾ ਇੱਕ ਈਪੀ (ਐਕਸਟੈਂਡਿਡ ਪਲੇਅ) ਰਿਲੀਜ਼ ਕਰਨ ਦੀ ਚਰਚਾ ਹੈ। ਪਰਿਵਾਰ ਚਾਹੁੰਦਾ ਹੈ ਕਿ ਸਿੱਧੂ ਦੀ ਵਿਰਾਸਤ ਨੂੰ ਸੰਗੀਤ ਰਾਹੀਂ ਜਿਊਂਦਾ ਰੱਖਿਆ ਜਾਵੇ, ਪਰ ਉਹ ਬੀਬੀਸੀ ਦੀ ਦਸਤਾਵੇਜ਼ੀ ਨੂੰ ਲੈ ਕੇ ਸਹਿਮਤ ਨਹੀਂ ਹਨ। ਪ੍ਰਸ਼ੰਸਕ ਵੀ ਸੋਸ਼ਲ ਮੀਡੀਆ 'ਤੇ ਪਰਿਵਾਰ ਦੇ ਸਮਰਥਨ ਵਿੱਚ ਆਪਣੀ ਰਾਏ ਜ਼ਾਹਰ ਕਰ ਰਹੇ ਹਨ।


# ਰੂਪਨਗਰ ਜੇਲ੍ਹ ਵਿਚ ਨਸ਼ਾ ਤਸਕਰੀ ਦਾ ਪਰਦਾਫਾਸ਼

## ਹੌਲਦਾਰ, ਐੱਸਆਈ, ਦੋ ਕੈਦੀ ਤੇ ਹਵਾਲਾਤੀ ਗ੍ਰਿਫ਼ਤਾਰ

ਰੋਪੜ-ਰੂਪਨਗਰ ਦੀ ਸਿਟੀ ਪੁਲਸ ਨੇ ਜ਼ਿਲ੍ਹਾ ਜੇਲ੍ਹ ਵਿੱਚ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਵੱਡੀ ਕਾਰਵਾਈ ਕਰਦਿਆਂ ਇੱਕ ਹੌਲਦਾਰ, ਸਬ-ਇੰਸਪੈਕਟਰ, ਦੋ ਕੈਦੀਆਂ ਅਤੇ ਇੱਕ ਹਵਾਲਾਤੀ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੌਰਾਨ ਪੁਲਸ ਨੇ ਨਸ਼ੀਲੇ ਪਦਾਰਥ, ਮੋਬਾਇਲ ਫੋਨ ਅਤੇ ਹੋਰ ਪਾਬੰਦੀਸ਼ੁਦਾ ਵਸਤੂਆਂ ਬਰਾਮਦ ਕੀਤੀਆਂ ਹਨ। ਐੱਸਐੱਸਪੀ ਗੁਲਨੀਤ ਸਿੰਘ ਖੁਰਾਨਾ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਜੇਲ੍ਹ ਵਿੱਚ ਡਿਊਟੀ ਕਰਦੇ ਹੌਲਦਾਰ ਕੁਲਦੀਪ ਸਿੰਘ, ਵਾਸੀ ਪੀਏਪੀ ਲਾਈਨ ਜਲੰਧਰ, ਕੋਲੋਂ ਨਸ਼ੀਲੇ ਪਦਾਰਥ ਮਿਲੇ। ਪੁੱਛਗਿੱਛ ਦੌਰਾਨ ਉਸ ਦੇ ਸਾਥੀਆਂ ਦੀ ਸ਼ਨਾਖਤ ਹੋਈ, ਜਿਨ੍ਹਾਂ ਵਿੱਚ ਕੈਦੀ ਆਸਿਫ (ਅਲੀਗੰਜ, ਬਰੇਲੀ, ਉੱਤਰ ਪ੍ਰਦੇਸ਼), ਕੈਦੀ ਕਬੀਰ (ਪਹਿਲਵਾੜਾ, ਸੰਬਲ, ਉੱਤਰ ਪ੍ਰਦੇਸ਼), ਸਬ-ਇੰਸਪੈਕਟਰ ਸੁਖਰਾਮ ਸਿੰਘ (ਪੀਏਪੀ ਕੰਪਲੈਕਸ, ਜਲੰਧਰ) ਅਤੇ ਹਵਾਲਾਤੀ ਗੁਰਪ੍ਰੀਤ ਸਿੰਘ ਉਰਫ ਗੋਪੀ (ਕਰਤਾਰ ਨਗਰ, ਬਟਾਲਾ) ਸ਼ਾਮਲ ਹਨ। ਸਾਰਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਸ ਨੇ ਦੋਸ਼ੀ ਹੌਲਦਾਰ ਕੁਲਦੀਪ ਸਿੰਘ ਕੋਲੋਂ 101 ਗ੍ਰਾਮ ਚਰਸ, 154 ਨਸ਼ੀਲੇ ਕੈਪਸੂਲ, 80 ਨਸ਼ੀਲੀਆਂ ਗੋਲੀਆਂ ਅਤੇ 6 ਤੰਬਾਕੂ ਦੀਆਂ ਪੁੜੀਆਂ ਬਰਾਮਦ ਕੀਤੀਆਂ। ਇਸੇ ਤਰ੍ਹਾਂ ਗੁਰਪ੍ਰੀਤ ਸਿੰਘ, ਵਾਸੀ ਡੇਰਾ ਬਾਬਾ ਨਾਨਕ, ਗੁਰਦਾਸਪੁਰ, ਦੇ ਕਬਜ਼ੇ ਵਿੱਚੋਂ ਅਫੀਮ ਅਤੇ ਇੱਕ ਮੋਬਾਇਲ ਫੋਨ ਜ਼ਬਤ ਕੀਤਾ ਗਿਆ।

3 ਸਫ਼ੇ ਦੀ ਖਬਰ ਦਾ ਬਾਕੀ ਹਿਸਾ

# ਜਾਖੜ ਨੇ ਸਰਕਾਰੀ ਨਸ਼ਾ ਵਿਰੋਧੀ ਮੁਹਿੰਮ ਦੇ ਭੇਦ ਖੋਲ੍ਹੇ



ਭਾਜਪਾ ਆਗੂ ਸੁਨੀਲ ਜਾਖੜ ਨੇ ਨਸ਼ਿਆਂ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਦਿਆਂ ਸਾਰੇ ਸਿਆਸੀ ਆਗੂਆਂ, ਵਿਧਾਇਕਾਂ ਤੇ ਪ੍ਰਧਾਨਾਂ ਦੇ ਡੋਪ ਟੈਸਟ ਦੀ ਮੰਗ ਕਰ ਦਿੱਤੀ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਵਿੱਤ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਰਾਜਨੀਤਕ ਆਗੂਆਂ ਦੀ ਜਾਇਦਾਦ ਤੇ ਪੈਸੇ ਦੇ ਸਰੋਤ ਦੀ ਜਾਂਚ ਈਡੀ ਨਾਲ ਕਰਵਾਉਣ। ਜਾਖੜ ਦਾ ਸਵਾਲ ਸੀ, "ਪਾਰਟੀ ਪ੍ਰਧਾਨਾਂ ਕੋਲ ਇੰਨਾ ਪੈਸਾ ਕਿੱਥੋਂ?" ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਨੇ ਚੋਣਾਂ ਵਿਚ ਨਸ਼ਾ ਵੇਚਣ ਵਾਲਿਆਂ ਤੋਂ ਦਾਨ ਨਹੀਂ ਲਿਆ। ਜਾਖੜ ਨੇ ਸਰਕਾਰ 'ਤੇ ਸ਼ਰਾਬ ਨੂੰ ਨਸ਼ੇ ਦੀ ਸ਼੍ਰੇਣੀ ਵਿਚੋਂ ਹਟਾਉਣ ਦਾ ਦੋਸ਼ ਵੀ ਲਾਇਆ, ਕਿਉਂਕਿ 2022 ਵਿਚ 35 ਲੱਖ ਵਿਦੇਸ਼ੀ ਸ਼ਰਾਬ ਦੇ ਡੱਬੇ ਵਿਕਦੇ ਸਨ, ਜੋ ਹੁਣ 1 ਕਰੋੜ 'ਤੇ ਪੁੱਜ ਗਏ। ਇਸੇ ਤਰ੍ਹਾਂ, ਹਰ ਮਹੀਨੇ 91 ਲੱਖ ਰੁਪਏ ਦੀਆਂ ਟ੍ਰਾਮਾਡੋਲ ਗੋਲੀਆਂ ਵੀ ਵਿਕ ਰਹੀਆਂ ਨੇ ਜ਼ਾਖੜ ਨੇ ਸਿਆਸੀ ਆਗੂਆਂ ਦੀ ਜਾਇਦਾਦ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ 5-10 ਸਾਲ ਪਹਿਲਾਂ ਸੀਮਤ ਸੰਪਤੀ ਵਾਲੇ ਆਗੂ ਅੱਜ ਗੋਆ ਵਿਚ ਜਾਇਦਾਦਾਂ ਤੇ 8-10 ਏਕੜ ਦੇ ਫਾਰਮ ਹਾਊਸ ਖਰੀਦ ਰਹੇ ਨੇ।

# ਕੀ ਕਹਿੰਦੇ ਹਨ ਨਸ਼ਾ ਮੁਹਿੰਮ ਬਾਰੇ ਖਜ਼ਾਨਾ ਮੰਤਰੀ



ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਜੋ 'ਯੁੱਧ ਨਸ਼ਿਆਂ ਵਿਰੁੱਧ' ਦੀ ਕੈਬਨਿਟ ਸਬ-ਕਮੇਟੀ ਦੇ ਮੁਖੀ ਵੀ ਨੇ, ਦਾਅਵਾ ਕਰਦੇ ਨੇ ਕਿ 100 ਦਿਨਾਂ 'ਚ 9580 ਕੇਸ ਦਰਜ ਕੀਤੇ ਗਏ ਤੇ 16348 ਨਸ਼ਾ ਤਸਕਰ ਫੜੇ ਗਏ। 622 ਕਿਲੋ ਹੈਰੋਇਨ ਤੇ 1100 ਕਰੋੜ ਦੀ ਡਰੱਗ ਮਨੀ ਬਰਾਮਦ ਹੋਈ। ਸਰਕਾਰ ਨੇ 200 ਮਨੋਰੋਗ ਡਾਕਟਰਾਂ ਦੀ ਅਸਥਾਈ ਭਰਤੀ ਦਾ ਐਲਾਨ ਕੀਤਾ, ਜੋ 6 ਮਹੀਨਿਆਂ ਬਾਅਦ ਸ਼ੁਰੂ ਹੋਵੇਗੀ। ਪ੍ਰਾਈਵੇਟ ਹਸਪਤਾਲਾਂ 'ਚ 1000 ਤੇ ਸਰਕਾਰੀ ਹਸਪਤਾਲਾਂ 'ਚ 5000 ਬੈੱਡਾਂ ਦਾ ਪ੍ਰਬੰਧ ਕੀਤਾ ਗਿਆ। ਸਰਕਾਰ ਪ੍ਰਾਈਵੇਟ ਹਸਪਤਾਲਾਂ ਵਿਚ ਇਲਾਜ ਦਾ ਖਰਚ ਵੀ ਚੁੱਕੇਗੀ। ਪਰ ਸਵਾਲ ਇਹ ਹੈ-ਕੀ ਇਹ ਸਾਰੇ ਪ੍ਰਬੰਧ ਨਸ਼ੇ ਦੀ ਜੜ੍ਹ 'ਤੇ ਵਾਰ ਕਰ ਸਕਣਗੇ, ਜਾਂ ਸਿਰਫ ਅੰਕੜਿਆਂ ਦੀ ਖੇਡ ਨੂੰ ਹੋਰ ਚਮਕਾਉਣਗੇ? ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਅੰਕੜਿਆਂ ਦੀ ਖੇਡ ਨਹੀਂ, ਸਗੋਂ ਅਸਲ ਹੱਲ ਚਾਹੀਦੇ ਨੇ। ਸਰਕਾਰ ਨੂੰ ਚਾਹੀਦਾ ਹੈ ਕਿ ਵੱਡੇ ਸਮਗਲਰਾਂ 'ਤੇ ਨਕੇਲ ਕਸੇ, ਨਸ਼ਾ ਛੁਡਾਊ ਕੇਂਦਰਾਂ ਵਿਚ ਸੁਧਾਰ ਕਰੇ, ਤੇ ਸਭ ਤੋਂ ਵੱਡੀ ਗੱਲ-ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰੇ। ਜਦੋਂ ਤੱਕ ਪੰਜਾਬ ਦੇ ਨੌਜਵਾਨਾਂ ਦੇ ਹੱਥ ਵਿਚ ਕੰਮ ਨਹੀਂ, ਉਹ ਨਸ਼ਿਆਂ ਦੀ ਦਲਦਲ ਵਿਚੋਂ ਨਹੀਂ ਨਿਕਲ ਸਕਣਗੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਜੰਗ ਨੂੰ ਅੰਕੜਿਆਂ ਦੀ ਬਜਾਏ ਦਿਲੋਂ ਲੜੇ, ਨਹੀਂ ਤਾਂ ਪੰਜਾਬ ਦੀ ਇਹ ਧਰਤੀ, ਜੋ ਕਦੀ ਸੋਨੇ ਦੀ ਚਿੜੀ ਸੀ, ਨਸ਼ਿਆਂ ਦੀ ਚਪੇਟ ਵਿਚ ਹੋਰ ਡੁੱਬਦੀ ਜਾਵੇਗੀ।


CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

Please send the completed form with payment to:
Panjab Times, Bridle Gate Lane, Derby, DE24 0QW
or email the wording to: panjabtimes@aol.com

TO PAY BY CREDIT CARD TEL: 01332-372851

Account Name: Punjab Times Trust Ltd
Account No: 20853011 Sort Code: 20-25-85


MANAK
SOLICITORS
Jasdeep Singh Jandu
Conveyancing Director
Jas heads up our Property department and has developed a following of regular clients due to his calm nature, professional attitude and his practical knowledge of the areas in which he specialises.
Gravesend | Orpington | Sevenoaks | London
manaksolicitors.co.uk
0800 634 9726
Google
4.9/5 CUSTOMER REVIEWS
Lexcel
Legal Practice Quality Mark
Law Society Accredited
Rajbir Singh Manak MA (Hons)
Surinder Singh Manak LLB (Hons)

# ਸਿੱਖ ਟੈਂਪਲਜ਼ (ਛਿੰਦਾ ਅਮਲੀ) ਕਬੱਡੀ ਕਲੱਬ ਵੁਲਵਰਹੈਂਪਟਨ ਵੱਲੋਂ ਕਰਵਾਏ ਸ਼ਾਨਦਾਰ ਕਬੱਡੀ ਟੂਰਨਾਮੈਂਟ ਮੌਕੇ ਰਿਕਾਰਡ ਤੋੜ ਇਕੱਠ

## ਟੈਲਫੋਰਡ ਨੇ ਜਿੱਤਿਆ ਕੱਪ, ਈਰਥ ਵੂਲਿਚ ਸਾਊਥਾਲ ਉੱਪ ਜੇਤੂ ਬਣੀ, ਬੂਰੀਆ ਅਤੇ ਫੂਲਾ ਸ਼ੁਸ਼ਕ ਸਰਬੋਤਮ ਖਿਡਾਰੀ ਬਣੇ

## ਸ਼ੀਰਾ ਔਲਖ ਅਤੇ ਸੁਖਜਿੰਦਰ ਸਿੰਘ ਸਮਰਾ ਦਾ ਗੈਵਨ ਬਾਠ ਵੱਲੋਂ ਸੋਨ ਤਗਮਿਆਂ ਨਾਲ ਸਨਮਾਨ




ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਦੇਖੋ

ਜਾਰੀ ਕਰਤਾ: ਸਿੱਖ ਟੈਂਪਲਜ਼ ਵੁਲਵਰਹੈਂਪਟਨ ਕਬੱਡੀ ਕਲੱਬ

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

### -ਮਾਮਲਾ ਪੀਲੀਭੀਤ ਵਿਚ ਹਰਮਿੰਦਰ ਸਿੰਘ ਦੇ ਝੂਠੇ ਪੁਲਿਸ ਮੁਕਾਬਲੇ ਦਾ-

# ਪਤਨੀ ਸਵਰਨਜੀਤ ਕੌਰ ਨਿਆਂ ਲਈ 34 ਸਾਲਾਂ ਤੋਂ ਕਰ ਰਹੀ ਹੈ ਸੰਘਰਸ਼

**ਵਿਸ਼ੇਸ਼ ਰਿਪੋਟ** ✪ **ਸੀ ਬੀ ਆਈ ਨੇ ਕੀਤਾ ਸੀ ਝੂਠ ਦਾ ਪਰਦਾਫਾਸ਼, 57 ਪੁਲਿਸ ਮੁਲਾਜ਼ਮ ਦੋਸ਼ੀ**







ਪੰਜਾਬ ਦੀ ਧਰਤੀ ਉੱਤੇ 1980 ਅਤੇ 1990 ਦੇ ਦਹਾਕਿਆਂ ਵਿੱਚ ਇੱਕ ਅਜਿਹਾ ਕਾਲਾ ਅਧਿਆਇ ਲਿਖਿਆ ਗਿਆ, ਜਿਸ ਦੀ ਧਰਤੀ ਝੂਠੇ ਪੁਲਿਸ ਮੁਕਾਬਲਿਆਂ ਨਾਲ ਖ਼ੂਨ ਨਾਲ ਰੰਗੀ ਗਈ। ਇਸੇ ਦੌਰ ਨਾਲ ਸਬੰਧਿਤ ਹਰਮਿੰਦਰ ਸਿੰਘ ਦੀ ਕਹਾਣੀ, ਜਿਸ ਦੀ ਜ਼ਿੰਦਗੀ ਨੂੰ ਉੱਤਰ ਪ੍ਰਦੇਸ਼ ਦੀ ਪੁਲਿਸ ਨੇ 1991 ਵਿੱਚ ਝੂਠੇ ਮੁਕਾਬਲੇ ਦੀ ਭੇਟ ਚੜ੍ਹਾ ਦਿੱਤਾ। ਪਰ ਇਹ ਕਹਾਣੀ ਸਿਰਫ ਹਰਮਿੰਦਰ ਸਿੰਘ ਦੀ ਮੌਤ ਦੀ ਨਹੀਂ, ਸਗੋਂ ਸਵਰਨਜੀਤ ਕੌਰ ਅਤੇ ਅਜੀਤ ਸਿੰਘ ਦੀ ਉਸ ਅਟੱਲ ਲੜਾਈ ਦੀ ਹੈ, ਜੋ ਨਿਆਂ ਦੀ ਲੋਅ ਨੂੰ ਅੱਜ ਵੀ ਜਗਾਈ ਰੱਖਣ ਵਿੱਚ ਜੁਟੇ ਹੋਏ ਹਨ।

ਹਰਮਿੰਦਰ ਸਿੰਘ, ਇੱਕ ਸਾਧਾਰਣ ਸਿੱਖ ਨੌਜਵਾਨ, ਸੀ ,ਜੋ ਕਿ 1991 ਵਿੱਚ, ਜਦੋਂ ਉਹ ਨਾਂਦੇੜ ਸਾਹਿਬ ਦੇ ਦਰਸ਼ਨਾਂ ਤੋਂ ਸੰਗਤ ਨਾਲ ਵਾਪਸ ਪਰਤ ਰਿਹਾ ਸੀ, ਉਸ ਦੀ ਜ਼ਿੰਦਗੀ ਨੂੰ ਪੀਲੀਭੀਤ (ਉੱਤਰ ਪ੍ਰਦੇਸ਼) ਦੇ ਜੰਗਲਾਂ ਵਿੱਚ ਪੁਲਿਸ ਨੇ ਖਤਮ ਕਰ ਦਿੱਤਾ। ਬੱਸ ਵਿੱਚ ਸਫਰ ਕਰਦੇ ਸਮੇਂ ਪੁਲਿਸ ਨੇ ਸੰਗਤ ਨੂੰ ਘੇਰ ਲਿਆ, ਅਤੇ ਹਰਮਿੰਦਰ ਸਿੰਘ ਨੂੰ ਅਗਵਾ ਕਰ ਲਿਆ ਗਿਆ। ਅਗਲੇ ਦਿਨ ਅਖਬਾਰਾਂ ਦੀਆਂ ਸੁਰਖੀਆਂ ਨੇ ਉਸ ਨੂੰ "ਖਾੜਕੂ" ਕਰਾਰ ਦਿੱਤਾ ਅਤੇ ਦਾਅਵਾ ਕੀਤਾ ਕਿ ਉਸ ਨੂੰ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ। ਪਰ ਸੱਚਾਈ ਇਸ ਤੋਂ ਕਿਤੇ ਵੱਖਰੀ ਸੀ। ਸਵਰਨਜੀਤ ਕੌਰ, ਜਿਸ ਦਾ ਹਰਮਿੰਦਰ ਨਾਲ ਵਿਆਹ ਨੂੰ ਅਜੇ ਛੇ ਮਹੀਨੇ ਹੀ ਹੋਏ ਸਨ।

ਅਜੀਤ ਸਿੰਘ, ਹਰਮਿੰਦਰ ਦੇ ਪਿਤਾ ਸਨ, ਜਿਨ੍ਹਾਂ ਲਈ ਇਹ ਘਟਨਾ ਸਿਰਫ ਇੱਕ ਗੰਭੀਰ ਦੁਖਾਂਤ ਸੀ, ਜਿਸ ਲਈ ਨਿਆਂ ਦੀ ਜੰਗ ਲੜਨੀ ਪਈ, ਬੁਚੜ ਪੁਲਸੀਆਂ ਨੂੰ ਸਜ਼ਾ ਦਿਵਾਉਣ ਲਈ। ਇਹ ਨਿਆਂ ਦੀ ਜੰਗ ਅੱਜ ਵੀ ਜਾਰੀ ਹੈ। ਹਰਮਿੰਦਰ ਦੀ ਪਤਨੀ ਸਵਰਨਜੀਤ ਕੌਰ ਦੀਆਂ ਅੱਖਾਂ ਵਿੱਚ ਉਹ ਪਲ ਅਜੇ ਵੀ ਜਿਉਂ ਦੇ ਤਿਉਂ ਉੱਕਰੇ ਹੋਏ ਹਨ, ਜਦੋਂ ਪੁਲਿਸ ਨੇ ਉਸ ਦੇ ਪਤੀ ਨੂੰ ਖਿੱਚ ਕੇ ਲੈ ਗਈ। "ਸਾਨੂੰ ਨਾ ਲਾਸ਼ ਮਿਲੀ, ਨਾ ਸਸਕਾਰ ਕਰ ਸਕੇ," ਉਸ ਦੇ ਇਹ ਸ਼ਬਦ ਪੰਜਾਬ ਦੇ ਹਜ਼ਾਰਾਂ ਸਿੱਖ ਪਰਿਵਾਰਾਂ ਦੀ ਦਰਦ-ਭਰੀ ਗਾਥਾ ਦਾ ਪ੍ਰਤੀਕ ਹਨ ,ਜਿਹਨਾਂ ਦੇ ਪੁੱਤਰ ਪਤੀ, ਬਾਪ,ਭਰਾ ਝੂਠੇ ਮੁਕਾਬਲੇ ਬਣਾਕੇ ਲਵਾਰਿਸ ਲਾਸ਼ਾਂ ਬਣਾ ਦਿਤੇ ਗਏ।

ਹਰਮਿੰਦਰ ਸਿੰਘ ਦੇ ਕੇਸ ਨੇ ਉਸ ਸਮੇਂ ਮੋੜ ਲਿਆ, ਜਦੋਂ ਸਵਰਨਜੀਤ ਕੌਰ ਅਤੇ ਅਜੀਤ ਸਿੰਘ ਨੇ ਹਾਰ ਨਾ ਮੰਨਦਿਆਂ ਨਿਆਂ ਦੀ ਲੜਾਈ ਸੁਰੂ ਕੀਤੀ। ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੀ ਗਈ। ਸੀਬੀਆਈ ਨੇ ਆਪਣੀ ਜਾਂਚ ਵਿੱਚ ਪਾਇਆ ਕਿ ਹਰਮਿੰਦਰ ਸਿੰਘ ਦਾ ਮੁਕਾਬਲਾ ਪੂਰੀ ਤਰ੍ਹਾਂ ਝੂਠਾ ਸੀ। ਨਾ ਸਿਰਫ ਹਰਮਿੰਦਰ, ਸਗੋਂ ਉਸ ਦੇ ਨਾਲ 10 ਹੋਰ ਸਿੱਖ ਨੌਜਵਾਨਾਂ ਨੂੰ ਵੀ ਪੀਲੀਭੀਤ ਦੇ ਜੰਗਲਾਂ ਵਿੱਚ ਇਸ ਤਰ੍ਹਾਂ ਮਾਰਿਆ ਗਿਆ ਸੀ। ਸੀਬੀਆਈ ਨੇ 57 ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਠਹਿਰਾਇਆ ਅਤੇ 2011 ਵਿੱਚ ਮੋਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।ਪਰ ਨਿਆਂ ਦਾ ਇਹ ਸਫਰ ਇੱਥੇ ਹੀ ਨਹੀਂ ਰੁਕਿਆ।

2016 ਵਿੱਚ, ਉੱਤਰ ਪ੍ਰਦੇਸ਼ ਦੀ ਅਦਾਲਤ ਨੇ ਇਸ ਸਜ਼ਾ ਨੂੰ ਘਟਾ ਕੇ 7 ਸਾਲ ਕਰ ਦਿੱਤਾ, ਜਿਸ ਨੂੰ ਅਜੀਤ ਸਿੰਘ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ। ਇਸ ਦੌਰਾਨ, ਸਵਰਨਜੀਤ ਕੌਰ ਨੇ ਨਾ ਸਿਰਫ ਆਪਣੀ ਨਵਜਨਮੀ ਬੇਟੀ ਦੀ ਪਰਵਰਿਸ਼ ਦਾ ਬੋਝ ਸੰਭਾਲਿਆ, ਸਗੋਂ ਕਾਨੂੰਨੀ ਲੜਾਈ ਵਿੱਚ ਵੀ ਪੂਰੀ ਤਰ੍ਹਾਂ ਅਜੀਤ ਸਿੰਘ ਦੇ ਨਾਲ ਖੜ੍ਹੀ ਰਹੀ। ਅਜੀਤ ਸਿੰਘ ਨੇ ਆਪਣੀ ਜ਼ਮੀਨ ਵੇਚ ਕੇ, ਘਰ ਦੀਆਂ ਬਚਤਾਂ ਖਰਚ ਕੇ, ਅਤੇ ਹਰ ਸੰਭਵ ਸਾਧਨ ਜੋੜ ਕੇ ਇਸ ਲੜਾਈ ਨੂੰ ਜਾਰੀ ਰੱਖਿਆ।

## ਕੇਸ ਦੀ ਮੌਜੂਦਾ ਸਥਿਤੀ

2025 ਤੱਕ, ਹਰਮਿੰਦਰ ਸਿੰਘ ਦਾ ਕੇਸ ਸੁਪਰੀਮ ਕੋਰਟ ਵਿੱਚ ਪੈਂਡਿੰਗ ਹੈ। ਸਵਰਨਜੀਤ ਕੌਰ ਅਤੇ ਅਜੀਤ ਸਿੰਘ ਦੀ ਲੜਾਈ ਨੂੰ ਹੁਣ ਤਕਰੀਬਨ 34 ਸਾਲ ਹੋ ਚੁੱਕੇ ਹਨ। ਸੁਪਰੀਮ ਕੋਰਟ ਵਿੱਚ ਇਸ ਮਾਮਲੇ ਦੀ ਸੁਣਵਾਈ ਜਾਰੀ ਹੈ, ਜਿੱਥੇ ਪੀੜਤ ਪਰਿਵਾਰ ਪੁਲਿਸ ਮੁਲਾਜ਼ਮਾਂ ਲਈ ਸਖਤ ਸਜ਼ਾ ਦੀ ਮੰਗ ਕਰ ਰਿਹਾ ਹੈ। 57 ਪੁਲਿਸ ਮੁਲਾਜ਼ਮਾਂ ਵਿੱਚੋਂ ਕਈ ਅਜੇ ਵੀ ਜੇਲ੍ਹ ਵਿੱਚ ਹਨ, ਜਦਕਿ ਕੁਝ ਨੂੰ ਜ਼ਮਾਨਤ ਮਿਲ ਚੁੱਕੀ ਹੈ। ਸੁਪਰੀਮ ਕੋਰਟ ਦਾ ਫੈਸਲਾ ਅਜੇ ਆਉਣਾ ਬਾਕੀ ਹੈ।

ਇਸ ਕੇਸ ਵਿੱਚ ਪੀੜਤ ਪਰਿਵਾਰ ਦੀ ਪੈਰਵੀ ਪ੍ਰਸਿੱਧ ਮਨੁੱਖੀ ਅਧਿਕਾਰ ਵਕੀਲ ਜਗਜੀਤ ਸਿੰਘ ਬਾਜਵਾ ਅਤੇ ਆਰ.ਐਸ. ਬੈਂਸ ਵਰਗੇ ਵਕੀਲ ਕਰ ਰਹੇ ਹਨ। ਜਗਜੀਤ ਸਿੰਘ ਬਾਜਵਾ, ਜੋ ਪੰਜਾਬ ਵਿੱਚ ਝੂਠੇ ਮੁਕਾਬਲਿਆਂ ਦੇ ਕਈ ਮਾਮਲਿਆਂ ਵਿੱਚ ਪੀੜਤਾਂ ਦੀ ਆਵਾਜ਼ ਬਣੇ ਹਨ, ਨੇ ਇਸ ਕੇਸ ਵਿੱਚ ਸੀਬੀਆਈ ਜਾਂਚ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਪਰਿਵਾਰ ਦਾ ਸਾਥ ਦਿੱਤਾ ਹੈ। ਆਰ.ਐਸ. ਬੈਂਸ, ਜੋ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ 'ਤੇ ਅਕਸਰ ਸਰਕਾਰ ਨਾਲ ਟੱਕਰ ਲੈਂਦੇ ਰਹੇ ਹਨ, ਨੇ ਵੀ ਇਸ ਮਾਮਲੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸਵਰਨਜੀਤ ਕੌਰ ਅਤੇ ਅਜੀਤ ਸਿੰਘ ਨੇ ਇਨ੍ਹਾਂ ਸੰਗਠਨਾਂ ਦੇ ਸਹਿਯੋਗ ਨਾਲ ਨਾ ਸਿਰਫ ਆਪਣੀ ਲੜਾਈ ਜਾਰੀ ਰੱਖੀ, ਸਗੋਂ ਪੰਜਾਬ ਦੇ ਹਜ਼ਾਰਾਂ ਹੋਰ ਪੀੜਤ ਪਰਿਵਾਰਾਂ ਲਈ ਵੀ ਉਮੀਦ ਦੀ ਲੋਅ ਜਗਾਈ।

## ਖਾੜਕੂਵਾਦ ਦਾ ਦੌਰ : ਸਰਕਾਰੀ ਝੂਠ ਦੀ ਧੁੰਦ

ਪੰਜਾਬ ਦਾ ਖਾੜਕੂਵਾਦ ਦਾ ਦੌਰ (1982-1995) ਇੱਕ ਅਜਿਹਾ ਸਮਾਂ ਸੀ, ਜਦੋਂ ਸਰਕਾਰੀ ਮਸ਼ੀਨਰੀ ਨੇ ਸਿੱਖ ਨੌਜਵਾਨਾਂ ਨੂੰ "ਖਾੜਕੂ" ਦਾ ਲੇਬਲ ਲਗਾ ਕੇ ਝੂਠੇ ਮੁਕਾਬਲਿਆਂ ਵਿੱਚ ਮਾਰਨਾ ਸੁਰੂ ਕਰ ਦਿੱਤਾ। ਮਨੁੱਖੀ ਅਧਿਕਾਰ ਸੰਗਠਨਾਂ ਦੇ ਅੰਦਾਜ਼ੇ ਮੁਤਾਬਕ, ਇਸ ਦੌਰ ਵਿੱਚ 35,000 ਤੋਂ 40,000 ਲੋਕ ਮਾਰੇ ਗਏ। ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ 2097 ਅਜਿਹੀਆਂ ਲਾਸ਼ਾਂ ਦਾ ਜ਼ਿਕਰ ਕੀਤਾ, ਜਿਨ੍ਹਾਂ ਨੂੰ ਪੁਲਿਸ ਨੇ "ਲਾਪਤਾ" ਕਹਿ ਕੇ ਸਸਕਾਰ ਕਰ ਦਿੱਤਾ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 21,700 ਮੌਤਾਂ ਦਾ ਅੰਕੜਾ ਪੇਸ਼ ਕੀਤਾ, ਪਰ ਸੱਚਾਈ ਇਹ ਹੈ ਕਿ ਮੌਤਾਂ ਦਾ ਸਹੀ ਅੰਕੜਾ ਅਜੇ ਵੀ ਸਰਕਾਰੀ ਫਾਈਲਾਂ ਦੀ ਧੁੰਦ ਵਿੱਚ ਗੁਮ ਹੈ।

ਇਸ ਦੌਰ ਵਿੱਚ ਝੂਠੇ ਮੁਕਾਬਲੇ ਪੁਲਿਸ ਦੀ ਰਣਨੀਤੀ ਦਾ ਹਿੱਸਾ ਬਣ ਗਏ। ਨੌਜਵਾਨਾਂ ਨੂੰ ਘਰਾਂ ਤੋਂ ਚੁੱਕਿਆ ਜਾਂਦਾ, ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਜਾਂਦਾ, ਅਤੇ ਫਿਰ "ਮੁਕਾਬਲੇ" ਦੀ ਕਹਾਣੀ ਘੜ ਕੇ ਮਾਰ ਦਿੱਤਾ ਜਾਂਦਾ। ਹਰਮਿੰਦਰ ਸਿੰਘ ਦਾ ਕੇਸ ਇਸੇ ਰਣਨੀਤੀ ਦੀ ਇੱਕ ਮਿਸਾਲ ਹੈ। ਪਰ ਸਵਰਨਜੀਤ ਕੌਰ ਅਤੇ ਅਜੀਤ ਸਿੰਘ ਦੀ ਜੱਦੋਜਹਿਦ ਨੇ ਸਾਬਤ ਕਰ ਦਿੱਤਾ ਕਿ ਸੱਚ ਨੂੰ ਗੋਲੀਆਂ ਨਾਲ ਵਿੰਨ੍ਹਣਾ ਸੌਖਾ ਨਹੀਂ।

# ਭਾਰਤ ਵਿਚ ਅੱਤ ਦੀ ਗਰੀਬੀ 'ਚ ਜ਼ਬਰਦਸਤ ਕਮੀ

**✪ 27 ਕਰੋੜ ਲੋਕ ਬਾਹਰ ਨਿਕਲੇ ✪ ਭਾਰਤ ਵਿਚ ਗਰੀਬੀ ਘਟੀ, 27% ਤੋਂ ਘਟ ਕੇ 5.3% ਹੋਈ ✪ 27 ਕਰੋੜ ਲੋਕ ਗਰੀਬੀ ਵਿਚੋਂ ਬਾਹਰ ਨਿਕਲੇ**

**ਨਵੀਂ ਦਿੱਲੀ**-ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ, ਭਾਰਤ 'ਚ ਅੱਤ ਦੀ ਗਰੀਬੀ ਦਰ 2011-12 ਵਿਚ 27% ਤੋਂ ਘਟ ਕੇ 2022-23 'ਵਿਚ 5.3% ਰਹਿ ਗਈ ਹੈ, ਜਿਸ ਨਾਲ 27 ਕਰੋੜ ਲੋਕ ਗਰੀਬੀ ਤੋਂ ਬਾਹਰ ਨਿਕਲੇ। ਮੋਦੀ ਸਰਕਾਰ ਦੀਆਂ ਸਰਕਾਰੀ ਪਹਿਲਾਂ, ਆਰਥਿਕ ਸੁਧਾਰਾਂ ਅਤੇ ਜ਼ਰੂਰੀ ਸੇਵਾਵਾਂ ਦੀ ਪਹੁੰਚ ਨੇ ਇਸ ਪ੍ਰਾਪਤੀ ਵਿਚ ਅਹਿਮ ਭੂਮਿਕਾ ਨਿਭਾਈ। ਰਿਪੋਰਟ ਮੁਤਾਬਕ, 2024 ਵਿਚ 5.46 ਕਰੋੜ ਲੋਕ 3 ਡਾਲਰ ਪ੍ਰਤੀ ਦਿਨ ਤੋਂ ਘੱਟ 'ਤੇ ਜੀ ਰਹੇ ਸਨ। ਮੁਫਤ ਅਨਾਜ ਅਤੇ ਰੋਜ਼ਗਾਰ ਵਾਧੇ ਨਾਲ ਦਿਹਾਤੀ-ਸ਼ਹਿਰੀ ਗਰੀਬੀ ਦਾ ਫਰਕ ਵੀ ਘਟਿਆ। ਪੰਜ ਸੂਬਿਆਂ (ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਬਿਹਾਰ, ਬੰਗਾਲ) ਨੇ ਗਰੀਬੀ ਘਟਾਉਣ ਵਿਚ ਦੋ-ਤਿਹਾਈ ਯੋਗਦਾਨ ਦਿੱਤਾ।

# 1984 ਦੇ ਸਿੱਖ ਘੱਲੂਘਾਰੇ ਵਿੱਚ ਬ੍ਰਿਟਿਸ਼ ਸਰਕਾਰ ਸੁਤੰਤਰ ਜਾਂਚ ਦੀ ਅਣਦੇਖੀ ਕਿਉਂ ਕਰ ਰਹੀ ਏ ?

## ✪ ਸਿੱਖ ਸੰਸਦ ਮੈਂਬਰਾਂ ਵਰਿੰਦਰ ਜੂਸ ਤੇ ਜਸ ਅਠਵਾਲ ਨੇ 'ਹਾਊਸ ਆਫ ਕਾਮਨਜ਼' ਵਿਚ ਇਸ ਮੁੱਦੇ ਨੂੰ ਮੁੜ ਉਠਾਇਆ



ਖਾਸ ਖਬਰ

1984 ਦਾ ਜੂਨ ਮਹੀਨਾ ਸਿੱਖ ਇਤਿਹਾਸ ਦਾ ਇੱਕ ਅਜਿਹਾ ਕਾਲਾ ਅਧਿਆਇ ਹੈ, ਜਿਸ ਦੀਆਂ ਯਾਦਾਂ ਅੱਜ ਵੀ ਸਿੱਖ ਭਾਈਚਾਰੇ ਦੇ ਦਿਲਾਂ ਵਿੱਚ ਜ਼ਖ਼ਮਾਂ ਵਾਂਗ ਤਾਜ਼ਾ ਹਨ। ਸ੍ਰੀ ਦਰਬਾਰ ਸਾਹਿਬ, ਸਿੱਖਾਂ ਦੇ ਪਵਿੱਤਰ ਅਸਥਾਨ, 'ਤੇ ਭਾਰਤੀ ਸੈਨਾ ਦੀ ਕਾਰਵਾਈ, ਜਿਸ ਨੂੰ ਭਾਰਤ ਸਰਕਾਰ ਨੇ 'ਆਪ੍ਰੇਸ਼ਨ ਬਲਿਊ ਸਟਾਰ' ਦਾ ਨਾਂ ਦਿੱਤਾ ਗਿਆ, ਨੇ ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਲਈਆਂ ਅਤੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਨੂੰ ਸਿੱਖਾਂ ਦੇ ਖੂਨ ਨਾਲ ਰੰਗਿਆ। ਪਰ ਇਸ ਦੁਖਦਾਈ ਘਟਨਾ ਦਾ ਇੱਕ ਹੋਰ ਪਹਿਲੂ, ਜੋ ਸਾਲਾਂ ਤੋਂ ਸਿੱਖ ਭਾਈਚਾਰੇ ਦੇ ਜ਼ਖ਼ਮਾਂ ਨੂੰ ਹੋਰ ਡੂੰਘਾ ਕਰ ਰਿਹਾ ਹੈ, ਉਹ ਹੈ ਬ੍ਰਿਟਿਸ਼ ਸਰਕਾਰ ਦੀ ਕਥਿਤ ਸ਼ਮੂਲੀਅਤ। 2014 ਵਿੱਚ ਜਾਰੀ ਹੋਏ ਬ੍ਰਿਟਿਸ਼ ਸਰਕਾਰੀ ਦਸਤਾਵੇਜ਼ਾਂ ਨੇ ਇੱਕ ਸੱਚ ਨੂੰ ਸਾਹਮਣੇ ਲਿਆਂਦਾ - ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਨੇ ਇਸ ਸੈਨਿਕ ਕਾਰਵਾਈ ਲਈ ਭਾਰਤ ਸਰਕਾਰ ਨੂੰ ਸਲਾਹ ਅਤੇ ਸਹਾਇਤਾ ਪ੍ਰਦਾਨ ਕੀਤੀ ਸੀ।

ਇਹ ਖੁਲਾਸਾ ਸਿੱਖ ਭਾਈਚਾਰੇ ਲਈ ਇੱਕ ਝਟਕੇ ਵਾਂਗ ਸੀ। ਜਿਸ ਸਰਕਾਰ ਨੂੰ ਨਿਰਪੱਖਤਾ ਅਤੇ ਨਿਆਂ ਦਾ ਪ੍ਰਤੀਕ ਮੰਨਿਆ ਜਾਂਦਾ ਸੀ, ਉਸ ਦੀ ਅਜਿਹੀ ਭੂਮਿਕਾ ਨੇ ਸਵਾਲ ਖੜ੍ਹੇ ਕੀਤੇ। ਕੀ ਬ੍ਰਿਟੇਨ, ਜੋ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਦਾ ਚੈਂਪੀਅਨ ਕਹਿੰਦਾ ਹੈ, ਨੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ 'ਤੇ ਹਮਲੇ ਵਿੱਚ ਹਿੱਸਾ ਲਿਆ ਸੀ? ਅਤੇ ਜੇ ਹਾਂ, ਤਾਂ ਇਸ ਸੱਚ ਨੂੰ ਸਾਹਮਣੇ ਲਿਆਉਣ ਲਈ ਬ੍ਰਿਟਿਸ਼ ਸਰਕਾਰ ਸੁਤੰਤਰ ਜਾਂਚ ਕਿਉਂ ਨਹੀਂ ਕਰਵਾਉਂਦੀ?

ਸਿੱਖ ਪੰਥ ਦੀ ਇਸ ਦੁਖਦਾਈ ਘਟਨਾ ਨੂੰ ਸਾਹਮਣੇ ਲਿਆਉਣ ਦੀ ਮੰਗ ਨਵੀਂ ਨਹੀਂ ਹੈ। ਬ੍ਰਿਟਿਸ਼ ਸੰਸਦ ਵਿੱਚ ਸਿੱਖ ਸੰਸਦ ਮੈਂਬਰਾਂ ਨੇ ਵਾਰ-ਵਾਰ ਇਸ ਮੁੱਦੇ ਨੂੰ ਉਠਾਇਆ ਹੈ। ਹਾਲ ਹੀ ਵਿੱਚ, 6 ਜੂਨ 2025 ਨੂੰ, ਵਰਿੰਦਰ ਜੂਸ (ਵੁਲਵਰਹੈਂਪਟਨ ਵੈਸਟ) ਅਤੇ ਜਸ ਅਠਵਾਲ (ਇਲਫੋਰਡ ਸਾਊਥ) ਨੇ 'ਹਾਊਸ ਆਫ ਕਾਮਨਜ਼' ਵਿੱਚ ਇਸ ਮੁੱਦੇ ਨੂੰ ਮੁੜ ਉਠਾਇਆ ਸੀ। ਉਨ੍ਹਾਂ ਨੇ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਨੂੰ ਸਦਨ ਦੀ ਨੇਤਾ ਲੂਸੀ ਪਾਵੇਲ ਦੇ ਸਾਹਮਣੇ ਰੱਖਿਆ ਅਤੇ ਸੁਤੰਤਰ ਜਾਂਚ ਦੀ ਮੰਗ ਕੀਤੀ ਸੀ। ਇਸ ਤੋਂ ਪਹਿਲਾਂ, ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਵੀ ਜਨਵਰੀ 2025 ਵਿੱਚ ਇਸ ਮੁੱਦੇ ਨੂੰ ਉਠਾਇਆ ਸੀ, ਜਿਸ ਦਾ ਜਵਾਬ ਦਿੰਦਿਆਂ ਪਾਵੇਲ ਨੇ ਭਰੋਸਾ ਦਿੱਤਾ ਸੀ ਕਿ ਮਾਮਲੇ ਦੀ "ਤਹਿ ਤੱਕ ਜਾਇਆ ਜਾਵੇਗਾ।" ਇਹ ਪਹਿਲੀ ਵਾਰ ਨਹੀਂ ਜਦੋਂ ਸਿੱਖ ਸੰਸਦ ਮੈਂਬਰਾਂ ਨੇ ਇਸ ਮੁੱਦੇ 'ਤੇ ਅਵਾਜ਼ ਉਠਾਈ ਹੋਵੇ।

2014 ਵਿੱਚ ਜਦੋਂ ਦਸਤਾਵੇਜ਼ ਜਾਰੀ ਹੋਏ, ਤਾਂ ਸਿੱਖ ਫੈਡਰੇਸ਼ਨ (ਯੂਕੇ) ਅਤੇ ਹੋਰ ਸਿੱਖ ਸੰਗਠਨਾਂ ਨੇ ਵੀ ਇਸ ਮੁੱਦੇ ਨੂੰ ਜਨਤਕ ਕੀਤਾ ਸੀ। ਸਿੱਖ ਭਾਈਚਾਰੇ ਦੀਆਂ ਸੰਸਥਾਵਾਂ, ਜਿਵੇਂ ਕਿ ਸਿੱਖ ਕੌਂਸਲ ਯੂਕੇ ਅਤੇ ਸਿੱਖ ਫੈਡਰੇਸ਼ਨ, ਨੇ ਲਗਾਤਾਰ ਇਸ ਮੁੱਦੇ 'ਤੇ ਸੁਤੰਤਰ ਜਾਂਚ ਦੀ ਮੰਗ ਕੀਤੀ ਹੈ। ਇਨ੍ਹਾਂ ਰਾਜਨੀਤਕ ਅਤੇ ਸਮਾਜਿਕ ਸੰਗਠਨਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਬ੍ਰਿਟਿਸ਼ ਸਰਕਾਰ ਦੀ ਚੁੱਪੀ ਅਤੇ ਅਣਗਹਿਲੀ ਨੇ ਸਿੱਖ ਭਾਈਚਾਰੇ ਦੇ ਜ਼ਖ਼ਮਾਂ ਨੂੰ ਹੋਰ ਗੰਭੀਰ ਕੀਤਾ ਹੈ।

ਬ੍ਰਿਟਿਸ਼ ਸਰਕਾਰ ਦੀ ਚੁੱਪੀ ਅਤੇ ਸੁਤੰਤਰ ਜਾਂਚ ਨੂੰ ਟਾਲਣ ਦੀ ਨੀਤੀ ਦੇ ਪਿੱਛੇ ਕਈ ਸੰਭਾਵਿਤ ਕਾਰਨ ਹੋ ਸਕਦੇ ਹਨ। ਪਹਿਲਾਂ, ਇਹ ਮਾਮਲਾ 1984 ਦਾ ਹੈ, ਅਤੇ ਇਸ ਦੇ ਸਾਰੇ ਸਬੂਤਾਂ ਨੂੰ ਜਨਤਕ ਕਰਨਾ ਸੰਭਵ ਤੌਰ 'ਤੇ ਬ੍ਰਿਟਿਸ਼ ਸਰਕਾਰ ਦੀ ਅੰਤਰਰਾਸ਼ਟਰੀ ਸਾਖ ਨੂੰ ਨੁਕਸਾਨ ਪਹੁੰਚਾ ਸਕਦਾ ਹੈ। 1984 ਵਿੱਚ ਭਾਰਤ ਨਾਲ ਬ੍ਰਿਟੇਨ ਦੇ ਰਾਜਨੀਤਕ ਅਤੇ ਵਪਾਰਕ ਸਬੰਧ ਮਜ਼ਬੂਤ ਸਨ, ਅਤੇ ਅਜਿਹੀ ਸਹਾਇਤਾ ਪ੍ਰਦਾਨ ਕਰਨਾ ਸ਼ਾਇਦ ਉਸ ਸਮੇਂ ਦੀ ਰਾਜਨੀਤਕ ਰਣਨੀਤੀ ਦਾ ਹਿੱਸਾ ਸੀ। ਪਰ ਅੱਜ, ਜਦੋਂ ਸਿੱਖ ਭਾਈਚਾਰਾ ਇਸ ਸੱਚ ਨੂੰ ਸਾਹਮਣੇ ਲਿਆਉਣ ਦੀ ਮੰਗ ਕਰ ਰਿਹਾ ਹੈ, ਤਾਂ ਸਰਕਾਰ ਸ਼ਾਇਦ ਆਪਣੀ ਇਤਿਹਾਸਕ ਗਲਤੀ ਨੂੰ ਸਵੀਕਾਰ ਕਰਨ ਤੋਂ ਝਿਜਕ ਰਹੀ ਹੈ। ਦੂਜਾ, ਬ੍ਰਿਟਿਸ਼ ਸਰਕਾਰ ਦੀ ਚੁੱਪੀ ਦਾ ਇੱਕ ਕਾਰਨ ਭਾਰਤ ਨਾਲ ਮੌਜੂਦਾ ਸਬੰਧ ਵੀ ਹੋ ਸਕਦੇ ਹਨ। ਭਾਰਤ ਅੱਜ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧਦੀ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ, ਅਤੇ ਬ੍ਰਿਟੇਨ ਦੇ ਨਾਲ ਇਸ ਦੇ ਵਪਾਰਕ ਅਤੇ ਰਾਜਨੀਤਕ ਸਬੰਧ ਕਾਫੀ ਮਹੱਤਵਪੂਰਨ ਹਨ। ਅਜਿਹੇ ਵਿੱਚ, ਸੁਤੰਤਰ ਜਾਂਚ ਦੀ ਮੰਗ ਨੂੰ ਸਵੀਕਾਰ ਕਰਨਾ ਭਾਰਤ-ਬ੍ਰਿਟੇਨ ਸਬੰਧਾਂ 'ਤੇ ਅਸਰ ਪਾ ਸਕਦਾ ਹੈ। ਇਸ ਤੋਂ ਇਲਾਵਾ, ਸਰਕਾਰ ਸ਼ਾਇਦ ਸਿੱਖ ਭਾਈਚਾਰੇ ਦੀਆਂ ਮੰਗਾਂ ਨੂੰ "ਘੱਟ ਮਹੱਤਵਪੂਰਨ" ਸਮਝਦੀ ਹੋਵੇ, ਜੋ ਕਿ ਇੱਕ ਨਸਲੀ ਅਤੇ ਧਾਰਮਕ ਘੱਟਗਿਣਤੀ ਦੀ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਦਾ ਸੰਕੇਤ ਹੈ।

### ਅੰਗਰੇਜ਼ੀ ਅਖਬਾਰਾਂ ਵਿੱਚ ਸਿੱਖ ਘਲੂਘਾਰੇ ਦੀ ਗੂੰਜ

ਇੰਗਲੈਂਡ ਦੀਆਂ ਅੰਗਰੇਜ਼ੀ ਅਖਬਾਰਾਂ, ਜਿਵੇਂ ਕਿ ਦਾ ਗਾਰਡੀਅਨ, ਦਾ ਇਕਨਾਮਿਕ ਟਾਈਮਜ, ਨੇ 2014 ਵਿੱਚ ਜਦੋਂ ਬ੍ਰਿਟਿਸ਼ ਸਰਕਾਰ ਦੇ 30-ਸਾਲਾ ਗੁਪਤ ਦਸਤਾਵੇਜ਼ ਜਨਤਕ ਹੋਏ, ਤਾਂ ਇਸ ਮੁੱਦੇ ਨੂੰ ਵਿਸਥਾਰ ਨਾਲ ਉਠਾਇਆ। ਦਾ ਗਾਰਡੀਅਨ ਨੇ 29 ਅਕਤੂਬਰ 2017 ਨੂੰ ਇੱਕ ਰਿਪੋਰਟ ਵਿੱਚ ਦੱਸਿਆ ਕਿ ਬ੍ਰਿਟਿਸ਼ ਸਰਕਾਰ ਨੇ ਜੂਨ 84 ਦੇ ਘਲਘਾਰੇ ਦੀ ਯੋਜਨਾਬੰਦੀ ਵਿੱਚ ਸਹਾਇਤਾ ਕੀਤੀ ਸੀ, ਅਤੇ ਸਿੱਖ ਭਾਈਚਾਰੇ ਵੱਲੋਂ ਸੁਤੰਤਰ ਜਾਂਚ ਦੀ ਮੰਗ ਨੂੰ ਉਜਾਗਰ ਕੀਤਾ। ਦਾ ਇਕਨਾਮਿਕ ਟਾਈਮਜ (13 ਜੂਨ 2018) ਨੇ ਵੀ ਇੱਕ ਬ੍ਰਿਟਿਸ਼ ਅਦਾਲਤ ਦੇ ਫੈਸਲੇ ਦਾ ਜ਼ਿਕਰ ਕੀਤਾ, ਜਿਸ ਨੇ 1983-1985 ਦੇ ਸਮੇਂ ਦੇ ਦਸਤਾਵੇਜ਼ ਜਨਤਕ ਕਰਨ ਦਾ ਹੁਕਮ ਦਿੱਤਾ, ਜਿਨ੍ਹਾਂ ਵਿੱਚ ਇੰਦਰਾ ਗਾਂਧੀ ਅਤੇ ਥੈਚਰ ਦੀ ਸਰਕਾਰ ਦਰਮਿਆਨ ਸੰਪਰਕ ਦੀ ਜਾਣਕਾਰੀ ਸੀ। ਇਨ੍ਹਾਂ ਅਖਬਾਰਾਂ ਨੇ ਸਪੱਸ਼ਟ ਕੀਤਾ ਕਿ ਫਰਵਰੀ 1984 ਵਿੱਚ ਇੱਕ ਬ੍ਰਿਟਿਸ਼ ਐਸਏਐਸ ਅਧਿਕਾਰੀ ਨੂੰ ਭਾਰਤ ਭੇਜਿਆ ਗਿਆ ਸੀ, ਜਿਸ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਸਿੱਖ ਖਾੜਕੂਆਂ ਨੂੰ ਹਟਾਉਣ ਦੀ ਯੋਜਨਾ ਤਿਆਰ ਕਰਨ ਵਿੱਚ ਮਦਦ ਕੀਤੀ। ਦਾ ਗਾਰਡੀਅਨ ਨੇ ਇਹ ਵੀ ਦੱਸਿਆ ਕਿ ਇਸ ਸਹਾਇਤਾ ਨੂੰ ਗੁਪਤ ਰੱਖਣ ਦੀ ਸ਼ਰਤ ਸੀ, ਕਿਉਂਕਿ ਇਸ ਦੇ ਜਨਤਕ ਹੋਣ ਨਾਲ ਬ੍ਰਿਟੇਨ ਵਿੱਚ ਸਿੱਖ ਭਾਈਚਾਰੇ ਵਿੱਚ ਰੋਹ ਪੈਦਾ ਹੋ ਸਕਦਾ ਸੀ।

### ਸੁਤੰਤਰ ਜਾਂਚ ਦੀ ਜ਼ਰੂਰਤ ਅਤੇ ਸਿੱਖ ਭਾਈਚਾਰੇ ਦਾ ਸੰਘਰਸ਼

ਸੁਤੰਤਰ ਜਾਂਚ ਦੀ ਮੰਗ ਸਿਰਫ਼ ਸਿੱਖ ਭਾਈਚਾਰੇ ਦੀ ਪੁਕਾਰ ਨਹੀਂ, ਸਗੋਂ ਨਿਆਂ ਅਤੇ ਸੱਚਾਈ ਦੀ ਲੜਾਈ ਹੈ। 1984 ਦੇ ਘੱਲੂਘਾਰੇ ਦੀ ਸੱਚਾਈ ਨੂੰ ਸਾਹਮਣੇ ਲਿਆਉਣ ਲਈ ਸੁਤੰਤਰ ਜਾਂਚ ਨਾ ਸਿਰਫ਼ ਸਿੱਖ ਭਾਈਚਾਰੇ ਦੇ ਜ਼ਖ਼ਮਾਂ ਨੂੰ ਮਰਹਮ ਲਗਾਏਗੀ, ਸਗੋਂ ਇਹ ਵੀ ਸੁਨਿਸ਼ਚਿਤ ਕਰੇਗੀ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਮੁੜਕੇ ਨਾ ਵਾਪਰਨ। ਬ੍ਰਿਟਿਸ਼ ਸਰਕਾਰ ਦੀ ਚੁੱਪੀ ਸਿੱਖ ਭਾਈਚਾਰੇ ਦੇ ਨਿਆਂ ਦੇ ਅਧਿਕਾਰ ਨੂੰ ਖੋਹਣ ਦੀ ਕੋਸ਼ਿਸ਼ ਹੈ।ਸਿੱਖ ਭਾਈਚਾਰੇ ਦਾ ਸੰਘਰਸ਼ ਸਿਰਫ਼ ਬ੍ਰਿਟੇਨ ਤੱਕ ਸੀਮਿਤ ਨਹੀਂ ਹੈ। ਕੈਨੇਡਾ, ਅਮਰੀਕਾ, ਅਤੇ ਆਸਟਰੇਲੀਆ ਵਰਗੇ ਦੇਸ਼ਾਂ ਵਿੱਚ ਵੀ ਸਿੱਖ ਸੰਗਠਨ ਅਤੇ ਰਾਜਨੀਤਕ ਨੇਤਾ ਇਸ ਮੁੱਦੇ ਨੂੰ ਜਨਤਕ ਪਲੇਟਫਾਰਮਾਂ 'ਤੇ ਉਠਾ ਰਹੇ ਹਨ। ਪਰ ਬ੍ਰਿਟਿਸ਼ ਸਰਕਾਰ ਦੀ ਅਣਗਹਿਲੀ ਨੇ ਸਿੱਖ ਭਾਈਚਾਰੇ ਦੇ ਸੰਘਰਸ਼ ਨੂੰ ਹੋਰ ਜਟਿਲ ਬਣਾ ਦਿੱਤਾ ਹੈ।

1984 ਦੇ ਘੱਲੂਘਾਰੇ ਵਿੱਚ ਬ੍ਰਿਟਿਸ਼ ਸਰਕਾਰ ਦੀ ਕਥਿਤ ਸ਼ਮੂਲੀਅਤ ਦਾ ਮੁੱਦਾ ਸਿਰਫ਼ ਸਿੱਖ ਭਾਈਚਾਰੇ ਦਾ ਨਹੀਂ, ਸਗੋਂ ਸਮੁੱਚੇ ਮਨੁੱਖੀ ਅਧਿਕਾਰਾਂ ਦੀ ਲੜਾਈ ਦਾ ਮੁੱਦਾ ਹੈ। ਸੁਤੰਤਰ ਜਾਂਚ ਦੀ ਮੰਗ ਨੂੰ ਸਵੀਕਾਰ ਕਰਕੇ ਬ੍ਰਿਟਿਸ਼ ਸਰਕਾਰ ਨਾ ਸਿਰਫ਼ ਸਿੱਖ ਭਾਈਚਾਰੇ ਨੂੰ ਨਿਆਂ ਦੇ ਸਕਦੀ ਹੈ, ਸਗੋਂ ਇਹ ਵੀ ਸਾਬਤ ਕਰ ਸਕਦੀ ਹੈ ਕਿ ਉਹ ਮਨੁੱਖੀ ਅਧਿਕਾਰਾਂ ਅਤੇ ਸੱਚਾਈ ਦੇ ਪੱਖ ਵਿੱਚ ਹੈ। ਪਰ ਸਰਕਾਰ ਦੀ ਚੁੱਪੀ ਅਤੇ ਅਣਗਹਿਲੀ ਸਿੱਖ ਭਾਈਚਾਰੇ ਦੇ ਜ਼ਖ਼ਮਾਂ ਨੂੰ ਹੋਰ ਗੰਭੀਰ ਕਰ ਰਹੀ ਹੈ।

## ਦਮਦਮੀ ਟਕਸਾਲ ਨੇ ਧਾਮੀ ਦੇ ਭਰੋਸੇ ਕਾਰਣ ਸੁਖਬੀਰ ਖ਼ਿਲਾਫ਼ ਧਰਨਾ ਕੀਤਾ ਮੁਲਤਵੀ

ਅੰਮ੍ਰਿਤਸਰ-ਦਮਦਮੀ ਟਕਸਾਲ ਨੇ 11 ਜੂਨ ਨੂੰ ਪਿੰਡ ਬਾਦਲ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ ਅੱਗੇ ਦਿੱਤਾ ਜਾਣ ਵਾਲਾ ਧਰਨਾ ਫਿਲਹਾਲ ਮੁਲਤਵੀ ਕਰਨ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਦਮਦਮੀ ਟਕਸਾਲ ਤੇ ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਰਮਿਆਨ ਮੁੜ ਹੋਈ ਮੀਟਿੰਗ ਮਗਰੋਂ ਲਿਆ ਗਿਆ। ਬਾਅਦ ਦੁਪਹਿਰ ਹੋਈ ਮੀਟਿੰਗ ਵਿੱਚ ਐਡਵੋਕੇਟ ਧਾਮੀ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ, ਜਦੋਂਕਿ ਦੂਜੇ ਪਾਸੇ ਦਮਦਮੀ ਟਕਸਾਲ ਦੇ ਮੁਖੀ ਤੇ ਉਨ੍ਹਾਂ ਦੇ ਹੋਰ ਸਮਰਥਕ ਸ਼ਾਮਲ ਸਨ। ਮੀਟਿੰਗ ਮਗਰੋਂ ਟਕਸਾਲ ਦੇ ਬੁਲਾਰੇ ਨੇ ਬਾਬਾ ਹਰਨਾਮ ਸਿੰਘ ਖਾਲਸਾ ਦੇ ਹਵਾਲੇ ਨਾਲ ਦੱਸਿਆ ਕਿ ਸੁਖਬੀਰ ਬਾਦਲ ਦੀ ਰਿਹਾਇਸ਼ ਅੱਗੇ ਦਿੱਤਾ ਜਾਣ ਵਾਲਾ ਧਰਨਾ ਫਿਲਹਾਲ ਮੁਲਤਵੀ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਦਰਮਿਆਨ ਹੋਈ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਦਮਦਮੀ ਟਕਸਾਲ ਨੂੰ ਭਰੋਸਾ ਦਿੱਤਾ ਗਿਆ ਹੈ ਕਿ ਹਟਾਏ ਗਏ ਜਥੇਦਾਰਾਂ ਨੂੰ ਬਹਾਲ ਕਰਨ ਦੀ ਮੰਗ ਦੇ ਮਾਮਲੇ ਬਾਰੇ ਜਲਦੀ ਹੀ ਫ਼ੈਸਲਾ ਲਿਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਜਥੇਦਾਰਾਂ ਨੂੰ ਹਟਾਉਣ ਤੇ ਨਿਯੁਕਤੀ ਦੇ ਫੈਸਲੇ ਦਾ ਦਮਦਮੀ ਟਕਸਾਲ ਵੱਲੋਂ ਵਿਰੋਧ ਕੀਤਾ ਗਿਆ ਸੀ

# ਅਮਰੀਕੀ ਸਦਨ ਵਿੱਚ ਅਰਦਾਸ ਕਰਨ ਲਈ ਸੱਦੇ ਸਿੱਖ ਗਰੰਥੀ ਨੂੰ ਮੁਸਲਮਾਨ ਸਮਝ ਕੇ ਸਾਂਸੰਦ ਮਿਲਰ ਨੇ ਕੀਤਾ ਵਿਰੋਧ * ਚਾਰੇ ਪਾਸਿਉਂ ਨਿੰਦਾ ਹੋਣ 'ਤੇ ਪੋਸਟ ਹਟਾਈ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸਾਂਸੰਦ ਮੈਰੀ ਮਿਲਰ ਵੱਲੋਂ ਇਕ ਸਿੱਖ ਗਰੰਥੀ ਜਿਸ ਨੂੰ ਹਾਲ ਹੀ ਵਿਚ ਕਾਂਗਰਸ ਸਦਨ ਵਿਚ ਅਰਦਾਸ ਕਰਨ ਲਈ ਸੱਦਿਆ ਗਿਆ ਸੀ, ਨੂੰ ਮੁਸਲਮਾਨ ਸਮਝ ਕੇ ਉਸ ਦਾ ਵਿਰੋਧ ਕੀਤਾ ਗਿਆ। ਮੈਰੀ ਮਿਲਰ ਨੇ ਪਾਈ ਇਕ ਪੋਸਟ ਵਿਚ ਲਿਖਿਆ ਕਿ ਅਮਰੀਕੀ ਸੰਸਦ ਵਿਚ ਇਕ ਮੌਲਵੀ ਦਾ ਕੀ ਕੰਮ ਹੈ ਮੈ ਇਸ ਦੀ ਨਿੰਦਾ ਕਰਦੀ ਹਾਂ।

ਇਸ ਪੋਸਟ ਤੋਂ ਬਾਅਦ ਰਿਪਬਲੀਕਨ ਤੇ ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਮਿਲਰ ਦੀ ਰਜ ਕੇ ਨਿੰਦਾ ਕੀਤੀ ਜਿਸ ਤੋਂ ਬਾਅਦ ਮਿਲਰ ਨੇ ਪਹਿਲਾਂ ਪੋਸਟ ਵਿਚ ਮੁਸਲਮਾਨ ਦੀ ਜਗਾ ਸਿੱਖ ਸ਼ਬਦ ਲਿੱਖ ਦਿੱਤਾ ਤੇ ਬਾਅਦ ਵਿਚ ਪੂਰੀ ਪੋਸਟ ਹਟਾ ਦਿੱਤੀ। ਦੱਖਣੀ ਨਿਊ ਜਰਸੀ ਤੋਂ ਗਿਆਨੀ ਸਿੰਘ ਗਰੰਥੀ ਨੂੰ ਸਦਨ ਦੇ ਸੈਸ਼ਨ ਦੀ ਸ਼ੁਰੂਆਤ ਕਰਨ ਲਈ ਅਰਦਾਸ ਕਰਨ ਵਾਸਤੇ ਸੱਦਿਆ ਗਿਆ ਸੀ।

ਤੋਂ ਬਾਅਦ ਮਿਲਰ ਨੇ ਐਕਸ ਉਪਰ ਲਿੱਖਿਆ "ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ ਕਿ ਅੱਜ ਸਵੇਰੇ ਇਕ ਮੁਸਲਮਾਨ ਦੀ ਇਜਾਜ਼ਤ ਦਿੱਤੀ ਗਈ।" ਮਿਲਰ ਦੇ ਦਫਤਰ ਨੇ ਇਸ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਹੈ। ਪ੍ਰਤੀਨਿੱਧ ਜੈਫ ਵੈਨ ਡਰੀਊ ਜਿਸ ਨੇ ਗਿਆਨੀ ਸਿੰਘ ਨੂੰ ਅਰਦਾਸ ਲਈ ਸੱਦਿਆ ਸੀ, ਨੇ ਮਿਲਰ ਦੀ ਪੋਸਟ ਦਾ ਜਬਰਦਸਤ ਵਿਰੋਧ ਕਰਦੇ ਹੋਏ ਕਿਹਾ ਕਿ ਇਕ ਕੈਥੋਲਿਕ ਹੋਣ ਵਜੋਂ ਮੈ ਆਪਣੇ ਵਿਸ਼ਵਾਸ਼ ਨੂੰ ਗੰਭੀਰਤਾ ਨਾਲ ਲੈਂਦਾ ਹਾਂ ਪਰੰਤੂ ਇਕ ਅਮਰੀਕੀ ਨਾਗਰਿਕ ਹੋਣ ਦੇ ਨਾਤੇ ਦੂਸਰੇ ਧਰਮਾਂ ਦਾ ਵੀ ਸਤਿਕਾਰ ਕਰਦਾ ਹਾਂ।



ਗਿਆਨੀ ਸਿੰਘ

# ਕੈਲੀਫੋਰਨੀਆ ਵਿਚ ਝੜਪਾਂ ਤੇ ਤਨਾਅ ਦਰਮਿਆਨ 700 ਸੈਨਿਕ ਭੇਜਣ ਦੀ ਤਿਆਰੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਲਾਸ ਏਂਜਲਸ ਵਿਚ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਨੂੰ ਲੈ ਕੇ ਤਨਾਅ ਤੇ ਝੜਪਾਂ ਦਰਮਿਆਨ ਸੰਘੀ ਅਧਿਕਾਰੀਆਂ ਵੱਲੋਂ 700 ਨੌ ਸੈਨਿਕ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ ਜੋ ਸ਼ਾਂਤੀ ਕਾਇਮ ਕਰਨ ਲਈ ਨੈਸ਼ਨਲ ਗਾਰਡਾਂ ਦੀ ਮੱਦਦ ਕਰਨਗੇ ਦੂਸਰੇ ਪਾਸੇ ਰਾਜ ਦੇ ਅਧਿਕਾਰੀਆਂ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਗਵਰਨਰ ਗੈਵਿਨ ਨਿਊਸੋਮ ਦੀ ਅਥਾਰਿਟੀ ਨੂੰ ਕੁਚਲ ਦਿੱਤਾ ਗਿਆ ਹੈ ਜਿਸ ਨੂੰ ਉਹ ਅਦਾਲਤ ਵਿਚ ਚੁਣੌਤੀ ਦੇਣਗੇ।

ਨਿਊਸੋਮ ਨੇ ਨੌ ਸੈਨਿਕ ਭੇਜਣ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ " ਅਮੀਰੀਕ ਨੌ ਸੈਨਿਕਾਂ ਨੇ ਲੋਕਤੰਤਰ ਦੀ ਰਾਖੀ ਲਈ ਬਹੁਤ ਵਾਰ ਲੜਾਈਆਂ ਲੜੀਆਂ ਹਨ, ਉਹ ਸਾਡੇ ਹੀਰੋ ਹਨ, ਉਨਾਂ ਨੂੰ ਆਪਣੇ ਦੇਸ਼ ਦੀ ਧਰਤੀ ਉਪਰ ਤਾਇਨ-ਾਤ ਨਾ ਕੀਤਾ ਜਾਵੇ ਜਿਥੇ ਉਨਾਂ ਨੂੰ ਇਕ ਉਲਝੇ ਹੋਏ ਤਾਨਾਸ਼ਾਹ ਰਾਸ਼ਟਰਪਤੀ ਦੀ ਇੱਛਾ ਪੂਰੀ ਕਰਨ ਲਈ ਆਪਣੇ ਹੀ ਦੇਸ਼ ਦੇ ਨਾਗਿਰਕਾਂ ਨਾਲ ਲੜਨਾ ਪਵੇਗਾ। ਰੱਖਿਆ ਸਕੱਤਰ ਪੇਟੇ ਹੈਗਸੇਠ ਨੇ ਕਿਹਾ ਹੈ ਕਿ ਸੰਘੀ ਲਾਅ ਇਨਫੋਰਸਮੈਂਟ ਅਫਸਰਾਂ ਤੇ ਸੰਘੀ ਇਮਾਰਤਾਂ ਨੂੰ ਵਧੇ ਖਤਰੇ ਦੇ ਮੱਦੇਨਜਰ 700 ਦੇ ਕਰੀਬ ਨੌ ਸੈਨਿਕ ਲਾਸ ਏਂਜਲਸ ਵਿਚ ਤਾਇਨਾਤ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਲਾਅ ਇਨਫੋਰਸਮੈਂਟ ਅਫਸਰਾਂ ਦੀ ਸਹਾਇਤਾ ਕਰਨਾ ਸਾਡੀ ਜਿੰਮੇਵਾਰੀ ਹੈ ਪਰੰਤੂ ਗੈਵਿਨ ਨਿਊਸੋਮ ਅਜਿਹਾ ਨਹੀਂ ਚਹੁੰਦੇ। "ਇਸੇ ਦੌਰਾਨ ਟਰੰਪ ਨੇ ਸੋਸ਼ਲ ਮੀਡੀਆ ਉਪਰ ਲਿੱਖਿਆ ਹੈ " ਲਾਸ ਏਂਜਲਸ ਨੂੰ ਪਰਵਾਸੀਆਂ ਦੇ ਹਮਲੇ ਤੋਂ ਆਜ਼ਾਦ ਕਰਵਾਓ ਤੇ ਪ੍ਰਵਾਸੀਆਂ ਦੇ ਦੰਗਿਆਂ ਨੂੰ ਰੋਕੋ।

ਕਾਨੂੰਨ ਵਿਵਸਥਾ ਬਹਾਲ ਕਰ ਦਿੱਤੀ ਜਾਵੇਗੀ ਤੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਜਾਵੇਗਾ ਤੇ ਲਾਸ ਏਂਜਲਸ ਆਜ਼ਾਦ ਹੋ ਜਾਵੇਗਾ।"

# ਨੈਸ਼ਨਲ ਗਾਰਡ ਤਾਇਨਾਤ ਕਰਨਾ ਤਾਨਾਸ਼ਾਹੀ ਕਾਰਵਾਈ, ਪ੍ਰਭੂਸੱਤਾ ਦੀ ਉਲੰਘਣਾ-ਗਵਰਨਰ

## * ਲਿਖੇ ਪੱਤਰ ਵਿੱਚ ਕੈਲੀਫੋਰਨੀਆ ਦਾ ਕੰਟਰੋਲ ਵਾਪਿਸ ਕਰਨ ਲਈ ਕਿਹਾ



ਡਾਊਨ ਟਾਊਨ ਲਾਸ ਏਂਜਲਸ ਵਿਚ ਮੈਟਰੋਪੋਲੀਟਨ ਡੀਟੈਨਸ਼ਨ ਸੈਂਟਰ ਦੇ ਬਾਹਰ ਇਕੱਤਰ ਹੋਏ ਪ੍ਰਦਰਸ਼ਨਕਾਰੀਆਂ ਵਿਰੁੱਧ ਕਾਰਵਾਈ ਲਈ ਤਿਆਰ ਖੜੇ ਨੈਸ਼ਨਲ ਗਾਰਡ ਤੇ ਪ੍ਰਦਰਸ਼ਨਕਾਰੀਆਂ ਨਾਲ ਝੜਪਾਂ ਦਾ ਇਕ ਦ੍ਰਿਸ਼

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ 'ਤੇ ਲਾਸ ਏਂਜਲਸ ਵਿਚ ਨੈਸ਼ਨਲ ਗਾਰਡ ਪੁਜ ਗਏ ਹਨ ਜਦ ਕਿ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਦਾ ਵਿਰੋਧ ਨਿਰੰਤਰ ਜਾਰੀ ਹੈ। ਪ੍ਰਦਰਸ਼ਨਕਾਰੀਆਂ ਤੇ ਲਾਅ ਇਨਫੋਰਸਮੈਂਟ ਏਜੰਸੀਆਂ ਦੇ ਜਵਾਨਾਂ ਵਿਚਾਲੇ ਤਾਜਾ ਝੜਪਾਂ ਹੋਣ ਦੀਆਂ ਖਬਰਾਂ ਹਨ। ਲਾਸ ਏਂਜਲਸ ਦੀ ਮੇਅਰ ਕਾਰੇਨ ਬਾਸ ਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਵੱਲੋਂ ਪ੍ਰਗਟਾਏ ਤਿੱਖੇ ਪ੍ਰਤੀਕਰਮ ਦੇ ਬਾਵਜੂਦ ਟਰੰਪ ਨੇ ਲਾਸ ਏਂਜਲਸ ਵਿਚ 2000 ਨੈਸ਼ਨਲ ਗਾਰਡ ਤਾਇਨਾਤ ਕਰਨ ਦਾ ਆਦੇਸ਼ ਦਿੱਤਾ ਹੈ। ਯੂ ਐਸ ਨਾਰਦਰਨ ਕਮਾਂਡ ਨੇ ਕਿਹਾ ਹੈ ਕਿ ਸੰਘੀ ਜਾਇਦਾਦ ਦੀ ਰਾਖੀ ਲਈ ਲਾਸ ਏਂਜਲਸ ਦੇ 3 ਸਥਾਨਾਂ 'ਤੇ ਨੈਸ਼ਨਲ ਗਾਰਡ ਤਾਇਨਾਤ ਕੀਤੇ ਗਏ ਹਨ। ਨਿਊਸੋਮ ਨੇ ਟਰੰਪ ਦੁਆਰਾ ਨੈਸ਼ਨਲ ਗਾਰਡ ਤਾਇਨਾਤ ਕੀਤੇ ਜਾਣ ਨੂੰ ਤਾਨਾਸ਼ਾਹੀ ਕਾਰਵਾਈ ਕਿਹਾ ਹੈ। ਗਵਰਨਰ ਨੇ ਲਿਖੇ ਇਕ ਪੱਤਰ ਵਿਚ ਫੌਜ ਦੀ ਤਾਇਨਾਤੀ ਨੂੰ ਗੈਰ ਕਾਨੂੰਨੀ ਕਰਾਰ ਦਿੰਦਿਆਂ ਟਰੰਪ ਪ੍ਰਸ਼ਾਸਨ ਕੋਲੋਂ ਇਸ ਸਬੰਧੀ ਜਾਰੀ ਆਦੇਸ਼ ਵਾਪਿਸ ਲੈਣ ਦੀ ਮੰਗ ਕੀਤੀ ਹੈ। ਗਵਰਨਰ ਨੇ ਕਿਹਾ ਹੈ ਕਿ ਟਰੰਪ ਦਾ ਨਿਰਨਾ ਰਾਜ ਦੀ ਪ੍ਰਭੂਸੱਤਾ ਦੀ ਗੰਭੀਰ ਉਲੰਘਣਾ ਹੈ। ਉਨਾਂ ਨੇ ਮੰਗ ਕੀਤੀ ਹੈ ਕਿ ਨਿਯੰਤਰਣ ਕੈਲੀਫੋਰਨੀਆ ਨੂੰ ਵਾਪਿਸ ਕੀਤਾ ਜਾਵੇ।

ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਦਾ ਵਿਰੋਧ ਕਰਨ ਲਈ ਡਾਊਨ ਟਾਊਨ ਲਾਸ ਏਂਜਲਸ ਵਿਚ ਸੈਂਕੜੇ ਲੋਕ ਇੱਕਠੇ ਹੋਏ ਤੇ ਉਨਾਂ ਨੇ ਟਰੰਪ ਪ੍ਰਸ਼ਾਸਨ ਵਿਰੁੱਧ ਨਾਅਰੇਬਾਜੀ ਕੀਤੀ। ਲਾਸ ਏਂਜਲਸ ਪੁਲਿਸ ਵਿਭਾਗ ਨੇ ਪਾਈ ਇਕ ਸੋਸ਼ਲ ਪੋਸਟ ਵਿਚ ਕਿਹਾ ਹੈ ਕਿ ਹਰ ਇਕ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਹੱਕ ਹੈ ਪਰੰਤੂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਜਾਂ ਅਫਸਰਾਂ ਉਪਰ ਹਮਲਾ ਕਰਨਾ ਸਹਿਣ ਨਹੀਂ ਕੀਤਾ ਜਾਵੇਗਾ।

# 'ਆਪ' ਵਿਧਾਇਕ ਰਮਨ ਅਰੋੜਾ ਦੀ ਕਾਲੇ ਧਨ ਨੂੰ ਸਫੈਦ ਕਰਨ ਦੀ ਖੇਡ ਬੇਨਕਾਬ

## ○ ਜਲੰਧਰ ਵਿਚ ਜਾਅਲੀ ਕੰਪਨੀ ਰਾਹੀਂ ਵਿਧਾਇਕ ਦੇ ਰਿਸ਼ਤੇਦਾਰ ਦਾ ਕਾਰੋਬਾਰ 12 ਕਰੋੜ ਤਕ

ਜਲੰਧਰ-ਜਲੰਧਰ ਦੇ ਵਿਧਾਇਕ ਰਮਨ ਅਰੋੜਾ ਦੀ ਕਾਲੇ ਧਨ ਨੂੰ ਸਫੈਦ ਕਰਨ ਦੀ ਖੇਡ ਸਾਹਮਣੇ ਆਈ ਹੈ। ਵਿਜੀਲੈਂਸ ਨੇ ਖੁਲਾਸਾ ਕੀਤਾ ਕਿ ਰਮਨ ਨੇ ਆਪਣੇ ਰਿਸ਼ਤੇਦਾਰ (ਜਗਦੰਬੇ ਫੈਸ਼ਨ ਹਾਊਸ ਦੇ ਮਾਲਕ) ਨਾਲ ਮਿਲ ਕੇ ਸੂਰਤ ਵਿਚ ਜਾਅਲੀ ਕੰਪਨੀ ਖੋਲ੍ਹੀ ਸੀ। ਇਹ ਸੂਟ ਜਲੰਧਰ ਵਿਚ ਕਿਰਾਏ ਦੀ ਫੈਕਟਰੀ ਵਿਚ ਬਣਦੇ ਸਨ ਤੇ ਸੂਰਤ ਦੀ ਜਾਅਲੀ ਕੰਪਨੀ ਦੇ ਟੈਗ ਲਾ ਕੇ ਵੇਚੇ ਜਾਂਦੇ ਸਨ। ਇਸ ਨਾਲ ਕਾਲਾ ਧਨ ਬੈਂਕਾਂ ਵਿਚ ਟਰਾਂਸਫਰ ਕਰਕੇ ਸਫੈਦ ਕੀਤਾ ਜਾਂਦਾ ਸੀ। 2 ਸਾਲਾਂ ਵਿਚ ਰਿਸ਼ਤੇਦਾਰ ਦਾ ਕਾਰੋਬਾਰ ਲੱਖਾਂ ਤੋਂ 12 ਕਰੋੜ ਤਕ ਪਹੁੰਚ ਗਿਆ। ਵਿਧਾਇਕ ਨੇ 80 ਮਰਲੇ ਜ਼ਮੀਨ ਤੇ ਕਰੋੜਾਂ ਦਾ ਪਲਾਟ ਵੀ ਖਰੀਦਿਆ। ਵਿਜੀਲੈਂਸ ਨੇ ਸਬੂਤ ਇਕੱਠੇ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਰਮਨ ਦਾ ਰਿਸ਼ਤੇਦਾਰ ਰਾਜੂ ਮਦਾਨ ਫਰਾਰ ਹੈ, ਜਿਸ ਦੀ ਭਾਲ ਵਿਚ ਛਾਪੇਮਾਰੀ ਜਾਰੀ ਐ। ਫੁੱਟਬਾਲ ਚੌਕ ਨੇੜੇ ਜ਼ਮੀਨ ਖਰੀਦਣ ਦਾ ਮਾਮਲਾ ਵੀ ਸਾਹਮਣੇ ਆਇਆ, ਜਿਸ ਵਿਚ ਰਮਨ 'ਤੇ ਸਸਤੇ ਵਿਚ ਜ਼ਮੀਨ ਲੈਣ ਦਾ ਦਬਾਅ ਪਾਉਣ ਦਾ ਦੋਸ਼ ਹੈ। ਫੁੱਟਬਾਲ ਚੌਕ ਨੇੜੇ ਵਾਲੀ ਪ੍ਰਾਪਰਟੀ ਵੀ ਆਈ ਸਾਹਮਣੇ



ਦੂਜੇ ਪਾਸੇ ਫੁੱਟਬਾਲ ਚੌਕ ਵਾਲੀ ਪ੍ਰਾਪਰਟੀ ਵੀ ਸੁਰਖੀਆਂ ਵਿਚ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਜ਼ਮੀਨ ਲਈ ਡਾਕਟਰ ਅਤੇ ਹੋਰ ਲੋਕਾਂ ਵਿਚਕਾਰ ਝਗੜਾ ਚੱਲ ਰਿਹਾ ਸੀ। ਜਿਉਂ ਹੀ ਵਿਧਾਇਕ ਕੋਲ ਮਾਮਲਾ ਪਹੁੰਚਿਆ ਤਾਂ ਉਨ੍ਹਾਂ ਕਥਿਤ ਤੌਰ 'ਤੇ ਦਬਾਅ ਪਾਇਆ ਅਤੇ ਬਾਅਦ 'ਚ ਉਕਤ ਜ਼ਮੀਨ ਬਹੁਤ ਸਸਤੇ ਰੇਟ 'ਤੇ ਖਰੀਦ ਲਈ। ਦੱਸਿਆ ਜਾ ਰਿਹਾ ਹੈ ਕਿ ਇਸ ਪ੍ਰਾਪਰਟੀ 'ਚ ਕਈ ਹਿੱਸੇਦਾਰ ਬਣੇ, ਜਿਸ 'ਤੇ ਹੋਟਲ ਬਣਾਇਆ ਜਾਣਾ ਸੀ। ਹੁਣ ਉਕਤ ਜ਼ਮੀਨ ਖਰੀਦਣ ਲਈ ਪੈਸੇ ਕਿੱਥੋਂ ਆਏ, ਇਸ ਦੀ ਜਾਂਚ ਵਿਜੀਲੈਂਸ ਵਿਭਾਗ ਕਰ ਸਕਦਾ ਹੈ।

ਦੂਜੇ ਪਾਸੇ ਰਾਮਾ ਮੰਡੀ ਇਲਾਕੇ 'ਚ ਬਣਾਈ ਗਈ ਪੰਜ ਮੰਜ਼ਿਲਾਂ ਇਮਾਰਤ ਦੇ ਮਾਲਕ ਨੇ ਆਪਣਾ ਪੱਖ ਰੱਖਦੇ ਹੋਏ ਕਿਹਾ ਕਿ ਇਹ ਇਮਾਰਤ ਪੁਰਾਣੀ ਹੈ ਅਤੇ ਹਨੇਰੀ ਆਉਣ ਕਾਰਨ ਸ਼ਟਰਿੰਗ ਡਿੱਗ ਗਈ ਸੀ, ਜਿਸ ਨੂੰ ਠੀਕ ਕਰਵਾਇਆ ਜਾ ਰਿਹਾ ਹੈ, ਨਾ ਕਿ ਕੋਈ ਨਵਾਂ ਉਸਾਰੀ ਦਾ ਕੰਮ ਚਲਾਇਆ ਜਾ ਰਿਹਾ ਹੈ।

– ਲੇਖਕ –
ਰਣਧੀਰ ਸਿੰਘ ਸੰਬਲ
ਯੂ ਕੇ
ਫੋਨ :07417443300



## 12 ਜੂਨ ਸਲਾਨਾ ਜੋੜ ਮੇਲੇ 'ਤੇ ਵਿਸ਼ੇਸ਼

# ਗੁਰਦੁਆਰਾ ਛੇਵੀਂ ਪਾਤਸ਼ਾਹੀ, ਬਸਤੀ ਸ਼ੇਖ, ਜਲੰਧਰ

ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਨੂੰ, ਮੀਰੀ ਪੀਰੀ ਦੇ ਮਾਲਕ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਰਜਣਹਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪਾਵਨ ਚਰਨਾਂ ਦੀ ਛੋਹ ਨਾਲ ਨਿਵਾਜਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਰਤਾਰਪੁਰ ਦੀ ਚੌਥੀ ਜੰਗ 1634 ਈ. 27 ਜੂਨ ਦੇ ਮਹੀਨੇ ਫ਼ਤਹਿ ਕਰਕੇ ਪੈਂਦੇ ਖਾਂ ਦਾ ਉਧਾਰ ਕਰਕੇ ਅਨੇਕਾਂ ਸਿੱਖ ਯੋਧਿਆਂ ਸਹਿਤ, ਪਾਵਨ ਇਤਿਹਾਸਕ ਅਸਥਾਨ ਸਿੰਘਪੁਰਾ ਤੋਂ ਅਤੇ ਅਨੇਕਾਂ ਅਸਥਾਨਾਂ ਤੋਂ ਹੁੰਦੇ ਹੋਏ ਇਸ ਅਸਥਾਨ ਨੂੰ ਭਾਗ ਲਾਏ। ਦਸ ਗੁਰੂ ਸਾਹਿਬਾਨ ਵਿੱਚੋਂ ਛੇਵੀਂ ਨਾਨਕ ਜੋਤ ਦੀ ਹੀ ਜਲੰਧਰ ਸ਼ਹਿਰ ਦੀ ਬਸਤੀ ਸ਼ੇਖ ਵਿੱਚ ਇਹ ਅਦਭੁੱਤ ਯਾਦਗਾਰ ਸਥਾਪਤ ਹੈ, ਜਿਸ ਦਾ ਨੀਂਹ-ਪੱਥਰ ਪੰਜਾਂ ਪਿਆਰਿਆਂ ਸਹਿਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਬਾਬਾ ਫਤਹਿ ਸਿੰਘ ਨੇ 1 ਮਈ 1960 ਨੂੰ ਰੱਖਿਆ ਸੀ। ਜਲੰਧਰ ਸ਼ਹਿਰ ਮੁਗ਼ਲ ਕਾਲ ਦੇ ਰਾਜ ਸਮੇਂ ਦੁਆਬੇ ਦੇ ਫੌਜਦਾਰ ਦਾ ਕੇਂਦਰ ਰਿਹਾ ਹੈ। ਜਲਧੰਰ ਦਾ ਵਰਤ-ਮਾਨ ਕਿਲ੍ਹਾ ਮੁਹੱਲਾ, ਫੌਜਦਾਰ ਦਾ ਕਿਲ੍ਹਾ ਸੀ। ਆਲੇ-ਦੁਆਲੇ ਆਬਾਦੀ ਦਾ ਸ਼ਹਿਰ ਸੀ। ਸ਼ਹਿਰੋਂ ਬਾਹਰ ਜਲੰਧਰ ਦੇ ਉੱਤਰ ਤੇ ਲਹਿੰਦੇ ਵੱਲ 12 ਬਸਤੀਆਂ, ਬਸਤੀ ਨੌਂ, ਮਿੱਠੂ ਬਸਤੀ, ਬਸਤੀ ਸ਼ੇਖ, ਬਸਤੀ ਬਾਵਾ ਖੇਲ, ਬਸਤੀ ਗੁਜ਼ਾਂ, ਬਸਤੀ ਦਾਨਿਸ਼ਮੰਦਾਂ, ਬਸਤੀ ਭੂਰੇ ਖਾਂ, ਬਸਤੀ ਪੀਰ ਦਾਦ ਅਤੇ ਚਾਰ ਬਸਤੀਆਂ ਪਠਾਨਕੋਟ ਰੋਡ 'ਤੇ ਸਥਿਤ ਹਨ। ਬਸਤੀ ਸ਼ੇਖ ਦਾ ਇਤਿਹਾਸ ਬਹੁਤ ਸਾਰੇ ਗ੍ਰੰਥਾਂ ਵਿੱਚ ਅੰਕਿਤ ਹੈ। ਮਹਾਨ ਕੋਸ਼ ਜਿਸ ਦੀ ਮੁਕੰਮਲ ਰਚਨਾ 1928 ਈ. ਨੂੰ ਪਟਿਆਲਾ ਵਿਖੇ ਭਾਈ ਕਾਨ੍ਹ ਸਿੰਘ ਨਾਭਾ ਨੇ ਬੜੀ ਕਠਿਨ ਮਿਹਨਤ ਨਾਲ ਕੀਤੀ, ਉਨ੍ਹਾਂ ਨੇ ਇਸ ਅਸਥਾਨ ਦਾ ਜ਼ਿਕਰ ਇਸ ਗ੍ਰੰਥ ਵਿੱਚ ਪੰਨਾ 824 'ਤੇ ਕੀਤਾ ਹੈ। ਉਹ ਲਿਖਦੇ ਹਨ, ਬਸਤੀ ਸ਼ੇਖ, ਇਕ ਪਿੰਡ ਜੋ ਜ਼ਿਲ੍ਹਾ ਤੇ ਤਹਿਸੀਲ ਜਲੰਧਰ ਵਿੱਚ ਹੈ, ਇਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ ਨਾਲ ਲੰਗਰ ਹਾਲ ਦੀ ਇਮਾਰਤ, ਸ੍ਰੀ ਅਖੰਡ ਪਾਠ ਕਰਨ ਲਈ ਕਮਰੇ ਅਤੇ ਹੋਰ ਬਹੁਤ ਸਾਰੀਆਂ ਇਮਾਰਤਾਂ, ਦੀਵਾਨ ਹਾਲ, ਚੈਰੀਟੇਬਲ ਹਸਪਤਾਲ ਅਤੇ ਪੰਜਾਬੀ ਇੰਗਲਿਸ਼ ਪਬਲਿਕ ਸਕੂਲ, ਭਾਈ ਗੁਰਦਾਸ ਹਾਲ, ਭਾਈ ਗੁਰਦੇਵ ਲਾਇਬ੍ਰੇਰੀ ਆਦਿ ਦਾ ਸੰਗਤਾਂ ਦੇ ਸਹਿਯੋਗ ਨਾਲ ਨਿਰਮਾਣ ਕੀਤਾ ਗਿਆ ਹੈ।

ਇਸ ਬਸਤੀ ਦਾ ਨਾਂਅ ਸਾਈਂ ਮੀਆਂ ਮੀਰ ਦੇ ਗੁਰਭਾਈ ਸ਼ੇਖ ਦਰਵੇਸ਼ ਦੇ ਨਾਂਅ 'ਤੇ ਹੀ ਬਸਤੀ ਸ਼ੇਖ ਪਿਆ ਹੈ। ਛੇਵੇਂ ਗੁਰੂ ਜੀ ਨੇ ਬਸਤੀ ਸ਼ੇਖ ਵਿੱਚ ਖ਼ੁਦਾ ਦੀ ਬੰਦਗੀ ਕਰਨ ਵਾਲੇ ਸ਼ੇਖ ਦਰਵੇਸ਼ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਅਤੇ ਇਸ ਪਵਿੱਤਰ ਅਸਥਾਨ 'ਤੇ ਰੋਜ਼ਾਨਾ ਸਵੇਰੇ-ਸ਼ਾਮ ਗੁਰਬਾਣੀ ਕੀਰਤਨ ਕਥਾ ਦੇ ਪ੍ਰਵਾਹ ਅਤੇ ਅਖੰਡ ਪਾਠਾਂ ਦੀ ਲੜੀ ਚੱਲਦੀ ਰਹਿੰਦੀ ਹੈ। ਹਰ ਪੂਰਨਮਾਸ਼ੀ ਨੂੰ ਭਾਰੀ ਦੀਵਾਨ ਸਜਦੇ ਹਨ ਅਤੇ ਗੁਰੂ ਦੇ ਲੰਗਰ ਲੱਗਦੇ ਹਨ। ਦੇਸ਼-ਵਿਦੇਸ਼ ਤੋਂ ਸ਼ਰਧਾਲੂ ਆ ਕੇ ਇਸ ਅਸਥਾਨ ਦੇ ਦਰਸ਼ਨ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਗੁਰ-ਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਵਿਸ਼ੇਸ਼ ਤੌਰ 'ਤੇ ਭਾਰੀ ਮਹੱਤਤਾ ਰੱਖਦਾ ਹੈ।

1988 ਈ. ਨੂੰ ਨਵੇਂ ਸਿਰਿਉਂ ਬਣੀ ਪ੍ਰਬੰਧਕ ਕਮੇਟੀ ਨੇ, ਹੁਣ ਤੱਕ ਸੰਗਤਾਂ ਦੇ ਸਹਿਯੋਗ ਨਾਲ, ਗੁਰੂ ਘਰ ਦੀ ਰਮਣੀਕ ਅਤੇ ਆਲੀਸ਼ਾਨ ਇਮਾਰਤ ਦਾ ਨਿਰਮਾਣ ਵਿਸ਼ਾਲ ਰੂਪ ਵਿੱਚ ਕਰਵਾ ਕੇ, ਪ੍ਰਭਾਵ-ਸ਼ਾਲੀ ਮਹਾਨ ਕਾਰਜ ਕੀਤਾ ਹੈ। ਸਵੇਰ ਤੋਂ ਸ਼ਾਮ ਤੱਕ ਵੱਡੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋ ਕੇ ਆਪਣਾ ਜੀਵਨ ਸਫ਼ਲ ਕਰ ਰਹੀਆਂ ਹਨ। ਗੁਰੂ ਘਰ ਦੇ ਪ੍ਰਬੰਧਕ ਬਹੁਤ ਸਮਾਂ ਰਹਿ ਚੁੱਕੇ ਪ੍ਰਧਾਨ ਗਿਆਨਵਾਨ ਸ. ਬੇਅੰਤ ਸਿੰਘ ਜੀ ਸਰਹੱਦੀ ਜੋ ਕਿ ਸੰਗਤਾਂ ਤੇ ਪ੍ਰਬੰਧਕਾਂ ਨਾਲ ਮਿਲ ਕੇ ਵਿਸ਼ੇਸ਼ ਗੁਰਮਤਿ ਸਮਾਗਮਾਂ ਦਾ ਆਯੋਜਿਨ ਕਰਵਾ ਰਹੇ ਹਨ। ਇਸ ਪਵਿੱਤਰ ਇਤਿਹਾਸਕ ਅਸਥਾਨ 'ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਪੁਰਬ ਹਰ ਸਾਲ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾਂਦਾ ਹੈ। ਸੰਗਤਾਂ ਵਿੱਚ ਇਸ ਪਾਵਨ ਅਸਥਾਨ ਪ੍ਰਤੀ ਅਥਾਹ ਸ਼ਰਧਾ ਹੈ। ਸੰਗਤਾਂ ਦੇ ਸਹਿਯੋਗ ਨਾਲ ਦਰਬਾਰ ਹਾਲ ਦੀ ਬਹੁਤ ਹੀ ਸੁੰਦਰ ਵਿਸ਼ਾਲ ਇਮਾਰਤ ਦਾ ਨਿਰਮਾਣ ਕੀਤਾ ਗਿਆ ਹੈ। ਗੁਰਦੁਆਰਾ ਸਾਹਿਬ ਦੀ ਛੇ ਮੰਜ਼ਿਲਾ ਇਮਾਰਤ ਤਿਆਰ ਹੋ ਕੇ ਮੁਕੰਮਲ ਬਣਾਈ ਗਈ ਹੈ। ਹਰ ਹਫ਼ਤੇ ਐਤਵਾਰ ਨੂੰ ਸ਼ਰਧਾਲੂਆਂ ਵੱਲੋਂ ਸਹਿਜ ਪਾਠ ਅਰੰਭ ਕਰਕੇ ਸੰਗਤੀ ਰੂਪ ਵਿੱਚ ਮਿਲ ਕੇ ਭੋਗ ਪਾਏ ਜਾਂਦੇ ਹਨ। ਗੁਰੂ ਘਰ ਦੇ ਪ੍ਰਬੰਧਕ ਸ. ਬੇਅੰਤ ਸਿੰਘ ਜੀ ਸਰਹੱਦੀ ਅਤੇ ਪ੍ਰਧਾਨ ਸ. ਗੁਰਕ੍ਰਿਪਾਲ ਸਿੰਘ ਜੀ, ਸ. ਗੁਰਮੀਤ ਸਿੰਘ ਜੀ ਜਨਰਲ ਸਕੱਤਰ, ਸ. ਇੰਦਰਪਾਲ ਸਿੰਘ ਸਕੱਤਰ, ਪਰਮਜੀਤ ਸਿੰਘ ਨੈਣਾ ਪ੍ਰੈਸ ਸਕੱਤਰ, ਸ. ਇੰਦਰਪਾਲ ਸਿੰਘ ਅਰੋੜਾ, ਸ. ਮੁਹਿੰਦਰ ਸਿੰਘ ਜੀ ਅਨੇਜਾ, ਸ. ਚਰਨਜੀਤ ਸਿੰਘ ਲੁਬਾਣਾ, ਸ. ਸੁਰਜੀਤ ਸਿੰਘ ਜੀ ਚੀਮਾ ਚੇਅਰਮੈਨ ਗੁਰੂ ਹਰਿਗੋਬਿੰਦ ਚੈਰੀਟੇਬਲ ਹਸਪਤਾਲ, ਇਨ੍ਹਾਂ ਤੋਂ ਇਲਾਵਾ ਸਮੂਹ ਮੈਂਬਰ ਗੁਰੂ ਘਰ ਦੇ ਵਿਕਾਸ ਅਤੇ



ਚੜ੍ਹਦੀ ਕਲਾ ਲਈ ਵਚਨਬੱਧ ਹਨ। ਸੰਗਤਾਂ ਦੇ ਸਹਿਯੋਗ ਨਾਲ 1988 ਤੋਂ ਇਨ੍ਹਾਂ ਪ੍ਰਬੰਧਕਾਂ ਨੇ ਗੁਰੂ ਘਰ ਦਾ ਬਹੁਤ ਹੀ ਸੁੰਦਰ ਵਿਕਾਸ ਕੀਤਾ ਹੈ। ਇਸ ਅਸਥਾਨ 'ਤੇ ਸਤਿਗੁਰੂ ਜੀ ਦੀ ਬਖ਼ਸ਼ਿਸ਼ਾਂ ਨਾਲ ਹਰ ਪ੍ਰਾਣੀ ਦੀਆਂ ਸ਼ੁੱਭ ਕਾਮਨਾਵਾਂ ਪੂਰੀ ਹੁੰਦੀਆਂ ਹਨ।

ਗਿਆਨੀ ਗੁਰਮੀਤ ਸਿੰਘ ਜੀ ਅਤੇ ਇੰਦਰਪਾਲ ਸਿੰਘ ਜੀ ਵੱਲੋਂ ਪ੍ਰਾਪਤ ਸਮਾਚਾਰ ਅਨੁਸਾਰ ਆਗਮਨ ਦੇ ਸਬੰਧ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਿੰਘ ਸਭਾਵਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਤੋਂ 8 ਜੂਨ ਨੂੰ ਵਿਸ਼ਾਲ ਨਗਰ ਕੀਰਤਨ ਦਾ ਅਯੋਜਿਤ ਕੀਤਾ ਗਿਆ। 12 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਤੇ ਸਹਿਜ ਪਾਠਾਂ ਦੇ ਭੋਗ ਉਪਰੰਤ, ਵਿਸ਼ੇਸ਼ ਗੁਰਮਤਿ ਸਮਾਗਮ ਅਰੰਭ ਹੋਣਗੇ, ਜਿਸ ਵਿੱਚ ਸਿੱਖ ਪੰਥ ਦੇ ਉੱਘੇ, ਰਾਗੀ ਢਾਡੀ ਜਥੇ, ਪੰਥਕ ਬੁਲਾਰੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ, ਮਹਾਨ ਵਿਦਵਾਨ ਸ: ਬੇਅੰਤ ਸਿੰਘ ਜੀ ਸਰਹੱਦੀ, ਸ: ਗੁਰਕ੍ਰਿਪਾਲ ਸਿੰਘ ਜੀ ਪ੍ਰਧਾਨ ਨੇ ਸਮੂਹ ਸੰਗਤਾਂ ਨੂੰ ਇਸ ਦਿਹਾੜੇ ਹੁੰਮ ਹੁਮਾ ਕੇ ਗੁਰੂ ਘਰ ਵਿਖੇ ਪੁੱਜਣ ਦੀ ਬੇਨਤੀ ਕੀਤੀ ਹੈ। ਇਸ ਦਿਹਾੜੇ ਗੁਰੂ ਕਾ ਲੰਗਰ ਮਿਸੇ ਪ੍ਰਸ਼ਾਦਿਆਂ ਸਹਿਤ ਸਵੇਰ ਤੋਂ ਸ਼ਾਮ ਤੱਕ ਅਤੁੱਟ ਵਰਤੇਗਾ।

# ਗੁਰਦੁਅਰਾ ਸਿੱਖ ਸੈਂਟਰ ਫਰੈਕਫੋਰਟ ਵਿੱਚ ਜੂਨ 84 ਦੇ ਖੂਨੀ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਕਰਵਾਇਆ ਗਿਆ ਸ਼ਹੀਦੀ ਸਮਾਗਮ



ਫਰੈਕਫੋਰਟ :- ਗੁਰਦੁਆਰਾ ਸਿੱਖ ਸੈਂਟਰ ਫਰੈਕਫੋਰਟ ਦੇ ਪ੍ਰਬੰਧਕ ਸੇਵਾਦਾਰਾਂ ਨੇ ਸੰਗਤਾਂ ਦੇ ਸਹਿਯੋਗ ਨਾਲ ਜੂਨ 84 ਦੇ ਤੀਜੇ ਖੂਨੀ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਕਰਵਾਇਆਂ ਗਿਆ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ ਸਜੇ ਹੋਏ ਦੀਵਾਨ ਵਿੱਚ ਨੌਜਵਾਨ ਬੱਚਿਆ ਤੇ ਭਾਈ ਲਖਵੀਰਸਿੰਘ, ਭਾਈ ਗੁਰਨਿਸ਼ਾਨ ਸਿੰਘ ਤੇ ਭਾਈ ਚਮਕੌਰ ਸਿੰਘ ਜੀ ਦੇ ਜਥੇ ਨੇ ਇਲਾਹੀ ਗੁਰਬਾਣੀ ਦਾ ਕੀਰਤਨ ਤੇ ਭਾਈ ਸਰਬਜੀਤ ਸਿੰਘ ਮਾਣਕਪੁਰੀ ਤੇ ਗੁਰਮੀਤ ਸਿੰਘ ਗੁਰਦਾਸਪੁਰੀ ਜੀ ਦੇ ਜਥੇ ਨੇ ਕਵੀਸ਼ਰੀ ਵਾਰਾ ਦੁਆਰਾਂ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਕੀਤੇ ਸਟੇਜ ਦੀ ਸੇਵਾ ਭਾਈ ਹੀਰਾ ਸਿੰਘ ਮੱਤੇਵਾਲ, ਨੇ ਨਿਭਾਈ ਦਲ ਖਾਲਸਾ ਵੱਲੋ ਭਾਈ ਨਿਰਮਲ ਸਿੰਘ ਨੇ ਸਾਂਝ ਪਾਉਂਦਿਆਂ ਹੋਇਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਣ ਕਰਦਿਆਂ ਹੋਇਆਂ ਅੰਤਰਰਾਸ਼ਟਰੀ ਹਲਾਤਾ ਤੇ ਜੀਓ ਪੌਲਟਿਕਸ ਬਾਰੇ ਵੀਚਾਰਾ ਦੀ ਸਾਂਝ ਪਾਈ ਭਾਈ ਗੁਰਚਰਨ ਸਿੰਘ ਗੁਰਇਆ ਕੋ- ਕੋਅਰਡੀਨੇਟਰ ਵਰਲਡ ਸਿੱਖ ਪਾਰਲੀਮੈਂਟ ਨੇ ਸਮੂਹ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਕੀਤੇ ਭਾਰਤੀ ਫੌਜਾਂ ਨੇ ਜੂਨ 84 ਵਿੱਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੁ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸ਼ਰਧਾਂ ਨਾਲ ਮਨਾਉਣ ਲਈ ਸ੍ਰੀ ਦਰਬਾਰ ਸਾਹਿਬ ਤੇ ਹੋਰ ਇਤਿਆਸਿਕ ਗੁਰਦੁਆਰਾਂ ਸਾਹਿਬਾਂ ਵਿੱਚ ਇਕੱਤਰ ਹੋਈਆਂ ਸੰਗਤਾਂ ਤੇ ਪੂਰੇ ਪੰਜਾਬ ਵਿੱਚ ਕਰਫਿਊ ਲਗਾ ਕੇ ਰੂਹਾਨੀਅਤ ਦੇ ਪ੍ਰਤੀਕ ਸ੍ਰੀ ਦਰਬਾਰ ਸਾਹਿਬ ਤੇ ਹੋਰ 37 ਗੁਰਧਾਮਾਂ ਤੇ ਟੈਕਾਂ ਤੋਪਾਂ ਨਾਲ ਹਮਲਾਂ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਢਹਿ ਢੇਰੀ ਤੇ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ ਛੱਲਣੀ ਕਰਕੇ ਸਿੱਖ ਕੌਮ ਦੇ ਹਿਰਦਿਆਂ ਤੇ ਨਾ ਮਿਟਣ ਵਾਲੇ ਜੋ ਜ਼ਖਮ ਉੱਕਰ ਦਿੱਤੇ ਹਨ ਇਹ 41 ਸਾਲ ਬੀਤ ਜਾਣ ਤੋਂ ਬਾਅਦ ਵੀ ਉਵੇ ਹਰੇ ਹਨ ਇਹ ਖਾਲਿਸਤਾਨ ਦੀ ਅਜ਼ਾਦੀ ਨਾਲ ਹੀ ਭਰਨਗੇ । ਖਾਲਸਾ ਪੰਥ ਦੀ ਆਨ-ਸ਼ਾਨ ਲਈ ਆਵਾਜ਼ ਬੁਲੰਦ ਕਰਨ ਵਾਲੇ, 20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਸਿਪਾਹੀ ਬਾਬਾ ਜਰਨੈਲ ਸਿੰਘ ਜੀ ਦਾ ਸੁਨੇਹਾ ਕੌਮ ਨੂੰ ਬੜੀ ਚੰਗੀ ਤਰ੍ਹਾਂ ਯਾਦ ਹੈ – 'ਜਿਸ ਦਿਨ ਹਰਿਮੰਦਰ ਸਾਹਿਬ ਦੀ ਪਰਕਰਮਾ ਵਿੱਚ ਭਾਰਤੀ ਫੌਜ ਨੇ ਪੈਰ ਪਾਇਆ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ!' ਸੰਤ ਜੀ ਦੀ ਸਿੰਘ-ਗਰਜਣਾ ਅੱਜ ਵੀ ਕੌਮੀ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਖਾਲਸਾ ਰਾਜ ਦੀ ਸ਼ਮ੍ਹਾਂ 'ਤੇ ਕੁਰਬਾਨ ਹੋਣ ਲਈ ਪ੍ਰੇਰਿਤ ਕਰ ਰਹੀ ਹੈ। ਅਕਾਲ ਤਖਤ ਦੀ ਰਾਖੀ ਕਰਦਿਆਂ ਸ਼ਹੀਦੀ ਪਾਉਣ ਵਾਲੇ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਜਰਨਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਭਾਈ ਮਹਿੰਗਾ ਸਿੰਘ ਬੱਬਰ ਤੇ ਉਨ੍ਹਾਂ ਦੇ ਸੈਂਕੜੇ ਸਾਥੀਆਂ ਦੀ ਯਾਦ ਅੱਜ ਵੀ ਖਾਲਸਾ ਰਾਜ ਦੇ ਸਿਪਾਹ ਸਿਲਾਰਾ ਦੇ ਰਾਹ ਨੂੰ ਰੁਸ਼ਨਾ ਰਹੀ ਹੈ।ਦੂਜੇ ਪਾਸੇ ਹਿੰਦੋਸਤਾਨ ਦੀ ਹਕੂਮਤ ਦਾ ਸਿੱਖਾਂ ਦੀ ਨਸਲਕੁਸ਼ੀ ਕਰਨ ਤੋਂ ਬਾਅਦ ਵੀ ਸਿੱਖ ਕੌਮ ਦੀਆਂ ਭਾਵਨਾਂ ਤੇ ਜ਼ਖਮਾਂ ਦੀ ਭਰਾਈ ਕਰਨ ਦੀ ਬਜਾਏ ਆਪਣੀ ਚਾਣਕੀਆਂ ਸਾਮ, ਭੇਦ, ਦਾਮ, ਦੰਡ ਦੀ ਨੀਤੀ ਵਰਤ ਕੇ ਇਸ ਸਾਰੇ ਕੁਝ ਨੂੰ ਭੁਲ ਜਾਣ ਤੇ ਭਲਾਉਣ ਦੀਆਂ ਸਲਾਹਾਂ ਦਿੱਤੀਆਂ ਜਾ ਰਿਹੀਆਂ ਹਨ ਜਿਸ ਵਿੱਚ ਸਿੱਖ ਕੌਮ ਦੇ ਮਰੀ ਹੋਈ ਜ਼ਮੀਰ ਵਾਲੇ ਆਗੂ ਵੀ ਆਪਣੇ ਨਿੱਜੀ ਸਵਾਰਥਾਂ ਦੀ ਖਾਤਰ ਕੌਮ ਨਾਲ ਹੋਏ ਇਸ ਕਹਿਰ ਨੂੰ ਭੁੱਲ ਗਏ ਹਨ ਤੇ ਕੌਮ ਨੂੰ ਭੁਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਪਰ ਜਗਦੀ ਜ਼ਮੀਰ , ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾਂ ਰੱਖਣ ਵਾਲੇ ਸਿੱਖ ਹਿੰਦੋਸਤਾਨ ਦੀ ਹਕੂਮਤ ਦੇ ਜ਼ੁਲਮਾਂ ਨੂੰ ਕਦੀ ਵੀ ਨਹੀ ਭੁਲਾਉਣਗੇ। ਸੋ ਇਹ ਦਰਸਾਉਣ ਲਈ ਕਿ ਜੋ ਅੱਜ ਤੋਂ 41 ਸਾਲ ਪਹਿਲਾਂ ਸਿੱਖ ਕੌਮ ਦੇ ਹਿਰਦਿਆਂ ਤੇ ਜ਼ਖਮ ਉੱਕਰੇ ਸਨ ਉਹ ਅੱਜ ਵੀ ਉਸੇ ਤਰ੍ਹਾਂ ਅੱਲੇ ਹਨ। ਕੌਮਾਂ ਘੱਲੂਘਾਰਿਆਂ ਨਾਲ ਨਹੀਂ ਮਰਦੀਆਂ ਪਰ ਜਿਹੜੀਆਂ ਕੌਮਾਂ ਘੱਲੂਘਾਰਿਆ ਨੂੰ ਭੁੱਲ ਜਾਣ ਕਰਕੇ ਮਰ ਜਾਂਦੀਆਂ ਹਨ ਅੰਤ ਵਿੱਚ ਗੁਰਦੁਆਰਾ ਪ੍ਰਬੰਧਕ ਸੇਵਾਦਾਰਾਂ ਵੱਲੋਂ ਝੂਠੇ ਪੁਲਿਸ ਮੁਕਾਬਲੇ ਸ਼ਹੀਦ ਕੀਤੇ ਸ਼ਹੀਦ ਭਾਈ ਸੁਖਜੀਤ ਸਿੰਘ ਜੱਜ ਦੇ ਭਝੰਗੀ ਅਮ੍ਰਿਤਪਾਲ ਸਿੰਘ ਤੇ ਕਵੀਸ਼ਰੀ ਜਥੇ ਨੂੰ ਸਨਮਾਣਤ ਕੀਤਾ ਗਿਆ ।

# ਵਿਸ਼ਵ ਵਾਤਾਵਰਣ ਦਿਵਸ - ਵਾਤਾਵਰਣ ਸੰਭਾਲ ਦੀ ਅਹਿਮੀਅਤ

**ਸੰਦੀਪ ਕੁਮਾਰ**
7009807121



ਹਰ ਸਾਲ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਜਾਂਦਾ ਹੈ, ਜੋ ਸਾਡੇ ਵਾਤਾਵਰਣ ਨੂੰ ਸੁਰੱਖਿਅਤ ਕਰਨ ਅਤੇ ਇਸ ਦੀ ਮਹੱਤਤਾ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਇੱਕ ਅਹਿਮ ਮੌਕਾ ਹੁੰਦਾ ਹੈ। ਸੰਯੁਕਤ ਰਾਸ਼ਟਰ ਦੁਆਰਾ 1972 ਵਿੱਚ ਸਥਾਪਿਤ, ਇਹ ਦਿਨ ਵਿਸ਼ਵ ਭਰ ਵਿੱਚ ਵਾਤਾਵਰਣ ਸੰਬੰਧੀ ਮੁੱਦਿਆਂ ਉੱਤੇ ਚਰਚਾ ਅਤੇ ਕਾਰਵਾਈ ਨੂੰ ਉਤਸ਼ਾਹਿਤ ਕਰਦਾ ਹੈ। ਅੱਜ ਦੇ ਸਮੇਂ ਵਿੱਚ, ਜਦੋਂ ਜਲਵਾਯੂ ਪਰਿਵਰਤਨ, ਪ੍ਰਦੂਸ਼ਣ, ਜੰਗਲਾਂ ਦੀ ਕਟਾਈ ਅਤੇ ਜੀਵ-ਜੰਤੂਆਂ ਦੀਆਂ ਕਿਸਮਾਂ ਦੀ ਘਟਦੀ ਗਿਣਤੀ ਵਰਗੀਆਂ ਸਮੱਸਿਆਵਾਂ ਨੇ ਮਨੁੱਖੀ ਜੀਵਨ ਅਤੇ ਧਰਤੀ ਦੇ ਭਵਿੱਖ ਨੂੰ ਖਤਰੇ ਵਿੱਚ ਪਾਇਆ ਹੈ। ਵਾਤਾਵਰਣ ਦੀ ਸੰਭਾਲ ਨਾ ਸਿਰਫ਼ ਜ਼ਰੂਰੀ ਹੈ, ਸਗੋਂ ਜ਼ਿੰਦਗੀ ਦੀ ਸਭ ਤੋਂ ਵੱਡੀ ਲੋੜ ਬਣ ਗਈ ਹੈ। ਵਾਤਾਵਰਣ ਸਾਡੀ ਜ਼ਿੰਦਗੀ ਦਾ ਅਧਾਰ ਹੈ। ਹਵਾ ਜੋ ਅਸੀਂ ਸਾਹ ਲੈਂਦੇ ਹਾਂ, ਪਾਣੀ ਜੋ ਅਸੀਂ ਪੀਂਦੇ ਹਾਂ, ਭੋਜਨ ਜੋ ਅਸੀਂ ਖਾਂਦੇ ਹਾਂ ਅਤੇ ਜ਼ਮੀਨ ਜਿਸ ਉੱਤੇ ਅਸੀਂ ਰਹਿੰਦੇ ਹਾਂ, ਸਭ ਕੁਝ ਵਾਤਾਵਰਣ ਦੀ ਦੇਣ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਅਸੀਂ ਆਪਣੀ ਸਹੂਲਤ ਅਤੇ ਵਿਕਾਸ ਦੀ ਦੌੜ ਵਿੱਚ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਉਦਯੋਗੀਕਰਨ, ਸ਼ਹਿਰੀਕਰਨ ਅਤੇ ਅਣਗਹਿਲੀ ਨੇ ਵਾਤਾਵਰਣ ਨੂੰ ਅਜਿਹੇ ਮੋੜ ’ਤੇ ਲਿਆ ਖੜ੍ਹਾ ਕੀਤਾ ਹੈ, ਜਿੱਥੇ ਇਸ ਦੀ ਸੰਭਾਲ ਵਿਸ਼ਵਵਿਆਪੀ ਚਿੰਤਾ ਦਾ ਵਿਸ਼ਾ ਬਣ ਗਈ ਹੈ।

ਅੱਜ ਦੇ ਸਮੇਂ ਵਿੱਚ ਵਾਤਾਵਰਣ ਨੂੰ ਸੰਭਾਲਣ ਦੀ ਜ਼ਰੂਰਤ ਕਈ ਕਾਰਨਾਂ ਕਰਕੇ ਵਧੇਰੇ ਮਹੱਤਵਪੂਰਨ ਹੋ ਗਈ ਹੈ। ਸਭ ਤੋਂ ਪਹਿਲਾਂ, ਜਲਵਾਯੂ ਪਰਿਵਰਤਨ ਨੇ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਗ੍ਰੀਨਹਾਊਸ ਗੈਸਾਂ ਦੇ ਨਿਕਾਸ ਕਾਰਨ ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਜਿਸ ਨਾਲ ਗਲੇਸ਼ੀਅਰ ਪਿਘਲ ਰਹੇ ਹਨ, ਸਮੁੰਦਰ ਦਾ ਪੱਧਰ ਵਧ ਰਿਹਾ ਹੈ ਅਤੇ ਮੌਸਮ ਵਿੱਚ ਅਚਾਨਕ ਤਬਦੀਲੀਆਂ ਆ ਰਹੀਆਂ ਹਨ। ਬੇਮੌਸਮੀ ਬਾਰਸ਼, ਸੋਕਾ ਅਤੇ ਤੂਫਾਨ ਵਰਗੀਆਂ ਕੁਦਰਤੀ ਆਫਤਾਂ ਦੀ ਤੀਬਰਤਾ ਵਧ ਰਹੀ ਹੈ, ਜੋ ਮਨੁੱਖੀ ਜੀਵਨ ਅਤੇ ਸੰਪਤੀ ਨੂੰ ਭਾਰੀ ਨੁਕਸਾਨ ਪਹੁੰਚਾ ਰਹੀਆਂ ਹਨ। ਜੇਕਰ ਅਸੀਂ ਵਾਤਾਵਰਣ ਦੀ ਸੰਭਾਲ ਨਾ ਕੀਤੀ, ਤਾਂ ਇਹ ਆਫਤਾਂ ਹੋਰ ਵੀ ਭਿਆਨਕ ਰੂਪ ਧਾਰਨ ਕਰ ਸਕਦੀਆਂ ਹਨ। ਇਸ ਤੋਂ ਇਲਾਵਾ, ਪ੍ਰਦੂਸ਼ਣ ਵੀ ਇੱਕ ਵੱਡੀ ਸਮੱਸਿਆ ਬਣ ਗਿਆ ਹੈ। ਹਵਾ, ਪਾਣੀ ਅਤੇ ਮਿੱਟੀ ਦਾ ਪ੍ਰਦੂਸ਼ਣ ਸਿਰਫ਼ ਮਨੁੱਖਾਂ ਨੂੰ ਹੀ ਨਹੀਂ, ਸਗੋਂ ਸਮੁੱਚੇ ਜੀਵ-ਜਗਤ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸ਼ਹਿਰੀ ਖੇਤਰਾਂ ਵਿੱਚ ਹਵਾ ਦੀ ਗੁਣਵੱਤਾ ਇੰਨੀ ਮਾੜੀ ਹੋ ਗਈ ਹੈ ਕਿ ਸਾਹ ਦੀਆਂ ਬੀਮਾਰੀਆਂ, ਜਿਵੇਂ ਅਸਥਮਾ ਅਤੇ ਫੇਫੜਿਆਂ ਦੀਆਂ ਸਮੱਸਿਆਵਾਂ, ਆਮ ਹੋ ਗਈਆਂ ਹਨ। ਪਾਣੀ ਦੇ ਸਰੋਤ, ਜੋ ਜੀਵਨ ਦਾ ਅਧਾਰ ਹਨ, ਉਦਯੋਗਿਕ ਕੂੜੇ ਅਤੇ ਪਲਾਸਟਿਕ ਦੇ ਪ੍ਰਦੂਸ਼ਣ ਕਾਰਨ ਦੂਸ਼ਿਤ ਹੋ ਰਹੇ ਹਨ। ਪਲਾਸਟਿਕ ਦਾ ਵਧਦਾ ਪ੍ਰਯੋਗ ਸਮੁੰਦਰੀ ਜੀਵਨ ਨੂੰ ਵੀ ਖਤਮ ਕਰ ਰਿਹਾ ਹੈ। ਮਿੱਟੀ ਦੀ ਉਪਜਾਊ ਸ਼ਕਤੀ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਾਰਨ ਘਟ ਰਹੀ ਹੈ, ਜਿਸ ਨਾਲ ਖੇਤੀਬਾੜੀ ਅਤੇ ਭੋਜਨ ਸੁਰੱਖਿਆ ’ਤੇ ਵੀ ਅਸਰ ਪੈ ਰਿਹਾ ਹੈ।



ਜੰਗਲਾਂ ਦੀ ਕਟਾਈ ਵੀ ਵਾਤਾਵਰਣ ਨੂੰ ਸੰਭਾਲਣ ਦੀ ਜ਼ਰੂਰਤ ਨੂੰ ਹੋਰ ਜ਼ੋਰਦਾਰ ਬਣਾਉਂਦੀ ਹੈ। ਜੰਗਲ ਸਾਡੇ ਵਾਤਾਵਰਣ ਦਾ ਸੰਤੁਲਨ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਕਾਰਬਨ ਡਾਈਆਕਸਾਈਡ ਨੂੰ ਸੋਖਦੇ ਹਨ ਅਤੇ ਆਕਸੀਜਨ ਪ੍ਰਦਾਨ ਕਰਦੇ ਹਨ। ਨਾਲ ਹੀ, ਜੰਗਲ ਅਣਗਿਣਤ ਜੀਵ-ਜੰਤੂਆਂ ਅਤੇ ਪੌਦਿਆਂ ਦਾ ਘਰ ਹਨ। ਪਰ, ਖੇਤੀਬਾੜੀ, ਸ਼ਹਿਰੀਕਰਨ ਅਤੇ ਉਦਯੋਗਿਕ ਵਿਕਾਸ ਦੇ ਨਾਮ ’ਤੇ ਜੰਗਲਾਂ ਦੀ ਅੰਧਾਧੁੰਦ ਕਟਾਈ ਨੇ ਜੈਵ-ਵਿਭਿੰਨਤਾ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਅਨੁਮਾਨ ਅਨੁਸਾਰ, ਹਰ ਸਾਲ ਲੱਖਾਂ ਹੈਕਟੇਅਰ ਜੰਗਲ ਨਸ਼ਟ ਹੋ ਰਹੇ ਹਨ, ਜਿਸ ਕਾਰਨ ਅਨੇਕਾਂ ਪ੍ਰਜਾਤੀਆਂ ਵਿਲੁਪਤ ਹੋਣ ਦੇ ਕੰਢੇ ’ਤੇ ਹਨ।

ਜੰਗਲਾਂ ਦੀ ਕਮੀ ਨਾਲ ਮਿੱਟੀ ਦਾ ਕਟਾਅ ਵਧਦਾ ਹੈ, ਜੋ ਸੋਕੇ ਅਤੇ ਹੜ੍ਹਾਂ ਵਰਗੀਆਂ ਸਮੱਸਿਆਵਾਂ ਨੂੰ ਵਧਾਉਂਦਾ ਹੈ। ਅੱਜ ਦੇ ਸਮੇਂ ਵਿੱਚ ਵਾਤਾਵਰਣ ਸੰਭਾਲ ਦੀ ਜ਼ਰੂਰਤ ਦਾ ਇੱਕ ਹੋਰ ਵੱਡਾ ਕਾਰਨ ਮਨੁੱਖੀ ਸਿਹਤ ’ਤੇ ਪੈ ਰਿਹਾ ਅਸਰ ਹੈ। ਪ੍ਰਦੂਸ਼ਿਤ ਹਵਾ ਅਤੇ ਪਾਣੀ ਨੇ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਵਧਾਇਆ ਹੈ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਹਵਾ ਪ੍ਰਦੂਸ਼ਣ ਕਾਰਨ ਹਰ ਸਾਲ ਲੱਖਾਂ ਲੋਕ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਅਕਾਲ ਮੌਤਾਂ ਦੀ ਗਿਣਤੀ ਵਧ ਰਹੀ ਹੈ। ਇਸ ਤੋਂ ਇਲਾਵਾ, ਜਲਵਾਯੂ ਪਰਿਵਰਤਨ ਕਾਰਨ ਮੌਸਮੀ ਬੀਮਾਰੀਆਂ, ਜਿਵੇਂ ਮਲੇਰੀਆ ਅਤੇ ਡੇਂਗੂ, ਦੇ ਫੈਲਣ ਦਾ ਖਤਰਾ ਵੀ ਵਧ ਗਿਆ ਹੈ। ਜੇਕਰ ਅਸੀਂ ਵਾਤਾਵਰਣ ਨੂੰ ਸੰਭਾਲਣ ਲਈ ਠੋਸ ਕਦਮ ਨਾ ਚੁੱਕੇ, ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿਹਤ ਸੰਬੰਧੀ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਵਾਤਾਵਰਣ ਸੰਭਾਲ ਦੀ ਜ਼ਰੂਰਤ ਸਿਰਫ਼ ਸਿਹਤ ਜਾਂ ਜੈਵ-ਵਿਭਿੰਨਤਾ ਤੱਕ ਸੀਮਤ ਨਹੀਂ ਹੈ, ਸਗੋਂ ਇਸ ਦਾ ਸੰਬੰਧ ਅਰਥਵਿਵਸਥਾ ਨਾਲ ਵੀ ਹੈ। ਜਲਵਾਯੂ ਪਰਿਵਰਤਨ ਅਤੇ ਕੁਦਰਤੀ ਸਰੋਤਾਂ ਦੀ ਘਟਦੀ ਉਪਲਬਧਤਾ ਨੇ ਖੇਤੀਬਾੜੀ, ਮੱਛੀ ਪਾਲਣ ਅਤੇ ਹੋਰ ਉਦਯੋਗਾਂ ਨੂੰ ਪ੍ਰਭਾਵਿਤ ਕੀਤਾ ਹੈ। ਸੋਕੇ ਅਤੇ ਹੜ੍ਹਾਂ ਵਰਗੀਆਂ ਆਫਤਾਂ ਕਾਰਨ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ, ਜਿਸ ਨਾਲ ਭੋਜਨ ਦੀਆਂ ਕੀਮਤਾਂ ਵਧ ਰਹੀਆਂ ਹਨ ਅਤੇ ਗਰੀਬ ਦੇਸ਼ਾਂ ਵਿੱਚ ਭੁੱਖਮਰੀ ਦਾ ਖਤਰਾ ਵਧ ਰਿਹਾ ਹੈ। ਨਾਲ ਹੀ, ਪਾਣੀ ਦੀ ਕਮੀ ਅਤੇ ਮਿੱਟੀ ਦੀ ਘਟਦੀ ਉਪਜਾਊ ਸ਼ਕਤੀ ਨੇ ਖੇਤੀਬਾੜੀ ’ਤੇ ਨਿਰਭਰ ਅਰਥਵਿਵਸਥਾਵਾਂ ਨੂੰ ਕਮਜ਼ੋਰ ਕਰ ਦਿੱਤਾ ਹੈ। ਵਾਤਾਵਰਣ ਦੀ ਸੰਭਾਲ ਕਰਕੇ ਅਸੀਂ ਨਾ ਸਿਰਫ਼ ਕੁਦਰਤੀ ਸਰੋਤਾਂ ਨੂੰ ਬਚਾ ਸਕਦੇ ਹਾਂ, ਸਗੋਂ ਅਰਥਵਿਵਸਥਾ ਨੂੰ ਵੀ ਸਥਿਰਤਾ ਪ੍ਰਦਾਨ ਕਰ ਸਕਦੇ ਹਾਂ।

ਵਾਤਾਵਰਣ ਸੰਭਾਲ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਸਰਕਾਰਾਂ, ਸੰਗਠਨਾਂ ਅਤੇ ਵਿਅਕਤੀਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਸਰਕਾਰਾਂ ਨੂੰ ਸਖਤ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਜੋ ਪ੍ਰਦੂਸ਼ਣ ਨੂੰ ਘਟਾਉਣ, ਜੰਗਲਾਂ ਦੀ ਸੰਭਾਲ ਕਰਨ ਅਤੇ ਨਵਿਆਉਣਯੋਗ ਊਰਜਾ ਸਰੋਤਾਂ ਨੂੰ ਉਤਸ਼ਾਹਿਤ ਕਰਨ। ਨਾਲ ਹੀ, ਵਿਅਕਤੀਗਤ ਪੱਧਰ ’ਤੇ ਵੀ ਸਾਨੂੰ ਆਪਣੀ ਜ਼ਿੰਦਗੀ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਪਲਾਸਟਿਕ ਦੀ ਵਰਤੋਂ ਘਟਾਉਣ, ਪਾਣੀ ਅਤੇ ਬਿਜਲੀ ਦੀ ਬਚਤ ਕਰਨ ਅਤੇ ਵਧੇਰੇ ਰੁੱਖ ਲਗਾਉਣ ਵਰਗੇ ਛੋਟੇ-ਛੋਟੇ ਕਦਮ ਵੀ ਵੱਡਾ ਫਰਕ ਲਿਆ ਸਕਦੇ ਹਨ। ਜਾਗਰੂਕਤਾ ਵਧਾਉਣ ਲਈ ਸਿੱਖਿਆ ਅਤੇ ਸਮਾਜਿਕ ਮੀਡੀਆ ਦੀ ਵਰਤੋਂ ਵੀ ਮਹੱਤਵਪੂਰਨ ਹੈ।

ਵਿਸ਼ਵ ਵਾਤਾਵਰਣ ਦਿਵਸ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਸਾਡੀ ਧਰਤੀ ਸਾਡਾ ਘਰ ਹੈ ਅਤੇ ਇਸ ਦੀ ਸੰਭਾਲ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ। ਅੱਜ ਦੇ ਸਮੇਂ ਵਿੱਚ, ਜਦੋਂ ਵਾਤਾਵਰਣ ਨੂੰ ਬਚਾਉਣਾ ਸਿਰਫ਼ ਇੱਕ ਵਿਕਲਪ ਨਹੀਂ, ਸਗੋਂ ਜ਼ਰੂਰਤ ਬਣ ਗਿਆ ਹੈ, ਸਾਨੂੰ ਇਸ ਦਿਸ਼ਾ ਵਿੱਚ ਠੋਸ ਕਦਮ ਚੁੱਕਣ ਦੀ ਲੋੜ ਹੈ। ਜੇਕਰ ਅਸੀਂ ਅੱਜ ਸੰਭਾਲ ਨਾ ਕੀਤੀ, ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਅਜਿਹੀ ਧਰਤੀ ਸੌਂਪਾਂਗੇ, ਜਿੱਥੇ ਜੀਵਨ ਦੀ ਸੰਭਾਵਨਾ ਬਹੁਤ ਘੱਟ ਹੋਵੇਗੀ। ਇਸ ਲਈ, ਆਓ ਅਸੀਂ ਸਾਰੇ ਮਿਲ ਕੇ ਵਾਤਾਵਰਣ ਦੀ ਸੰਭਾਲ ਦਾ ਪ੍ਰਣ ਲਈਏ ਅਤੇ ਇਸ ਨੂੰ ਇੱਕ ਸੁਰੱਖਿਅਤ ਅਤੇ ਸਿਹਤਮੰਦ ਧਰਤੀ ਬਣਾਈਏ।

**ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ**
**liberalthinker1621@gmail.com**

## ਉਂਗਲ਼ੀ ਲਾਉਣ ਵਾਲ਼ਾ ਭੁੱਲ ਗਿਆ ?

ਬੜੀ ਪੁਰਾਣੀ ਕਹਾਣੀ ਹੈ ਇੱਕ ਹੱਟੀ ਦੀ ਕੰਧ ਉੱਤੇ ਸੀਰੇ ਦੀ ਉਂਗਲ਼ੀ ਲਾਉਣ ਵਾਲ਼ੇ ਭਦਰ ਪੁਰਸ਼ ਦੀ! ਉਹ ਵਿਹਲੜ ਤੁਰਦਾ ਫਿਰਦਾ ਐਵੇਂ ਪਿੰਡ ਦੀ ਹੱਟੀ ’ਚ ਜਾ ਵੜਿਆ ਤੇ ਉੱਥੇ ਪਏ ਸੀਰੇ ਵਾਲੇ ਪੀਪੇ ਵਿਚ ਉਂਗਲ਼ੀ ਲਬੇੜ ਕੇ ‘ਆਹ ਕਿਆ ਐ?’ ਕਹਿੰਦਿਆਂ ਹੋਇਆਂ ਲਿੱਬੜੀ ਉਂਗਲ਼ ਕੰਧ ਨਾਲ ਪੂੰਝ ਦਿੱਤੀ... ਕੰਧ ’ਤੇ ਲੱਗੇ ਸੀਰੇ ਉੱਤੇ ਮੱਖੀਆਂ ਬਹਿ ਗਈਆਂ।

..ਮੱਖੀਆਂ ਖਾਣ ਇਕ ਕਿਰਲੀ ਆ ਗਈ...ਕਿਰਲੀ ਨੂੰ ਪੈ ਨਿੱਕਲ਼ੀ ਹੱਟੀ ਵਾਲ਼ੇ ਦੀ ਪਾਲ਼ਤੂ ਬਿੱਲੀ...ਬਿੱਲੀ ’ਤੇ ਟੁੱਟ ਕੇ ਪੈ ਗਿਆ ਹੱਟੀ ਉੱਤੇ ਅਚਾਨਕ ਆਇਆ ਇਕ ਗਾਹਕ ਦਾ ਕੁੱਤਾ !

ਖਿਝੀ ਹੋਈ ਬਿੱਲੀ ਜਦ ਲੱਗੀ ਕੁੱਤੇ ਦੀਆਂ ਅੱਖਾਂ ’ਤੇ ਆਪਣੇ ਤਿੱਖੇ ਨੌਹਾਂ ਦੀ ਝਪਟ ਮਾਰਨ ਤਾਂ ਕੁੱਤੇ ਵਾਲ਼ੇ ਗਾਹਕ ਨੇ ਬਿੱਲੀ ਦੇ ਸੋਟਾ ਮਾਰਿਆ। ਸਿਰ ’ਚ ਸੱਟ ਵੱਜਣ ਕਰਕੇ ਬਿੱਲੀ ਮਰ ਗਈ!

ਪਾਲ਼ਤੂ ਬਿੱਲੀ ਮਰੀ ਦੇਖ ਕੇ ਹੱਟੀ ਵਾਲ਼ਾ ਉੱਠ ਕੇ ਕੁੱਤੇ ਵਾਲ਼ੇ ਗਾਹਕ ਦੇ ਗਲ਼ ਪੈ ਗਿਆ ! ਉਹ ਦੋਏ ਜਣੇ ਲੜਦੇ ਝਗੜਦੇ ਗੁੱਥਮ-ਗੁੱਥਾ ਹੋਈ ਗਏ...!

ਪਰ ਉਂਗਲ਼ੀ ਲਾਉਣ ਵਾਲ਼ਾ ‘ਸ੍ਰੀ ਮਾਨ’ ਅਰਾਮ ਨਾਲ ਆਪਦੇ ਘਰੇ ਜਾ ਬੈਠਾ !!

ਐਨ੍ਹ ਇਹੋ ਕੁੱਝ ਅਜ ਕਲ ਪੰਥਕ ਕੇਂਦਰ ਵਿਚ ਹੋ ਰਿਹਾ ਐ...! ਢੱਡਰੀਆਂ-ਗੜਗੱਜ-ਧੁੰਮਾਂ-ਧਾਮੀ ਹੁਣਾ ਦੀ ਆਪਸ ਵਿਚ ਖਹਿਬਾਜੀ ਚੱਲ ਰਹੀ ਹੈ ਪਰ ਇਸ ਸਾਰੇ ਪੁਆੜੇ ਦੀ ਜੜ੍ਹ ‘ਭਰਦਾਨ’ ਆਪਦੇ ਘਰੇ ਬੈਠਾ ਅਰਾਮ ਫੁਰਮਾ ਰਿਹਾ ਐ !!

ਸੋਸ਼ਲ ਮੀਡ੍ਹੀਏ ’ਤੇ ਨਜ਼ਰ ਮਾਰ ਲਉ ਹੁਣ ਬਹੁਤੇ ਸਿੱਖ-ਦਰਸ਼ਕਾਂ ਨੂੰ ਵੀ ‘ਧੁੰਮਾਂ-ਧਾਮੀ-ਗੜਗੱਜ-ਢੱਡਰੀਆਂ’ ਹੀ ਦਿਖਾਈ ਦਿੰਦੇ ਹਨ ‘ਉਂਗਲ਼ੀ ਲਾਉਣ ਵਾਲ਼ਾ’ ਦਿਸਦਾ ਨਹੀਂ ਜਾਪਦਾ !!

ਸਿੰਘ ਜੀ ਕਿਤੇ ਸੇਹ ਦੇ ਤੱਕਲ਼ੇ ਨੂੰ ਭੁੱਲ ਨਾ ਜਾਇਉ




**ਪੇਸ਼ਕਸ਼-ਤਰਲੋਚਨ ਸਿੰਘ ਦੁਪਾਲ ਪੁਰ**
78146-92724
tsdupalpuri@yahoo.com


# ਸੁਰਜੀਤ ਦੀ 'ਜ਼ਿੰਦਗੀ ਇੱਕ ਹੁਨਰ' ਪੁਸਤਕ : ਜ਼ਿੰਦਗੀ ਜਿਓਣ ਦੇ ਗੁਰ

ਉਜਾਗਰ ਸਿੰਘ



ਸੁਰਜੀਤ ਪੰਜਾਬੀ ਦੀ ਬਹੁ-ਪੱਖੀ ਤੇ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਦੀਆਂ ਹੁਣ ਤੱਕ 7 ਮੌਲਿਕ ਪੁਸਤਕਾਂ, ਜਿਨ੍ਹਾਂ ਵਿੱਚ 5 ਕਵਿਤਾ ਸੰਗ੍ਰਹਿ ਅਤੇ ਦੋ ਵਾਰਤਕ, 3 ਸੰਪਾਦਿਤ ਪੁਸਤਕਾਂ, ਜਿਨ੍ਹਾਂ ਵਿੱਚ ਇਕ ਕਹਾਣੀ ਸੰਗ੍ਰਹਿ ਅਤੇ ਦੋ ਵਾਰਤਕ ਦੀਆਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸਦੀ ਇੱਕ ਪੁਸਤਕ ਅਨੁਵਾਦ ਹੋ ਕੇ ਅੰਗਰੇਜ਼ੀ ਵਿੱਚ ਵੀ ਪ੍ਰਕਾਸ਼ਤ ਹੋ ਚੁੱਕੀ ਹੈ। 'ਜ਼ਿੰਦਗੀ ਇਕ ਹੁਨਰ' ਉਸਦੀ 11ਵੀਂ ਵਾਰਤਕ ਦੀ ਪੁਸਤਕ ਹੈ। ਸੁਰਜੀਤ ਨੇ ਇਸ ਪੁਸਤਕ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ 9 ਅਤੇ ਦੂਜੇ ਭਾਗ 'ਨੂਰ ਦੇ ਰੂ-ਬਰੂ' ਵਿੱਚ ਵੀ 9 ਲੇਖ ਹਨ। ਸੁਰਜੀਤ ਮੁੱਢਲੇ ਤੌਰ 'ਤੇ ਕਵਿਤਰੀ ਹੈ। ਇਸ ਲਈ ਉਸ ਨੇ ਆਪਣੇ ਲੇਖਾਂ ਨੂੰ ਸਾਰਥਿਕ ਤੇ ਦਿਲਚਸਪ ਬਣਾਉਣ ਲਈ ਕਵਿਤਾਵਾਂ ਦੇ ਸ਼ਿਅਰ ਵੀ ਲੇਖਾਂ ਵਿੱਚ ਪਾਏ ਹਨ। ਕਵਿਤਰੀ ਹੋਣ ਕਰਕੇ ਵਾਰਤਕ ਵਿੱਚ ਰਵਾਨਗੀ ਦਰਿਆ ਦੇ ਵਹਿਣ ਦੀ ਤਰ੍ਹਾਂ ਹੈ। ਲੇਖਾਂ ਵਿੱਚ ਉਹ ਨੁਕਤੇ ਲਿਖੇ ਹਨ, ਜਿਹੜੇ ਆਮ ਜੀਵਨ ਵਿੱਚ ਸਾਰਥਿਕ ਹੋ ਸਕਦੇ ਹਨ। ਭਾਵੇਂ ਇਨ੍ਹਾਂ ਨੁਕਤਿਆਂ ਬਾਰੇ ਸਮਾਜ ਚੰਗੀ ਤਰ੍ਹਾਂ ਜਾਣਦਾ ਹੈ ਪ੍ਰੰਤੂ ਸੁਰਜੀਤ ਨੇ ਇਨ੍ਹਾਂ ਨੂੰ ਬੜੇ ਹੀ ਸਰਲ ਢੰਗ ਨਾਲ ਗੁਰਬਾਣੀ ਵਿੱਚੋਂ ਉਦਾਹਰਨਾ ਦੇ ਕੇ ਸਮਝਾਉਣ ਦੀ ਕੋਸਿਸ਼ ਕੀਤੀ ਹੈ, ਇਨ੍ਹਾਂ 'ਤੇ ਅਮਲ ਕਰਨ ਨਾਲ ਜ਼ਿੰਦਗੀ ਬਿਹਤਰੀਨ, ਆਨੰਦਮਈ, ਸੁਹਾਵਣੀ ਤੇ ਸੁਖਾਲੀ ਬਣ ਸਕਦੀ ਹੈ। ਪੁਸਤਕ ਦੇ ਸਿਰਲੇਖ ਵਾਲਾ ਪਹਿਲਾ ਲੇਖ 'ਜ਼ਿੰਦਗੀ ਇਕ ਹੁਨਰ' ਹੈ, ਜਿਸ ਵਿੱਚ ਜ਼ਿੰਦਗੀ ਜਿਓਣ ਦੇ ਅਣਗਿਣਤ ਨੁਕਤੇ ਦੱਸਕੇ ਕੁੱਜੇ ਵਿੱਚ ਸਮੁੰਦਰ ਬੰਦ ਕਰ ਦਿੱਤਾ ਹੈ। ਸਾਰਥਿਕ ਜੀਵਨ ਜਿਓਣ ਦੇ ਗੁਰਾਂ ਵਿੱਚ ਅਨੁਸ਼ਾਸਨ, ਸੰਤੁਲਨ, ਜੋ ਮਿਲਿਆ ਉਸ ਤੋਂ ਸੰਤੁਸ਼ਟਤਾ, ਵਿਉਂਤ, ਉਸਾਰੂ ਸੋਚ, ਕਿਰਤ ਕਰਨਾ, ਇੱਛਾ ਸ਼ਕਤੀ ਤੇ ਕਾਬੂ, ਥੋੜ੍ਹੇ ਵਿੱਚ ਗੁਜ਼ਾਰਾ, ਪਰਿਵਾਰ ਵਿੱਚ ਰਹਿਣਾ, ਹਲੀਮੀ, ਪੌਸ਼ਟਿਕ ਖੁਰਾਕ, ਸਫਾਈ, ਕਸਰਤ, ਆਪੇ ਨਾਲ ਪਿਆਰ, ਚੰਗੀ ਸੰਗਤ, ਉਸਾਰੂ ਸੋਚ, ਪੁਸਤਕਾਂ ਪੜ੍ਹਨਾ, ਤਨ, ਮਨ ਤੇ ਬੁੱਧੀ ਦਾ ਸੁਮੇਲ, ਕਿੱਤੇ ਦੀ ਮੁਹਾਰਤ, ਆਸ਼ਾਵਾਦੀ ਰਹਿਣਾ, ਹਿੰਮਤੀ ਤੇ ਮਿਹਨਤੀ, ਨਿਸ਼ਾਨਾ ਨਿਸਚਤ, ਚਿੰਤਾ ਨਾ ਕਰਨਾ ਅਤੇ ਲੋਕਾਂ ਦੇ ਮਦਦਗਾਰ ਬਣਨਾ ਆਦਿ ਸ਼ਾਮਲ ਹਨ। ਇਸ ਲੇਖ ਵਿੱਚ ਹੀ ਪੁਸਤਕ ਦਾ ਨਚੋੜ ਹੈ। 'ਕੋਈ ਦੀਪ ਜਲਾਓ ਕਿ ਹਨੇਰਾ ਮਿਟੇ' ਲੇਖ ਵਿੱਚ ਪਰੰਪਰਾਵਾਂ 'ਤੇ ਪਹਿਰਾ ਦੇਣਾ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਤਿਓਹਾਰ ਮਨਾਕੇ ਵਿਖਾਵਾ ਕਰਨ ਦੀ ਥਾਂ ਅਮਲੀ ਕੰਮ ਕੀਤਾ ਜਾਵੇ। ਆਪਣੇ ਅੰਦਰਲੇ ਰਾਵਣ ਦਾ ਨਾਸ ਕੀਤਾ ਜਾਵੇ, ਮਨ ਨੂੰ ਰੌਸ਼ਨ ਕੀਤਾ ਜਾਵੇ, ਵਾਤਾਵਰਨ ਦਾ ਧਿਆਨ ਰੱਖਿਆ ਜਾਵੇ, ਲੜਕੀਆਂ ਦਾ ਸ਼ੋਸ਼ਣ ਬੰਦ ਕੀਤਾ ਜਾਵੇ, ਸੋਚ ਬਦਲੀ ਜਾਵੇ, ਸ਼ੋਸ਼ਲ ਮੀਡੀਆ ਦੀ ਦੁਰਵਰਤੋਂ ਨਾ ਕੀਤੀ ਜਾਵੇ ਅਤੇ ਤਿਓਹਾਰ ਮਨਾਉਣ ਨਾਲ ਮਾਨਵਤਾ ਦਾ ਨੁਕਸਾਨ ਨਾ ਹੋਵੇ ਆਦਿ ਗੱਲਾਂ 'ਤੇ ਪਹਿਰਾ ਦੇਣ ਦੀ ਤਾਕੀਦ ਕੀਤੀ ਗਈ ਹੈ। 'ਜਲ ਬਿਨ ਸਾਖ ਕੁਮਲਾਵਤੀ' ਲੇਖ ਵਿੱਚ ਬਹੁਤ ਹੀ ਵਧੀਆ ਉਦਾਹਰਨਾ ਦੇ ਕੇ ਪਾਣੀ ਦੀ ਜੀਵਨ ਲਈ ਮਹੱਤਤਾ ਦਰਸਾਈ ਗਈ ਹੈ। ਮਾਨਵਤਾ ਨੂੰ ਪਾਣੀ ਨੂੰ ਗੰਧਲਾ ਕਰਨਾ ਅਤੇ ਦੁਰਵਰਤੋਂ ਦੇ ਭਿਆਨਕ ਨਤੀਜਿਆਂ ਤੋਂ ਚੇਤੰਨ ਕਰਵਾਇਆ ਗਿਆ ਹੈ। 'ਦੋਸਤੀ ਦੇ ਨਵੇਂ ਸਮੀਕਰਨ' ਲੇਖ ਵਿੱਚ ਲੇਖਕ ਨੇ ਸੱਚੇ-ਸੁੱਚੇ ਦੋਸਤ ਬਣਾਉਣ ਅਤੇ ਸੱਚੀ ਦੋਸਤੀ ਨਿਭਾਉਣ ਦੀ ਸਲਾਹ ਦਿੱਤੀ ਹੈ ਤੇ ਦੋਸਤ ਬਣਾਉਣ ਸਮੇਂ ਬਹੁਤ ਧਿਆਨ ਰੱਖਣਾ ਚਾਹੀਦਾ ਹੈ। ਸੱਚੇ ਦੋਸਤ ਰਿਸ਼ਤੇਦਾਰਾਂ ਨਾਲੋਂ ਵੀ ਬਿਹਤਰ ਢੰਗ ਨਾਲ ਵਿਚਰਦੇ ਹਨ। ਸ਼ੋਸ਼ਲ ਮੀਡੀਆ ਵਾਲੇ ਸਾਰੇ ਦੋਸਤ ਸਹੀ ਅਰਥਾਂ ਵਿੱਚ ਦੋਸਤ ਨਹੀਂ ਹੁੰਦੇ, ਕਿਉਂਕਿ ਅਸੀਂ ਉਨ੍ਹਾਂ ਨੂੰ ਮਿਲੇ ਹੀ ਨਹੀਂ ਹੁੰਦੇ। ਉਨ੍ਹਾਂ ਵਿੱਚੋਂ ਕੁਝ ਚੰਗੇ ਵੀ ਹੁੰਦੇ ਹਨ। 'ਮੁਆਫ਼ੀ ਇਕ ਵਰਦਾਨ' ਲੇਖ ਬਹੁਤ ਮਹੱਤਵਪੂਰਨ ਹੈ ਕਿਉਂਕਿ ਮਨੁੱਖ ਨਿੱਕੀਆਂ-ਨਿੱਕੀਆਂ ਗੱਲਾਂ ਨਾਲ ਆਪਣੀ ਮਾਨਸਿਕ ਸ਼ਾਂਤੀ ਗੁਆ ਲੈਂਦੇ ਹਨ। ਇਨਸਾਨ ਗ਼ਲਤੀਆਂ ਦਾ ਪੁਤਲਾ ਹੈ। ਇਸ ਲਈ ਗ਼ਲਤੀ ਮੁਆਫ਼ ਕਰਕੇ ਸੁਰਖ਼ਰੂ ਹੋਣ ਵਿੱਚ ਹੀ ਬਿਹਤਰੀ ਹੈ। ਪਹਿਲਾਂ ਆਪਣੇ ਆਪ ਨੂੰ ਮੁਆਫ਼ ਕਰੋ ਤੇ ਫਿਰ ਗ਼ਲਤੀ ਕਰਨ ਵਾਲੇ ਨੂੰ ਮੁਆਫ਼ ਕਰ ਦਿਓ, ਮੁਆਫ਼ ਕਰਨ ਵਾਲਾ ਵੱਡਾ ਬਣ ਜਾਂਦਾ ਹੈ। ਸੰਤੁਲਨ 'ਦਾ ਬੈਲੈਂਸ' ਲੇਖ ਵਿੱਚ ਸਮਝਾਇਆ ਹੈ ਕਿ ਕੁਦਰਤ ਨਾਲ ਖਿਲਵਾੜ ਮਨੁੱਖਤਾ ਦਾ ਨੁਕਸਾਨ ਕਰਦਾ ਹੈ। ਕੁਦਰਤ ਦੇ ਨਿਯਮਾ ਦੇ ਵਿਰੁੱਧ ਅਸੀਂ ਜੰਗਲ ਵੱਢ ਰਹੇ ਹਾਂ, ਪਾਣੀ ਤੇ ਹਵਾ ਗੰਧਲਾ ਕਰ ਰਹੇ ਹਾਂ, ਜਿਸ ਕਰਕੇ ਤੂਫ਼ਾਨ ਤੇ ਭੂਚਾਲ ਆਉਂਦੇ ਹਨ। ਇਸ ਲਈ ਮਾਨਵਤਾ ਨੂੰ ਸੰਜਮ ਦਾ ਪੱਲਾ ਫੜ੍ਹਨਾ ਚਾਹੀਦਾ ਹੈ ਤਾਂ ਜੋ ਕੁਦਰਤ ਦਾ ਸੰਤੁਲਨ ਬਣਿਆਂ ਰਹੇ। 'ਦਾ ਸੈਕੰਡ ਚਾਂਸ' ਲੇਖ ਇਨਸਾਨ ਨੇ ਨੌਕਰੀ ਤੋਂ ਸੇਵਾ ਮੁਕਤੀ ਦਾ ਜੀਵਨ ਕਿਵੇਂ ਗੁਜਾਰਨਾ ਹੈ, ਬਾਰੇ ਗੁਰ ਦੱਸੇ ਹਨ, ਰੁਝੇਵਾਂ ਰੱਖਣਾ ਅਤਿਅੰਤ ਜ਼ਰੂਰੀ ਹੈ ਕਿਉਂਕਿ ਵਿਹਲਾ ਮਨੁੱਖ ਸੋਚਦਾ ਰਹਿਣ ਕਰਕੇ ਬਿਮਾਰੀ ਗ੍ਰਸਤ ਹੋ ਜਾਂਦਾ ਹੈ। ਸ਼ੌਕ ਪੂਰੇ ਕਰੋ, ਸੈਰ ਕਰੋ, ਸੋਚ ਸਾਕਾਰਾਤਮਕ ਰੱਖੋ, ਸ਼ਿਕਾਇਤਾਂ ਤੇ ਝਗੜੇ ਨਾ ਕਰੋ, ਜ਼ਿੰਦਗੀ ਸਾਜ਼ਗਾਰ ਲੱਗੇਗੀ। 'ਰੁੱਤਾਂ ਰਾਂਗਲੀਆਂ' ਕੈਨੇਡਾ ਦੇ ਟਰਾਂਟੋ ਤੇ ਓਨਟਾਰੀਓ ਸ਼ਹਿਰਾਂ ਦੀਆਂ ਰੁੱਤਾਂ ਠੰਡੀਆਂ ਬਹੁਤ ਹੁੰਦੀਆਂ ਹਨ, ਰੁੱਤ ਅਨੁਸਾਰ ਖੇਡਾਂ ਬਦਲ ਜਾਂਦੀਆਂ ਹਨ, ਉਨ੍ਹਾਂ ਅਨੁਸਾਰ ਆਨੰਦ ਮਾਣੋ, ਗਰਮੀ ਵਿੱਚ ਪਤਝੜ ਵੀ ਸੁਹਾਵਣੀ ਹੋ ਜਾਂਦੀ ਹੈ। ਇਸੇ ਤਰ੍ਹਾਂ ਬਸੰਤ ਖ਼ੁਸ਼ਗਵਾਰ ਮੌਸਮ ਹੁੰਦਾ ਹੈ। ਪੰਜਾਬ ਵਿੱਚ ਸਾਉਣ ਸੁਹਾਵਣਾ ਹੁੰਦਾ ਹੈ। ਰੁੱਤਾਂ ਮੁਤਾਬਕ ਮਨੁੱਖ ਨੂੰ ਵੀ ਬਦਲਕੇ ਰੂਹ ਖ਼ੁਸ਼ ਰੱਖਣ ਦਾ ਬਲ ਸਿੱਖਣਾ ਜ਼ਰੂਰੀ ਹੈ। 'ਏਕ ਸ਼ਜਰ ਮੁਹੱਬਤ ਕਾ' ਲੇਖ ਵਿੱਚ ਸਮਝਾਇਆ ਹੈ ਕਿ ਜੀਵਨ ਬਹੁਤ ਛੋਟਾ ਹੈ, ਇਸ ਲਈ ਧਰਮਾ ਦੇ ਚੱਕਰ ਵਿੱਚ ਨਫ਼ਰਤ ਨਾ ਫੈਲਾਓ, ਕਿਉਂਕਿ ਪਰਮਾਤਮਾ ਇੱਕ ਹੈ। ਮੁਹੱਬਤ ਹੀ ਇੱਕੋ-ਇਕ ਅਜਿਹਾ ਹਥਿਆਰ ਹੈ, ਜਿਸ ਨਾਲ ਜ਼ਿੰਦਗੀ ਸੁਹਾਵਣੀ ਹੋ ਸਕਦੀ ਹੈ। ਇਸ ਲਈ ਮੁਹੱਬਤ ਪੱਲੇ ਬੰਨ੍ਹ ਲਓ।




ਪੁਸਤਕ ਦਾ ਦੂਜਾ ਭਾਗ 'ਨੂਰ ਦੇ ਰੂ-ਬਰੂ ਹੈ, ਜਿਸ ਵਿੱਚਲੇ ਸਾਰੇ ਲੇਖ ਇਸਤਰੀਆਂ ਨਾਲ ਸੰਬੰਧਤ ਹਨ। ਪਹਿਲਾ ਲੇਖ 'ਕੌਰਡ ਔਫ਼ ਲਵ' ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਬੱਚੇ ਦਾ ਨਾੜੂਆ, ਜੇ ਇਸਤਰੀ ਚਾਹੇ ਤਾਂ ਦਾਨ ਕਰ ਸਕਦੀ ਹੈ, ਜਿਸ ਨਾਲ ਅਨੇਕਾਂ ਗੰਭੀਰ ਬਿਮਾਰੀਆਂ ਦਾ ਇਲਾਜ ਕੀਤਾ ਜਾ ਸਕਦਾ ਹੈ। ਨਾੜੂਆ ਵੈਸੇ ਵੀ ਬੱਚੇ ਦੀ ਪੈਦਾਇਸ਼ ਤੋਂ ਬਾਅਦ ਸੁੱਟ ਦਿੱਤਾ ਜਾਂਦਾ ਹੈ। 'ਮਾਂ ਜ਼ਿੰਦਗੀ ਦਾ ਦੂਜਾ ਨਾਂ' ਵਿੱਚ ਮਾਂ ਦੀ ਦੇਣ ਬਾਰੇ ਦੱਸਿਆ ਹੈ, ਮਾਂ ਬੱਚਿਆਂ ਨੂੰ ਸਿਰਫ਼ ਜਨਮ ਹੀ ਨਹੀਂ ਦਿੰਦੀ, ਬਲਕਿ ਉਨ੍ਹਾਂ ਦੇ ਪਾਲਣ ਪੋਸ਼ਣ ਲਈ ਵੀ ਆਪਣਾ ਜੀਵਨ ਲਾ ਦਿੰਦੀ ਹੈ। ਇਸ ਲਈ ਮਾਂ ਦਿਵਸ ਤੋਹਫ਼ਿਆਂ ਅਤੇ ਪ੍ਰੀਤੀ ਭੋਜਾਂ ਦੀ ਪਰੰਪਰਾ ਤੱਕ ਨਾ ਕੀਤਾ ਜਾਵੇ, ਉਸਨੂੰ ਹਮੇਸ਼ਾ ਮਾਣ ਸਤਿਕਾਰ ਦਿੱਤਾ ਜਾਵੇ। 'ਔਰਤ-ਸਿਆਣਪ ਅਤੇ ਸ਼ਕਤੀ ਦਾ ਮੁਜੱਸਮਾ' ਲੇਖ ਨੂੰ ਪੜ੍ਹਕੇ ਪਾਠਕ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ, ਔਰਤ ਦੀ ਸਮਾਜ ਨੂੰ ਇਤਨੀ ਵੱਡੀ ਦੇਣ ਦੇ ਬਾਵਜੂਦ ਮਰਦ ਪ੍ਰਧਾਨ ਸਮਾਜ ਔਰਤ ਦਾ ਬਣਦਾ ਮਾਨ ਸਨਮਾਨ ਨਹੀਂ ਕਰਦਾ। ਔਰਤਾਂ ਬਲਾਤਕਾਰ ਵਰਗੀਆਂ ਅਨੇਕਾਂ ਵੰਗਾਰਾਂ ਦਾ ਮੁਕਾਬਲਾ ਕਰਦਿਆਂ ਵੀ ਮਰਦ ਨਾਲ ਮੋਢੇ ਨਾਲ ਮੋਢਾ ਜੋੜਕੇ ਕੰਮ ਕਰਦੀਆਂ ਹਨ। 'ਅੰਤਰਰਾਸ਼ਟਰੀ ਮਹਿਲਾ ਦਿਵਸ' ਲੇਖ ਵਿੱਚ ਸੁਰਜੀਤ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਸੰਬੰਧੀ ਸੰਸਾਰ ਦੀਆਂ ਔਰਤਾਂ ਦੇ ਸੰਗਠਤ ਰੂਪ ਵਿੱਚ ਆਪਣੇ ਹੱਕਾਂ ਦੀ ਬਰਾਬਰੀ ਲਈ ਕੀਤੇ ਯਤਨਾ ਦਾ ਨਤੀਜਾ ਹੈ। ਇਸ ਕਰਕੇ ਸੰਸਾਰ ਵਿੱਚ ਹਰ ਸਾਲ ਇਹ ਦਿਵਸ ਮਨਾਇਆ ਜਾਂਦਾ ਹੈ, ਹਰ ਸੰਸਥਾ ਔਰਤਾਂ ਦੇ ਹੱਕਾਂ ਦੀ ਪ੍ਰੋੜ੍ਹਤਾ ਦੀ ਜ਼ਿੰਮੇਵਾਰੀ ਲੈਣ ਵਿੱਚ ਖ਼ੁਸ਼ੀ ਮਹਿਸੂਸ ਕਰਦੀ ਹੈ। 'ਤ੍ਰਿਵੈਣੀ' ਲੇਖ ਵਿੱਚ ਸੰਸਾਰ ਦੀਆਂ ਤਿੰਨ ਅਜਿਹੀਆਂ ਦਲੇਰ ਤੇ ਬਹਾਦਰ ਇਸਤਰੀਆਂ : ਰੋਜ਼ਾ ਪਾਰਕਸ, ਐਲਿਸ ਵਾਕਰ ਅਤੇ ਓਪੇਰਾ ਵਿਨਫ਼ਰੇ ਬਾਰੇ ਦੱਸਿਆ ਗਿਆ ਹੈ, ਜਿਨ੍ਹਾਂ ਦੀ ਬਦੌਲਤ ਅੱਜ ਸੰਸਾਰ ਦੀਆਂ ਔਰਤਾਂ ਆਜ਼ਾਦੀ ਦਾ ਨਿੱਘ ਮਾਣ ਰਹੀਆਂ ਹਨ। ਸੰਸਾਰ ਵਿੱਚ ਹੁਣ ਤੱਕ ਜਿਹੜੀਆਂ ਔਰਤਾਂ ਨੇ ਉਚੇ ਮੁਕਾਮ ਪ੍ਰਾਪਤ ਕੀਤੇ ਹਨ, ਉਹ ਉਨ੍ਹਾਂ ਨੇ ਇਨ੍ਹਾਂ ਅਧਿਕਾਰਾਂ ਕਰਕੇ ਹੀ ਪ੍ਰਾਪਤ ਕੀਤੇ ਹਨ।

'ਦਾ ਫ਼ੇਮਸ ਫ਼ਈਵ' ਲੇਖ ਵਿੱਚ ਪੰਜ ਔਰਤਾਂ : ਐਮਲੀ ਮਰਫ਼ੀ, ਆਇਰਨ ਮਾਰਟਿਨ ਪਰਲਬੀ, ਨੈਨੀ ਮੂਲੀ ਮੇਕਲੰਗ, ਲੂਈਸ ਮਕੀਨੀ ਅਤੇ ਹੈਨਰੀਅਟਾ ਮਯੂਰ ਬਾਰੇ ਦੱਸਿਆ ਹੈ, ਜਿਨ੍ਹਾਂ ਨੇ 1927 ਵਿੱਚ ਕੈਨੇਡਾ ਦੀ ਸੁਪਰੀਮ ਕੋਰਟ ਤੇ ਫਿਰ ਇੰਗਲੈਂਡ ਵਿੱਚ ਬ੍ਰਿਟਿਸ਼ ਸਰਕਾਰ ਦੀ ' ਜੁਡੀਸ਼ੀਅਲ ਪ੍ਰੀਵੀ ਕੌਂਸਲ' ਵਿੱਚ ਕੇਸ ਲੜਕੇ ਔਰਤਾਂ ਨੂੰ ਬਰਾਬਰਤਾ ਦੇ ਅਧਿਕਾਰ ਦਿਵਾਏ ਸਨ। ਇਹ ਪੰਜੇ ਔਰਤਾਂ 'ਦਾ ਫ਼ੇਮਸ ਫ਼ਾਈਵ' ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ, ਪ੍ਰੰਤੂ ਅਜੇ ਔਰਤਾਂ ਨੂੰ ਅਨੇਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਇਕ ਹੋਰ ਮਾਂ-ਸਾਡੀ ਮਾਂ ਬੋਲੀ' ਲੇਖ ਵਿੱਚ ਦੱਸਿਆ ਪੰਜਾਬੀਆਂ ਵੱਲੋਂ ਪੰਜਾਬੀ ਬੱਚਿਆਂ ਨੂੰ ਪੜ੍ਹਾਉਣ ਵਿੱਚ ਅਣਗਹਿਲੀ ਵਰਤੀ ਜਾ ਰਹੀ ਹੈ, ਭਾਵੇਂ ਕੈਨੇਡਾ ਵਿੱਚ ਪੰਜਾਬੀ ਪੜ੍ਹਾਉਣ ਦੀ ਪ੍ਰਵਿਰਤੀ ਸ਼ੁਰੂ ਹੋ ਗਈ ਹੈ, ਕੁਝ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਪੜ੍ਹਾਈ ਜਾਂਦੀ ਹੈ। ਪੰਜਾਬੀ ਅਖ਼ਬਾਰ ਪ੍ਰਕਾਸ਼ਤ ਹੋ ਰਹੇ ਹਨ ਤੇ ਰੇਡੀਓ ਵੀ ਪੰਜਾਬੀ ਵਿੱਚ ਪ੍ਰੋਗਰਾਮ ਕਰਦੇ ਹਨ। 'ਆਹ ਲੈ ਫੜ ਲੈ ਗੱਡੀ ਦੀ ਚਾਬੀ' ਵਿਚ ਇਸਤਰੀਆਂ ਦੇ ਤਿੰਨ ਕੰਮਾ ਬਾਰੇ ਦੱਸਿਆ ਹੈ, ਇੱਕ ਤਾਂ ਉਹ ਕੰਮਾਂ ਤੇ ਜਾਂਦੀਆਂ ਹਨ, ਦੂਜੇ ਘਰ ਦਾ ਕੰਮ ਕਰਦੀਆਂ ਹਨ ਅਤੇ ਤੀਜੇ ਸ਼ਰਾਬੀ ਪਤੀਆਂ ਨੂੰ ਪਾਰਟੀਆਂ ਤੋਂ ਘਰਾਂ ਵਿੱਚ ਵਾਪਸ ਲਿਆਉਂਦੀਆਂ ਹਨ, ਜਿਨ੍ਹਾਂ ਦੇ ਪਤੀ ਨਸ਼ੇੜੀ ਹਨ, ਉਨ੍ਹਾਂ ਦੀ ਜ਼ਿੰਦਗੀ ਤਾਂ ਬਰਬਾਦ ਹੋਣ ਦੇ ਬਰਾਬਰ ਹੋ ਜਾਂਦੀ ਹੈ। 'ਵਿਪਰੀਤ ਪ੍ਰਸਥਿਤੀਆਂ ਵਿੱਚ ਜਿਨ੍ਹਾਂ ਕਲਮ ਚੁੱਕੀ (ਕੈਨੇਡੀਅਨ ਪੰਜਾਬੀ ਨਾਰੀ-ਕਵਿਤਾ)' ਵਿੱਚ ਪੰਜਾਬੀ ਕਵਿਤਰੀਆਂ ਵੱਲੋਂ ਪਿਛਲੀ ਅੱਧੀ ਸਦੀ ਵਿੱਚ ਵੱਖ-ਵੱਖ ਰੰਗਾਂ ਵਿੱਚ ਰੰਗੀ ਸਮਾਜਿਕ ਸਰੋਕਾਰਾਂ ਵਾਲੀ ਕਵਿਤਾ ਦਿੱਤੀ ਗਈ ਹੈ। ਉਮੀਦ ਕਰਦੇ ਹਾਂ ਕਿ ਸੁਰਜੀਤ ਏਸੇ ਤਰ੍ਹਾਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੀ ਰਹੇਗੀ।

96 ਪੰਨਿਆਂ, 200 ਰੁਪਏ ਕੀਮਤ ਵਾਲੀ ਇਹ ਪੁਸਤਕ ਪੰਜਾਬ ਪਬਲਿਸ਼ਰਜ਼ ਜਲੰਧਰ ਨੇ ਪ੍ਰਕਾਸ਼ਤ ਕੀਤੀ ਹੈ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

* * * * * * *